Listing and Selling Homes From San Jose to Sacramento
JASSI GILL Broker/Owner
Ph:510-304-9292
Refinance Now @ZERO COST
Call Sukhi Gill:510-207-9067
CA DRE Lic.#01180969 CA DRE# 00966763

Golden State Realty
Please Contact For Commercial or Residential Needs
ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ
Call: Sohanpreet 'Sam' Chahal
Ph: 916-612-5773
email: samchahal@hotmail.com
Serving all over California
Sam Chahal
CA Lic. 01504071

Global Green INSURANCE AGENCY of the Bay Area, CA
Auto, Home, Business, Life, Workers Comp.
ਵਧੀਆ ਭਾਅ, ਚੰਗੀ ਕਵਰੇਜ ਤੇ ਵਧੀਆ ਸਰਵਿਸ
Mann Insurance Brokers Inc.
4123 Dyer St., #230, Union City, CA 94587
Ph: 510-487-1000
Lic.# 0F34231 MANN@GGIAUSA.COM

Nineteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 19, Issue 23, June 9, 2018 20451 N. Plum Grove Rd., Palatine, IL 60074 Ph:847-359-0746, Fax:847-705-9388

## ਪੰਜਾਬ ਵਿਚ ਕਿਸਾਨ ਅੰਦੋਲਨ ਅੱਧ ਵਿਚਾਲੇ ਟੁੱਟਿਆ

### ਮੁਲਕ ਭਰ 'ਚ ਸਰਕਾਰਾਂ ਨੂੰ ਹਲੂਣਨ ਵਿਚ ਰਿਹਾ ਸਫਲ ਅੰਦੋਲਨ



**ਚੰਡੀਗੜ੍ਹ:** ਕਿਸਾਨ ਯੂਨੀਅਨਾਂ ਵੱਲੋਂ ਤਣਾਅ ਤੇ ਕੜਿੱਤਣ ਤੋਂ ਬਚਾਅ ਲਈ ਭਾਵੇਂ 10 ਦਿਨਾਂ 'ਪਿੰਡ ਬੰਦੀ' ਅੰਦੋਲਨ ਸਮੇਂ ਤੋਂ ਪਹਿਲਾਂ ਹੀ ਵਾਪਸ ਲੈ ਲਿਆ ਗਿਆ ਪਰ ਕਿਸਾਨਾਂ ਦਾ ਏਕਾ ਸਰਕਾਰਾਂ ਨੂੰ ਹਲੂਣਨ ਲਈ ਕਾਫੀ ਅਸਰਦਾਰ ਰਿਹਾ। ਕਿਸਾਨ ਅੰਦੋਲਨ ਕਾਰਨ ਸਾਰੇ ਦੇਸ਼ ਵਿਚ ਹਾਹਾਕਾਰ ਮੱਚ ਗਈ। ਕਿਸਾਨਾਂ ਨੇ ਵੱਖ-ਵੱਖ ਸ਼ਹਿਰਾਂ ਨੂੰ ਸਬਜ਼ੀਆਂ, ਦੁੱਧ, ਫਲਾਂ ਅਤੇ ਹੋਰ ਜ਼ਰੂਰੀ ਵਸਤਾਂ ਦੀ ਸਪਲਾਈ ਰੋਕ ਦਿੱਤੀ। ਕਿਸਾਨਾਂ ਨੇ ਸ਼ਹਿਰਾਂ ਵਿਚ ਦੁੱਧ ਅਤੇ ਸਬਜ਼ੀਆਂ ਦੀ ਸਪਲਾਈ ਕਰਨ ਦੀ ਥਾਂ ਖੁਦ ਹੀ ਪਿੰਡਾਂ ਵਿਚ ਇਹ ਵਸਤੂਆਂ ਵੇਚਣ ਨੂੰ ਤਰਜੀਹ ਦਿੱਤੀ, ਪਰ ਦੋਧੀਆਂ ਤੇ ਹੋਰ ਛੋਟੇ ਕਾਰੋਬਾਰੀਆਂ ਨਾਲ ਵਧਦੇ ਟਕਰਾਅ ਨੂੰ ਵੇਖਦੇ ਹੋਏ ਪੰਜਾਬ ਅੰਦਰ ਇਹ ਅੰਦੋਲਨ ਵਾਪਸ ਲੈਣਾ ਪਿਆ।

ਇਸ ਅੰਦੋਲਨ ਵਿਚ ਪੰਜਾਬ ਸਰਕਾਰ, ਖਾਸਕਰ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਕਿਸਾਨਾਂ ਦੇ ਹੱਕ ਵਿਚ ਖੜ੍ਹੇ ਅਤੇ ਮੋਦੀ ਸਰਕਾਰ ਦੀਆਂ ਨੀਤੀਆਂ ਨੂੰ ਖੁੱਲ੍ਹੇ ਕੇ ਕੋਸਿਆ। ਯੂਨੀਅਨਾਂ ਵੱਲੋਂ ਉਲੀਕੇ ਸੰਘਰਸ਼ ਪ੍ਰੋਗਰਾਮ ਮੁਤਾਬਕ ਅੰਦੋਲਨ ਪਹਿਲੀ ਤੋਂ ਦਸ ਜੂਨ ਤੱਕ ਚੱਲਣਾ ਸੀ। ਦੇਸ਼ ਦੇ ਹੋਰ ਹਿੱਸਿਆਂ, ਖਾਸ ਕਰ ਕੇ ਮਹਾਰਾਸ਼ਟਰ ਤੇ ਗੁਜਰਾਤ ਦੇ ਕਿਸਾਨ ਆਗੂਆਂ ਨੇ ਅੰਦੋਲਨ 10 ਤੱਕ ਜਾਰੀ ਰੱਖਣ ਦਾ ਐਲਾਨ ਕੀਤਾ ਹੈ, ਪਰ ਪੰਜਾਬ ਦੀਆਂ ਯੂਨੀਅਨਾਂ ਅਜਿਹਾ ਕੋਈ ਜੋਖ਼ਮ ਉਠਾਉਣ ਦੇ ਰੌਂਅ ਵਿਚ ਨਹੀਂ। ਇਸ ਦਸ ਰੋਜ਼ਾ 'ਪਿੰਡ ਬੰਦੀ' ਅੰਦੋਲਨ ਕਿਸਾਨਾਂ ਲਈ ਘੱਟੋ-ਘੱਟ ਆਮਦਨ ਗਾਰੰਟੀ ਸਕੀਮ ਤੇ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕਰਨ, ਕਿਸਾਨੀ ਕਰਜ਼ੇ ਮੁਆਫ ਕਰਨ, ਸਾਰੀਆਂ ਖੇਤੀ ਉਪਜਾਂ ਤੇ ਦੁੱਧ ਲਈ ਵੀ ਐਮ.ਐਸ.ਪੀ. ਪ੍ਰਣਾਲੀ ਅਮਲ ਵਿਚ ਲਿਆਉਣ ਅਤੇ ਡੀਜ਼ਲ ਤੇ ਖਾਦਾਂ ਦੀਆਂ ਕੀਮਤਾਂ ਵਿਚ ਲਗਾਤਾਰ ਵਾਧੇ ਦੀ ਨੀਤੀ ਵਾਪਸ ਲਏ ਜਾਣ ਆਦਿ ਮੰਗਾਂ ਉਤੇ ਜ਼ੋਰ ਦੇਣ ਲਈ ਸ਼ੁਰੂ ਕੀਤਾ ਗਿਆ ਹੈ। ਦੱਸ ਦਈਏ ਕਿ ਪਿਛਲੇ ਲੰਮੇ ਸਮੇਂ ਤੋਂ ਦੇਸ਼ ਦੇ ਵੱਖ-ਵੱਖ ਰਾਜਾਂ ਅਤੇ ਰਾਜਧਾਨੀ ਦਿੱਲੀ ਵਿਚ ਕਿਸਾਨ ਜਥੇਬੰਦੀਆਂ ਵਲੋਂ ਲਗਾਤਾਰ ਧਰਨੇ ਮੁਜ਼ਾਹਰੇ ਕੀਤੇ ਜਾਂਦੇ ਰਹੇ ਹਨ। ਮਹੀਨਿਆਂ ਤੱਕ ਦਿੱਲੀ ਵਿਚ ਅੰਦੋਲਨਕਾਰੀਆਂ ਨੇ ਡੇਰੇ ਵੀ ਲਾਈ ਰੱਖੇ ਸਨ।

ਕੇਂਦਰ ਸਰਕਾਰ ਵੱਲੋਂ ਕਿਸਾਨਾਂ ਦੇ ਹਿੱਤਾਂ ਵੱਲ ਧਿਆਨ ਦੇਣ ਦੀਆਂ ਗੱਲਾਂ ਵੀ ਕੀਤੀਆਂ ਗਈਆਂ। ਇਥੋਂ ਤੱਕ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵੀ ਪਿਛਲੇ ਦਿਨੀਂ ਵੱਖ-ਵੱਖ ਥਾਂਵਾਂ ਉਤੇ ਚੋਣ ਰੈਲੀਆਂ ਵਿਚ ਕਿਸਾਨਾਂ ਦੀ ਜ਼ਿੰਦਗੀ ਬਿਹਤਰ ਬਣਾਉਣ ਦੀ ਗੱਲ ਕੀਤੀ, ਪਰ ਇਸ ਉਤੇ ਅਮਲ ਕਰਨ ਬਾਰੇ ਹਮੇਸ਼ਾ ਵਾਸਾ ਵੱਟੀ ਰੱਖਿਆ। ਯਾਦ

(ਬਾਕੀ ਸਫਾ 6 ਉਤੇ)

## ਸ਼ਿਲਾਂਗ: ਸਿੱਖਾਂ ਅਤੇ ਸਥਾਨਕ ਭਾਈਚਾਰੇ ਵਿਚਕਾਰ ਟਕਰਾਅ

**ਚੰਡੀਗੜ੍ਹ:** ਮੇਘਾਲਿਆ ਦੀ ਰਾਜਧਾਨੀ ਸ਼ਿਲਾਂਗ ਵਿਚ ਸਥਾਨਕ ਖਾਸੀ ਅਤੇ ਸਿੱਖ ਭਾਈਚਾਰੇ ਦਰਮਿਆਨ ਛਿੜਿਆ ਟਕਰਾਅ ਭਾਵੇਂ ਕੁਝ ਘਟਿਆ ਹੈ ਤੇ ਸਥਿਤੀ ਹੌਲੀ-ਹੌਲੀ ਥਾਂ ਸਿਰ ਆਉਣ ਲੱਗੀ ਹੈ ਪਰ ਸਿੱਖ ਭਾਈਚਾਰੇ ਵਿਚ ਅਜੇ ਵੀ ਦਹਿਸ਼ਤ ਦਾ ਮਾਹੌਲ ਹੈ।

ਲੋਕ ਹੁਣ ਵੀ ਆਪਣੇ ਘਰੋਂ ਨਿਕਲਣ ਤੋਂ ਡਰ ਰਹੇ ਹਨ। ਸਮੁੱਚੇ ਭਾਈਚਾਰੇ ਨੂੰ ਆਪਣੇ ਕੰਮਕਾਜ ਤਿਆਗ ਕੇ ਘਰਾਂ ਵਿਚ 'ਨਜ਼ਰਬੰਦ' ਹੋਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਦੱਸ ਦਈਏ ਕਿ ਇਕ ਖਾਸੀ ਬੱਸ ਚਾਲਕ ਅਤੇ ਇਕ ਪੰਜਾਬੀ ਔਰਤ ਦਰਮਿਆਨ ਪੈਦਾ ਹੋਈ ਤਲਖੀ ਪਿੱਛੋਂ ਪੰਜਾਬੀਆਂ ਅਤੇ ਮੁਕਾਮੀ ਲੋਕਾਂ ਦਰਮਿਆਨ ਹਿੰਸਾ ਤੇ ਅੱਗਜ਼ਨੀ ਦਾ ਰੂਪ ਧਾਰ ਲਿਆ ਸੀ। ਝੜਪਾਂ ਵਿਚ ਪੁਲਿਸ ਤੇ ਸੀ.ਆਰ.ਪੀ.ਐਫ. ਦੇ ਜਵਾਨਾਂ ਸਮੇਤ ਤਕਰੀਬਨ ਦਸ ਜਣੇ ਜਖ਼ਮੀ ਹੋ ਗਏ ਸਨ। ਸਥਿਤੀ ਨਾਲ ਨਜਿੱਠਣ ਲਈ ਸ਼ਹਿਰ ਵਿਚ ਨੀਮ ਫੌਜੀ ਦਸਤਿਆਂ ਦੀਆਂ 15 ਕੰਪਨੀਆਂ ਤਾਇਨਾਤ ਕੀਤੀਆਂ ਗਈਆਂ ਸਨ।

ਇਸ ਘਟਨਾ ਪਿੱਛੋਂ ਸ਼੍ਰੋਮਣੀ ਕਮੇਟੀ ਸਮੇਤ ਪੰਜਾਬ ਸਰਕਾਰ ਅਤੇ ਹੋਰ ਪੰਥਕ ਧਿਰਾਂ ਨੇ ਭਾਈਚਾਰੇ ਦੀ ਸੁਰੱਖਿਆ ਲਈ ਸਰਕਾਰ ਤੱਕ ਪਹੁੰਚ ਕੀਤੀ ਸੀ। ਸਰਕਾਰ ਵੱਲੋਂ ਸਿੱਖਾਂ ਅਤੇ ਸਥਾਨਕ ਲੋਕਾਂ ਵਿਚਾਲੇ ਪੈਦਾ ਹੋਏ ਵਿਵਾਦ ਨੂੰ ਖਤਮ ਕਰਨ ਲਈ 'ਅਮਨ ਕਮੇਟੀ' ਬਣਾਈ ਗਈ ਹੈ ਜਿਸ 'ਚ ਦੋਵੇਂ ਧਿਰਾਂ ਦੇ ਮੈਂਬਰ ਸ਼ਾਮਲ ਹਨ। ਸਿੱਖ ਧਿਰਾਂ ਦਾ ਦੋਸ਼ ਹੈ ਕਿ ਘਟਨਾ ਤੋਂ ਬਾਅਦ ਤਿੰਨ ਵਾਰ ਸਥਾਨਕ ਲੋਕਾਂ ਦੇ ਹਜੂਮ ਵੱਲੋਂ ਸਿੱਖਾਂ ਉਤੇ ਹਮਲੇ ਕਰਨ ਦਾ ਯਤਨ ਕੀਤਾ ਗਿਆ। ਦੋਸ਼ ਹੈ ਕਿ ਸ਼ਿਲਾਂਗ ਵਿਚ ਪੰਜਾਬੀ ਕਾਲੋਨੀ ਵਾਸੀਆਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਉਥੋਂ ਉਜਾੜਨ ਦੀ ਯੋਜਨਾ ਉਲੀਕੀ ਜਾ ਰਹੀ ਹੈ।

ਦੱਸ ਦਈਏ ਕਿ ਸ਼ਿਲਾਂਗ ਵਿਚ ਦੋ ਤਰ੍ਹਾਂ ਦੇ ਪੰਜਾਬੀ ਪਰਿਵਾਰ ਰਹਿੰਦੇ ਹਨ। ਇਕ ਪੋਠੋਹਾਰ ਧਨੀ (ਮੌਜੂਦਾ ਪਾਕਿਸਤਾਨ ਤੋਂ ਆ ਕੇ ਵਸੇ) ਕਾਰੋਬਾਰੀ ਹਨ। 1947 ਵਾਲੀ ਦੇਸ਼ ਵੰਡ ਤੋਂ ਕੁਝ ਮਹੀਨੇ ਪਹਿਲਾਂ ਪੋਠੋਹਾਰ ਇਲਾਕੇ ਵਿਚ ਫਿਰਕੂ ਦੰਗੇ ਭੜਕਣ ਕਾਰਨ ਕਈ ਹੋਰ ਪਰਿਵਾਰ ਵੀ ਹਿਜਰਤ ਕਰ ਕੇ ਆਪਣੇ ਸਕੇ-ਸਬੰਧੀਆਂ ਕੋਲ ਸ਼ਿਲਾਂਗ ਆ ਗਏ। ਦੂਜੀ ਸ਼੍ਰੇਣੀ ਦਲਿਤ ਸਫਾਈ ਸੇਵਕਾਂ ਦੀ ਸੀ ਜੋ ਬ੍ਰਿਟਿਸ਼ ਹਾਕਮਾਂ ਨੇ ਆਪਣੀਆਂ ਲੋੜਾਂ ਦੀ ਪੂਰਤੀ ਹਿੱਤ ਪੰਜਾਬ ਤੋਂ ਲਿਆ ਕੇ ਸ਼ਿਲਾਂਗ ਵਿਚ ਵਸਾਏ। ਇਨ੍ਹਾਂ ਵਿਚ ਕਈ ਦਲਿਤ ਸਿੱਖ ਪਰਿਵਾਰ ਤਾਂ ਡੇਢ ਸੌ ਸਾਲਾਂ ਤੋਂ ਮੇਘਾਲਿਆ ਵਿਚ ਵਸੇ ਹੋਏ ਹਨ। ਸਦੀਆਂ ਤੋਂ ਰਹਿ ਰਹੇ ਇਨ੍ਹਾਂ ਲੋਕਾਂ ਦਾ ਚਾਹੇ ਸਥਾਨਕ ਅਤੇ ਵਿਸ਼ੇਸ਼ ਤੌਰ 'ਤੇ ਖਾਸੀ ਭਾਈਚਾਰੇ ਨਾਲ ਮੇਲ-ਜੋਲ ਬਣਿਆ ਰਿਹਾ ਹੈ ਪਰ ਸਮੇਂ ਦੇ ਬੀਤਣ ਨਾਲ ਕੁਝ ਸਥਾਨਕ ਲੋਕਾਂ ਦੇ ਹਿੱਤ ਇਨ੍ਹਾਂ ਨਾਲ ਟਕਰਾਉਣੇ ਸ਼ੁਰੂ ਹੋ ਗਏ ਹਨ। ਇਸੇ ਲਈ ਕਈ ਦਹਾਕਿਆਂ ਤੋਂ ਪੰਜਾਬੀ ਲਾਈਨ ਦੇ ਇਲਾਕੇ ਨਾਲ ਜਾਣੇ ਜਾਂਦੇ ਇਥੇ ਵਸੇ ਬਹੁਤੇ ਸਿੱਖ ਅਤੇ ਪੰਜਾਬੀਆਂ ਨੂੰ ਇਸ ਇਲਾਕੇ 'ਚੋਂ ਕੱਢ ਕੇ ਬਾਹਰਲੇ ਇਲਾਕਿਆਂ ਵਿਚ ਭੇਜੇ ਜਾਣ ਦੀਆਂ ਯੋਜਨਾਵਾਂ ਬਣਾਈਆਂ ਜਾਂਦੀਆਂ ਰਹੀਆਂ ਹਨ। ਪੰਜਾਬੀ ਲਾਈਨ ਦਾ ਇਹ ਇਲਾਕਾ ਵੱਡੇ ਮਹਾਂਨਗਰ ਦੇ ਰੂਪ ਵਿਚ ਫੈਲ ਚੁੱਕੇ ਸ਼ਿਲਾਂਗ ਦੇ ਵਿਚਕਾਰ ਆ ਚੁੱਕਾ ਹੈ। ਸਰਕਾਰ ਵੀ ਅਤੇ ਸਥਾਨਕ ਸਮਰੱਥ ਲੋਕ ਵੀ ਇਥੇ ਚੰਗੇ ਬਾਜ਼ਾਰ ਉਸਾਰਨਾ ਚਾਹੁੰਦੇ ਹਨ ਅਤੇ ਇਸੇ ਲਈ ਉਨ੍ਹਾਂ ਦਾ ਪੰਜਾਬੀ ਅਤੇ ਸਿੱਖ ਭਾਈਚਾਰੇ ਨਾਲ ਇਹ

(ਬਾਕੀ ਸਫਾ 6 ਉਤੇ)

Visit us on the web:www.punjabtimesusa.com

We Do Real Estate in Bay Area & Central Valley
We do loans anywhere in California
Cell: 408-816-0408
Tel: 209-918-6464
Fax: 866-594-4680
email: realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Fresh Sweets, Snacks & Food
Catering with portable Tandoor for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & CATERING
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Office of Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582
Fax:510-217-6847
Email: manpreet@gahralaw.com

# ਸ਼ਾਹਕੋਟ ਚੋਣ: ਕਾਂਗਰਸ ਨੇ 22 ਸਾਲ ਪਿੱਛੋਂ ਢਾਹਿਆ ਅਕਾਲੀਆਂ ਦਾ ਗੜ੍ਹ

**ਜਲੰਧਰ:** ਸ਼ਾਹਕੋਟ ਜ਼ਿਮਨੀ ਚੋਣ ਵਿਚ ਕਾਂਗਰਸ ਨੇ 22 ਸਾਲ ਬਾਅਦ ਅਕਾਲੀ ਦਲ ਦਾ ਗੜ੍ਹ ਢਾਹ ਸੁੱਟਿਆ। ਭਾਵੇਂ ਦਾਅਵਾ ਕੀਤਾ ਜਾ ਰਿਹਾ ਸੀ ਕਿ ਪੰਜਾਬ ਦੀ ਜਨਤਾ ਕਾਂਗਰਸ ਸਰਕਾਰ ਦੀ ਕਾਰਗੁਜ਼ਾਰੀ ਤੋਂ ਖੁਸ਼ ਨਹੀਂ, ਪਰ ਹਕੂਮਤੀ ਪੱਤਾ ਕਾਂਗਰਸ ਨੂੰ ਖੂਬ ਰਾਸ ਆਇਆ ਹੈ ਤੇ ਉਸ ਦੇ ਉਮੀਦਵਾਰ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਦੀ 38 ਹਜ਼ਾਰ ਤੋਂ ਵਧੇਰੇ ਵੋਟਾਂ ਦੇ ਫਰਕ ਨਾਲ ਜਿੱਤ ਨੇ ਸਰਕਾਰ ਦੀ ਕਾਰਗੁਜ਼ਾਰੀ ਉਪਰ ਉਠ ਰਹੀਆਂ ਉਂਗਲਾਂ ਨੂੰ ਇਕ ਵਾਰ ਸ਼ਾਂਤ ਕਰ ਦਿੱਤਾ ਹੈ।



ਯਾਦ ਰਹੇ 2017 ਵਿਚ ਜਦੋਂ ਸ਼੍ਰੋਮਣੀ ਅਕਾਲੀ ਦਲ ਖਿਲਾਫ ਲਹਿਰ ਚੱਲ ਰਹੀ ਸੀ ਤਾਂ ਅਜੀਤ ਸਿੰਘ ਕੋਹਾੜ ਨੇ ਇਹ ਸੀਟ ਉਤੇ ਜਿੱਤ ਬਰਕਰਾਰ ਰੱਖੀ ਸੀ। ਉਹ ਲਗਾਤਾਰ ਪੰਜ ਵਾਰ ਇਸ ਸੀਟ ਤੋਂ ਜਿੱਤੇ ਸਨ। ਇਸ ਲਈ ਹੀ ਅਕਾਲੀ ਦਲ ਨੇ ਉਨ੍ਹਾਂ ਦੇ ਬੇਟੇ ਨਾਇਬ ਸਿੰਘ ਕੋਹਾੜ ਨੂੰ ਉਮੀਦਵਾਰ ਬਣਾਇਆ ਸੀ ਪਰ ਉਹ 38,802 ਵੋਟਾਂ ਦੇ ਫਰਕ ਨਾਲ ਹਾਰ ਗਏ। ਨਾਇਬ ਸਿੰਘ ਕੋਹਾੜ ਨੂੰ 43,944 ਵੋਟ ਮਿਲੇ ਜਦੋਂਕਿ ਕਾਂਗਰਸੀ ਉਮੀਦਵਾਰ ਨੇ 82,745 ਹਾਸਲ ਕਰ ਕੇ ਜਿੱਤ ਦਾ ਝੰਡਾ ਲਹਿਰਾਇਆ। 1977 ਤੋਂ ਲੈ ਕੇ 1992 ਤੱਕ ਅਕਾਲੀ ਉਮੀਦਵਾਰ ਬਲਵੰਤ ਸਿੰਘ ਇਸ ਸੀਟ ਉਤੇ ਕਾਬਜ਼ ਰਹੇ। 1992 ਵਿਚ ਸਿਰਫ ਇਕ ਵਾਰ ਕਾਂਗਰਸੀ ਉਮੀਦਵਾਰ ਬ੍ਰਿਜ ਭੁਪਿੰਦਰ ਸਿੰਘ ਜੇਤੂ ਹੋਏ ਜੋ ਇਸ ਵੇਲੇ ਅਕਾਲੀ ਦਲ ਵਿਚ ਚਲੇ ਗਏ ਹਨ। ਇਸ ਮਗਰੋਂ 1997 ਤੋਂ ਲੈ ਕੇ 2017 ਤੱਕ ਇਸ ਸੀਟ ਉਤੇ ਅਕਾਲੀ ਉਮੀਦਵਾਰ ਅਜੀਤ ਸਿੰਘ ਕੋਹਾੜ ਦਾ ਹੀ ਕਬਜ਼ਾ ਰਿਹਾ। ਜਨਵਰੀ 2018 ਵਿਚ ਉਨ੍ਹਾਂ ਦੀ ਮੌਤ ਹੋ ਗਈ ਸੀ।

ਸ਼ਾਹਕੋਟ ਵਿਧਾਨ ਸਭਾ ਸੀਟ ਜਿੱਤਣ ਦੇ ਨਾਲ ਹੀ ਕਾਂਗਰਸ ਦੀਆਂ ਸੀਟਾਂ ਦੀ ਗਿਣਤੀ 78 ਹੋ ਗਈ ਹੈ। ਕਾਂਗਰਸ ਕੋਲ ਸਦਨ ਵਿਚ ਦੋ ਤਿਹਾਈ ਬਹੁਮਤ ਹੋ ਗਿਆ ਹੈ। ਉਧਰ, ਇਹ ਸੀਟ ਹਾਰਨ ਨਾਲ ਅਕਾਲੀ ਦਲ 14 ਸੀਟਾਂ ਉਤੇ ਸਿਮਟ ਗਿਆ ਹੈ। ਅਕਾਲੀ ਦਲ ਲਈ ਇਹ ਸਭ ਤੋਂ ਵੱਡਾ ਝਟਕਾ ਹੈ। ਇਸ ਵੇਲੇ ਵਿਧਾਨ ਸਭਾ ਵਿਚ ਕਾਂਗਰਸ ਕੋਲ 78, ਆਮ ਆਦਮੀ ਪਾਰਟੀ ਕੋਲ 20, ਅਕਾਲੀ ਦਲ ਕੋਲ 14, ਬੀ.ਜੇ.ਪੀ. ਕੋਲ ਤਿੰਨ ਤੇ ਲੋਕ ਇਨਸਾਫ ਪਾਰਟੀ ਕੋਲ ਦੋ ਸੀਟਾਂ ਹਨ। ਫਰਵਰੀ 2017 ਦੀ ਵਿਧਾਨ ਸਭਾ ਵਿਚ 40 ਹਜ਼ਾਰ ਤੋਂ ਵੱਧ ਵੋਟਾਂ ਲੈ ਕੇ ਮਜ਼ਬੂਤ ਆਧਾਰ ਵਾਲੀ ਪਾਰਟੀ ਵਜੋਂ ਉਭਰੀ 'ਆਮ ਆਦਮੀ ਪਾਰਟੀ' ਦੇ ਉਮੀਦਵਾਰ ਨੂੰ ਹੁਣ ਸਿਰਫ 1900 ਵੋਟ ਹੀ ਮਿਲਣ ਨਾਲ ਪੰਜਾਬ ਅੰਦਰ ਉਨ੍ਹਾਂ ਦੇ ਵਜੂਦ ਉਪਰ ਹੀ ਸੁਆਲੀਆ ਚਿੰਨ੍ਹ ਲੱਗ ਗਿਆ। ਸ਼ਾਹਕੋਟ ਹਲਕੇ ਵਿਚ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਮੁੱਚੀ ਲੀਡਰਸ਼ਿਪ ਨਾਲ ਹਲਕੇ 'ਚ ਲਗਾਤਾਰ ਪ੍ਰਚਾਰ ਮੁਹਿੰਮ 'ਚ ਕੁੱਦੇ ਰਹੇ, ਪਰ ਉਨ੍ਹਾਂ ਦੇ ਉਮੀਦਵਾਰ ਨਾਇਬ ਸਿੰਘ ਕੋਹਾੜ ਦੀ ਨਮੋਸ਼ੀ ਭਰੀ ਹਾਰ ਨੇ ਇਹ ਸਿਆਸੀ ਸੁਨੇਹਾ ਵੀ ਦਿੱਤਾ ਕਿ ਲੋਕ ਖਾਸ ਕਰ ਪੰਥ ਅਜੇ ਅਕਾਲੀ ਲੀਡਰਸ਼ਿਪ ਪ੍ਰਵਾਨ ਕਰਨ ਲਈ ਤਿਆਰ ਨਹੀਂ।

ਹਲਕੇ 'ਚ ਸਿਆਸੀ ਮੁੱਦਿਆਂ ਖਾਸ ਕਰ ਕੇ ਦਰਿਆਵਾਂ ਤੇ ਨਾਲਿਆਂ ਦੇ ਪਾਣੀ ਦੇ ਪ੍ਰਦੂਸ਼ਤ ਹੋਣਾ, ਇੰਸਪੈਕਟਰ ਬਾਜਵਾ ਦਾ ਰੌਲਾ-ਗੌਲਾ, ਇਥੋਂ ਤੱਕ ਕਿ ਰੇਤੇ ਦੀ ਚੋਰ ਬਾਜ਼ਾਰੀ ਵਰਗੇ ਮਸਲੇ ਵੋਟਰਾਂ ਨੇ ਬਿਲਕੁਲ ਨਹੀਂ ਗੌਲੇ। ਕਾਂਗਰਸ ਉਮੀਦਵਾਰ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਦੇ 10 ਮਈ ਨੂੰ ਕਾਗਜ਼ ਦਾਖਲ ਕਰਵਾਉਣ ਵਾਲੇ ਦਿਨ ਤੋਂ ਹੀ ਪ੍ਰਚਾਰ ਮੁਹਿੰਮ ਦੀ ਸਾਰੀ ਕਮਾਨ ਮੁੱਖ ਮੰਤਰੀ ਦੇ ਸਿਆਸੀ ਸਲਾਹਕਾਰ ਕੈਪਟਨ ਸੰਦੀਪ ਸੰਧੂ ਅਤੇ ਸਾਬਕਾ ਮੰਤਰੀ ਰਾਣਾ ਗੁਰਜੀਤ ਸਿੰਘ ਨੇ ਸੰਭਾਲੀ ਹੋਈ ਸੀ। ਉਸ ਦਿਨ ਤੋਂ ਵੋਟਾਂ ਪੈਣ ਤੱਕ ਉਹ ਲਗਾਤਾਰ ਦਿਨ-ਰਾਤ ਹਲਕੇ ਵਿਚ ਹੀ ਵਿਚਰੇ। ਉਨ੍ਹਾਂ ਵੱਲੋਂ ਬਣਾਈ ਗਈ ਵਿਉਂਤਬੰਦੀ ਨੇ ਨਾ ਸਿਰਫ ਪਾਰਟੀ ਵਰਕਰਾਂ ਵਿਚ ਉਤਸ਼ਾਹ ਹੀ ਪੈਦਾ ਕੀਤਾ ਸਗੋਂ ਸਮੁੱਚੀ ਪਾਰਟੀ ਨੇ ਜ਼ਬਤ ਵੱਧ ਹੋ ਕੇ ਪਾਰਟੀ ਉਮੀਦਵਾਰ ਦੀ ਜਿੱਤ ਲਈ ਇਕ-ਜੁੱਟ ਹੋ ਕੇ ਕੰਮ ਕਰਨ ਲਈ ਪ੍ਰੇਰਤ ਕੀਤਾ।

# ਆਮ ਆਦਮੀ ਪਾਰਟੀ ਦੀ ਹੋਂਦ ਖਤਰੇ ਵਿਚ

**ਚੰਡੀਗੜ੍ਹ:** ਜ਼ਿਮਨੀ ਚੋਣ ਦੇ ਨਤੀਜਿਆਂ ਨੇ ਪੰਜਾਬ ਦੀ ਮੁੱਖ ਵਿਰੋਧੀ ਪਾਰਟੀ ਆਮ ਆਦਮੀ ਪਾਰਟੀ ਦੀ ਹੋਂਦ ਲਈ ਖਤਰਾ ਪੈਦਾ ਕਰ ਦਿੱਤਾ ਹੈ। 'ਆਪ' ਉਮੀਦਵਾਰ ਰਤਨ ਸਿੰਘ ਕਾਕੜ ਕਲਾਂ ਨੂੰ ਕੁੱਲ ਭੁਗਤੀਆਂ ਵੋਟਾਂ ਵਿਚੋਂ ਮਹਿਜ਼ 1.44 ਫੀਸਦੀ ਹੀ ਮਿਲੀਆਂ ਹਨ। ਆਪ ਨੂੰ ਕੁੱਲ 1900 ਵੋਟਾਂ ਮਿਲੀਆਂ ਹਨ, ਜੋ ਨੋਟਾ ਨੂੰ ਮਿਲੀਆਂ ਵੋਟਾਂ ਤੋਂ ਸਿਰਫ 632 ਵੱਧ ਹਨ। ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ 'ਆਪ' ਦੇ ਉਮੀਦਵਾਰ ਡਾ. ਅਮਰਜੀਤ ਸਿੰਘ ਥਿੰਦ ਨੂੰ ਇਸ ਹਲਕੇ ਤੋਂ 41,000 ਤੋਂ ਵੱਧ ਵੋਟਾਂ ਮਿਲੀਆਂ ਸਨ।



ਸ਼ਾਹਕੋਟ ਹਲਕੇ ਦੇ 1268 ਵੋਟਰਾਂ ਨੇ ਇਸ ਚੋਣ ਵਿਚ ਸਾਰੇ ਉਮੀਦਵਾਰਾਂ ਨੂੰ ਨਕਾਰਦਿਆਂ ਨੋਟਾ ਦਾ ਬਟਨ ਦਬਾਇਆ ਹੈ।

'ਆਪ' ਨੂੰ ਗੁਰਦਾਸਪੁਰ ਲੋਕ ਸਭਾ ਹਲਕੇ ਦੀ ਉਪ ਚੋਣ ਅਤੇ ਨਗਰ ਨਿਗਮਾਂ ਦੀਆਂ ਚੋਣਾਂ ਤੋਂ ਬਾਅਦ ਸ਼ਾਹਕੋਟ ਦੀ ਉਪ ਚੋਣ ਵਿਚੋਂ ਵੀ ਸ਼ਰਮਨਾਕ ਹਾਰ ਮਿਲਣ ਕਾਰਨ ਜਿਥੇ ਇਸ ਪਾਰਟੀ ਦੀ ਹੋਂਦ ਨੂੰ ਖਤਰਾ ਪੈਦਾ ਹੋ ਗਿਆ ਹੈ, ਉਥੇ ਲੀਡਰਸ਼ਿਪ ਦਾ ਵੱਕਾਰ ਵੀ ਦਾਅ ਉਤੇ ਲੱਗ ਗਿਆ ਹੈ। 'ਆਪ' ਭਾਵੇਂ ਵਿਧਾਨ ਸਭਾ ਵਿਚ ਮੁੱਖ ਵਿਰੋਧੀ ਪਾਰਟੀ ਹੈ, ਪਰ ਲਗਾਤਾਰ ਤਿੰਨ ਚੋਣਾਂ ਵਿਚੋਂ ਪਾਰਟੀ ਨੂੰ ਨਮੋਸ਼ੀ ਭਰੀ ਹਾਰ ਮਿਲਣ ਕਾਰਨ ਜਨਤਕ ਤੌਰ 'ਤੇ ਇਸ ਪਾਰਟੀ ਦੀ ਹਾਲਤ ਪਤਲੀ ਪੈ ਗਈ ਹੈ। ਦਰਅਸਲ, ਸ਼ਾਹਕੋਟ ਚੋਣ ਦੇ ਸ਼ੁਰੂ ਵਿਚ ਹੀ ਪਾਰਟੀ ਦੇ ਦੋ ਮੁੱਖ ਆਗੂਆਂ- ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਅਤੇ ਸੰਸਦ ਮੈਂਬਰ ਭਗਵੰਤ ਮਾਨ ਵੱਲੋਂ ਸੰਕੇਤ ਦਿੱਤਾ ਗਿਆ ਸੀ ਕਿ ਇਹ ਚੋਣ ਲੜਨੀ ਪਾਰਟੀ ਦੇ ਵੱਸ ਦਾ ਰੋਗ ਨਹੀਂ ਹੈ।

ਪਾਰਟੀ ਦੀ ਇਸ ਵੇਲੇ ਬਣੀ ਅੰਦਰੂਨੀ ਸਥਿਤੀ ਤੋਂ ਸੰਕੇਤ ਮਿਲਦੇ ਹਨ ਕਿ ਅਗਲੇ ਦਿਨ ਵੀ 'ਆਪ' ਲਈ ਸੰਕਟ ਵਾਲੇ ਹਨ, ਕਿਉਂਕਿ ਪੰਜਾਬ ਦੀ ਮੁੱਖ ਲੀਡਰਸ਼ਿਪ ਵਿਚ ਕੋਈ ਤਾਲਮੇਲ ਨਹੀਂ ਹੈ। ਭਗਵੰਤ ਮਾਨ ਨੇ ਸਾਫ ਕਹਿ ਦਿੱਤਾ ਹੈ ਕਿ ਉਹ ਹੁਣ ਪ੍ਰਧਾਨ ਦੇ ਅਹੁਦੇ ਤੋਂ ਦਿੱਤਾ ਅਸਤੀਫਾ ਵਾਪਸ ਨਹੀਂ ਲੈਣਗੇ। ਇਸ ਅਹੁਦੇ ਲਈ ਸ. ਮਾਨ ਦੇ ਹਾਣ ਦਾ ਕੋਈ ਆਗੂ ਨਾ ਮਿਲਣ ਕਾਰਨ ਪੰਜਾਬ 'ਚ ਪਾਰਟੀ ਬਿਨਾ 'ਕਮਾਂਡਰ' ਤੋਂ ਹੀ ਚੱਲ ਰਹੀ ਹੈ। ਇਸੇ ਤਰ੍ਹਾਂ ਪਾਰਟੀ ਦੇ ਵੱਡੇ ਚਿਹਰੇ ਐਚ. ਐਸ. ਫੂਲਕਾ ਨੇ ਵੀ ਵਿਰੋਧੀ ਧਿਰ ਦੇ ਆਗੂ ਦੇ ਅਹੁਦੇ ਤੋਂ ਅਸਤੀਫਾ ਦੇ ਕੇ ਪਾਰਟੀ ਦੀਆਂ ਸਰਗਰਮੀਆਂ ਤੋਂ ਆਪਣੇ ਆਪ ਨੂੰ ਦੂਰ ਕਰਕੇ 1984 ਦੇ ਸਿੱਖ ਕਤਲੇਆਮ ਦੀ ਕਾਨੂੰਨੀ ਲੜਾਈ ਤੱਕ ਸੀਮਤ ਕਰ ਲਿਆ ਹੈ। ਲੋਕ ਸਭਾ ਚੋਣਾਂ ਨੇੜੇ ਆਉਣ ਕਾਰਨ ਅਤੇ ਸ਼ਾਹਕੋਟ ਵਿਚੋਂ ਪਾਰਟੀ ਨੂੰ ਮਿਲੀ ਸ਼ਰਮਨਾਕ ਹਾਰ ਕਾਰਨ ਹਾਈ ਕਮਾਂਡ ਨੂੰ ਪੰਜਾਬ ਇਕਾਈ ਦੀ ਹੋਂਦ ਬਚਾਉਣੀ ਵੱਡੀ ਚੁਣੌਤੀ ਬਣ ਗਈ ਹੈ।

## ਚੋਣ ਨਾ ਲੜਨ ਦੀ ਦਿੱਤੀ ਸੀ ਸਲਾਹ: ਖਹਿਰਾ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਅਤੇ 'ਆਪ' ਦੇ ਪ੍ਰਮੁੱਖ ਆਗੂ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਲੋਕਾਂ ਵੱਲੋਂ ਦਿੱਤੇ ਫਤਵੇ ਨੂੰ ਖਿੜੇ ਮੱਥੇ ਉਹ ਸਵੀਕਾਰਦੇ ਹਨ। ਖਹਿਰਾ ਨੇ ਕਿਹਾ ਕਿ ਉਨ੍ਹਾਂ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਪਾਰਟੀ ਨੂੰ ਪਹਿਲਾਂ ਹੀ ਇਹ ਚੋਣ ਨਾ ਲੜਨ ਦੀ ਸਲਾਹ ਦਿੱਤੀ ਸੀ। ਪਾਰਟੀ ਦੀ ਹਾਰ ਸਵੀਕਾਰਦੇ ਹੋਏ ਉਨ੍ਹਾਂ ਕਿਹਾ ਕਿ ਪਾਰਟੀ 'ਚ ਇਹ ਪੱਖ ਰੱਖਿਆ ਸੀ ਕਿ ਇਹ ਚੋਣ ਲੜਨ ਦਾ ਮੌਕਾ ਤੇ ਸਮਾਂ ਨਹੀਂ ਹੈ।

# ਸੁਖਬੀਰ ਤੇ ਮਜੀਠੀਆ ਲਈ ਸਭ ਤੋਂ ਵੱਧ ਨਮੋਸ਼ੀ

**ਜਲੰਧਰ:** ਸਵਾ ਸਾਲ ਪਹਿਲਾਂ ਹੋਈਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਉਨ੍ਹਾਂ ਦੇ ਰਿਸ਼ਤੇਦਾਰ ਬਿਕਰਮ ਸਿੰਘ ਮਜੀਠੀਆ ਲਈ ਪਾਰਟੀ ਦੀ ਹਾਰ ਨਿੱਜੀ ਝਟਕਾ ਵੀ ਮੰਨੀ ਜਾ ਰਹੀ ਹੈ ਕਿਉਂਕਿ ਦੋਹਾਂ (ਬਾਦਲ-ਮਜੀਠੀਆ) ਨੇ ਹੀ ਜ਼ਿਮਨੀ ਚੋਣ ਨੂੰ ਵੱਕਾਰ ਦਾ ਸਵਾਲ ਬਣਾਇਆ ਹੋਇਆ ਸੀ।



ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕਾਂਗਰਸ ਸਰਕਾਰ ਦੇ ਗਠਨ ਤੋਂ ਬਾਅਦ ਸਰਕਾਰ ਦੀ ਕਾਰਗੁਜ਼ਾਰੀ 'ਤੇ ਆਪਣਿਆਂ (ਕਾਂਗਰਸੀਆਂ) ਵੱਲੋਂ ਹੀ ਲਗਾਤਾਰ ਉਂਗਲਾਂ ਉਠਾਈਆਂ ਜਾ ਰਹੀਆਂ ਹਨ। ਇਸ ਦੇ ਬਾਵਜੂਦ ਕਾਂਗਰਸ ਵੱਲੋਂ ਸਿਆਸੀ ਫਰੰਟ 'ਤੇ ਰਾਜਸੀ ਵਿਰੋਧੀਆਂ ਨੂੰ ਧੋਬੀ ਪਟਕਾ ਵੀ ਮਾਰਿਆ ਜਾ ਰਿਹਾ ਹੈ। ਸਿਆਸੀ ਹਲਕਿਆਂ ਦਾ ਮੰਨਣਾ ਹੈ ਕਿ ਇਕ ਦਹਾਕਾ ਸੱਤਾ ਵਿਚ ਰਹਿਣ ਤੋਂ ਬਾਅਦ ਅਕਾਲੀਆਂ ਨੇ ਲੋਕਾਂ ਦੇ ਮਨਾਂ ਵਿਚੋਂ ਆਪਣਾ ਆਧਾਰ ਘਟਾ ਲਿਆ ਹੈ ਅਤੇ ਵਾਪਸੀ ਲਈ ਅਕਾਲੀ ਦਲ ਨੂੰ ਵੱਡੇ ਸੁਧਾਰ ਕਰਨੇ ਪੈਣਗੇ। ਜ਼ਿਮਨੀ ਚੋਣ ਦੇ ਨਤੀਜੇ ਨੇ ਇਹ ਵੀ ਸਾਬਤ ਕਰ ਦਿੱਤਾ ਹੈ ਕਿ ਭਵਿੱਖ ਵਿਚ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨੂੰ ਲੋਕਾਂ ਦੇ ਦਿਲ ਜਿੱਤਣ ਲਈ ਨਵੀਂ ਰਣਨੀਤੀ ਤਿਆਰ ਕਰਨੀ ਪਵੇਗੀ।

ਇਸ ਚੋਣ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮਹਿਜ਼ ਇਕ ਦਿਨ ਪ੍ਰਚਾਰ ਕੀਤਾ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਕੁਝ ਹੋਰਨਾਂ ਸੀਨੀਅਰ ਆਗੂਆਂ ਨੇ ਚੋਣ ਪ੍ਰਚਾਰ ਤੋਂ ਪੂਰੀ ਤਰ੍ਹਾਂ ਕਿਨਾਰਾ ਹੀ ਕਰ ਲਿਆ ਸੀ। ਕਾਂਗਰਸ ਦੇ ਵਿਧਾਇਕਾਂ ਦੀ ਵਧੀ ਹੋਈ ਗਿਣਤੀ ਰਾਜ ਸਰਕਾਰ ਖਾਸ ਕਰ ਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਲਈ ਚੁਣੌਤੀ ਵੀ ਹੈ ਕਿਉਂਕਿ ਮੰਤਰੀ ਮੰਡਲ ਦੇ ਵਿਸਥਾਰ ਤੋਂ ਬਾਅਦ ਬਹੁਤੇ ਵਿਧਾਇਕਾਂ ਵੱਲੋਂ ਮੁੱਖ ਮੰਤਰੀ ਪ੍ਰਤੀ ਨਾਰਾਜ਼ਗੀ ਪ੍ਰਗਟਾਈ ਜਾ ਰਹੀ ਹੈ।

# 'ਆਪ' ਦੀ ਖਾਨਾਜੰਗੀ ਨੇ ਲਿਆ ਨਵਾਂ ਮੋੜ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੀ ਪੰਜਾਬ ਇਕਾਈ ਵਿਚ ਖਾਨਾਜੰਗੀ ਜਾਰੀ ਹੈ। ਜਿਹੜਾ ਵੀ ਲੀਡਰ ਉਭਰਨ ਲੱਗਦਾ ਹੈ, ਉਸ ਖਿਲਾਫ ਸਾਜ਼ਿਸ਼ਾਂ ਸ਼ੁਰੂ ਹੋ ਜਾਂਦੀਆਂ ਹਨ। ਇਸ ਵਾਰ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਨਿਸ਼ਾਨੇ ਉਤੇ ਹਨ। ਸੋਸ਼ਲ ਮੀਡੀਆ ਉਤੇ ਆਡੀਓ ਵਾਇਰਲ ਹੋਈ ਹੈ।

ਖਹਿਰਾ ਦਾ ਦਾਅਵਾ ਹੈ ਕਿ ਆਡੀਓ ਵਿਚ ਪੰਜਾਬ ਦੇ ਸੰਗਠਨ ਇੰਚਾਰਜ ਗੈਰੀ ਵੜਿੰਗ ਤੇ ਦਿੱਲੀ ਤੋਂ 'ਆਪ' ਆਗੂ ਸੁਮੀਤ ਯਾਦਵ ਵਿਚਾਲੇ ਗੱਲਬਾਤ ਹੈ। ਖਹਿਰਾ ਮੁਤਾਬਕ ਆਡੀਓ ਵਿਚ ਯਾਦਵ ਵੱਲੋਂ ਵੜਿੰਗ ਨੂੰ ਕਿਹਾ ਜਾ ਰਿਹਾ ਹੈ ਕਿ ਭਵਿੱਖ ਵਿਚ ਉਹ ਖਹਿਰਾ ਉਪਰ ਕਿਵੇਂ ਵਿਸ਼ਵਾਸ ਕਰ ਸਕਦੇ ਹਨ। ਅੱਗੋਂ ਵੜਿੰਗ ਕਹਿੰਦੇ ਹਨ, "ਹੁਣ ਖਹਿਰਾ ਉਤੇ ਵਿਸ਼ਵਾਸ ਨਹੀਂ ਕਰ ਸਕਦੇ, ਪਰ ਇਸ ਸਮੇਂ ਉਸ ਨੂੰ ਹਟਾ ਵੀ ਨਹੀਂ ਸਕਦੇ ਕਿਉਂਕਿ ਖਹਿਰਾ ਦਾ ਕੱਦ ਬੜਾ ਵੱਡਾ ਹੋ ਗਿਆ ਹੈ। ਇਸ ਕਾਰਨ 6 ਮਹੀਨਿਆਂ ਦੌਰਾਨ ਜਾਂ ਤਾਂ ਹੋਰ ਆਗੂਆਂ ਦਾ ਕੱਦ ਵਧਾਉਣਾ ਪਵੇਗਾ ਜਾਂ ਖਹਿਰਾ ਦਾ ਕੱਦ ਘਟਾਉਣਾ ਪਵੇਗਾ। ਖਹਿਰਾ ਨੇ ਦੋਸ਼ ਲਾਇਆ ਹੈ ਕਿ ਪਾਰਟੀ ਦੇ ਹੀ ਕੁਝ ਆਗੂ ਉਸ ਦੀਆਂ ਜੜ੍ਹਾਂ ਵੱਢ ਰਹੇ ਹਨ। ਖਾਸ ਗੱਲ ਇਹ ਹੈ ਕਿ ਆਡੀਓ ਬੜੇ ਸਾਜ਼ਿਸ਼ੀ ਢੰਗ ਨਾਲ ਆਡਿਟ ਕੀਤੀ ਗਈ ਹੈ। ਇਸ ਵਿਚ ਸਿਰਫ ਖਹਿਰਾ ਵਿਰੁੱਧ ਹੋਈ ਗੱਲਬਾਤ ਹੀ ਹੈ। ਗੈਰੀ ਵੜਿੰਗ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵੇਲੇ ਪੰਜਾਬ ਯੂਨਿਟ ਦੇ ਇੰਚਾਰਜ ਦੁਰਗੇਸ਼ ਪਾਠਕ ਦੀ ਟੀਮ ਦਾ ਅਹਿਮ ਮੈਂਬਰ ਸੀ।



ਸੂਤਰਾਂ ਅਨੁਸਾਰ ਇਹ ਆਡੀਓ ਉਦੋਂ ਦੀ ਹੈ, ਜਦੋਂ ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਡਰੱਗ ਮਾਮਲੇ ਵਿਚ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਕੋਲੋਂ ਮਾਣਹਾਨੀ ਦੇ ਕੇਸ 'ਚ ਮੁਆਫੀ ਮੰਗੀ ਸੀ। ਉਦੋਂ ਖਹਿਰਾ ਨੇ ਕੇਜਰੀਵਾਲ ਦੀ ਇਸ ਕਾਰਵਾਈ ਦਾ ਭਾਰੀ ਵਿਰੋਧ ਕੀਤਾ ਸੀ। ਖਹਿਰਾ ਦਾ ਕਹਿਣਾ ਹੈ ਕਿ ਪਾਰਟੀ ਦੇ ਬੰਦਿਆਂ ਵੱਲੋਂ ਹੀ ਉਸ ਵਿਰੁੱਧ ਸਾਜ਼ਿਸ਼ਾਂ ਘੜਨ ਦਾ ਉਸ ਨੂੰ ਬੜਾ ਦੁੱਖ ਹੋਇਆ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਪਾਰਟੀਆਂ ਨਹੀਂ ਚੱਲ ਸਕਦੀਆਂ। ਪਾਰਟੀ ਦੇ ਹੀ ਕੁਝ ਬੰਦੇ ਉਨ੍ਹਾਂ ਤੇ ਹਾਈਕਮਾਂਡ ਵਿਚ ਪਾੜਾ ਪੈਦਾ ਕਰ ਰਹੇ ਹਨ।

# ਤਖਤ ਦਮਦਮਾ ਸਾਹਿਬ ਮਾਮਲੇ 'ਚ ਦਿੱਲੀ ਸਰਕਾਰ ਨੂੰ ਤਿੰਨ ਮਹੀਨੇ ਦਾ ਸਮਾਂ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਵਿਚ ਦਿੱਲੀ ਕਮੇਟੀ ਦੀ ਪਟੀਸ਼ਨ ਉਤੇ ਸੁਣਵਾਈ ਦੌਰਾਨ ਕਾਰਜਕਾਰੀ ਚੀਫ ਜਸਟਿਸ ਗੀਤਾ ਮਿੱਤਲ ਦੀ ਬੈਂਚ ਨੇ ਦਿੱਲੀ ਸਰਕਾਰ ਨੂੰ ਤਖਤ ਦਮਦਮਾ ਸਾਹਿਬ ਨੂੰ ਦਿੱਲੀ ਕਮੇਟੀ ਐਕਟ ਵਿਚ ਸ਼ਾਮਲ ਕਰਨ ਲਈ ਤੇਜ਼ੀ ਨਾਲ ਕਾਰਜ ਕਰਨ ਦਾ ਆਦੇਸ਼ ਦਿੱਤਾ ਸੀ।

ਦਿੱਲੀ ਗੁਰਦੁਆਰਾ ਐਕਟ 1971 ਤੋਂ ਬਾਅਦ ਹੋਂਦ ਵਿਚ ਆਏ ਤਖਤ ਦਮਦਮਾ ਸਾਹਿਬ ਨੂੰ ਐਕਟ ਵਿਚ ਥਾਂ ਦਿਵਾਉਣ ਲਈ ਦਿੱਲੀ ਕਮੇਟੀ ਵੱਲੋਂ ਪਿਛਲੇ 5 ਸਾਲ ਦੌਰਾਨ 2 ਵਾਰ ਜਨਰਲ ਇਜਲਾਸ ਵਿਚ ਮਤਾ ਪਾਸ ਕਰ ਕੇ ਦਿੱਲੀ ਸਰਕਾਰ ਨੂੰ ਭੇਜਿਆ ਜਾ ਚੁੱਕਿਆ ਹੈ, ਪਰ ਦਿੱਲੀ ਸਰਕਾਰ ਨੇ ਇਸ ਮਾਮਲੇ ਉਤੇ ਕਾਰਵਾਈ ਕਰਨ ਨੂੰ ਠੀਕ ਨਹੀਂ ਸਮਝਿਆ, ਜਿਸ ਕਰ ਕੇ ਦਿੱਲੀ ਕਮੇਟੀ ਨੇ ਹਾਈ ਕੋਰਟ ਦਾ ਰੁਖ ਕੀਤਾ ਸੀ। ਕੋਰਟ ਨੇ ਦਿੱਲੀ ਸਰਕਾਰ ਨੂੰ ਤਖਤ ਸਾਹਿਬ ਮਾਮਲੇ 'ਚ 3 ਮਹੀਨੇ ਦਾ ਸਮਾਂ ਦਿੰਦਿਆਂ ਦਿੱਲੀ ਕਮੇਟੀ ਨੂੰ ਦਿੱਲੀ ਸਰਕਾਰ ਵੱਲੋਂ ਕਾਰਵਾਈ ਨਾ ਕਰਨ ਦੀ ਸੂਰਤ 'ਚ ਮੁੜ ਅਦਾਲਤ ਆਉਣ ਦਾ ਆਦੇਸ਼ ਦਿੱਤਾ ਹੈ।

# ਕ੍ਰਿਸ਼ਨਾ ਮੁਰਾਰੀ ਬਣੇ ਪੰਜਾਬ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ

**ਚੰਡੀਗੜ੍ਹ:** ਜਸਟਿਸ ਕ੍ਰਿਸ਼ਨਾ ਮੁਰਾਰੀ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਵਜੋਂ ਸਹੁੰ ਚੁੱਕਣ ਤੋਂ ਬਾਅਦ ਆਖਿਆ ਕਿ ਵੱਡੀ ਗਿਣਤੀ ਵਿਚ ਬਕਾਇਆ ਪਏ ਕੇਸਾਂ ਦੀ ਸਮੱਸਿਆ ਨਿਆਂ ਪ੍ਰਣਾਲੀ ਦੀ 'ਸਭ ਤੋਂ ਵੱਡੀ ਦੁਸ਼ਮਣ' ਹੈ ਪਰ ਉਨ੍ਹਾਂ ਇਹ ਵੀ ਆਖਿਆ ਕਿ ਇਸ ਨਾਲ ਸਿੱਝਣ ਲਈ ਕੋਈ ਸਿੱਧ ਪੱਧਰਾ ਫਾਰਮੂਲਾ ਕਾਰਗਰ ਨਹੀਂ ਹੋ ਸਕਦਾ। ਇਸ ਸਬੰਧੀ ਸਾਵੀਂ ਪਹੁੰਚ ਅਪਣਾਉਣ ਉਤੇ ਜ਼ੋਰ ਦਿੰਦਿਆਂ ਚੀਫ ਜਸਟਿਸ ਮੁਰਾਰੀ ਨੇ ਕਿਹਾ ਕਿ ਕੇਸਾਂ ਦੀ ਵੰਨਗੀ ਤੇ ਮੌਜੂਦਾ ਸਥਿਤੀਆਂ ਨੂੰ ਵੀ ਧਿਆਨ 'ਚ ਰੱਖਣ ਦੀ ਲੋੜ ਹੈ।



ਅਲਾਹਾਬਾਦ ਹਾਈ ਕੋਰਟ ਦੇ ਸੀਨੀਅਰ ਜੱਜ ਰਹੇ ਜਸਟਿਸ ਮੁਰਾਰੀ ਨੂੰ ਹਰਿਆਣਾ ਰਾਜ ਭਵਨ ਵਿਚ ਹਰਿਆਣਾ ਦੇ ਰਾਜਪਾਲ ਕਪਤਾਨ ਸਿੰਘ ਸੋਲੰਕੀ ਨੇ ਸਹੁੰ ਚੁਕਾਈ।

# ਦਲਿਤਾਂ ਲਈ ਤਰੱਕੀਆਂ ’ਚ ਰਾਖਵੇਂਕਰਨ ਨੂੰ ਹਰੀ ਝੰਡੀ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਭਾਰੀ ਰਾਹਤ ਦਿੰਦਿਆਂ ਐਸ.ਸੀ.-ਐਸ.ਟੀ. ਮੁਲਾਜ਼ਮਾਂ ਲਈ ਤਰੱਕੀਆਂ ਵਿਚ ‘ਕਾਨੂੰਨ ਮੁਤਾਬਕ’ ਰਾਖਵਾਂਕਰਨ ਲਾਗੂ ਕਰਨ ਦੀ ਇਜਾਜ਼ਤ ਦੇ ਦਿੱਤੀ। ਸਿਖਰਲੀ ਅਦਾਲਤ ਨੇ ਇਹ ਹੁਕਮ ਕੇਂਦਰ ਵੱਲੋਂ ਅਦਾਲਤ ਅੱਗੇ ਇਹ ਤੱਥ ਰੱਖੇ ਜਾਣ ਉਤੇ ਜਾਰੀ ਕੀਤਾ ਕਿ ਇਸ ਸਬੰਧੀ ਵੱਖ-ਵੱਖ ਹਾਈ ਕੋਰਟਾਂ ਦੇ ਫੈਸਲਿਆਂ ਅਤੇ ਸੁਪਰੀਮ ਕੋਰਟ ਵੱਲੋਂ 2015 ਵਿਚ ਜਾਰੀ ‘ਸਟੇਟਸ ਕੋ’ ਕਾਰਨ ਮੁਲਾਜ਼ਮਾਂ ਦੀਆਂ ਤਰੱਕੀਆਂ ਦਾ ਪੂਰਾ ਅਮਲ ਹੀ ਠੱਪ ਹੋ ਕੇ ਰਹਿ ਗਿਆ ਹੈ।

ਸੁਪਰੀਮ ਕੋਰਟ ਦੇ ਜਸਟਿਸ ਆਦਰਸ਼ ਕੁਮਾਰ ਗੋਇਲ ਤੇ ਜਸਟਿਸ ਅਸ਼ੋਕ ਭੂਸ਼ਣ ਉਤੇ ਆਧਾਰਿਤ ਵਕੇਸ਼ਨ (ਛੁੱਟੀਆਂ ਵਾਲੇ) ਬੈਂਚ ਨੇ ਕਿਹਾ ਕਿ ਕੇਂਦਰ ਉਤੇ ਕਾਨੂੰਨ ਮੁਤਾਬਕ ਤਰੱਕੀਆਂ ਕਰਨ ਦੀ ਕੋਈ ‘ਮਨਾਹੀ’ ਨਹੀਂ ਹੈ, ਪਰ ਇਹ ਸਾਰਾ ਮਾਮਲਾ ਅਗਲੇਰੇ ਹੁਕਮਾਂ ਉਤੇ ਨਿਰਭਰ ਕਰੇਗਾ। ਬੈਂਚ ਨੇ ਕਿਹਾ, “ਇਹ ਸਾਫ ਕੀਤਾ ਜਾਂਦਾ ਹੈ ਕਿ ਕੇਂਦਰ ਸਰਕਾਰ ਉਤੇ ਕਾਨੂੰਨ ਮੁਤਾਬਕ ਤਰੱਕੀਆਂ ਕਰਨ ਦੀ ਕੋਈ ਮਨਾਹੀ ਨਹੀਂ, ਪਰ ਉਹ ਇਸ ਮਾਮਲੇ ਉਤੇ ਅਗਲੇਰੇ ਫੈਸਲੇ ਉਤੇ ਮੁਨੱਸਰ ਕਰਨਗੀਆਂ।” ਬੈਂਚ ਨੇ ਇਹ ਹੁਕਮ ਬੀਤੇ ਸਾਲ 23 ਅਗਸਤ ਨੂੰ ਦਿੱਲੀ ਹਾਈ ਕੋਰਟ ਵੱਲੋਂ ਦਿੱਤੇ ਫੈਸਲੇ ਰਾਹੀਂ 16 ਨਵੰਬਰ, 1992 ਤੋਂ 5 ਸਾਲਾਂ ਦੌਰਾਨ ਐਸ.ਸੀ.-ਐਸ.ਟੀ. ਵਰਗਾਂ ਦੇ ਮੁਲਾਜ਼ਮਾਂ ਨੂੰ ਤਰੱਕੀਆਂ ਵਿਚ ਰਾਖਵਾਂਕਰਨ ਦਿੱਤੇ ਜਾਣ ਦੀ ਕਾਰਵਾਈ ਨੂੰ ਰੱਦ ਕੀਤੇ ਜਾਣ ਖਿਲਾਫ਼ ਕੇਂਦਰ ਦੀ ਅਪੀਲ ਉਤੇ ਜਾਰੀ ਕੀਤੇ।

ਕੇਂਦਰ ਸਰਕਾਰ ਨੇ ਕਿਹਾ ਕਿ ਐਸ.ਸੀ.-ਐਸ.ਟੀ. ਮੁਲਾਜ਼ਮਾਂ ਨੂੰ ਤਰੱਕੀਆਂ ਵਿਚ ਰਾਖਵਾਂਕਰਨ ਦਿੱਤੇ ਜਾਣ ਦੇ ਮਾਮਲੇ ਉਤੇ ਪੰਜਾਬ ਤੇ ਹਰਿਆਣਾ, ਦਿੱਲੀ ਅਤੇ ਬੰਬੇ ਹਾਈ ਕੋਰਟਾਂ ਨੇ ਵੱਖੋ-ਵੱਖਰੇ ਫੈਸਲੇ ਸੁਣਾਏ ਹਨ ਅਤੇ ਸੁਪਰੀਮ ਕੋਰਟ ਨੇ ਵੀ ਇਨ੍ਹਾਂ ਫੈਸਲਿਆਂ ਖਿਲਾਫ਼ ਦਾਇਰ ਅਪੀਲਾਂ ਉਤੇ ਵੱਖੋ-ਵੱਖਰੇ ਹੁਕਮ ਜਾਰੀ ਕੀਤੇ ਹਨ। ਕੇਂਦਰ ਸਰਕਾਰ ਵੱਲੋਂ ਪੇਸ਼ ਐਡੀਸ਼ਨਲ ਸੌਲੀਸਿਟਰ ਜਨਰਲ ਮਨਿੰਦਰ ਸਿੰਘ ਨੇ ਸੁਣਵਾਈ ਦੌਰਾਨ ਸਰਕਾਰੀ ਨੌਕਰੀਆਂ ਵਿਚ ਤਰੱਕੀਆਂ ‘ਚ ਕੋਟੇ ਨਾਲ ਸਬੰਧਤ ਕਾਨੂੰਨਾਂ ਦਾ ਹਵਾਲਾ ਦਿੱਤਾ ਅਤੇ ਕਿਹਾ ਕਿ ਇਸ ਮਾਮਲੇ ‘ਚ ਸੁਪਰੀਮ ਕੋਰਟ ਵੱਲੋਂ 2006 ਵਿਚ ਸੁਣਾਇਆ ਐਮ. ਨਗਾਰਾਜ ਕੇਸ ਦਾ ਫੈਸਲਾ ਲਾਗੂ ਹੋਵੇਗਾ, ਜਿਸ ਵਿਚ ਸੁਪਰੀਮ ਕੋਰਟ ਨੇ ਸਾਫ ਕੀਤਾ ਸੀ ਕਿ ਕਰੀਮੀ ਲੇਅਰ ਦਾ ਸਿਧਾਂਤ ਅਨੁਸੂਚਿਤ ਜਾਤਾਂ ਤੇ ਕਬੀਲਿਆਂ ਦੇ ਮਾਮਲੇ ਵਿਚ ਲਾਗੂ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ ਸਿਖਰਲੀ ਅਦਾਲਤ ਦੇ ਦੋ ਹੋਰ ਫੈਸਲੇ- 1992 ਦਾ ਇੰਦਰਾ ਸਵਾਨੀ ਅਤੇ ਹੋਰ ਬਨਾਮ ਕੇਂਦਰ ਸਰਕਾਰ ਤੇ 2005 ਦਾ ਈ.ਵੀ. ਚਿਨੱਈਆ ਬਨਾਮ ਆਂਧਰਾ ਪ੍ਰਦੇਸ਼ ਸਰਕਾਰ ਸਿਰਫ ਹੋਰ ਪਛੜੇ ਵਰਗਾਂ ਵਿਚ ਕਰੀਮੀ ਲੇਅਰ ਨਾਲ ਹੀ ਸਬੰਧਤ ਹਨ।

## ਹਵਾਈ ਸੈਨਾ ਦੇ ਜਹਾਜ਼ ਨੂੰ ਹਾਦਸਾ: ਅਧਿਕਾਰੀ ਦੀ ਮੌਤ

**ਕੱਛ (ਗੁਜਰਾਤ):** ਗੁਜਰਾਤ ਦੇ ਕੱਛ ਜਿਲ੍ਹੇ ਵਿਚ ਜਾਮਨਗਰ ਦੇ ਏਅਰ ਬੇਸ ਤੋਂ ਉਡਦਿਆਂ ਸਾਰ ਹੀ ਭਾਰਤੀ ਹਵਾਈ ਸੈਨਾ ਦਾ ਜੈਗੁਆਰ ਜੰਗੀ ਜਹਾਜ਼ ਹਾਦਸਾਗ੍ਰਸਤ ਹੋ ਗਿਆ। ਇਸ ਹਾਦਸੇ ਵਿਚ ਹਵਾਈ ਸੈਨਾ ਦਾ ਸੀਨੀਅਰ ਅਧਿਕਾਰੀ ਸੰਜੈ ਚੌਹਾਨ ਮਾਰਿਆ ਗਿਆ ਜੋ ਇਸ ਜਹਾਜ਼ ਨੂੰ ਉਡਾ ਰਿਹਾ ਸੀ।



***ਜਗਜੀਤ ਸਿੰਘ ਸੋਢੀ (ਬੰਗਾ), ਜਿਨ੍ਹਾਂ ਨੂੰ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰਸਟ ਢਾਹਾਂ-ਕਲੇਰਾਂ (ਰਜਿ.), ਨਵਾਂ ਸ਼ਹਿਰ ਦਾ ਮੈਂਬਰ ਬਣਾਇਆ ਗਿਆ ਹੈ।***

## ਗੁਰੂ ਗ੍ਰੰਥ ਸਾਹਿਬ ਦੇ ਬਿਰਧ ਸਰੂਪਾਂ ਦੀ ਸੇਵਾ



**ਐਲ ਸਬਰਾਂਟੇ:** ਗੁਰਦੁਆਰਾ ਐਲ ਸਬਰਾਂਟੇ ਵਿਚ ਭਾਈ ਬਲਬੀਰ ਸਿੰਘ ਕਾਲੇਕੇ ਦਾ ਪ੍ਰਬੰਧਕ ਕਮੇਟੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਿਰਧ ਸਰੂਪਾਂ ਦੀ ਸੰਭਾਲ ਬਦਲੇ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ। ਭਾਈ ਕਾਲੇਕੇ ਨੇ ਬਿਰਧ ਸਰੂਪਾਂ ਦੀਆਂ ਜਿਲਦਾਂ ਦੁਬਾਰਾ ਬੰਨ੍ਹੀਆਂ ਅਤੇ ਪੱਤਰਿਆਂ ਦੀ ਸੇਵਾ-ਸੰਭਾਲ ਵੀ ਕੀਤੀ। ਉਨ੍ਹਾਂ ਦੱਸਿਆ ਕਿ ਜਿਲਦਾਂ ਬੰਨ੍ਹਣ ਦੀ ਸੇਵਾ ਬਹੁਤ ਘੱਟ ਲੋਕ ਜਾਣਦੇ ਹਨ। ਉਨ੍ਹਾਂ ਨੂੰ ਇਹ ਦਾਤ ਬਜ਼ੁਰਗਾਂ ਤੋਂ ਮਿਲੀ ਹੈ।

ਭਾਈ ਬਲਬੀਰ ਸਿੰਘ ਕਾਲੇਕੇ ਨੇ ਦੱਸਿਆ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬੀੜ ਲਿਖਾ ਕੇ ਅੰਮ੍ਰਿਤਸਰ ਤੋਂ ਲਾਹੌਰ ਭੇਜੀ ਸੀ, ਉਸ ਦੀ ਜਿਲਦ ਭਾਈ ਬੰਨੋ ਨੇ ਲਾਹੌਰ ਵਿਖੇ ਬੰਨ੍ਹ ਕੇ ਵਾਪਸ ਅੰਮ੍ਰਿਤਸਰ ਭੇਜੀ ਸੀ। ਬਾਅਦ ਵਿਚ ਇਸੇ ਬੀੜ ਦਾ ਪ੍ਰਕਾਸ਼ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇਸ ਸੇਵਾ ਲਈ ਉਨ੍ਹਾਂ ਨਾਲ ਸੰਪਰਕ ਫੋਨ: 530-813-3072 ਰਾਹੀਂ ਕੀਤਾ ਜਾ ਸਕਦਾ ਹੈ।


Auto & Home Insurance

Coverage you Deserve
Rates you can Afford

*Save up to $425
*Discounts for young drivers.
*Discount for new home buyers.
*Discount for Nurses.



Manjit Gill
Broker/Agent
CA Ins Lic# OB23990

Home, Life, Auto, Business & Health.

ਅੱਜ ਹੀ ਸੰਪਰਕ ਕਰੋ
ਫੋਨ: 510-888-1180
www.gillfinancial.com

Gill Financial & Insurance Services
31080 Union City Blvd, #201, Union City, CA 94587



ਵਾਜਬ ਕੀਮਤ ‘ਤੇ ਘਰ ਖਰੀਦਣਾ ਚਾਹੁੰਦੇ ਹੋ! ਐਰੀਜ਼ੋਨਾ ਵਿਚ ਖਰੀਦੋ

ਬਹੁਤ ਵਧੀਆ ਇਲਾਕੇ ਵਿਚ
4-5 ਬੈਡਰੂਮ ਦੇ ਘਰ ਸਿਰਫ $300,000



Rupinder S Kaler

ਐਰੀਜ਼ੋਨਾ ਸਟੇਟ ਦਾ ਵਿਕਾਸ ਬਹੁਤ ਤੇਜੀ ਨਾਲ ਹੋ ਰਿਹਾ ਹੈ
ਫੇਰ ਸ਼ਾਇਦ ਇਸ ਭਾਅ ਘਰ ਨਾ ਮਿਲੇ

Buy very affordable homes in Arizona which is fast growing state.
Buy 4-5 bedroom homes under $300,000 in a Very Nice Area

Contact an experienced Realtor

(C): 623-229-1906 (O): 623-344-1000
rupinder.kaler@azmoves.com www.buysellmyazhome.com

Coldwell Banker Residential Brokerage
1616 N. Litchfield Rd., Ste 170, Goodyear, AZ 85395

REALTOR® COLDWELL BANKER RESIDENTIAL BROKERAGE EQUAL HOUSING OPPORTUNITY



PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS



Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights

RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results

Personal Injury matters are time sensitive!
For a free consultation, please call (510) 474-0028
E-mail: BainsWeiss@gmail.com

Serving the Bay Area and Beyond • Offices in San Francisco and Union City

# ਲੰਗਰ ਹੋਇਆ ਜੀ.ਐਸ.ਟੀ. ਮੁਕਤ

**ਚੰਡੀਗੜ੍ਹ:** ਭਾਰਤ ਸਰਕਾਰ ਨੇ ਉਨ੍ਹਾਂ ਸਾਰੀਆਂ ਧਾਰਮਿਕ ਸੰਸਥਾਵਾਂ ਨੂੰ ਵਿੱਤੀ ਸਹਾਇਤਾ ਦੇਣ ਦਾ ਫੈਸਲਾ ਕੀਤਾ ਹੈ, ਜੋ ਲੋੜਵੰਦਾਂ ਅਤੇ ਸ਼ਰਧਾਲੂਆਂ ਨੂੰ ਮੁਫਤ ਲੰਗਰ ਛਕਾਉਂਦੀਆਂ ਹਨ। ਕੇਂਦਰ ਸਰਕਾਰ ਦੇ ਸੱਭਿਆਚਾਰਕ ਮੰਤਰਾਲੇ ਨੇ 'ਸੇਵਾ ਭੋਜ ਯੋਜਨਾ' ਤਹਿਤ 2018-2019 ਦੇ ਵਿੱਤੀ ਵਰ੍ਹੇ ਤੋਂ ਮੁਫਤ ਲੰਗਰ ਚਲਾਉਣ ਵਾਲੀਆਂ ਧਾਰਮਿਕ ਸੰਸਥਾਵਾਂ ਨੂੰ ਜੀ.ਐਸ.ਟੀ. ਤੋਂ ਛੋਟ ਦੇ ਦਿੱਤੀ ਹੈ। ਇਸ ਯੋਜਨਾ ਤਹਿਤ ਧਾਰਮਿਕ ਸਥਾਨਾਂ, ਚੈਰੀਟੇਬਲ ਸੰਸਥਾਵਾਂ ਵੱਲੋਂ ਮੁਫਤ ਲੰਗਰ ਲਈ ਖਰੀਦੀ ਰਸਦ ਉਤੇ ਜੀ.ਐਸ.ਟੀ. ਤੇ ਆਈ.ਜੀ.ਐਸ.ਟੀ. ਅਦਾ ਕੀਤਾ ਜਾਵੇਗਾ ਅਤੇ ਬਾਅਦ ਵਿਚ ਕੇਂਦਰ ਸਰਕਾਰ ਦੁਆਰਾ ਇਹ ਸਬੰਧਤ ਸੰਸਥਾਵਾਂ ਨੂੰ ਵਾਪਸ ਕਰ ਦਿੱਤਾ ਜਾਵੇਗਾ। ਸਿੰਘ ਜੀਕੇ ਨੇ ਕੇਂਦਰ ਸਰਕਾਰ ਤੇ ਬਾਦਲ ਦਾ ਧੰਨਵਾਦ ਕੀਤਾ।

ਪਹਿਲਾਂ ਅਜਿਹੇ ਲੰਗਰਾਂ ਲਈ ਰਸਦ ਦੀ ਖਰੀਦ ਉਪਰ ਕੇਂਦਰੀ ਤੇ ਸੂਬਾਈ ਜੀ.ਐਸ.ਟੀ. ਬਰਾਬਰ ਅਨੁਪਾਤ ਵਿਚ ਵਸੂਲੇ ਜਾਂਦੇ ਸਨ। ਹੁਣ ਵੀ ਉਨ੍ਹਾਂ ਨੂੰ ਖਰੀਦ ਵੇਲੇ ਟੈਕਸ ਅਦਾਇਗੀ ਕਰਨੀ ਪਵੇਗੀ, ਪਰ ਟੈਕਸ ਦੀ ਰਕਮ ਇਕ ਨਿਰਧਾਰਤ ਸਮੇਂ ਦੇ ਅੰਦਰ ਉਨ੍ਹਾਂ ਨੂੰ ਵਾਪਸ ਕਰ ਦਿੱਤੀ ਜਾਵੇਗੀ।

ਮੰਤਰਾਲੇ ਅਨੁਸਾਰ, ਰਾਸ਼ਟਰਪਤੀ ਨੇ ਸੇਵਾ ਭੋਜ ਯੋਜਨਾ ਲਈ ਵਿਸ਼ੇਸ਼ ਵਿੱਤੀ ਸਹਾਇਤਾ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਹ ਮਨਜ਼ੂਰੀ ਦੋ ਸਾਲਾਂ ਲਈ ਹੈ। ਇਸ ਲਈ 350 ਕਰੋੜ ਰੁਪਏ ਸਾਲਾਨਾ ਦੀ ਰਕਮ ਰੱਖੀ ਗਈ ਹੈ। ਦਰਅਸਲ, ਇੰਨੀ ਕੁ



ਰਕਮ ਲਈ ਕੇਂਦਰ ਸਰਕਾਰ ਨੂੰ ਪਿਛਲੇ ਸਾਲ ਜੁਲਾਈ ਮਹੀਨੇ ਤੋਂ ਤਿੱਖੀ ਨੁਕਤਾਚੀਨੀ ਝੱਲਣੀ ਪੈ ਰਹੀ ਸੀ। ਜੀ.ਐਸ.ਟੀ. ਪ੍ਰਣਾਲੀ ਲਾਗੂ ਹੋਣ ਤੋਂ ਪਹਿਲਾਂ ਧਰਮ ਅਸਥਾਨਾਂ ਦੇ ਪ੍ਰਸ਼ਾਦ ਤੇ ਲੰਗਰ ਲਈ ਖਰੀਦੀ ਜਾਂਦੀ ਰਸਦ ਅਮੂਮਨ ਟੈਕਸਾਂ ਤੋਂ ਮੁਕਤ ਸੀ। ਪੰਜਾਬ ਸਮੇਤ ਬਹੁਤੇ ਰਾਜਾਂ ਨੇ ਧਰਮ ਅਸਥਾਨਾਂ ਵੱਲੋਂ ਰਸਦ ਦੀ ਖਰੀਦ ਨੂੰ ਵੈਟ ਤੇ ਹੋਰ ਟੈਕਸਾਂ ਤੋਂ ਛੋਟ ਦਿੱਤੀ ਹੋਈ ਸੀ।

ਇਹ ਰਸਦ ਜੀ.ਐਸ.ਟੀ. ਦੇ ਦਾਇਰੇ ਹੇਠ ਆਉਣ ਕਾਰਨ ਵਿਵਾਦ ਉਪਜਣਾ ਸੁਭਾਵਿਕ ਸੀ, ਖਾਸ ਕਰ ਕੇ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਜਾਂ ਤਿਰੁਪਤੀ ਦੇ ਤਿਰੁਮਾਲਾ ਤਿਰੁਪਤੀ ਦੇਵਸਥਾਨਮ ਵਰਗੇ ਮਾਮਲਿਆਂ ਵਿਚ ਜਿਥੇ ਰੋਜ਼ਾਨਾ ਲੱਖਾਂ ਰੁਪਏ ਦਾ ਪ੍ਰਸ਼ਾਦ ਤੇ ਲੰਗਰ ਤਿਆਰ ਹੁੰਦਾ ਸੀ। ਲੰਗਰਾਂ ਲਈ ਰਸਦ ਸਪਲਾਈ ਕਰਨ ਵਾਲੀਆਂ ਕਈ ਕੰਪਨੀਆਂ ਜਾਂ ਫਰਮਾਂ ਵੱਲੋਂ ਤਾਂ ਰਸਦ ਵੀ ਬਿਨਾਂ ਮੁਨਾਫੇ ਤੋਂ ਸਪਲਾਈ ਕੀਤੀ ਜਾਂਦੀ ਸੀ। ਅਜਿਹੀ ਸਥਿਤੀ ਦੇ ਮੱਦੇਨਜ਼ਰ ਲੰਗਰਾਂ ਜਾਂ ਹੋਰ ਖੈਰਾਇਤੀ ਸੇਵਾਵਾਂ ਨੂੰ ਜੀ.ਐਸ.ਟੀ. ਦੇ ਦਾਇਰੇ ਤੋਂ ਬਾਹਰ ਹੀ ਰੱਖਿਆ ਜਾਣਾ ਚਾਹੀਦਾ ਸੀ, ਪਰ ਜੀ.ਐਸ.ਟੀ. ਕੌਂਸਲ ਨੇ ਜੀ.ਐਸ.ਟੀ. ਢਾਂਚੇ ਉਤੇ ਵਿਚਾਰ-ਵਟਾਂਦਰੇ ਸਮੇਂ ਅਜਿਹੀ ਸੰਵੇਦਨਸ਼ੀਲਤਾ ਨਹੀਂ ਦਿਖਾਈ। ਦਰਬਾਰ ਸਾਹਿਬ, ਅੰਮ੍ਰਿਤਸਰ ਵਿਚ ਦੇਸ਼-ਵਿਦੇਸ਼ ਤੋਂ ਰੋਜ਼ਾਨਾ ਲੱਖਾਂ ਦੀ ਗਿਣਤੀ ਵਿਚ ਸ਼ਰਧਾਲੂ ਆਉਂਦੇ ਹਨ। ਉਥੇ ਲੰਗਰ ਅਤੁੱਟ ਚੱਲਦਾ ਰਹਿੰਦਾ ਹੈ।

ਹੁਣ ਤੱਕ ਇਹ ਵਾਪਸੀਯੋਗ ਰਕਮ 325 ਕਰੋੜ ਰੁਪਏ ਦੱਸੀ ਜਾ ਰਹੀ ਹੈ।

ਇਸ ਫੈਸਲੇ ਨਾਲ ਪੰਜੇ ਤਖਤਾਂ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਤੇ ਦਿੱਲੀ ਕਮੇਟੀ ਦੇ ਪ੍ਰਬੰਧ ਹੇਠਲੇ ਸਾਰੇ ਗੁਰਦੁਆਰਿਆਂ ਸਮੇਤ ਦੂਜੇ ਧਰਮਾਂ ਦੇ ਸਥਾਨਾਂ ਜਿਵੇਂ ਦੁਰਗਿਆਣਾ ਮੰਦਰ ਤੇ ਹੋਰਨਾਂ ਨੂੰ ਫਾਇਦਾ ਹੋਵੇਗਾ। ਇਹ ਛੋਟ ਪਿਛਲੇ 5 ਸਾਲਾਂ ਜਾਂ ਇਸ ਤੋਂ ਵੱਧ ਸਮੇਂ ਤੋਂ ਮਹੀਨਾਵਾਰ 5000 ਲੋਕਾਂ ਨੂੰ ਮੁਫਤ ਭੋਜਨ ਛਕਾ ਰਹੀਆਂ ਸੂਚੀਬੱਧ ਖੈਰਾਇਤੀ ਸੰਸਥਾਵਾਂ, ਸੁਸਾਇਟੀਆਂ ਉਤੇ ਲਾਗੂ ਹੋਵੇਗੀ। ਇਸ ਯੋਜਨਾ ਬਾਰੇ ਹਦਾਇਤਾਂ ਤੇ ਨਿਯਮ ਬਣਾਏ ਗਏ ਹਨ। ਸੁਖਬੀਰ ਸਿੰਘ ਬਾਦਲ ਨੇ ਪੰਜਾਬ ਸਰਕਾਰ ਤੇ ਦਿੱਲੀ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਵੀ ਕੇਂਦਰ ਸਰਕਾਰ ਵਾਂਗ ਹੀ ਆਪਣੇ ਹਿੱਸੇ ਦਾ ਸੂਬੇ ਦਾ ਜੀ.ਐਸ.ਟੀ. ਮੁਆਫ ਕਰ ਦੇਣ। ਉਨ੍ਹਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਭਾਜਪਾ ਪ੍ਰਧਾਨ ਅਮਿਤ ਸ਼ਾਹ ਤੇ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਦਾ ਧੰਨਵਾਦ ਕੀਤਾ ਕਿ ਕੇਂਦਰ ਦੇ ਇਸ ਫੈਸਲੇ ਨਾਲ ਦੇਸ਼ ਨੂੰ ਚੰਗਾ ਸੰਦੇਸ਼ ਜਾਵੇਗਾ। ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਤੇ ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ

### 'ਦੇਰ ਆਏ ਦਰੁਸਤ ਆਏ'

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਲੰਗਰ ਉਤੇ ਜੀ.ਐਸ.ਟੀ. ਬਾਰੇ ਫੈਸਲੇ ਦਾ ਸਵਾਗਤ ਕੀਤਾ ਹੈ ਤੇ ਇਸ ਨੂੰ 'ਦੇਰ ਆਏ ਦਰੁਸਤ ਆਏ' ਦੱਸਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਭਾਵੇਂ ਇਹ ਫੈਸਲਾ ਲੰਗਰ ਉਤੇ ਜੀ.ਐਸ.ਟੀ. ਖਤਮ ਕਰਨ ਦੇ ਬਰਾਬਰ ਨਹੀਂ ਹੈ, ਪਰ ਇਸ ਨਾਲ ਸ਼੍ਰੋਮਣੀ ਕਮੇਟੀ ਨੂੰ ਜੀ.ਐਸ.ਟੀ. ਦੇ ਬੋਝ ਤੋਂ ਰਾਹਤ ਮਿਲੇਗੀ।

### ਸ਼੍ਰੋਮਣੀ ਕਮੇਟੀ ਅਤੇ ਜਥੇਦਾਰ ਵੱਲੋਂ ਸਵਾਗਤ

**ਅੰਮ੍ਰਿਤਸਰ:** ਲੰਗਰਾਂ ਉਤੇ ਜੀ.ਐਸ.ਟੀ. ਹਟਾਉਣ ਦੇ ਫੈਸਲੇ ਦਾ ਸ਼੍ਰੋਮਣੀ ਕਮੇਟੀ ਨੇ ਸਵਾਗਤ ਕੀਤਾ ਹੈ ਪਰ ਇਸ ਦੇ ਨਾਲ ਹੀ ਪਿਛਲੇ ਵਰ੍ਹੇ ਦੌਰਾਨ ਜੁਲਾਈ ਮਹੀਨੇ ਤੋਂ ਲੈ ਕੇ ਹੁਣ ਤੱਕ ਜੀ.ਐਸ.ਟੀ. ਵਜੋਂ ਭੁਗਤਾਨ ਕੀਤੇ ਤਿੰਨ ਕਰੋੜ 20 ਲੱਖ ਰੁਪਏ ਵਾਪਸ ਦੇਣ ਦੀ ਵੀ ਮੰਗ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਸ ਸਬੰਧੀ ਲਗਾਤਾਰ ਯਤਨ ਕੀਤੇ ਜਾ ਰਹੇ ਸਨ, ਜਿਸ ਦਾ ਨਤੀਜਾ ਹੈ ਕਿ ਕੇਂਦਰ ਸਰਕਾਰ ਵੱਲੋਂ ਲੰਗਰ ਤੋਂ ਜੀ.ਐਸ.ਟੀ. ਖਤਮ ਕਰ ਦਿੱਤਾ।

# ਜੀ.ਐਸ.ਟੀ. ਮੁਆਫੀ ਨੂੰ ਸਿਆਸੀ ਰੰਗ ਚੜ੍ਹਾਉਣ ਲਈ ਭੱਜ-ਨੱਠ

**ਚੰਡੀਗੜ੍ਹ:** ਲੰਗਰ ਤੋਂ ਜੀ.ਐਸ.ਟੀ. ਦੀ ਮੁਆਫੀ ਨੇ ਸਿਆਸਤ ਵੀ ਭਖਾ ਦਿੱਤੀ ਹੈ। ਐਨ.ਡੀ.ਏ. ਵਿਚ ਭਾਜਪਾ ਦੇ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਨੇ ਕੇਂਦਰੀ ਜੀ.ਐਸ.ਟੀ. ਮੁਆਫ ਕਰਵਾਉਣ ਨੂੰ ਸਿਆਸੀ ਤੌਰ ਉਤੇ ਰਿੜਕਣਾ ਸ਼ੁਰੂ ਕਰ ਦਿੱਤਾ ਹੈ। ਕਾਂਗਰਸੀ ਆਗੂ ਇਸ ਫੈਸਲੇ ਮੁਆਫ ਨਾ ਕਰਨ ਦੇ ਮੁੱਦੇ ਉਤੇ ਸ਼ਰਮਸਾਰ ਕੀਤਾ ਸੀ ਅਤੇ ਸੂਬਾ ਸਰਕਾਰ ਦੇ ਹਿੱਸੇ ਦਾ ਜੀ.ਐਸ.ਟੀ. ਮੁਆਫ ਕਰਨ ਦਾ ਐਲਾਨ ਕਰ ਕੇ ਵਾਹ ਵਾਹ ਖੱਟ ਲਈ ਸੀ।

ਹੁਣ ਭਾਰਤ ਸਰਕਾਰ ਵੱਲੋਂ ਤਾਜ਼ਾ ਆਏ ਹੁਕਮਾਂ ਅਨੁਸਾਰ ਇਕ ਵਾਰ ਫਿਰ ਅਕਾਲੀਆਂ



ਦਾ ਸਿਹਰਾ ਕੈਪਟਨ ਅਮਰਿੰਦਰ ਸਿੰਘ ਸਿਰ ਬੰਨ੍ਹ ਰਹੇ ਹਨ। ਉਨ੍ਹਾਂ ਦਾ ਦਾਅਵਾ ਹੈ ਕਿ ਪੰਜਾਬ ਮੰਤਰੀ ਮੰਡਲ ਨੇ ਲੰਗਰ ਲਈ ਰਸਦ ਦੀ ਖਰੀਦ ਉਪਰ ਸੂਬਾਈ ਜੀ.ਐਸ.ਟੀ. ਨਾ ਵਸੂਲਣ ਦਾ ਫੈਸਲਾ ਲੈ ਕੇ ਕੇਂਦਰ ਉਪਰ ਦਬਾਅ ਬਣਾਇਆ।

ਦੱਸ ਦਈਏ ਕਿ ਪੰਜਾਬ ਵਿਚ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਵਿਚਕਾਰ ਜੀ.ਐਸ.ਟੀ. ਨੂੰ ਲੰਗਰ ਤੋਂ ਹਟਾਉਣ ਅਤੇ ਇਸ ਦਾ ਰਾਜਸੀ ਲਾਹਾ ਲੈਣ ਲਈ ਜੱਦੋ-ਜਹਿਦ ਚੱਲ ਰਹੀ ਸੀ। ਪਿਛਲੇ ਦਿਨੀਂ ਪੰਜਾਬ ਵਿਧਾਨ ਸਭਾ ਦੇ ਖਤਮ ਹੋਏ ਸੈਸ਼ਨ ਵਿਚ ਕਾਂਗਰਸ ਨੇ ਅਕਾਲੀ ਦਲ ਨੂੰ ਕੇਂਦਰ ਸਰਕਾਰ ਵੱਲੋਂ ਜੀ.ਐਸ.ਟੀ. ਦੀ ਲੱਤ ਉਤੇ ਹੋ ਗਈ ਜਾਪਦੀ ਹੈ ਕਿਉਂਕਿ ਕੇਂਦਰ ਦੇ ਹਿੱਸੇ ਦਾ ਟੈਕਸ ਮੁਆਫ ਹੋ ਗਿਆ ਹੈ ਤੇ ਅਜੇ ਪੰਜਾਬ ਸਰਕਾਰ ਨੇ ਆਪਣੇ ਹਿੱਸੇ ਦੇ ਜੀ.ਐਸ.ਟੀ. ਨੂੰ ਮੁਆਫ ਕਰਨ ਬਾਰੇ ਐਲਾਨ ਕਰਨਾ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵਿੱਤ ਵਿਭਾਗ ਦੇ ਨਾਲ ਵਿਚਾਰ ਵਿਟਾਂਦਰੇ ਤੋਂ ਬਾਅਦ ਕਰਾਂ ਬਾਰੇ ਵਿਭਾਗ ਵੱਲੋਂ ਭੇਜੀ ਤਜਵੀਜ਼ ਨੂੰ ਪਾਸ ਕਰ ਦਿੱਤਾ ਹੈ ਪਰ ਮਾਲ ਵਿਭਾਗ ਜੋ ਕਿ ਧਾਰਮਿਕ ਸੰਸਥਾਵਾਂ ਨੂੰ 'ਗਰਾਂਟਸ ਇਨ ਏਡ' ਨਾਲ ਸਬੰਧਤ ਹੈ, ਨੇ ਅਜੇ ਰਸਮੀ ਹੁਕਮ ਪਾਸ ਕਰਨੇ ਹਨ।

# ਸਿੱਖ ਮਸਲਿਆਂ ਬਾਰੇ ਬਾਦਲਾਂ ਨੇ ਫੜੀ ਸਰਗਰਮੀ

**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਸਿੱਖ ਮਸਲਿਆਂ ਬਾਰੇ ਸਰਗਰਮੀ ਫੜ ਲਈ ਹੈ। ਲੰਗਰ ਨੂੰ ਜੀ.ਐਸ.ਟੀ. ਤੋਂ ਮੁਕਤ ਕਰਵਾਉਣ ਦਾ ਸਿਹਰਾ ਆਪਣੇ ਸਿਰ ਬੰਨ੍ਹਣ ਤੋਂ ਬਾਅਦ ਹੋਰ ਸਿੱਖ ਮਸਲਿਆਂ ਬਾਰੇ ਅਕਾਲੀ ਆਗੂਆਂ ਵੱਲੋਂ ਕੇਂਦਰ ਤੱਕ ਪਹੁੰਚ ਕੀਤੀ ਜਾ ਰਹੀ ਹੈ।

ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ ਇਕ ਵਫਦ ਨੇ 1947 ਦੀ ਦੇਸ਼ ਵੰਡ ਦੌਰਾਨ ਮਕਬੂਜ਼ਾ ਕਸ਼ਮੀਰ ਵਿਚੋਂ ਉਜਾੜੇ ਸਿੱਖਾਂ ਦੇ ਸਮਾਜਿਕ, ਆਰਥਿਕ ਅਤੇ ਸਿਆਸੀ ਪਛੜੇਪਣ ਨੂੰ ਦੂਰ ਕਰਨ, ਮੇਘਾਲਿਆ ਦੇ ਸ਼ਿਲਾਂਗ ਵਿਚ ਬੀਤੇ ਦਿਨੀਂ ਸਿੱਖ ਪਰਿਵਾਰਾਂ ਦੀ ਕਾਲੋਨੀ ਉਤੇ ਹੋਏ ਹਮਲੇ ਸਣੇ ਸਿੱਕਮ ਦੇ ਗੁਰਦੁਆਰਾ ਡਾਂਗਮਾਰ ਸਾਹਿਬ ਬਾਰੇ ਗ੍ਰਹਿ ਮੰਤਰੀ ਨੂੰ ਤੱਥਾਂ ਤੋਂ ਜਾਣੂ ਕਰਾਇਆ। ਸੁਖਬੀਰ



ਨੇ ਗ੍ਰਹਿ ਮੰਤਰੀ ਨੂੰ ਪਾਕਿਸਤਾਨ ਤੋਂ ਆਏ ਕਸ਼ਮੀਰ ਵਿਚ ਵਸਦੇ ਸਿੱਖਾਂ ਨੂੰ ਸਰਕਾਰਾਂ ਵੱਲੋਂ ਨਜ਼ਰ ਅੰਦਾਜ਼ ਕਰਨ ਦੀ ਜਾਣਕਾਰੀ ਦਿੱਤੀ ਤੇ ਗ੍ਰਹਿ ਮੰਤਰਾਲੇ ਦੀ ਸੰਯੁਕਤ ਸੰਸਦੀ ਕਮੇਟੀ ਵੱਲੋਂ ਕੀਤੀਆਂ ਗਈਆਂ ਸਿਫਾਰਸ਼ਾਂ ਨੂੰ ਤੁਰਤ ਲਾਗੂ ਕਰਨ ਦੀ ਮੰਗ ਕੀਤੀ। ਉਨ੍ਹਾਂ ਗ੍ਰਹਿ ਮੰਤਰੀ ਨੂੰ ਇਕ ਮੰਗ ਪੱਤਰ ਵੀ ਸੌਂਪਿਆ। ਇਸ ਵਿਚ ਸਿੱਖਾਂ ਨੂੰ ਘੱਟ ਗਿਣਤੀ ਕੌਮ ਦਾ ਦਰਜਾ ਦੇਣ, ਸੂਬੇ ਵਿਚ ਆਨੰਦ ਮੈਰਿਜ ਐਕਟ ਲਾਗੂ ਕਰਨ, ਸ਼ਰਨਾਰਥੀ ਸਿੱਖਾਂ ਨੂੰ ਸਨਮਾਨਜਨਕ ਰਾਹਤ ਪੈਕੇਜ ਦੇਣ, ਸ਼ਰਨਾਰਥੀ ਸਿੱਖਾਂ ਨੂੰ ਕਸ਼ਮੀਰੀ ਪੰਡਿਤਾਂ ਦੇ ਬਰਾਬਰ ਸਹੂਲਤਾਂ ਦੇਣ ਤੇ ਸ਼ਰਨਾਰਥੀ ਸਿੱਖਾਂ ਨੂੰ ਵਿਧਾਨਕਾਰ ਨਿਯੁਕਤ ਕਰਨ ਲਈ ਪਾਕਿਸਤਾਨ ਦੇ ਹਿੱਸੇ ਵਾਲੇ ਕਸ਼ਮੀਰ ਦੀਆਂ ਬੰਦ ਪਈਆਂ ਅੱਠ ਸੀਟਾਂ ਨੂੰ ਖੋਲ੍ਹਣ ਦੀ ਗ੍ਰਹਿ ਮੰਤਰੀ ਨੂੰ ਤਜਵੀਜ਼ ਦਿੱਤੀ ਹੈ।

ਸ੍ਰੀ ਬਾਦਲ ਨੇ ਦੱਸਿਆ ਕਿ ਸ਼ਿਲਾਂਗ ਵਿਚ ਹਿੰਸਾ ਪ੍ਰਭਾਵਿਤ ਇਲਾਕੇ ਦਾ ਦੌਰਾ ਕਰਕੇ ਮੇਘਾਲਿਆ ਦੇ ਮੁੱਖ ਮੰਤਰੀ ਕੋਨਰਾਡ ਸੰਗਮਾ ਅਤੇ ਗੁਰਦੁਆਰਾ ਡਾਂਗਮਾਰ ਸਾਹਿਬ ਦੇ ਮਾਮਲੇ ਦੇ ਹੱਲ ਲਈ ਸਿੱਕਮ ਦੇ ਮੁੱਖ ਮੰਤਰੀ ਪਵਨ ਚਾਮਲਿੰਗ ਨਾਲ ਮੁਲਾਕਾਤ ਕਰਨ ਲਈ ਜੀ.ਕੇ. ਦੀ ਅਗਵਾਈ ਵਿਚ ਇਕ ਵਫਦ ਜਾ ਰਿਹਾ ਹੈ। ਗ੍ਰਹਿ ਮੰਤਰੀ ਨਾਲ ਵੀ ਇਨ੍ਹਾਂ ਮਸਲਿਆਂ ਨੂੰ ਲੈ ਕੇ ਗੱਲਬਾਤ ਹੋਈ ਹੈ। ਜ਼ਿਕਰਯੋਗ ਹੈ ਕਿ ਮੋਦੀ ਸਰਕਾਰ ਨੇ ਸ਼ਰਨਾਰਥੀ ਪਰਿਵਾਰਾਂ ਨੂੰ 2 ਹਜ਼ਾਰ ਕਰੋੜ ਦਾ ਰਾਹਤ ਪੈਕੇਜ ਦੇਣ ਦਾ ਫੈਸਲਾ ਲਿਆ ਗਿਆ ਹੈ। ਪ੍ਰਤੀ ਪਰਿਵਾਰ 5.5 ਲੱਖ ਰੁਪਏ ਦਿੱਤੇ ਜਾਣ ਦੀਆਂ ਖਬਰਾਂ ਆ ਰਹੀਆਂ ਹਨ, ਪਰ ਸ਼ਰਨਾਰਥੀ ਸਿੱਖ ਸੰਯੁਕਤ ਸੰਸਦੀ ਕਮੇਟੀ ਦੀਆਂ ਸਿਫਾਰਸ਼ਾਂ ਤਹਿਤ 30 ਲੱਖ ਰੁਪਏ ਪ੍ਰਤੀ ਪਰਿਵਾਰ ਰਾਹਤ ਰਾਸ਼ੀ ਦੇਣ ਦੀ ਮੰਗ ਕਰ ਰਹੇ ਹਨ।

# ਦੁਰਲਭ ਸਿੱਖ ਦਸਤਾਵੇਜ਼ਾਂ ਦੀ ਹੋਵੇਗੀ ਡਿਜੀਟਲ ਸਾਂਭ ਸੰਭਾਲ

**ਸ੍ਰੀ ਆਨੰਦਪੁਰ ਸਾਹਿਬ:** ਸਿੱਖ ਇਤਿਹਾਸ ਦੇ ਪੁਰਾਤਨ ਗ੍ਰੰਥਾਂ ਤੇ ਖਰੜਿਆਂ ਦੀ ਸਦੀਵੀ ਸਾਂਭ-ਸੰਭਾਲ ਲਈ ਇਕ ਇਤਿਹਾਸਕ ਫੈਸਲਾ ਲੈਂਦਿਆਂ ਸ਼੍ਰੋਮਣੀ ਕਮੇਟੀ ਨੇ ਸਿੱਖ ਇਤਿਹਾਸਕਾਰਾਂ, ਵਿਦਵਾਨਾਂ ਤੇ ਆਮ ਸਿੱਖਾਂ ਕੋਲ ਪਏ ਦੁਰਲੱਭ ਪੁਰਾਤਨ ਇਤਿਹਾਸਕ ਦਸਤਾਵੇਜ਼ਾਂ ਦਾ ਡਿਜ਼ੀਟਲਾਈਜੇਸ਼ਨ ਕਰ ਕੇ ਉਨ੍ਹਾਂ ਦੀ ਸੰਭਾਲ ਸਿੱਖ ਰੈਫਰੈਂਸ ਲਾਇਬ੍ਰੇਰੀ ਸ੍ਰੀ ਅੰਮ੍ਰਿਤਸਰ ਵਿਖੇ ਕਰਨ ਦਾ ਐਲਾਨ ਕੀਤਾ ਹੈ।

ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਤੋਂ ਬਾਅਦ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਸਿੱਖ ਇਤਿਹਾਸ ਤੇ ਸਾਹਿਤ ਨੂੰ ਡਿਜ਼ੀਟਲ ਰੂਪ ਵਿਚ ਸਾਂਭਣ ਦੇ ਇਸ ਪ੍ਰੋਜੈਕਟ ਤਹਿਤ ਉਘੇ ਇਤਿਹਾਸਕਾਰ ਤੇ ਸਿੱਖ ਵਿਦਵਾਨ ਹਰਵਿੰਦਰ ਸਿੰਘ ਖਾਲਸਾ ਦੀ ਨਿੱਜੀ ਲਾਇਬ੍ਰੇਰੀ ਵਿਚ ਮੌਜੂਦ ਦੁਰਲੱਭ ਤੇ ਬੇਸ਼ਕੀਮਤੀ ਇਤਿਹਾਸਕ ਦਸਤਾਵੇਜ਼ਾਂ ਨੂੰ ਕੰਪਿਊਟਰਾਈਜ਼ਡ ਕਰ ਕੇ ਸੰਭਾਲਿਆ ਜਾਵੇਗਾ, ਜਿਸ ਨਾਲ ਇਤਿਹਾਸ ਦੇ ਖੋਜਾਰਥੀਆਂ ਨੂੰ ਸਹੂਲੀਅਤ ਮਿਲੇਗੀ। ਲੌਂਗੋਵਾਲ ਨੇ ਸਿੱਖ ਜਗਤ ਨੂੰ ਇਹ ਅਪੀਲ ਵੀ ਕੀਤੀ ਕਿ ਜਿਨ੍ਹਾਂ ਕੋਲ ਸਿੱਖ ਇਤਿਹਾਸ ਨਾਲ ਸਬੰਧਤ ਪੁਰਾਤਨ ਦੁਰਲੱਭ ਖਰੜੇ ਤੇ ਦਸਤਾਵੇਜ਼ ਹੋਣ,



ਉਹ ਵੀ ਸ਼੍ਰੋਮਣੀ ਕਮੇਟੀ ਨਾਲ ਸੰਪਰਕ ਕਰਨ ਤਾਂ ਜੋ ਉਨ੍ਹਾਂ ਕੋਲ ਪਏ ਦੁਰਲੱਭ ਖਜ਼ਾਨੇ ਨੂੰ ਵੀ ਡਿਜ਼ੀਟਲ ਰੂਪ ਵਿਚ ਸੰਭਾਲਿਆ ਜਾ ਸਕੇ।

ਉਨ੍ਹਾਂ ਦੱਸਿਆ ਕਿ ਸੀ.ਬੀ.ਐਸ.ਈ. ਵੱਲੋਂ ਲਈ ਗਈ ਦਸਵੀਂ ਦੀ ਪ੍ਰੀਖਿਆ ਵਿਚੋਂ ਦੇਸ਼ ਭਰ ਵਿਚੋਂ ਤੀਜਾ ਅਤੇ ਪੰਜਾਬ ਵਿਚੋਂ ਪਹਿਲਾ ਸਥਾਨ ਹਾਸਲ ਕਰਨ ਵਾਲੀ ਗੁਰਸਿੱਖ ਲੜਕੀ ਤਰਨਪ੍ਰੀਤ ਕੌਰ ਦੀ ਹੌਸਲਾ ਅਫਜਾਈ ਲਈ ਉਸ ਨੂੰ ਸ਼੍ਰੋਮਣੀ ਕਮੇਟੀ ਵੱਲੋਂ 51 ਹਜ਼ਾਰ ਰੁਪਏ ਤੇ ਲੈਪਟਾਪ ਦੇ ਕੇ ਸਨਮਾਨ ਕਰਨ ਦਾ ਫੈਸਲਾ ਕੀਤਾ ਗਿਆ ਹੈ।

ਇਸੇ ਤਰ੍ਹਾਂ 2016 ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਜਾ ਰਹੇ ਬਟਾਲਾ ਨੇੜਲੇ ਪਿੰਡ ਨੱਤ, ਅੰਮੋਨੰਗਲ ਅਤੇ ਸੇਖਵਾਂ ਦੇ ਸੜਕ ਹਾਦਸੇ ਦੌਰਾਨ ਅਕਾਲ ਚਲਾਣਾ ਕਰ ਗਏ 11 ਸ਼ਰਧਾਲੂਆਂ ਦੇ ਪਰਿਵਾਰਾਂ ਨੂੰ 50-50 ਹਜ਼ਾਰ ਰੁਪਏ ਜ਼ਖਮੀਆਂ ਨੂੰ 20-20 ਹਜ਼ਾਰ ਰੁਪਏ ਦੀ ਸਹਾਇਤਾ ਦਿੱਤੀ ਜਾਵੇਗੀ। ਮੀਟਿੰਗ ਵਿਚ ਪਾਸ ਕੀਤੇ ਹੋਰ ਮਤਿਆਂ ਵਿਚ ਸ਼੍ਰੋਮਣੀ ਕਮੇਟੀ ਦੇ ਸਕੂਲਾਂ, ਕਾਲਜਾਂ ਦੀਆਂ ਜ਼ਮੀਨਾਂ ਬਾਰੇ ਇਕ ਸਬ ਕਮੇਟੀ ਬਣਾਈ ਗਈ ਅਤੇ ਦੇਸ਼ ਦੀ ਆਜ਼ਾਦੀ ਵਿਚ ਗੌਰਵਮਈ ਹਿੱਸਾ ਪਾਉਣ ਵਾਲੇ ਝਬਾਲ ਵਾਸੀ ਅਮਰ ਸਿੰਘ, ਸਨਮੁਖ ਸਿੰਘ ਅਤੇ ਜਸਵੰਤ ਸਿੰਘ ਦੇ ਨਾਂ ਤੇ ਗੁਰਦੁਆਰਾ ਬੀੜ ਬਾਬਾ ਬੁੱਢਾ ਜੀ ਝਬਾਲ ਵਿਖੇ ਕਬੱਡੀ ਅਕੈਡਮੀ ਸਥਾਪਤ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ। ਗੁਰਦੁਆਰਾ ਦੂਖ ਨਿਵਾਰਨ, ਪਟਿਆਲਾ ਦੇ ਸਰੋਵਰ ਦੀ ਕਾਰ ਸੇਵਾ ਕਰਵਾਉਣ ਨੂੰ ਵੀ ਪ੍ਰਵਾਨਗੀ ਦਿੱਤੀ ਗਈ।

### ਸਿੱਖ ਪ੍ਰਚਾਰਕਾਂ ਨੂੰ ਜ਼ਾਬਤੇ 'ਚ ਰਹਿਣ ਦੀ ਨਸੀਹਤ

**ਸ੍ਰੀ ਆਨੰਦਪੁਰ ਸਾਹਿਬ:** ਸਿੱਖਾਂ ਜਥੇਬੰਦੀਆਂ ਜਾਂ ਪ੍ਰਚਾਰਕਾਂ ਵਿਚਾਲੇ ਪੈਦਾ ਹੋਏ ਟਕਰਾਅ ਅਤੇ ਭਰਾ ਮਾਰੂ ਜੰਗ ਨੂੰ ਰੋਕਣ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਉਹ ਸੰਸਥਾਵਾਂ ਦੇ ਆਗੂਆਂ ਨੂੰ ਅਪੀਲ ਕਰਦੇ ਹਨ ਕਿ ਸਾਰੇ ਮਿਲ ਬੈਠ ਕੇ ਆਪਸੀ ਮਤਭੇਦਾਂ ਨੂੰ ਦੂਰ ਕਰਨ।

ਲੌਂਗੋਵਾਲ ਨੇ ਕਿਹਾ ਕਿ ਅੱਜ ਦੇਸ਼ ਦਾ ਕਿਸਾਨ ਆਰਥਿਕ ਮੰਦਹਾਲੀ ਨਾਲ ਜੂਝ ਰਿਹਾ ਹੈ। ਉਹ ਸਰਕਾਰਾਂ ਨੂੰ ਅਪੀਲ ਕਰਦੇ ਹਨ ਕਿ ਉਨ੍ਹਾਂ ਦੀ ਸਾਰ ਲਈ ਜਾਵੇ। ਉਨ੍ਹਾਂ ਪੰਜਾਬ ਦੇ ਗੰਧਲੇ ਹੋ ਰਹੇ ਪਾਣੀਆਂ ਉਤੇ ਵੀ ਚਿੰਤਾ ਪ੍ਰਗਟਾਈ।

### ਪੰਜਾਬ ਸਣੇ ਛੇ ਸੂਬਿਆਂ ਵਿਚ ਈ-ਵੇਅ ਬਿੱਲ ਲਾਜ਼ਮੀ

**ਨਵੀਂ ਦਿੱਲੀ:** ਪੰਜਾਬ ਅਤੇ ਉੜੀਸਾ ਸਮੇਤ ਛੇ ਸੂਬਿਆਂ ਵਿਚ ਪਹਿਲੀ ਜੂਨ ਤੋਂ ਈ-ਵੇਅ ਬਿੱਲ ਲਾਜ਼ਮੀ ਹੋ ਗਿਆ ਹੈ। ਹੁਣ ਇਕ ਸੂਬੇ ਤੋਂ ਦੂਜੇ ਸੂਬੇ ਵਿਚ 50,000 ਤੋਂ ਉਪਰ ਦੀਆਂ ਵਸਤੂਆਂ ਲਿਜਾਣ ਉਤੇ ਇਹ ਬਿੱਲ ਜ਼ਰੂਰੀ ਹੋਵੇਗਾ। ਇਹ ਬਿੱਲ ਲਾਗੂ ਕਰਨ ਵਾਲੇ ਸੂਬਿਆਂ ਵਿਚ ਮਿਜ਼ੋਰਮ, ਉੜੀਸਾ, ਪੰਜਾਬ, ਛੱਤੀਸਗੜ੍ਹ, ਗੋਆ ਅਤੇ ਜੰਮੂ ਕਸ਼ਮੀਰ ਸ਼ਾਮਲ ਹਨ।

# ਬਿਆਸ ‘ਚ ਜ਼ਹਿਰੀਲਾ ਪਦਾਰਥ ਸੁੱਟਣ ਕਾਰਨ ਹੋਇਆ ਵੱਡਾ ਨੁਕਸਾਨ

## ਸਰਵੇਖਣ

**ਹਰੀਕੇ ਪੱਤਣ:** ਬੀਤੀ 16 ਮਈ ਨੂੰ ਕੀੜੀ ਅਫਗਾਨਾ ਸਥਿਤ ਖੰਡ ਮਿੱਲ ਵੱਲੋਂ ਬਿਆਸ ਦਰਿਆ ‘ਚ ਸੁੱਟੇ ਸੀਰੇ ਕਾਰਨ ਦਰਿਆ ਦਾ ਪਾਣੀ ਜ਼ਹਿਰੀਲਾ ਹੋ ਗਿਆ ਸੀ ਤੇ ਲੱਖਾਂ ਜੀਵ-ਜੰਤੂ ਤੇ ਮੱਛੀਆਂ ਇਸ ਜ਼ਹਿਰੀਲੇ ਪਾਣੀ ਦੀ ਭੇਟ ਚੜ੍ਹ ਗਈਆਂ ਸਨ। ਬਿਆਸ ਦਰਿਆ ‘ਚ ਜੀਵ ਜੰਤੂਆਂ ਦੇ ਹੋਏ ਭਾਰੀ ਨੁਕਸਾਨ ਤੇ ਬਿਆਸ ਦਰਿਆ ਦੀ ਸ਼ਾਨ ਇੰਡਸ ਰਿਵਰ ਡਾਲਫਿਨ ਦੀ ਭਾਲ ਲਈ ਜੰਗਲੀ ਜੀਵ ਵਣ ਵਿਭਾਗ ਹਰੀਕੇ ਤੇ ਡਬਲਿਊ. ਡਬਲਿਊ.ਐਫ. ਦੀ ਟੀਮ ਵੱਲੋਂ ਸਰਵੇਖਣ ਕੀਤਾ ਜਾ ਰਿਹਾ ਸੀ ਅਤੇ ਇਕ ਹਫਤਾ ਚੱਲਿਆ ਇਹ ਸਰਵੇਖਣ ਮੁਕੰਮਲ ਹੋ ਗਿਆ ਹੈ, ਜਿਸ ਦੌਰਾਨ ਸਰਵੇਖਣ ‘ਚ ਟੀਮ ਨੂੰ ਸਿਰਫ 4 ਡਾਲਫਿਨ ਹੀ ਦਿਖਾਈ ਦਿੱਤੀਆਂ ਅਤੇ ਮੱਛੀਆਂ ਤੇ ਹੋਰ ਜੀਵ ਜੰਤੂਆਂ ਦਾ ਭਾਰੀ ਨੁਕਸਾਨ ਪਾਇਆ ਗਿਆ। ਇੰਨੀ ਵੱਡੀ ਸੰਖਿਆ ‘ਚ ਜੀਵ ਜੰਤੂਆਂ ਦਾ ਜ਼ਹਿਰੀਲੇ ਪਾਣੀ ਕਾਰਨ ਮਰਨਾ ਪਹਿਲੀ ਵਾਰ ਹੋਇਆ ਹੈ ਅਤੇ ਵਿਭਾਗ ਮੁਤਾਬਕ ਇਸ ਨੁਕਸਾਨ ਦੀ ਪੂਰਤੀ ਨੂੰ 4 ਸਾਲ ਲੱਗ ਜਾਣਗੇ।

ਇਥੇ ਇਹ ਗੱਲ ਜ਼ਿਕਰਯੋਗ ਹੈ ਕਿ 16 ਮਈ ਤੋਂ ਬਾਅਦ ਬਿਆਸ ਦਰਿਆ ਦੇ ਪਾਣੀ ‘ਚ ਸੀਰੇ ਦਾ ਅਸਰ ਵੀ ਦਿਖਾਈ ਦੇ ਰਿਹਾ ਹੈ, ਜਿਸ ਦੀ ਪੁਸ਼ਟੀ ਜੰਗਲੀ ਜੀਵ ਤੇ ਵਣ ਵਿਭਾਗ ਦੇ ਡੀ.ਐਫ.ਓ. ਚਰਨਜੀਤ ਸਿੰਘ ਨੇ ਕੀਤੀ। ਸਰਵੇਖਣ ਸਬੰਧੀ ਜਾਣਕਾਰੀ ਦਿੰਦਿਆਂ ਡਬਲਿਊ. ਡਬਲਿਊ. ਐਫ. ਦੀ ਸੀਨੀਅਰ ਪ੍ਰੋਜੈਕਟ ਅਫਸਰ ਮੈਡਮ ਗੀਤਾਂਜਲੀ ਕੰਵਰ ਨੇ ਦੱਸਿਆ ਕਿ ਇਕ ਹਫਤਾ ਚੱਲਿਆ ਇਹ ਸਰਵੇਖਣ ਮੁਕੰਮਲ ਹੋ ਚੁੱਕਾ ਹੈ। ਇਸ ਦੌਰਾਨ ਮੱਛੀਆਂ ਅਤੇ ਜੀਵ ਜੰਤੂਆਂ ਦਾ ਵੱਡਾ ਨੁਕਸਾਨ ਦੇਖਿਆ ਗਿਆ, ਜਿਸ ਦੀ ਪੂਰਤੀ ਲਈ ਲੰਮਾ ਸਮਾਂ ਲੱਗੇਗਾ। ਉਨ੍ਹਾਂ ਦੱਸਿਆ ਕਿ ਬਿਆਸ ਦਰਿਆ ‘ਚ ਪਹਿਲਾਂ 5 ਤੋਂ 11 ਦੀ ਗਿਣਤੀ ‘ਚ ਡਾਲਫਿਨ ਵੱਖ-ਵੱਖ ਖੇਤਰਾਂ ‘ਚ ਦਿਖਾਈ ਦਿੰਦੀਆਂ ਸਨ, ਪ੍ਰੰਤੂ ਇਸ ਸਰਵੇਖਣ ਦੌਰਾਨ ਕਰਮੂਵਾਲਾ ਨਜ਼ਦੀਕ 4 ਡਾਲਫਿਨ ਹੀ ਦੇਖੀਆਂ ਗਈਆਂ।

ਇਸ ਸਬੰਧੀ ਡੀ.ਐਫ.ਓ. ਚਰਨਜੀਤ ਸਿੰਘ ਨੇ ਦੱਸਿਆ ਕਿ ਸਰਵੇਖਣ ਦਾ ਕੰਮ ਖਤਮ ਹੋ ਚੁੱਕਾ ਹੈ। ਬੇਸ਼ੱਕ ਬਿਆਸ ਦਰਿਆ ਦਾ ਪਾਣੀ ਸਾਫ ਦਿਖਾਈ ਦੇ ਰਿਹਾ ਹੈ, ਪਰ ਸੀਰੇ ਤੇ ਪ੍ਰਦੂਸ਼ਿਤ ਹੋਏ ਪਾਣੀ ਦਾ ਅਸਰ ਅੱਜ ਵੀ ਹੈ ਅਤੇ ਪਾਣੀ ਦਾ ਰੰਗ ਅਜੇ ਵੀ ਸੀਰੇ ਦਾ ਅਸਰ ਦਿਖਾ ਰਿਹਾ ਹੈ। ਇਸ ਜ਼ਹਿਰੀਲੇ ਪਾਣੀ ਨੇ ਬਿਆਸ ਦਰਿਆ ਨੂੰ ਵੱਡੀ ਮਾਰ ਮਾਰੀ ਹੈ ਅਤੇ ਜੀਵ ਜੰਤੂਆਂ ਤੇ ਮੱਛੀਆਂ ਦੇ ਹੋਏ ਨੁਕਸਾਨ ਦੀ ਪੂਰਤੀ ਨੂੰ ਤਿੰਨ ਚਾਰ ਸਾਲ ਦਾ ਸਮਾਂ ਲੱਗ ਜਾਵੇਗਾ।

ਜ਼ਿਕਰਯੋਗ ਹੈ ਕਿ ਬਿਆਸ ਦਰਿਆ ‘ਚ ਸਰਵੇਖਣ ਦੌਰਾਨ ਚਾਰ ਡਾਲਫਿਨ ਦਾ ਹੀ ਦਿਖਾਈ ਦੇਣਾ ਚਿੰਤਾ ਵਾਲੀ ਗੱਲ ਹੈ ਤੇ ਹੁਣ ਵਿਭਾਗ ਵੱਲੋਂ ਦੁਬਾਰਾ ਇਕ ਮਹੀਨੇ ਬਾਅਦ ਸਰਵੇਖਣ ਕਰਵਾਇਆ ਜਾਵੇਗਾ।

## ਹਿਮਾਚਲ ਦੀਆਂ ਫੈਕਟਰੀਆਂ ਵੀ ਪਲੀਤ ਕਰ ਰਹੀਆਂ ਨੇ ਸਤਲੁਜ ਦਾ ਪਾਣੀ

**ਚੰਡੀਗੜ੍ਹ:** ਹਿਮਾਚਲ ਪ੍ਰਦੇਸ਼ ਦੇ ਉਦਯੋਗਿਕ ਹੱਬ ਬੀ. ਬੀ. ਐਨ. ’ਚ ਸੈਂਕੜਿਆਂ ਦੀ ਗਿਣਤੀ ’ਚ ਲੱਗੀਆਂ ਫੈਕਟਰੀਆਂ ਦਾ ਪ੍ਰਦੂਸ਼ਿਤ ਤੇ ਜ਼ਹਿਰੀਲਾ ਪਾਣੀ ਸਤਲੁਜ ਦਰਿਆ ਵਿਚ ਜ਼ਹਿਰ ਘੋਲ ਰਿਹਾ ਹੈ। ਹਿਮਾਚਲ ਪ੍ਰਦੇਸ਼ ਦੇ ਕਸਬਾ ਬੱਦੀ, ਬਰੋਟੀਵਾਲਾ ਤੇ ਨਾਲਾਗੜ੍ਹ ਦੇ ਆਸ ਪਾਸ ਲੱਗੀਆਂ ਫੈਕਟਰੀਆਂ ਦਾ ਕੈਮੀਕਲ ਯੁਕਤ ਪਾਣੀ ਲੰਮੇ ਸਮੇਂ ਤੋਂ ਸਿਰਸਾ ਨਦੀ ਰਾਹੀਂ ਪੰਜਾਬ ਦੇ ਪਿੰਡ ਆਸਪੁਰ ਨੇੜੇ ਸਤਲੁਜ ਵਿਚ ਆ ਮਿਲਦਾ ਹੈ।

ਇਸ ਜ਼ਹਿਰੀਲੇ ਪਾਣੀ ਕਾਰਨ ਸਤਲੁਜ ਦਰਿਆ ਦੇ ਪੱਤਣ ਉਤੇ ਬਰਸਾਤ ਦੇ ਦਿਨਾਂ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਮੱਛੀਆਂ ਮਰ ਜਾਂਦੀਆਂ ਹਨ ਤੇ ਇਨ੍ਹਾਂ ਮਰੀਆਂ ਮੱਛੀਆਂ ਨੂੰ ਪਰਵਾਸੀ ਮਜ਼ਦੂਰ ਚੁੱਕ ਕੇ ਲੈ ਜਾਂਦੇ ਹਨ। ਭਾਵੇਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਹਰ ਸਾਲ ਸਿਰਸਾ ਨਦੀ ਵਿੱਚੋਂ ਪਾਣੀ ਦੇ ਸੈਂਪਲ ਲੈ ਕੇ ਰਿਪੋਰਟ ਤਿਆਰ ਕੀਤੀ ਜਾਂਦੀ ਹੈ ਤੇ ਇਕ ਦੋ ਵਾਰੀ ਪੰਜਾਬ ਤੇ ਹਿਮਾਚਲ ਪ੍ਰਦੇਸ਼ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਪਾਣੀ ਦੇ ਸਾਂਝੇ ਤੌਰ ਉਤੇ ਵੀ ਸੈਂਪਲ ਭਰੇ ਜਾ ਚੁੱਕੇ ਹਨ, ਪਰ ਹਾਲੇ ਤੱਕ ਕੋਈ ਨਤੀਜਾ ਸਾਹਮਣੇ ਨਹੀਂ ਆਇਆ। ਹੁਣ ਤਾਂ ਸਿਰਸਾ ਨਦੀ ਦੇ ਪਾਣੀ ਦਾ ਰੰਗ ਵੀ ਗੂੜ੍ਹਾ ਹੁੰਦਾ ਜਾ ਰਿਹਾ ਹੈ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਐੱਸ.ਡੀ.ਓ ਜਿਤਿਨ ਜੋਸ਼ੀ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਟੀਮ ਵੱਲੋਂ ਸਿਰਸਾ ਨਦੀ ਦੇ ਪਾਣੀ ਦੇ ਨਮੂਨੇ ਲਏ ਸਨ ਪਰ ਹਾਲੇ ਰਿਪੋਰਟ ਨਹੀਂ ਆਈ।

## ਐਮ.ਕੇ. ਜੈਨ ਆਰ. ਬੀ. ਆਈ. ਦੇ ਡਿਪਟੀ ਗਵਰਨਰ ਬਣੇ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਆਈ.ਡੀ.ਬੀ.ਆਈ. ਬੈਂਕ ਦੇ ਮੈਨੇਜਿੰਗ ਡਾਇਰੈਕਟਰ ਐਮ.ਕੇ. ਜੈਨ ਨੂੰ ਰਿਜ਼ਰਵ ਬੈਂਕ ਆਫ ਇੰਡੀਆ ਦਾ ਡਿਪਟੀ ਗਵਰਨਰ ਨਿਯੁਕਤ ਕੀਤਾ ਹੈ। ਉਹ ਐਸ.ਐਸ. ਮੁੰਦਰਾ ਦੀ ਥਾਂ ਲੈਣਗੇ ਜੋ ਇਸ ਸਾਲ ਜੁਲਾਈ ਵਿਚ ਆਪਣਾ ਕਾਰਜਕਾਲ ਪੂਰਾ ਕਰ ਰਹੇ ਹਨ। ਇਹ ਨਿਯੁਕਤੀ ਤਿੰਨ ਸਾਲ ਲਈ ਕੀਤੀ ਗਈ ਹੈ।

## ਨਵਜੋਤ ਸਿੰਘ ਸਿੱਧੂ ਨੇ ਬਿਆਸ ਦਰਿਆ ‘ਚ ਛੱਡੀਆਂ ਮੱਛੀਆਂ

**ਅੰਮ੍ਰਿਤਸਰ:** ਵਾਤਾਵਰਣ ਦਿਵਸ ‘ਤੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਬਿਆਸ ਦਰਿਆ ਦਾ ਦੌਰਾ ਕੀਤਾ ਜਿਥੇ ਬੀਤੇ ਦਿਨੀਂ ਵੱਡੀ ਤਾਦਾਦ ਵਿਚ ਮੱਛੀਆਂ ਮਰਨ ਦਾ ਮਾਮਲਾ ਸਾਹਮਣੇ ਆਇਆ ਸੀ। ਸਿੱਧੂ ਨੇ ਬਿਆਸ ਦਰਿਆ ਜਾ ਕੇ ਪ੍ਰਭਾਵਿਤ ਥਾਂ ‘ਤੇ ਹਾਲਾਤ ਦਾ ਜਾਇਜ਼ਾ ਲਿਆ ਤੇ ਦਰਿਆ ਵਿਚ ਮੱਛੀਆਂ ਵੀ ਛੱਡੀਆਂ। ਇਸ ਦੌਰਾਨ ਉਨ੍ਹਾਂ ਨੇ ਸੁਖਪਾਲ ਖਹਿਰਾ ਦੀ ਚੁਣੌਤੀ ਨੂੰ ਜਾਇਜ਼ ਦੱਸਿਆ ਤੇ ਕਿਹਾ ਕਿ ਵਾਤਾਵਰਨ ਦੇ ਮੁੱਦੇ ਉਤੇ ਵਿਧਾਨ ਸਭਾ ਦਾ ਸਾਂਝਾ ਸੈਸ਼ਨ ਬੁਲਾਉਣਾ ਚਾਹੀਦਾ ਹੈ। ਬੀਤੀ 17 ਮਈ ਨੂੰ ਗੁਰਦਾਸਪੁਰ ਦੀ ਕੀੜੀ ਅਫ਼ਗਾਨਾ ਵਿਚ ਸਥਿਤ ਚੱਢਾ ਸ਼ੂਗਰ ਮਿੱਲ ਵਿਚੋਂ ਸੀਰੇ ਦਾ ਬਿਆਸ ਦਰਿਆ ਵਿਚ ਰਿਸਾਅ ਹੋਣ ਤੋਂ ਬਾਅਦ ਲੱਖਾਂ ਜਲ ਜੀਵ ਮਾਰੇ ਗਏ ਸਨ। ਇਸੇ ਦੌਰਾਨ ਸਰਕਾਰ ਉੱਪਰ ਮਿੱਲ ਦਾ ਬਚਾਅ ਕਰਨ ਦੇ ਇਲਜ਼ਾਮ ਵੀ ਲੱਗੇ ਸਨ।



## ਗਿੱਪੀ ਗਰੇਵਾਲ ਨੂੰ ਜਾਨੋਂ ਮਾਰਨ ਦੀ ਧਮਕੀ

**ਮੁਹਾਲੀ:** ਅਦਾਕਾਰ ਤੇ ਗਾਇਕ ਗਿੱਪੀ ਗਰੇਵਾਲ ਨੂੰ ਗੈਂਗਸਟਰ ਦਿਲਪ੍ਰੀਤ ਸਿੰਘ ਉਰਫ ਬਾਬਾ ਨੇ ਜਾਨੋਂ ਮਾਰਨ ਦੀ ਧਮਕੀ ਦਿੱਤੀ ਹੈ। ਕੁਝ ਦਿਨ ਪਹਿਲਾਂ ਗੈਂਗਸਟਰ ਦਿਲਪ੍ਰੀਤ ਸਿੰਘ



ਉਤੇ ਗਾਇਕ ਪਰਮੀਸ਼ ਵਰਮਾ ਨੂੰ ਗੋਲੀ ਮਾਰਨ ਦੇ ਦੋਸ਼ ’ਚ ਕੇਸ ਦਰਜ ਕੀਤਾ ਗਿਆ ਸੀ। ਇਸ ਕੇਸ ’ਚ ਦਿਲਪ੍ਰੀਤ ਭਗੌੜਾ ਹੈ। ਉਂਜ ਪੁਲਿਸ ਨੇ ਗੈਂਗਸਟਰ ਦੀ ਫੇਸਬੁੱਕ ਚਲਾਉਣ ਅਤੇ ਕੁਝ ਸਾਥੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ।

ਗਿੱਪੀ ਗਰੇਵਾਲ ਨੇ ਪੁਲਿਸ ਨੂੰ ਕੀਤੀ ਸ਼ਿਕਾਇਤ ਵਿਚ ਕਿਹਾ ਹੈ ਕਿ ਉਸ ਨੂੰ ਦਿਲਪ੍ਰੀਤ ਨੇ ਵੀਡੀਓ ਕਾਲਿੰਗ ਰਾਹੀਂ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ ਹੈ। ਧਮਕੀ ਮਿਲਣ ਪਿਛੋਂ ਗਿੱਪੀ ਨੇ ਮੁਹਾਲੀ ਪੁਲਿਸ ਤੋਂ ਸੁਰੱਖਿਆ ਦੀ ਮੰਗ ਕੀਤੀ ਹੈ। ਦਿਲਪ੍ਰੀਤ ਨੇ ਗਿੱਪੀ ਨੂੰ ਧਮਕੀ ਦਿੱਤੀ ਹੈ ਕਿ ਜੇ ਉਹ ਪਰਮੀਸ਼ ਵਾਂਗ ਉਨ੍ਹਾਂ ਦੀ ਮੰਗ ਪੂਰੀ ਨਹੀਂ ਕਰਦਾ ਤਾਂ ਉਸ ਦਾ ਵੀ ਮਾੜਾ ਹਸ਼ਰ ਹੋਵੇਗਾ।


ਗੈਸ ਸਟੇਸ਼ਨ ਲਈ ਵਰਕਰਾਂ ਦੀ ਲੋੜ ਹੈ

ਕਲੀਵਲੈਂਡ, ਓਹਾਇਓ ਵਿਚ ਗੈਸ ਸਟੇਸ਼ਨ ‘ਤੇ ਕੰਮ ਕਰਨ ਲਈ ਚੰਗੇ ਅਤੇ ਮਿਹਨਤੀ ਵਰਕਰਾਂ ਦੀ ਲੋੜ ਹੈ
ਚੰਗੀ ਤਨਖਾਹ ਤੇ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ
ਫੋਨ: 330-396-1572
ਜਾਂ 440-381-7633

23-24



ਡਿਸ਼ ਵਾਸ਼ਰ ਅਤੇ ਹੈਲਪਰ ਦੀ ਲੋੜ ਹੈ

ਅਟਲਾਂਟਾ, ਜਾਰਜੀਆ ’ਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਹੈਲਪਰ ਅਤੇ ਡਿਸ਼ ਵਾਸ਼ਰ ਦੀ ਫੌਰੀ ਲੋੜ ਹੈ। ਜੋੜੇ ਨੂੰ ਤਰਜੀਹ। ਚੰਗੀ ਤਨਖਾਹ, ਮੁਫਤ ਰਿਹਾਇਸ਼

ਸੰਪਰਕ ਕਰੋ
ਫੋਨ: 757-240-9348

23-25



ਤੰਦੂਰੀਏ, ਹਲਵਾਈ, ਡੋਸਾ ਮੇਕਰ ਤੇ ਹੈਲਪਰਾਂ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ, ਤੰਦੂਰੀਆ, ਡੋਸਾ ਮੇਕਰ ਅਤੇ ਹੈਲਪਰ ਚਾਹੀਦੇ ਹਨ। ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635

8-



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
Saturday 9:30AM and Sunday 4PM (Pacific Time)
7021 Village Park Way, Dublin, CA 94568

Email:
Homeomedicine@yahoo.com

**Punjab Times**

**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## *ਭਾਰਤੀ ਮੂਲ ਦਾ ਵਕੀਲ ਮਲੇਸ਼ੀਆ ਦਾ ਅਟਾਰਨੀ ਜਨਰਲ ਬਣਿਆ*

**ਕੁਆਲਾਲੰਪੁਰ:** ਮਲੇਸ਼ੀਆ ਦੇ ਸੁਲਤਾਨ ਨੇ ਭਾਰਤੀ ਮੂਲ ਦੇ ਇਕ ਵਕੀਲ ਦੀ ਨਵੇਂ ਅਟਾਰਨੀ ਜਨਰਲ ਵਜੋਂ ਨਿਯੁਕਤੀ ਨੂੰ ਪ੍ਰਵਾਨਗੀ ਦੇ ਦਿੱਤੀ ਹੈ ਜਦਕਿ ਕੁਝ ਕੱਟੜਪੰਥੀ ਗਰੁੱਪਾਂ ਵੱਲੋਂ ਇਹ ਰੋਸ ਜਤਾਇਆ ਜਾ ਰਿਹਾ ਹੈ ਕਿ ਇਹ ਅਹੁਦਾ ਕਿਸੇ ਮੁਸਲਮਾਨ ਨੂੰ ਹੀ ਦਿੱਤਾ ਜਾਣਾ ਚਾਹੀਦਾ ਹੈ।

ਸੁਲਤਾਨ ਮੁਹੰਮਦ ਪੰਜਵੇਂ ਵੱਲੋਂ ਜਾਰੀ ਕੀਤੇ ਇਕ ਬਿਆਨ ਵਿਚ ਮੌਜੂਦਾ ਅਟਾਰਨੀ ਜਨਰਲ ਮੁਹੰਮਦ ਅਪਾਂਦੀ ਅਲੀ ਦਾ ਕਾਰਜਕਾਲ ਸਮਾਪਤ ਕਰਨ ਤੇ ਉਸ ਦੀ ਥਾਂ ਟੌਮੀ ਟੌਮਸ ਨੂੰ ਨਿਯੁਕਤ ਕਰਨ ਦਾ ਬਿਆਨ ਜਾਰੀ ਕੀਤਾ ਹੈ ਜੋ 55 ਸਾਲਾਂ ਵਿਚ ਇਹ ਅਹੁਦਾ ਹਾਸਲ ਕਰਨ ਵਾਲੇ ਘੱਟ ਗਿਣਤੀ ਭਾਈਚਾਰੇ ਦੇ ਪਹਿਲੇ ਮੈਂਬਰ ਹਨ।

## ਕੇਂਦਰੀ ਸਿੱਖ ਅਜਾਇਬ ਘਰ 'ਚ ਤਿੰਨ ਸ਼ਖਸੀਅਤਾਂ ਦੀਆਂ ਤਸਵੀਰਾਂ ਸੁਸ਼ੋਭਿਤ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਕੇਂਦਰੀ ਸਿੱਖ ਅਜਾਇਬ ਘਰ ਵਿਚ ਤਿੰਨ ਪ੍ਰਮੁੱਖ ਸ਼ਖਸੀਅਤਾਂ- ਸ਼ਹੀਦ ਗੁਰਦੇਵ ਸਿੰਘ ਕਾਉਂਕੇ, ਗਿਆਨ ਸਿੰਘ ਅਤੇ ਗਿਆਨੀ ਹਰਨਾਮ ਸਿੰਘ ਦਰਦੀ ਬਾਨੀ ਚੜ੍ਹਦੀ ਕਲਾ ਗਰੁੱਪ ਦੀਆਂ ਤਸਵੀਰਾਂ ਲਾਈਆਂ ਗਈਆਂ।

ਤਸਵੀਰਾਂ ਤੋਂ ਪਰਦਾ ਹਟਾਉਣ ਦੀ ਰਸਮ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਸਾਂਝੇ ਤੌਰ ਉਤੇ ਨਿਭਾਈ। ਇਸ ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜਗਤਾਰ ਸਿੰਘ ਨੇ ਗੁਰਬਾਣੀ ਦਾ ਕੀਰਤਨ ਕੀਤਾ ਅਤੇ ਭਾਈ ਸੁਲਤਾਨ ਸਿੰਘ ਨੇ ਅਰਦਾਸ ਕੀਤੀ।

ਇਸ ਮੌਕੇ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸ਼ਹੀਦਾਂ ਅਤੇ ਸਿੱਖੀ ਦੀ ਚੜ੍ਹਦੀ ਕਲਾ ਲਈ ਯੋਗਦਾਨ ਪਾਉਣ ਵਾਲੀਆਂ ਸ਼ਖਸੀਅਤਾਂ ਦਾ ਸਤਿਕਾਰ ਕਰਦੀ ਹੈ ਅਤੇ ਇਸੇ ਤਹਿਤ ਹੀ ਕੇਂਦਰੀ ਸਿੱਖ ਅਜਾਇਬ ਘਰ ਵਿਚ ਇਨ੍ਹਾਂ ਮਹਾਨ ਸ਼ਖਸੀਅਤਾਂ ਦੀਆਂ ਤਸਵੀਰਾਂ ਲਾਈਆਂ ਗਈਆਂ ਹਨ। ਲੌਂਗੋਵਾਲ ਨੇ ਕਿਹਾ ਕਿ ਕੇਂਦਰੀ ਸਿੱਖ ਅਜਾਇਬ ਘਰ ਸਿੱਖ ਕੌਮ ਦੀ ਨਿਆਰੀ ਹੋਂਦ ਨੂੰ ਰੂਪਮਾਨ ਕਰਦਾ ਉਹ ਅਸਥਾਨ ਹੈ, ਜਿਥੋਂ ਸਿੱਖ ਇਤਿਹਾਸ, ਵਿਰਾਸਤ ਅਤੇ ਸੰਘਰਸ਼ ਦੀ ਝਲਕ ਦਿਖਾਈ ਦਿੰਦੀ ਹੈ। ਉਨ੍ਹਾਂ ਗਿਆਨੀ ਹਰਨਾਮ ਸਿੰਘ ਦਰਦੀ, ਭਾਈ ਗੁਰਦੇਵ ਸਿੰਘ ਕਾਉਂਕੇ ਅਤੇ ਭਾਈ ਗਿਆਨ ਸਿੰਘ ਦੇ ਯੋਗਦਾਨ ਤੋਂ ਵੀ ਜਾਣੂ ਕਰਵਾਇਆ।

## *ਲਾਹੌਰ ਦੀ ਮਹਿਰੀਨ ਨੇ ਰਚਿਆ ਇਤਿਹਾਸ*

**ਕੈਨਬਰਾ:** ਲਾਹੌਰ ਦੀ ਜੰਮ ਪਲ ਅਤੇ ਨਿਊ ਸਾਊਥ ਵੇਲਜ਼ ਲੈਜਿਸਲੇਟਿਵ ਕੌਂਸਲ ਦੀ ਮੈਂਬਰ ਮਹਿਰੀਨ ਫਾਰੂਕੀ ਨੂੰ ਆਸਟਰੇਲੀਆ ਦੇ ਉਪਰਲੇ ਸਦਨ (ਸੈਨੇਟ) ਲਈ ਨਾਮਜ਼ਦ ਕੀਤਾ ਗਿਆ ਹੈ। ਗਰੀਨ ਪਾਰਟੀ ਨਾਲ ਜੁੜੀ ਮਹਿਰੀਨ ਫਾਰੂਕੀ ਨੂੰ ਗਰੀਨਜ਼ ਲੀਡਰ ਕੇਟ ਫਾਹਰਮਾਨ ਦੇ ਅਸਤੀਫੇ ਤੋਂ ਬਾਅਦ ਪਾਰਟੀ ਵੱਲੋਂ ਨਾਮਜ਼ਦ ਕੀਤਾ ਗਿਆ ਹੈ। ਮਹਿਰੀਨ ਫਾਰੂਕੀ 1992 ਵਿਚ ਆਪਣੇ ਪਰਿਵਾਰ ਨਾਲ ਆਸਟਰੇਲੀਆ ਪੁੱਜੀ ਸੀ। ਉਸ ਨੇ ਨਿਊ ਸਾਊਥ ਵੇਲਜ਼ ਦੀ ਯੂਨੀਵਰਸਿਟੀ ਤੋਂ ਪਹਿਲਾਂ ਮਾਸਟਰਜ਼ ਅਤੇ ਫਿਰ 2000 ਵਿਚ ਵਾਤਾਵਰਣ ਇੰਜੀਨੀਅਰਿੰਗ ਵਿਚ ਡਾਕਟਰੇਟ ਕੀਤੀ।

ਸਾਲ 2004 ਵਿਚ ਉਹ 'ਗਰੀਨਜ਼' ਪਾਰਟੀ ਨਾਲ ਜੁੜ ਗਈ। ਉਸ ਦਾ ਆਖਣਾ ਹੈ ਕਿ ਇਸ ਪਾਰਟੀ ਦੇ ਵਾਤਾਵਰਣ ਅਤੇ ਸਮਾਜਿਕ ਮੁੱਦਿਆਂ ਬਾਰੇ ਵਿਚਾਰਾਂ ਨਾਲ ਉਹਦੀ ਪੂਰੀ ਸਹਿਮਤੀ ਹੋਣ ਕਾਰਨ ਹੀ ਉਸ ਨੇ ਇਹ ਪਾਰਟੀ ਅਪਣਾਈ। 2013 ਵਿਚ ਉਹ ਨਿਊ ਸਾਊਥ ਵੇਲਜ਼ ਲੈਜਿਸਲੇਟਿਵ ਕੌਂਸਲ ਲਈ ਚੁਣੀ ਗਈ।

ਉਦੋਂ ਉਹ ਅਜਿਹੀ ਪਹਿਲੀ ਮੁਸਲਮਾਨ ਔਰਤ ਵਜੋਂ ਸਾਹਮਣੇ ਆਈ, ਜਿਸ ਨੂੰ ਆਸਟਰੇਲੀਆ ਵਿਚ ਇਹ ਮਾਣ ਹਾਸਲ ਹੋਇਆ ਸੀ। ਯਾਦ ਰਹੇ ਕਿ ਕੇਟ ਫਾਹਰਮਾਨ ਦਾ ਆਪਣੀ ਪਾਰਟੀ ਲੀਡਰਸ਼ਿਪ ਨਾਲ ਪਿਛਲੇ ਸਾਲ ਤਕਰਾਰ ਹੋ ਗਿਆ ਸੀ ਅਤੇ ਉਸ ਨੇ ਆਪਣਾ ਕਾਰਜਕਾਲ ਖਤਮ ਹੋਣ ਤੋਂ 10 ਮਹੀਨੇ ਪਹਿਲਾਂ ਹੀ ਸੈਨੇਟ ਦੀ ਮੈਂਬਰੀ ਤੋਂ ਅਸਤੀਫਾ ਦੇ ਦਿੱਤਾ ਅਤੇ ਪਾਰਟੀ ਨੇ ਉਸ ਦੀ ਥਾਂ ਮਹਿਰੀਨ ਫ਼ਾਰੂਕੀ ਦੀ ਚੋਣ ਕਰ ਲਈ। ਮਹਿਰੀਨ ਫ਼ਾਰੂਕੀ ਦਾ ਕਹਿਣਾ ਹੈ ਕਿ ਉਹ ਹੁਣ ਪਹਿਲਾਂ ਨਾਲੋਂ ਵਧੇਰੇ ਲਗਨ ਨਾਲ ਕੰਮ ਕਰੇਗੀ। ਕੇਟ ਫਾਹਰਮਾਨ ਨੇ ਇਸ ਨਾਮਜ਼ਦਗੀ ਉਤੇ ਮਹਿਰੀਨ ਫ਼ਾਰੂਕੀ ਨੂੰ ਵਧਾਈ ਦਿੱਤੀ ਹੈ।

## ਸ਼ਸ਼ੀ ਥਰੂਰ ਖਿਲਾਫ਼ ਮੁਕੱਦਮਾ ਚਲਾਉਣ ਨੂੰ ਮਨਜ਼ੂਰੀ

**ਨਵੀਂ ਦਿੱਲੀ:** ਦਿੱਲੀ ਦੀ ਇਕ ਅਦਾਲਤ ਨੇ ਕਾਂਗਰਸ ਆਗੂ ਸ਼ਸ਼ੀ ਥਰੂਰ ਨੂੰ ਉਸ ਦੀ ਪਤਨੀ ਸੁਨੰਦਾ ਪੁਸ਼ਕਰ ਦੀ ਮੌਤ ਦੇ ਕੇਸ ਵਿਚ ਮੁਲਜ਼ਮ ਵਜੋਂ ਤਲਬ ਕੀਤਾ ਤੇ ਉਨ੍ਹਾਂ ਨੂੰ 7 ਜੁਲਾਈ ਨੂੰ ਅਦਾਲਤ ਸਾਹਮਣੇ ਪੇਸ਼ ਲਈ ਕਿਹਾ ਹੈ। ਐਡੀਸ਼ਨਲ ਚੀਫ ਮੈਟਰੋਪੋਲਿਟਨ ਮੈਜਿਸਟ੍ਰੇਟ ਸਮਰ ਵਿਸ਼ਾਲ ਨੇ ਬੀਬੀ ਪੁਸ਼ਕਰ ਨੂੰ ਖ਼ੁਦਕੁਸ਼ੀ ਲਈ ਮਜਬੂਰ ਕਰਨ ਤੇ ਉਸ ਉਤੇ ਅਤਿਆਚਾਰ ਕਰਨ ਦੇ ਲਾਏ ਦੋਸ਼ਾਂ ਉਤੇ ਗੌਰ ਕਰਨ ਤੋਂ ਬਾਅਦ ਆਖਿਆ ਕਿ ਥਰੂਰ ਖਿਲਾਫ਼ ਮੁਕੱਦਮਾ ਚਲਾਉਣ ਦਾ ਅਧਾਰ ਬਣਦਾ ਹੈ।

ਪੁਲਿਸ ਰਿਪੋਰਟ ਚਾਰਜਸ਼ੀਟ ਦੇ ਅਧਾਰ ਉਤੇ ਮਰਹੂਮ ਸੁਨੰਦਾ ਪੁਸ਼ਕਰ ਵੱਲੋਂ ਖ਼ੁਦਕੁਸ਼ੀ ਲਈ ਮਜਬੂਰ ਹੋਣ ਤੇ ਉਨ੍ਹਾਂ ਉਤੇ ਡਾ. ਸ਼ਸ਼ੀ ਥਰੂਰ ਵੱਲੋਂ ਕੀਤੇ ਅਤਿਆਚਾਰ ਦਾ ਨੋਟਿਸ ਲਿਆ ਹੈ। ਥਰੂਰ ਖਿਲਾਫ਼ ਆਈ.ਪੀ.ਸੀ. ਦੀ ਧਾਰਾ 306 ਤੇ 498ਏ ਤਹਿਤ ਦੋਸ਼ ਆਇਦ ਕਰਨ ਲਈ ਕਾਰਵਾਈ ਦੇ ਚੋਖੇ ਅਧਾਰ ਮੌਜੂਦ ਹਨ। ਉਨ੍ਹਾਂ ਨੂੰ 7 ਜੁਲਾਈ ਨੂੰ ਤਲਬ ਕਰਨ ਲਈ ਸੰਮਨ ਜਾਰੀ ਕੀਤੇ ਜਾਣ। ਅਦਾਲਤ ਦਾ ਫੈਸਲਾ ਆਉਣ ਤੋਂ ਬਾਅਦ ਥਰੂਰ ਦੇ ਵਕੀਲ ਤੇ ਸੀਨੀਅਰ ਐਡਵੋਕੇਟ ਵਿਕਾਸ ਪਾਹਵਾ ਨੇ ਦੱਸਿਆ ਕਿ ਉਨ੍ਹਾਂ ਦੇ ਮੁਵੱਕਿਲ ਖਿਲਾਫ਼ ਕੋਈ ਕੇਸ ਨਹੀਂ ਬਣਦਾ ਤੇ ਇਸਤਗਾਸਾ ਦਾ ਇਹ ਕੇਸ ਝੂਠ ਦਾ ਪੁਲੰਦਾ ਹੈ।

## ਅਕਾਲੀ ਆਗੂ ਕੁਲਦੀਪ ਸਿੰਘ ਵਡਾਲਾ ਦਾ ਦੇਹਾਂਤ

**ਜਲੰਧਰ:** ਦੋਆਬੇ ਦੇ ਆਖਰੀ ਟਕਸਾਲੀ ਅਕਾਲੀ ਆਗੂ ਮੰਨੇ ਜਾਂਦੇ ਜਥੇਦਾਰ ਕੁਲਦੀਪ ਸਿੰਘ ਵਡਾਲਾ (86) ਦਾ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋ ਗਿਆ। ਉਨ੍ਹਾਂ ਦੇ ਪੁੱਤਰ ਗੁਰਪ੍ਰਤਾਪ ਸਿੰਘ ਵਡਾਲਾ ਨਕੋਦਰ ਹਲਕੇ ਤੋਂ ਵਿਧਾਇਕ ਹਨ।

ਪਰਿਵਾਰਕ ਮੈਂਬਰਾਂ ਅਨੁਸਾਰ ਜਦੋਂ ਗੁਰਪ੍ਰਤਾਪ ਸਿੰਘ ਵਡਾਲਾ ਕਿਸੇ ਕੰਮ ਲਈ ਚੰਡੀਗੜ੍ਹ ਜਾ ਰਹੇ ਸਨ ਤਾਂ ਉਨ੍ਹਾਂ ਨੂੰ ਰਸਤੇ ਵਿਚ ਹੀ ਫੋਨ ਆ ਗਿਆ ਕਿ ਉਨ੍ਹਾਂ ਦੇ ਪਿਤਾ ਦੀ ਸਿਹਤ ਅਚਾਨਕ ਵਿਗੜ ਗਈ ਹੈ ਤੇ ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ ਹੈ। ਉਥੇ ਡਾਕਟਰਾਂ ਵੱਲੋਂ ਉਨ੍ਹਾਂ ਨੂੰ ਬਚਾਉਣ ਦੇ ਕੀਤੇ ਗਏ ਯਤਨ ਕਾਮਯਾਬ ਨਹੀਂ ਹੋਏ। ਸ਼੍ਰੋਮਣੀ ਅਕਾਲੀ ਦਲ ਦੇ ਵੱਡੇ ਆਗੂਆਂ 'ਚ ਸਥਾਨ ਰੱਖਣ ਵਾਲੇ ਜਥੇਦਾਰ ਕੁਲਦੀਪ ਸਿੰਘ ਵਡਾਲਾ ਨੇ ਸੰਨ 1980 ਵਿਚ ਨਕੋਦਰ ਤੋਂ ਪਹਿਲੀ ਵਾਰ ਕਾਂਗਰਸੀ ਮੁੱਖ ਮੰਤਰੀ ਰਹੇ ਦਰਬਾਰਾ ਸਿੰਘ ਵਿਰੁੱਧ ਚੋਣ ਲੜੀ ਸੀ ਪਰ ਉਹ ਹਾਰ ਗਏ ਸਨ।

1985 ਵਿਚ ਉਹ ਨਕੋਦਰ ਤੋਂ ਵਿਧਾਇਕ ਬਣੇ। ਸਾਲ 2012 ਤੇ 2017 ਵਿਚ ਉਨ੍ਹਾਂ ਦੇ ਪੁੱਤਰ ਗੁਰਪ੍ਰਤਾਪ ਸਿੰਘ ਵਡਾਲਾ ਨੂੰ ਨਕੋਦਰ ਤੋਂ ਲਗਾਤਾਰ ਦੋ ਵਾਰ ਵਿਧਾਇਕ ਬਣੇ ਹਨ। ਜਥੇਦਾਰ ਕੁਲਦੀਪ ਸਿੰਘ ਵਡਾਲਾ ਮੌਜੂਦਾ ਸ਼੍ਰੋਮਣੀ ਕਮੇਟੀ ਦੇ ਮੈਂਬਰ ਵੀ ਸਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ੍ਰੀ ਵਡਾਲਾ ਦੇ ਦੇਹਾਂਤ ਉਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

## ਅਫਸਰਸ਼ਾਹੀ ਨੂੰ ਜਵਾਬਦੇਹ ਬਣਾਏਗੀ ਕੈਪਟਨ ਸਰਕਾਰ

**ਚੰਡੀਗੜ੍ਹ:** ਕੈਪਟਨ ਸਰਕਾਰ ਨੇ ਸੂਬੇ ਦੀ ਅਫਸਰਸ਼ਾਹੀ ਨੂੰ ਨਕੇਲ ਪਾਉਣ ਲਈ 'ਦਿ ਪੰਜਾਬ ਐਂਟੀ ਰੈੱਡ ਟੇਪ ਐਕਟ 2018' ਦਾ ਖਰੜਾ ਤਿਆਰ ਕੀਤਾ ਹੈ, ਜਿਸ ਦਾ ਮਕਸਦ ਲੋਕਾਂ ਨੂੰ ਤੈਅਸ਼ੁਦਾ ਸਮੇਂ ਵਿਚ ਸੇਵਾਵਾਂ ਦੇਣਾ ਅਤੇ ਭ੍ਰਿਸ਼ਟਾਚਾਰ ਨੂੰ ਰੋਕਣਾ ਹੈ। ਲਾਲ ਫੀਤਾਸ਼ਾਹੀ ਦੇ ਅੜਿੱਕਿਆਂ ਨੂੰ ਦੂਰ ਕਰਨ ਅਤੇ ਕੰਮ-ਕਾਜ ਵਿਚ ਤੇਜ਼ੀ ਲਿਆਉਣ ਲਈ ਕਾਰਗਰ ਸਾਬਤ ਹੋਣ ਦੇ ਆਸਾਰ ਹਨ। ਇਸ ਬਿੱਲ ਦੇ ਖਰੜੇ ਨੂੰ ਸਰਕਾਰ ਦੇ ਸਲਾਹਕਾਰਾਂ ਤੇ ਸਿਖਰਲੇ ਅਧਿਕਾਰੀਆਂ ਨਾਲ ਸਲਾਹ-ਮਸ਼ਵਰੇ ਨਾਲ ਤਿਆਰ ਕੀਤਾ ਗਿਆ ਹੈ।

ਇਸ ਬਿੱਲ ਵਿਚ ਵਿਵਸਥਾ ਕੀਤੀ ਗਈ ਹੈ ਕਿ ਜਿਹੜੇ ਅਧਿਕਾਰੀ ਜਾਂ ਸਰਕਾਰੀ ਮੁਲਾਜ਼ਮ ਸਮੇਂ-ਸਿਰ ਕੰਮ-ਕਾਜ ਨਹੀਂ ਨਿਪਟਾਉਣਗੇ, ਉਨ੍ਹਾਂ ਨੂੰ ਮੁਅੱਤਲ ਕਰਨ, ਜੁਰਮਾਨੇ ਤੇ ਬਰਖਾਸਤ ਕੀਤਾ ਜਾ ਸਕਦਾ ਹੈ। ਕੰਮ-ਕਾਜ ਲਈ ਸੱਤ ਦਿਨ ਤੇ 15 ਦਿਨ ਦਾ ਸਮਾਂ ਤੈਅ ਕੀਤਾ ਗਿਆ ਹੈ। ਇਸ ਬਿਲ ਦੇ ਖਰੜੇ ਵਿਚ 'ਫਿਕਸਰ' ਨੂੰ ਪਰਿਭਾਸ਼ਤ ਕੀਤਾ ਗਿਆ ਹੈ ਤੇ ਫਰੰਟ ਲਾਈਨ ਸਰਵਿਸ ਦੀ ਵਿਆਖਿਆ ਕੀਤੀ ਗਈ ਹੈ। ਜੇਕਰ ਕਿਸੇ ਕੰਮ-ਕਾਜ ਨੂੰ ਕਰਵਾਉਣ ਵਿਚ 'ਫਿਕਸਰ' ਜਾਂ ਦਲਾਲ ਦੀ ਭੂਮਿਕਾ ਦੀ ਪੁਸ਼ਟੀ ਹੋ ਜਾਵੇਗੀ ਤਾਂ ਸਬੰਧਤ ਅਧਿਕਾਰੀ ਦਾ ਮਾਮਲਾ ਵਜ਼ਾਰਤ ਵਿਚ ਪੇਸ਼ ਕੀਤਾ ਜਾਵੇਗਾ ਤੇ ਵਜ਼ਾਰਤ ਉਸ ਨੂੰ ਪੰਜਾਹ ਹਜ਼ਾਰ ਤੋਂ ਲੈ ਕੇ ਦੋ ਲੱਖ ਤੱਕ ਦਾ ਜੁਰਮਾਨਾ ਕਰ ਸਕਦੀ ਹੈ। ਹਾਲ ਦੀ ਘੜੀ ਇਸ ਬਿੱਲ ਬਾਰੇ ਲੋਕ ਰਾਇ ਲਈ ਜਾਵੇਗੀ ਤੇ ਜਨਤਕ ਬਹਿਸ ਛੇੜੀ ਜਾਵੇਗੀ।

## ਪੰਜਾਬ ਵਿਚ ਕਿਸਾਨ ਅੰਦੋਲਨ ਅੱਧ ਵਿਚਾਲੇ ਟੁੱਟਿਆ

*(ਸਫਾ ਇਕ ਦੀ ਬਾਕੀ)*

ਰਹੇ ਕਿ ਪੰਜਾਬ ਵਿਚ ਵੀ ਸਾਲ ਭਰ ਪਹਿਲਾਂ ਚੋਣਾਂ ਵਿਚ ਕਾਂਗਰਸ ਨੇ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਦੀ ਗੱਲ ਆਖੀ ਸੀ। ਉਨ੍ਹਾਂ ਤੋਂ ਇਸ ਸਬੰਧੀ ਹਲਫਨਾਮਿਆਂ ਉਤੇ ਦਸਤਖਤ ਵੀ ਕਰਵਾਏ ਗਏ ਸਨ। ਪੰਜਾਬ ਸਰਕਾਰ ਨੇ ਪਿਛਲੇ ਸਮੇਂ ਵਿਚ ਢਾਈ ਏਕੜ ਦੀ ਮਾਲਕੀ ਵਾਲੇ ਛੋਟੇ ਕਿਸਾਨਾਂ ਨੂੰ ਕਰਜ਼ਿਆਂ ਤੋਂ ਕੁਝ ਰਾਹਤ ਦੇਣ ਲਈ ਕੁਝ ਕਦਮ ਵੀ ਚੁੱਕੇ ਸਨ, ਪਰ ਕਰਜ਼ਿਆਂ ਦੀ ਜਿੰਨੀ ਵੱਡੀ ਪੰਡ ਕਿਸਾਨਾਂ ਦੇ ਸਿਰ 'ਤੇ ਲੱਦੀ ਹੋਈ ਹੈ, ਇਹ ਰਕਮ ਉਸ ਦੇ ਮੁਕਾਬਲੇ ਵਿਚ ਨਿਗੂਣੀ ਜਾਪਦੀ ਹੈ।

ਕਰਜ਼ਿਆਂ ਦਾ ਭੁਗਤਾਨ ਨਾ ਕਰ ਸਕਣ ਕਾਰਨ ਪਰੇਸ਼ਾਨ ਹੋਏ ਕਿਸਾਨਾਂ ਵੱਲੋਂ ਖੁਦਕੁਸ਼ੀਆਂ ਕਰਨ ਦੀਆਂ ਖਬਰਾਂ ਲਗਾਤਾਰ ਆਉਂਦੀਆਂ ਰਹੀਆਂ ਹਨ। ਦੇਸ਼ ਭਰ ਵਿਚ ਹੁਣ ਤੱਕ 3 ਲੱਖ 50 ਹਜ਼ਾਰ ਕਿਸਾਨਾਂ ਨੇ ਖੁਦਕੁਸ਼ੀ ਕੀਤੀ ਹੈ। ਸਰਕਾਰਾਂ ਦੇ ਮਾੜੇ ਵਤੀਰੇ ਕਾਰਨ ਹੀ ਕਿਸਾਨ ਜਥੇਬੰਦੀਆਂ ਨੇ ਸ਼ਹਿਰਾਂ ਵਿਚ ਦੁੱਧ ਤੇ ਹੋਰ ਜ਼ਰੂਰੀ ਵਸਤਾਂ ਦੀ ਸਪਲਾਈ ਰੋਕਣ ਦੀ ਯੋਜਨਾ ਬਣਾਈ ਸੀ। ਵਿਉਂਤਬੰਦੀ ਪੱਖੋਂ ਭਾਵੇਂ ਇਹ ਯੋਜਨਾ ਥੋੜ੍ਹੀ ਮਾਰ ਖਾ ਗਈ ਪਰ ਸਿਆਸੀ ਧਿਰਾਂ ਵੱਲੋਂ ਕਿਸਾਨਾਂ ਨਾਲ ਲਾਰਿਆਂ ਵਾਲੀ ਖੇਡੀ ਜਾ ਰਹੀ ਖੇਡ ਖਿਲਾਫ ਸਖਤ ਸੰਦੇਸ਼ ਦੇ ਗਈ।

## *ਸਿੱਖਾਂ ਤੇ ਸਥਾਨਕ ਭਾਈਚਾਰੇ ਵਿਚਕਾਰ ਟਕਰਾਅ*

*(ਸਫਾ ਇਕ ਦੀ ਬਾਕੀ)*

ਤਣਾਅ ਬਣਿਆ ਰਿਹਾ ਹੈ। ਜਦੋਂ ਇਸ ਮਾਮੂਲੀ ਝਗੜੇ ਨੇ ਵੱਡਾ ਰੂਪ ਧਾਰਨ ਕਰ ਲਿਆ ਤਾਂ ਵੱਡੀ ਗਿਣਤੀ ਵਿਚ ਖਾਸੀ ਲੋਕਾਂ ਨੇ ਪੰਜਾਬੀ ਲਾਈਨ ਦੇ ਇਲਾਕੇ ਵਿਚ ਰਹਿੰਦੇ ਲੋਕਾਂ ਉਤੇ ਹਮਲਾ ਕਰ ਦਿੱਤਾ ਪਰ ਪੁਲਿਸ ਨੇ ਉਨ੍ਹਾਂ ਨੂੰ ਪੂਰੀ ਤਾਕਤ ਨਾਲ ਰੋਕਿਆ, ਜਿਸ ਕਾਰਨ ਦਰਜਨਾਂ ਹੀ ਵਿਅਕਤੀ ਜ਼ਖ਼ਮੀ ਹੋ ਗਏ। ਖਾਸੀ ਲੋਕਾਂ ਵੱਲੋਂ ਪੈਟਰੋਲ ਬੰਬ ਅਤੇ ਹਥਿਆਰਾਂ ਨਾਲ ਹਮਲੇ ਜਾਰੀ ਰਹੇ, ਜਿਸ ਕਾਰਨ ਘੱਟ ਗਿਣਤੀ ਫਿਰਕੇ ਦੇ ਲੋਕਾਂ ਵਿਚ ਵੱਡੀ ਦਹਿਸ਼ਤ ਫੈਲ ਗਈ।

## ਵਿਆਹ ਦੇ ਕਾਰਡ ਵੰਡ ਕੇ ਪਰਤ ਰਹੇ ਪਰਿਵਾਰ ਨੂੰ ਹਾਦਸਾ; ਅੱਠ ਹਲਾਕ

**ਮੁਹਾਲੀ:** ਮੁਹਾਲੀ ਨਗਰ ਨਿਗਮ ਅਧੀਨ ਆਉਂਦੇ ਪਿੰਡ ਕੁੰਭੜਾ, ਮਟੌਰ, ਬਲੌਂਗੀ ਅਤੇ ਖਰੜ ਵਿਚ ਆਪਣੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਵਿਆਹ ਦਾ ਸੱਦਾ ਪੱਤਰ ਵੰਡਣ ਉਪਰੰਤ ਵਾਪਸ ਉਤਰ ਪ੍ਰਦੇਸ਼ ਜਾ ਰਿਹਾ ਪਰਿਵਾਰ ਗਾਜ਼ੀਆਬਾਦ ਨੇੜੇ ਭਿਆਨਕ ਸੜਕ ਹਾਦਸੇ ਦਾ ਸ਼ਿਕਾਰ ਹੋ ਗਿਆ, ਜਿਨ੍ਹਾਂ 'ਚੋਂ ਅੱਠ ਵਿਅਕਤੀਆਂ ਦੀ ਮੌਤ ਹੋ ਗਈ ਜਦੋਂਕਿ ਕਈ ਹੋਰ ਗੰਭੀਰ ਜਖ਼ਮੀ ਹੋ ਗਏ। ਇਹ ਹਾਦਸਾ ਕੁੰਡਲੀ-ਗਾਜ਼ੀਆਬਾਦ ਬਰਾਸਤਾ ਪਲਵਲ ਕੇ.ਜੀ.ਪੀ. ਐਕਸਪ੍ਰੈੱਸ ਹਾਈਵੇਅ ਉਤੇ ਵਾਪਰਿਆ।

ਹਾਦਸੇ ਵਿਚ ਟਰਾਈਸਿਟੀ ਗੈਸ ਏਜੰਸੀ ਲਾਂਡਰਾਂ ਵਿਚ ਤਾਇਨਾਤ ਧਰਮਵੀਰ ਦੀ ਪਤਨੀ ਓਮਵਤੀ (30), ਬੇਟਾ ਜਤਿਨ (15), ਦੋ ਬੇਟੀਆਂ ਪੂਜਾ (17) ਅਤੇ ਮਮਤਾ (13) ਸਮੇਤ ਮੂੰਹ ਬੋਲਿਆ ਭਰਾ ਵਿਜੇ ਉਰਫ਼ ਫੌਜੀ (30), ਗੁਆਂਢੀ ਵਿਜੇ ਕੁਮਾਰ ਉਰਫ਼ ਮੰਗਾ (55), ਦੇਵੀ ਸਿੰਘ ਦੀ ਬੇਟੀ ਸੀਮਾ (13), ਭਤੀਜੀ ਅਨੰਨਿਆ (5) ਦੀ ਮੌਤ ਹੋ ਗਈ ਹੈ।

ਦੇਵੀ ਸਿੰਘ ਦੀ ਬੇਟੀ ਪ੍ਰਿਅੰਕਾ ਦਾ 20 ਜੂਨ ਨੂੰ ਵਿਆਹ ਹੈ। ਇਸ ਸਿਲਸਿਲੇ ਵਿਚ ਦੇਵੀ ਸਿੰਘ ਖਰੜ ਨੇੜੇ ਪਿੰਡ ਬਡਾਲੀ ਵਿਚ ਰਹਿੰਦੇ ਆਪਣੇ ਨਜ਼ਦੀਕੀ ਰਿਸ਼ਤੇਦਾਰ ਧਰਮਵੀਰ ਸਿੰਘ ਦੇ ਪਰਿਵਾਰ ਨੂੰ ਆਪਣੇ ਨਾਲ ਲਿਜਾਣ ਲਈ ਆਇਆ ਸੀ। ਉਹ ਸਾਰੇ ਜਣੇ ਇਕ ਪਿਕਅੱਪ ਗੱਡੀ ਵਿਚ ਸਵਾਰ ਹੋ ਕੇ ਵਾਪਸ ਯੂਪੀ ਲਈ ਰਵਾਨਾ ਹੋਏ ਸਨ ਅਤੇ ਰਸਤੇ ਵਿਚ ਹਾਦਸਾ ਵਾਪਰ ਗਿਆ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# 'ਨਾਮਾਲੂਮ ਸਰੋਤਾਂ' ਦੀ ਆਮਦਨ ਨੇ ਕੀਤੇ ਕੌਮੀ ਪਾਰਟੀਆਂ ਦੇ ਵਾਰੇ ਨਿਆਰੇ

**ਨਵੀਂ ਦਿੱਲੀ:** ਸੱਤ ਕੌਮੀ ਸਿਆਸੀ ਪਾਰਟੀਆਂ ਨੂੰ ਸਾਲ 2016-17 ਦੌਰਾਨ 'ਨਾਮਾਲੂਮ ਸਰੋਤਾਂ' ਤੋਂ 710.80 ਕਰੋੜ ਰੁਪਏ ਦੀ ਕਮਾਈ ਹੋਈ ਸੀ ਹਾਲਾਂਕਿ ਕੁੱਲ ਚੰਦਿਆਂ



(20 ਹਜ਼ਾਰ ਰੁਪਏ ਤੋਂ ਵੱਧ ਵਾਲੇ) ਦੇ ਰੂਪ ਵਿਚ 589.38 ਕਰੋੜ ਰੁਪਏ ਦੀ ਕਮਾਈ ਹੋਈ। ਇਸ ਵਿਚੋਂ 532.27 ਕਰੋੜ ਰੁਪਏ ਦੀ ਕਮਾਈ ਇਕੱਲੀ ਭਾਜਪਾ ਦੀ ਹੈ।

ਜਮਹੂਰੀ ਸੁਧਾਰ ਸਭਾ (ਏ.ਡੀ.ਆਰ.) ਦੀ ਰਿਪੋਰਟ ਵਿਚ ਇਹ ਖੁਲਾਸੇ ਕਰਦਿਆਂ ਕਿਹਾ ਗਿਆ ਹੈ ਕਿ ਭਾਜਪਾ ਵੱਲੋਂ ਐਲਾਨੇ ਗਏ ਚੰਦਿਆਂ ਦੀ ਰਕਮ ਇੰਡੀਅਨ ਨੈਸ਼ਨਲ ਕਾਂਗਰਸ, ਐਨ.ਸੀ.ਪੀ., ਸੀ.ਪੀ.ਆਈ., ਸੀ.ਪੀ.ਆਈ.ਐਮ. ਤੇ ਆਲ ਇੰਡੀਆ ਤ੍ਰਿਣਮੂਲ ਕਾਂਗਰਸ ਦੇ ਐਲਾਨੇ ਗਏ ਕੁੱਲ ਚੰਦਿਆਂ ਨਾਲੋਂ 9 ਗੁਣਾ ਜ਼ਿਆਦਾ ਹਨ। ਰਿਪੋਰਟ ਮੁਤਾਬਕ ਕੌਮੀ ਪਾਰਟੀਆਂ ਵੱਲੋਂ 2123 ਚੰਦਿਆਂ (20 ਹਜ਼ਾਰ ਰੁਪਏ ਤੋਂ ਵੱਧ ਵਾਲੇ) ਦੇ ਰੂਪ ਵਿਚ ਕੁੱਲ 589.38 ਕਰੋੜ ਰੁਪਏ ਦੀ ਕਮਾਈ ਦਾ ਖੁਲਾਸਾ ਕੀਤਾ ਗਿਆ। ਭਾਜਪਾ ਵੱਲੋਂ 1194 ਚੰਦਿਆਂ ਦੇ ਰੂਪ ਵਿਚ 532.27 ਕਰੋੜ ਰੁਪਏ ਦੀ ਕਮਾਈ ਹੋਣ ਜਦਕਿ ਕਾਂਗਰਸ ਨੇ 599 ਚੰਦਿਆਂ ਰਾਹੀਂ 41.90 ਕਰੋੜ ਦੀ ਕਮਾਈ ਦੀ ਜਾਣਕਾਰੀ ਦਿੱਤੀ ਹੈ।

ਪਿਛਲੇ 11 ਸਾਲਾਂ ਵਾਂਗ, ਬਹੁਜਨ ਸਮਾਜ ਪਾਰਟੀ ਦਾ ਕਹਿਣਾ ਹੈ ਕਿ ਉਸ ਨੂੰ 2016-17 ਦੌਰਾਨ 20 ਹਜ਼ਾਰ ਤੋਂ ਵੱਧ ਦਾ ਕੋਈ ਚੰਦਾ ਨਹੀਂ ਮਿਲਿਆ। ਸਾਲ 2016-17 ਦੌਰਾਨ ਕੌਮੀ ਪਾਰਟੀਆਂ ਦੇ ਕੁੱਲ ਚੰਦਿਆਂ ਦੀ ਕਮਾਈ 2015-16 ਵਿਚ 102 ਕਰੋੜ ਰੁਪਏ ਸੀ ਜਿਸ ਵਿਚ ਪਿਛਲੇ ਸਾਲ 487.36 ਕਰੋੜ ਰੁਪਏ ਦਾ ਵਾਧਾ ਹੋਇਆ। ਭਾਜਪਾ ਨੂੰ 2015-16 ਦੌਰਾਨ 76.85 ਕਰੋੜ ਰੁਪਏ ਦੀ ਕਮਾਈ ਹੋਈ ਸੀ ਜੋ ਪਿਛਲੇ ਸਾਲ ਵਧ ਕੇ 532.27 ਕਰੋੜ ਰੁਪਏ ਹੋ ਗਈ ਜਦਕਿ ਐਨ.ਸੀ.ਪੀ. ਦੇ ਚੰਦੇ 2015-16 ਵਿਚ 71 ਲੱਖ ਰੁਪਏ ਤੋਂ ਵਧ ਕੇ 2016-17 ਦੌਰਾਨ 6.34 ਕਰੋੜ ਰੁਪਏ ਹੋ ਗਏ। ਤ੍ਰਿਣਮੂਲ ਕਾਂਗਰਸ ਦੇ ਚੰਦਿਆਂ ਵਿਚ 231 ਫੀਸਦੀ ਜਦਕਿ ਕਾਂਗਰਸ ਤੇ ਸੀ.ਪੀ.ਐਮ. ਦੇ ਚੰਦਿਆਂ ਵਿਚ ਕ੍ਰਮਵਾਰ 190 ਫੀਸਦੀ ਤੇ 105 ਫੀਸਦੀ ਵਾਧਾ ਹੋਇਆ ਹੈ। ਸੀ.ਪੀ.ਆਈ. ਦੇ ਚੰਦਿਆਂ ਦੀ ਦਰ ਮਹਿਜ਼ 9 ਫੀਸਦੀ ਵਧੀ ਹੈ। ਕੌਮੀ ਪਾਰਟੀਆਂ ਦੀ 2016-17 ਦੌਰਾਨ ਕੁੱਲ ਆਮਦਨ 1559.17 ਕਰੋੜ ਰੁਪਏ ਸੀ।

## ਦੋ ਸੌ ਸਾਲ ਪੁਰਾਣੇ ਭਾਰਤੀ ਰੈਸਤਰਾਂ ਦਾ ਮੈਨਿਊ ਕਾਰਡ 11,344 ਡਾਲਰ 'ਚ ਨਿਲਾਮ

**ਲੰਡਨ:** ਬਰਤਾਨੀਆ 'ਚ ਦੋ ਸੌ ਸਾਲ ਤੋਂ ਵੀ ਵੱਧ ਸਮੇਂ ਤੋਂ ਸਥਾਪਤ ਪਹਿਲੇ ਭਾਰਤੀ ਰੈਸਤਰਾਂ ਦੇ ਇਕ ਦੁਰਲੱਭ ਮੈਨਿਊ ਕਾਰਡ ਦੀ ਨਿਲਾਮੀ 11,344 ਅਮਰੀਕੀ ਡਾਲਰ 'ਚ ਹੋਈ। 'ਪਾਈਨਐਪਲ ਪੁਲਾਵ' ਤੇ 'ਚਿਕਨ ਕਰੀ' ਜਿਹੇ ਪਕਵਾਨ ਇਸ ਦੀ ਖਾਸੀਅਤ ਸਨ। ਹਿੰਦੁਸਤਾਨੀ ਡਿਨਰ ਅਤੇ ਹੁੱਕਾ ਸਮੋਕਿੰਗ ਕਲੱਬ ਸ਼ੇਖ ਦੀਨ ਮੁਹੰਮਦ ਨੇ 1809 'ਚ ਲੰਡਨ ਪੋਰਟਮੈਨ ਸਕੁਏਅਰ 'ਚ ਬਣਾਇਆ ਸੀ। ਮੂਲ ਰੂਪ ਵਿਚ ਬਿਹਾਰ ਦਾ ਸ਼ੇਖ ਦੀਨ ਮੁਹੰਮਦ ਸੈਲਾਨੀ ਤੇ ਕਾਰੋਬਾਰੀ ਸੀ। ਉਹ ਉਨ੍ਹਾਂ ਪਹਿਲੇ ਪਰਵਾਸੀਆਂ 'ਚੋਂ ਸੀ ਜੋ ਭਾਰਤ ਤੋਂ ਇੰਗਲੈਂਡ ਗਏ ਸਨ।

ਬਰਤਾਨੀਆ ਦੇ ਲੋਕਾਂ ਦੀ ਭਾਰਤੀ ਪਕਵਾਨਾਂ ਦੇ ਸਵਾਦ ਨਾਲ ਜਾਣ ਪਛਾਣ ਕਰਾਉਣ ਲਈ ਉਸ ਨੇ ਇਹ ਰੈਸਤਰਾਂ ਖੋਲ੍ਹਿਆ ਸੀ। ਦੀਨ ਮੁਹੰਮਦ ਦਾ ਇਹ ਰੈਸਤਰਾਂ ਜ਼ਿਆਦਾ ਦਿਨ ਤੱਕ ਨਹੀਂ ਚੱਲ ਸਕਿਆ। 1812 ਵਿਚ ਉਸ ਦਾ ਦੀਵਾਲਾ ਨਿਕਲ ਗਿਆ। ਉਸ ਦੇ ਨਵੇਂ ਪ੍ਰਬੰਧਕਾਂ ਨੇ ਬਾਅਦ ਵਿਚ ਉਸ ਨੂੰ 'ਹਿੰਦੁਸਤਾਨੀ ਕਾਫੀ ਹਾਊਸ' ਨਾਂ ਨਾਲ 20 ਸਾਲ ਹੋਰ ਚਲਾਇਆ ਪਰ ਅੰਤ ਵਿਚ 1833 ਵਿਚ ਉਹ ਵੀ ਬੰਦ ਹੋ ਗਿਆ।

ਇਸ ਰੈਸਤਰਾਂ ਦਾ ਇਕ ਹੱਥ ਲਿਖਿਆ ਮੈਨਿਊ ਕਾਰਡ ਇਥੇ ਇਕ ਪੁਸਤਕ ਮੇਲੇ ਵਿਚ 8500 ਪੌਂਡ ਯਾਨੀ 11344 ਡਾਲਰ ਦਾ ਵਿਕਿਆ। ਇਸ ਉਤੇ ਲਿਖੇ ਹੋਰ ਪਕਵਾਨਾਂ ਵਿਚ 'ਮੱਕੀ ਪੁਲਾਵ', 'ਲੌਬਸਟਰ ਕਰੀ', 'ਕੁਲਮਾਹ ਆਫ ਲੈਂਬ ਜਾਂ ਵੀਲ' ਆਦਿ ਸ਼ਾਮਲ ਹਨ। ਕੁੱਲ 25 ਭਾਰਤੀ ਪਕਵਾਨਾਂ ਦੇ ਨਾਂ ਇਸ ਕਾਰਡ ਉਤੇ ਹਨ ਜਿਨ੍ਹਾਂ ਦੇ ਰੇਟ ਵੀ ਲਿਖੇ ਹੋਏ ਹਨ।

## ਟਰੰਪ ਵੱਲੋਂ 12 ਜੂਨ ਨੂੰ ਸਿੰਗਾਪੁਰ ਵਾਰਤਾ ਦੀ ਪੁਸ਼ਟੀ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਪੁਸ਼ਟੀ ਕੀਤੀ ਹੈ ਕਿ ਉਹ ਸਿੰਗਾਪੁਰ ਵਿਚ ਉਤਰੀ ਕੋਰੀਆ ਦੇ ਆਗੂ ਕਿਮ ਜੋਂਗ ਉਨ ਨਾਲ 12 ਜੂਨ ਨੂੰ ਮੁਲਾਕਾਤ ਕਰਨਗੇ ਅਤੇ ਕੋਰੀਆ ਪਰਾਇਦੀਪ ਨੂੰ ਪਰਮਾਣੂ ਮੁਕਤ ਕਰਨ ਦੀ ਪ੍ਰਕਿਰਿਆ ਦੀ ਸ਼ੁਰੂਆਤ ਕਰਨਗੇ। ਵ੍ਹਾਈਟ ਹਾਊਸ ਦੇ ਓਵਲ ਆਫਿਸ ਵਿਚ ਉਤਰੀ ਕੋਰੀਆ ਦੇ ਦੂਤ ਕਿਮ ਯੋਂਗ ਚੋਲ ਦੇ ਨਾਲ 80 ਮਿੰਟ ਤੱਕ ਚੱਲੀ ਗੱਲਬਾਤ ਦੇ ਅਖੀਰ ਵਿਚ ਅਮਰੀਕੀ ਰਾਸ਼ਟਰਪਤੀ ਨੇ ਸਿੰਗਾਪੁਰ ਵਿਚ 12 ਜੂਨ ਨੂੰ ਹੋਣ ਵਾਲੀ ਮੀਟਿੰਗ ਦੀ ਪੁਸ਼ਟੀ ਸਬੰਧੀ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਕਦੇ ਵੀ ਮੀਟਿੰਗ ਰੱਦ ਨਹੀਂ ਕੀਤੀ ਸੀ ਅਤੇ ਉਨ੍ਹਾਂ ਨੇ ਉਤਰੀ ਕੋਰੀਆ ਦੇ ਆਗੂਆਂ ਵੱਲੋਂ ਜਾਰੀ ਕੀਤੇ ਬਿਆਨਾਂ ਸਬੰਧੀ ਪੱਤਰ ਲਿਖਿਆ ਸੀ।


## Matrimonials

### ਵਰ ਦੀ ਲੋੜ ਹੈ

ਪਨੇਸਰ ਸਿੱਖ ਸੁਸ਼ੀਲ, ਸੁੰਦਰ ਕੰਨਿਆ ਲਈ ਅਮਰੀਕਾ ਜਾਂ ਕੈਨੇਡਾ ਵਿਚ ਯੋਗ ਵਰ ਦੀ ਲੋੜ ਹੈ। ਉਮਰ 25 ਸਾਲ, ਕੱਦ 5'-2", 10+2, ਬੀ. ਏ, ਨੈਨੀ ਅਤੇ ਕੰਪਿਊਟਰ ਨਾਲ ਕੀਤੀ ਹੋਈ ਹੈ। ਕੈਨੇਡਾ ਵਿਚ ਨੈਨੀ ਦੀ ਸਪਾਂਸਰਸ਼ਿਪ ਲਈ ਵੀ ਯੋਗ ਹੈ। ਸੰਪਰਕ ਕਰੋ, caprisingh8@yahoo.com ਜਾਂ ਫੋਨ: 91-99144-76161 (ਭਾਰਤ) 20

### ਲੜਕੀ ਦੀ ਲੋੜ ਹੈ

ਇਕਲੌਤਾ ਜੱਟ ਸਿੱਖ, 28 ਸਾਲ, 5'-8", ਵੈਸ਼ਨੂੰ ਲੜਕੇ ਲਈ ਅਮਰੀਕੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਲੜਕਾ ਬੀ.ਐਸਸੀ ਐਗਰੀਕਲਚਰ ਆਨਰਜ਼, ਐਮ. ਬੀ. ਏ. ਬੈਂਕਿੰਗ ਤੇ ਫਾਇਨਾਂਸ ਅਤੇ ਸਰਕਾਰੀ ਬੈਂਕ ਵਿਚ ਹੈਡ ਮੈਨੇਜਰ ਹੈ ਤੇ ਵਿਜ਼ਿਟਰ ਵੀਜ਼ੇ 'ਤੇ ਅਮਰੀਕਾ ਵਿਚ ਹੈ। ਨਾਨਕਾ ਪਰਿਵਾਰ ਅਮਰੀਕਾ ਵਿਚ ਵੈਲ ਸੈਟਲਡ ਹੈ। ਸੰਪਰਕ ਕਰੋ, ਫੋਨ: 219-671-3442 22-

Suitable match wanted for US born citizen boy, 30 yrs, 5'-6", MD, finishing first year residency, wheatish complexion, vegetarian and teetotaler, Contact: 321-888-5109, E-mail: billsinghtech@gmail.com 20-

### ਲੜਕੀ ਦੀ ਲੋੜ ਹੈ

Wanted suitable beautiful US/ Canadian citizen Jatt/Khatri Sikh girl for a really handsome US citizen clean shaven Khatri Sikh boy 30, 6'-1", doing pharmacy. Father Kochhar Khatri and mother Kashmiri Jatt Sikh Kahlon. Preference to Kashmiri Sikh girl. Pl. contact, Ph: 859-312-2950, e-mail: monicacat2001@yahoo.com

Looking for a US Citizen or green card holder girl for Ravidasia Sikh boy, 30 yrs, 6', MA, B.Ed., currently in US on visitor visa. Contact, Ph. 1-414-460-7118, Email: klerjay@aol.com 20-23

Wanted mature, family oriented, vegetarian, preferably US based, over 30 issueless divorcee or widow for Lobana Sikh, 41, 5'-9" clean shaven, teetotaler, legally divorced, pending US immigration status. Family owns business & home, brother citizen & parents legal permanent residents of USA. Early marriage. Caste no bar. Contact: Ph: 330-348-4561, plmultani@yahoo.com 21-24



# ਡਿਸ਼ਵਾਸ਼ਰ, ਕਿਚਨ ਹੈਲਪਰ, ਤੰਦੂਰੀਏ, ਕੱਰੀ ਕੁੱਕ ਤੇ ਵੇਟਰ ਦੀ ਫੌਰੀ ਲੋੜ ਹੈ

ਮਿਲਵਾਕੀ (ਵਿਸਕਾਨਸਿਨ) ਵਿਚ ਬਾਲੀਵੁੱਡ ਗਰਿਲ ਅਤੇ ਟੇਸਟ ਆਫ ਇੰਡੀਆ ਰੈਸਟੋਰੈਂਟ ਲਈ ਡਿਸ਼ਵਾਸ਼ਰ, ਕਿਚਨ ਹੈਲਪਰ, ਤੰਦੂਰੀਏ, ਕੱਰੀ ਕੁੱਕ ਤੇ ਵੇਟਰ ਦੀ ਫੌਰੀ ਲੋੜ ਹੈ।

ਰਿਹਾਇਸ਼, ਟਰਾਂਸਪੋਰਟੇਸ਼ਨ ਤੇ ਖਾਣਾ ਮੁਫਤ

*ਸੰਪਰਕ ਕਰੋ, ਮਨਜੀਤ ਸਿੰਘ*

**ਫੋਨ: 262-894-0913**

21-24



# Prince's Barber Shop

**37477 Fremont Blvd, suite C, Fremont, CA 94536**

***Men & Children's Hair Cut***

*Threading
*Men's Facials
*Custom Designing
*Line-ups
*Custom Text
*Hair Coler
*Shave & Mundan
*Head Massage

**ਫੁੱਲ ਟਾਈਮ ਬਾਰਬਰ ਦੀ ਲੋੜ ਹੈ**

*ਇੰਡੀਆ ਅਤੇ ਅਮਰੀਕਾ ਦਾ 18 ਸਾਲ ਦਾ ਤਜ਼ਰਬਾ*

**Business hours:**
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



**Cell: (510)-677-9942**
**Shop: (510)-505-9605**

*www.princebarbershop.com*



# ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

## National Truck Driving School

**1816 Main Ave., Secramento CA, 95838**

## ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ

*ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ*



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ

**Call For Special Price**

**Kashmir S. Thandi**
**Office: (866) 933-3038**
**Balhar S. Ranu Cell:916-502-7733**

# ਬੇਅਦਬੀ ਕਾਂਡ: ਪੰਥਕ ਇਕੱਠ 'ਚ ਨਿਸ਼ਾਨੇ ਉਤੇ ਰਹੇ ਬਾਦਲ ਤੇ ਕੈਪਟਨ

**ਬਰਗਾੜੀ:** ਤਿੰਨ ਸਾਲ ਪਹਿਲਾਂ ਬਰਗਾੜੀ ਵਿਚ ਵਾਪਰੀ ਗੁਰੂ ਗ੍ਰੰਥ ਦੀ ਬੇਅਦਬੀ ਦੀ ਘਟਨਾ ਅਤੇ ਬਹਿਬਲ ਕਲਾਂ ਗੋਲੀ ਕਾਂਡ ਦੀ ਤੀਜੀ ਵਰ੍ਹੇਗੰਢ ਮੌਕੇ ਪੰਥਕ ਇਕੱਠ ਵਿਚ ਪੰਜਾਬ ਦੀਆਂ ਸਿਆਸੀ ਧਿਰਾਂ (ਕਾਂਗਰਸ ਤੇ ਅਕਾਲੀ) ਨਿਸ਼ਾਨੇ ਉਤੇ ਰਹੀਆਂ।



ਬੁਲਾਰਿਆਂ ਨੇ ਘਟਨਾਵਾਂ ਉਤੇ ਪਰਦਾਪੋਸ਼ੀ ਲਈ ਅਕਾਲੀ ਦਲ ਅਤੇ ਕਾਂਗਰਸ ਨੂੰ ਜ਼ਿੰਮੇਵਾਰ ਠਹਿਰਾਇਆ। ਬੁਲਾਰਿਆਂ ਨੇ ਕਿਹਾ ਕਿ ਰਾਜਨੀਤਕ ਲਾਹੇ ਲਈ ਇਹ ਘਟਨਾਵਾਂ ਤਤਕਾਲੀ ਹਕੂਮਤ ਵੱਲੋਂ ਕਰਵਾਈਆਂ ਗਈਆਂ। ਇਸ ਦੌਰਾਨ ਤਤਕਾਲੀ ਤੇ ਮੌਜੂਦਾ ਮੁੱਖ ਮੰਤਰੀਆਂ ਦੇ ਪਰਿਵਾਰਾਂ ਦੀ ਅੰਦਰਖਾਤੇ 'ਮਿੱਤਰਤਾ' ਦੀ ਭਾਂਡਾ ਵੀ ਭੰਨਿਆ ਗਿਆ।

ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਨੇ ਬਾਦਲ-ਕੈਪਟਨ ਸਮਝੌਤੇ ਬਾਰੇ ਬੋਲਦਿਆਂ ਕਿਹਾ ਕਿ ਬਹਿਬਲ ਕਾਂਡ ਦੀ ਐਫ.ਆਈ.ਆਰ. ਵਿਚ ਦਰਜ 'ਅਨਪਛਾਤੀ ਪੁਲਿਸ' ਅਜੇ ਵੀ ਪਹਿਲੀ ਥਾਂ ਤਾਇਨਾਤ ਹੈ, ਜਿਸ ਤੋਂ ਸਾਫ ਹੈ ਕਿ ਕਿਹੜਾ ਪੁਲਿਸ ਅਫਸਰ ਕਿਸ ਦੇ ਖਿਲਾਫ਼ ਕਿਵੇਂ ਕਾਰਵਾਈ ਕਰ ਸਕੇਗਾ? ਉਨ੍ਹਾਂ ਪੰਜਾਬ ਦੇ ਜ਼ਹਿਰੀਲੇ ਹੋ ਰਹੇ ਦਰਿਆਈ ਪਾਣੀਆਂ ਅਤੇ ਵਿਦੇਸ਼ ਜਾ ਰਹੇ ਨੌਜਵਾਨਾਂ ਬਾਰੇ ਵੀ ਫਿਕਰਮੰਦੀ ਜਤਾਈ। ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਲੋਕਾਂ ਨੂੰ ਨਿਹੋਰਾ ਦਿੱਤਾ ਕਿ ਉਹ ਸਿੱਖ ਸੰਘਰਸ਼ ਦੀ ਕਾਮਯਾਬੀ ਲਈ ਸਹਿਯੋਗ ਨਹੀਂ ਦਿੰਦੇ ਅਤੇ ਕੇਵਲ ਨਾਅਰੇ ਮਾਰਦੇ ਹਨ।

ਸ੍ਰੀ ਅਕਾਲ ਤਖਤ ਦੇ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਕਿਹਾ ਕਿ ਬਾਦਲ ਤੇ ਕੈਪਟਨ ਕਥਿਤ ਰਲੇ ਹੋਏ ਹਨ, ਜਿਸ ਕਾਰਨ ਬੇਅਦਬੀ ਦੇ ਮੁਲਜ਼ਮਾਂ ਅਤੇ ਬਹਿਬਲ ਕਾਂਡ ਦਾ ਖੂਨੀ ਸਾਕਾ ਰਚਾਉਣ ਵਾਲਿਆਂ ਵਿਰੁੱਧ ਕਾਰਵਾਈ ਨਹੀਂ ਹੋਈ। ਉਨ੍ਹਾਂ ਦੇਸ਼ ਅਤੇ ਵਿਦੇਸ਼ ਦੀਆਂ ਜੇਲ੍ਹਾਂ ਵਿਚ ਬੰਦੀ ਸਿੱਖਾਂ ਦੀ ਰਿਹਾਈ ਪ੍ਰਤੀ ਸਰਕਾਰਾਂ ਦੀ ਪਹੁੰਚ ਨੂੰ ਗੈਰ ਸੰਜੀਦਾ ਕਰਾਰ ਦਿੱਤਾ। ਤਖਤ ਦਮਦਮਾ ਸਾਹਿਬ ਦੇ ਮੁਤਵਾਜ਼ੀ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਵੱਲੋਂ ਮਤੇ ਪਾਸ ਕਰ ਕੇ ਬੁਰਜ ਜਵਾਹਰ ਸਿੰਘ ਵਾਲਾ ਤੋਂ ਪਾਵਨ ਸਰੂਪ ਚੋਰੀ ਕਰਨ ਵਾਲਿਆਂ ਦੀ ਗ੍ਰਿਫਤਾਰੀ, ਬਰਗਾੜੀ ਬੇਅਦਬੀ ਕਾਂਡ ਖਿਲਾਫ਼ ਕੋਟਕਪੂਰਾ ਅਤੇ ਬਹਿਬਲ ਵਿਚ ਸ਼ਾਂਤਮਈ ਧਰਨੇ 'ਤੇ ਬੈਠੀ ਸੰਗਤ ਉਪਰ ਕਹਿਰ ਢਾਹੁਣ ਵਾਲੇ ਪੁਲਿਸ ਕਰਮਚਾਰੀਆਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਗਈ। ਉਨ੍ਹਾਂ ਮੰਗ ਕੀਤੀ ਕਿ ਦੇਸ਼-ਵਿਦੇਸ਼ ਵਿਚ ਬੰਦੀ ਸਿੱਖਾਂ ਦੀ ਤੁਰਤ ਰਿਹਾਈ ਲਈ ਚਾਰਾਜੋਈ ਕੀਤੀ ਜਾਵੇ।

## ਸਿਆਸੀ ਲਾਹਾ ਲੈਣ ਵਾਲੇ ਆਗੂਆਂ ਦੀ ਆਲੋਚਨਾ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬਰਗਾੜੀ ਮਾਮਲੇ ਬਾਰੇ ਸਰਕਾਰ ਦੇ ਨਾਕਾਮ ਰਹਿਣ ਦੇ ਲਾਏ ਜਾ ਰਹੇ ਸਾਰੇ ਦੋਸ਼ਾਂ ਨੂੰ ਰੱਦ ਕਰਦੇ ਹੋਏ ਕਿਹਾ ਕਿ ਜਸਟਿਸ ਰਣਜੀਤ ਸਿੰਘ ਦੀ ਅਗਵਾਈ ਵਾਲਾ ਕਮਿਸ਼ਨ ਬੇਅਦਬੀ ਦੀਆਂ ਵੱਖ-ਵੱਖ ਘਟਨਾਵਾਂ ਦੀ ਜਾਂਚ ਕਰ ਰਿਹਾ ਹੈ, ਜਿਨ੍ਹਾਂ ਵਿਚ ਫਰੀਦਕੋਟ ਜ਼ਿਲ੍ਹੇ ਦੇ ਕੋਟਕਪੂਰਾ ਦੀ ਉਹ ਘਟਨਾ ਵੀ ਸ਼ਾਮਲ ਹੈ, ਜਿਸ ਵਿਚ ਦੋ ਵਿਅਕਤੀ ਮਾਰੇ ਗਏ ਸਨ। ਮੁੱਖ ਮੰਤਰੀ ਨੇ ਇਸ ਮੁੱਦੇ ਤੋਂ ਸਿਆਸੀ ਫਾਇਦਾ ਲੈਣ ਦੀ ਕੋਸ਼ਿਸ਼ ਕਰ ਰਹੇ ਆਮ ਆਦਮੀ ਪਾਰਟੀ ਸਮੇਤ ਹੋਰ ਸਿਆਸੀ ਆਗੂਆਂ ਦੀ ਤਿੱਖੀ ਆਲੋਚਨਾ ਕੀਤੀ।

# ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਵਲੋਂ ਜਥੇਦਾਰ ਮੰਡ ਦੇ ਮੋਰਚੇ ਦੀ ਪੂਰਨ ਹਮਾਇਤ

**ਨਿਊ ਯਾਰਕ (ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਨੇ ਬਰਗਾੜੀ ਵਿਚ ਹੋਏ ਪੰਥਕ ਇਕੱਠ ਮੌਕੇ ਜਥੇਦਾਰ ਧਿਆਨ ਸਿੰਘ ਮੰਡ ਵਲੋਂ ਪੰਥਕ ਹਿੱਤਾਂ ਨੂੰ ਮੁੱਖ ਰੱਖਦਿਆਂ ਲਾਏ ਗਏ ਮੋਰਚੇ ਦੀ ਸ਼ਲਾਘਾ ਕਰਦਿਆਂ ਇਸ ਦੀ ਪੂਰਨ ਹਮਾਇਤ ਅਤੇ ਇਸ ਮੋਰਚੇ ਵਿਚ ਹਰ ਸੰਭਵ ਯੋਗਦਾਨ ਪਾਉਣ ਦਾ ਐਲਾਨ ਕੀਤਾ ਹੈ।

ਪਾਰਟੀ ਵਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਬਰਗਾੜੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਿਰੁਧ ਸ਼ਾਂਤਮਈ ਰੋਸ ਮੁਜਾਹਰਾ ਕਰ ਰਹੀਆਂ ਸੰਗਤਾਂ 'ਤੇ ਗੋਲੀਆਂ ਚਲਾ ਕੇ ਦੋ ਸਿੰਘਾਂ ਨੂੰ ਸ਼ਹੀਦ ਕਰਨ ਵਾਲੇ ਪੁਲਿਸ ਕਰਮਚਾਰੀਆਂ ਨੂੰ ਸਜ਼ਾ ਦਿਵਾਉਣੀ, ਬੇਅਦਬੀ ਕਰਨ ਤੇ ਕਰਵਾਉਣ ਵਾਲਿਆਂ ਨੂੰ ਸਜ਼ਾ ਦਿਵਾਉਣੀ, ਲੰਬੇ ਸਮੇਂ ਤੋਂ ਸਜ਼ਾਵਾਂ ਪੂਰੀਆਂ ਕਰ ਚੁਕੇ ਸਿੱਖਾਂ ਦੀ ਰਿਹਾਈ ਤੇ ਪੰਜਾਬ ਤੋਂ ਬਾਹਰਲੀਆਂ ਜੇਲ੍ਹਾਂ ਵਿਚ ਬੰਦ ਸਿੱਖ ਕੈਦੀਆਂ ਨੂੰ ਪੰਜਾਬ ਦੀਆਂ ਜੇਲਾਂ ਵਿਚ ਤਬਦੀਲ ਕਰਵਾਉਣਾ ਸਿੱਖਾਂ ਦੀਆਂ ਜਾਇਜ਼ ਮੰਗਾਂ ਹਨ, ਜਿਨ੍ਹਾਂ ਦੀ ਹਰ ਨਿਆਂ ਪਸੰਦ ਬੰਦੇ ਨੂੰ ਹਮਾਇਤ ਕਰਨੀ ਚਾਹੀਦੀ ਹੈ।

ਬਰਗਾੜੀ ਵਿਖੇ ਪਹਿਲੀ ਜੂਨ ਨੂੰ ਹੋਏ ਪੰਥਕ ਇਕੱਠ ਵਿਚ ਪੰਥਕ ਜਥੇਬੰਦੀਆਂ, ਸੰਪਰਦਾਵਾਂ, ਸਿਆਸੀ ਧਿਰਾਂ ਤੇ ਵੱਡੀ ਗਿਣਤੀ ਵਿਚ ਸੰਗਤਾਂ ਦੀ ਹਾਜ਼ਰੀ ਇਸ ਗੱਲ ਦੀ ਗਵਾਹੀ ਹੈ ਕਿ ਜਥੇਦਾਰ ਮੰਡ ਵਲੋਂ ਜੋ ਮੋਰਚਾ ਲਾਉਣ ਦਾ ਐਲਾਨ ਕੀਤਾ ਗਿਆ ਹੈ, ਇਹ ਧਿਰਾਂ ਉਸ ਦੇ ਹੱਕ ਵਿਚ ਹਨ। ਪਾਰਟੀ ਵਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਜਥੇਦਾਰ ਮੰਡ ਵਲੋਂ ਐਲਾਨੇ ਗਏ ਇਸ ਮੋਰਚੇ ਨਾਲ ਉਮੀਦ ਹੈ ਕਿ ਸਿੱਖ ਕੌਮ ਨੂੰ ਇਨਸਾਫ ਜ਼ਰੂਰ ਮਿਲੇਗਾ ਕਿਉਂਕਿ ਜਥੇਦਾਰ ਮੰਡ ਇਕ ਉਹ ਇਨਸਾਨ ਹਨ, ਜਿਨ੍ਹਾਂ ਦੇ ਆਪਣੇ ਪਰਿਵਾਰ ਦੇ ਕਈ ਜੀਅ ਸੰਘਰਸ਼ ਦੀ ਝੋਲੀ ਪੈ ਚੁਕੇ ਹਨ ਤੇ ਆਪ ਵੀ ਆਪਣੇ ਪਿੰਡੇ 'ਤੇ ਸੰਘਰਸ਼ ਦੇ ਸੇਕ ਨੂੰ ਹੰਢਾਇਆ ਹੋਇਆ ਹੈ। ਪਾਰਟੀ ਨੇ ਪੰਜਾਬ ਵਾਸੀਆਂ ਨੂੰ ਵੀ ਪੁਰਜ਼ੋਰ ਅਪੀਲ ਕੀਤੀ ਹੈ ਕਿ ਸਭ ਮੋਰਚੇ ਦਾ ਹਿੱਸਾ ਬਣੋ ਤੇ ਸਰਕਾਰ ਨੂੰ ਮੰਗਾਂ ਮੰਨਣ ਲਈ ਮਜਬੂਰ ਕਰ ਦਿਓ।

# ਕੈਪਟਨ ਅਮਰਿੰਦਰ ਸਿੰਘ ਨੇ ਪ੍ਰਕਾਸ਼ ਉਤਸਵ ਲਈ ਕੇਂਦਰ ਕੋਲੋਂ ਮੰਗੇ 2145 ਕਰੋੜ

**ਚੰਡੀਗੜ੍ਹ:** ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਦੇ ਅਗਲੇ ਸਾਲ ਮਨਾਏ ਜਾ ਰਹੇ 550ਵੇਂ ਜਨਮ ਦਿਵਸ ਸਮਾਰੋਹ ਲਈ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੱਖ-ਵੱਖ ਬੁਨਿਆਦੀ ਢਾਂਚਾ ਪ੍ਰੋਜੈਕਟਾਂ ਅਤੇ ਵੱਖ-ਵੱਖ ਕਸਬਿਆਂ ਅਤੇ ਸ਼ਹਿਰਾਂ ਵਿਚ ਵਿਸ਼ੇਸ਼ ਪ੍ਰੋਗਰਾਮ ਕਰਵਾਉਣ ਲਈ ਭਾਰਤ ਸਰਕਾਰ ਕੋਲੋਂ 2145.31 ਕਰੋੜ ਰੁਪਏ ਦੀ ਸਹਾਇਤਾ ਦੀ ਮੰਗ ਕੀਤੀ ਹੈ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਲਿਖੇ ਇਕ ਪੱਤਰ ਵਿਚ ਮੁੱਖ ਮੰਤਰੀ ਨੇ ਸੁਝਾਅ ਦਿੱਤਾ ਹੈ ਕਿ ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਇਕ ਰਾਸ਼ਟਰੀ ਸਮਾਰੋਹ ਕਮੇਟੀ ਬਣਾਈ ਜਾਵੇ, ਜੋ ਦੇਸ਼ ਭਰ ਵਿਚ ਮਨਾਏ ਜਾ ਰਹੇ ਇਨ੍ਹਾਂ ਇਤਿਹਾਸਕ ਸਮਾਰੋਹਾਂ ਉਤੇ ਨਿਗਰਾਨੀ ਰੱਖੇ। ਮੁੱਖ ਮੰਤਰੀ ਇਸ ਮੁੱਦੇ ਉਤੇ ਵਿਚਾਰ ਵਟਾਂਦਰਾ ਕਰਨ ਲਈ ਨਿੱਜੀ ਤੌਰ ਉਤੇ ਪ੍ਰਧਾਨ ਮੰਤਰੀ ਨੂੰ ਮਿਲਣਗੇ। ਉਨ੍ਹਾਂ ਕਿਹਾ ਕਿ ਵੱਖ-ਵੱਖ ਸੂਬਿਆਂ ਵਿਚ ਇਹ ਸਮਾਰੋਹ ਮਨਾਉਣ ਲਈ ਇਕ ਸਾਲ ਦਾ ਕੈਲੰਡਰ ਤਿਆਰ ਕੀਤਾ ਜਾ ਰਿਹਾ ਹੈ।

ਉਨ੍ਹਾਂ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਕਿ ਕੇਂਦਰ ਸਰਕਾਰ ਇਤਿਹਾਸਕ ਸਮਾਰੋਹ ਮੌਕੇ ਪੰਜਾਬ ਵਿਚ ਕੁਝ ਸਮਰਪਤ ਵਿਸ਼ੇਸ਼ ਪ੍ਰੋਜੈਕਟ ਦੇਵੇ। ਮੁੱਖ ਮੰਤਰੀ ਨੇ ਅੰਮ੍ਰਿਤਸਰ ਵਿਖੇ ਅੰਤਰ ਵਿਸ਼ਵਾਸ ਅਧਿਐਨ ਲਈ ਸ੍ਰੀ ਗੁਰੂ ਨਾਨਕ ਦੇਵ ਨੈਸ਼ਨਲ ਇੰਸਟੀਚਿਊਟ ਦੀ ਸਥਾਪਨਾ ਲਈ ਮਾਨਵੀ ਸਰੋਤ ਵਿਕਾਸ ਮੰਤਰਾਲੇ ਤੋਂ 350 ਕਰੋੜ ਰੁਪਏ ਦੀ ਵਿਸ਼ੇਸ਼ ਗ੍ਰਾਂਟ ਵੀ ਮੰਗੀ ਹੈ। ਇਸ ਇੰਸਟੀਚਿਊਟ ਲਈ ਜ਼ਮੀਨ ਸੂਬਾ ਸਰਕਾਰ ਵੱਲੋਂ ਉਪਲਬਧ ਕਰਵਾਈ ਜਾਵੇਗੀ। ਮੁੱਖ ਮੰਤਰੀ ਨੇ ਗੁਰਦਾਸਪੁਰ ਵਿਚ 500 ਬਿਸਤਰਿਆਂ ਦੇ ਸ੍ਰੀ ਗੁਰੂ ਨਾਨਕ ਦੇਵ ਮੈਡੀਕਲ ਕਾਲਜ ਅਤੇ ਸੁਪਰ ਸਪੈਸ਼ਲਿਟੀ ਹਸਪਤਾਲ ਦੀ ਸਥਾਪਨਾ ਲਈ 500 ਕਰੋੜ ਰੁਪਏ ਦੀ ਸਹਾਇਤਾ ਦੀ ਵੀ ਮੰਗ ਕੀਤੀ। ਇਸ ਤੋਂ ਇਲਾਵਾ 150 ਅੰਡਰ ਗਰੈਜੂਏਟ ਅਤੇ ਮੈਡੀਸਨ ਲਈ ਢੁਕਵੇਂ ਅਨੁਪਾਤ ਵਿਚ ਪੋਸਟ ਗਰੈਜੂਏਟ ਸੀਟਾਂ ਹੋਣਗੀਆਂ।

ਮੁੱਖ ਮੰਤਰੀ ਨੇ 'ਇਕ ਵਿਰਾਸਤੀ ਪਿੰਡ ਬਾਬੇ ਨਾਨਕ ਦਾ' ਦੀ ਸਥਾਪਨਾ ਕਰਨ ਲਈ ਸਭਿਆਚਾਰਕ ਮੰਤਰਾਲੇ ਕੋਲੋਂ 200 ਕਰੋੜ ਰੁਪਏ ਦੀ ਵਿਸ਼ੇਸ਼ ਗ੍ਰਾਂਟ ਦੀ ਮੰਗ ਕੀਤੀ ਹੈ। ਇਹ ਪਿੰਡ ਸ੍ਰੀ ਗੁਰੂ ਨਾਨਕ ਦੇਵ ਦੇ ਸਮੇਂ ਦੇ ਜੀਵਨ ਨੂੰ ਦਰਸਾਵੇਗਾ।

ਇਹ ਪ੍ਰਸਤਾਵਿਤ ਪਿੰਡ ਸੁਲਤਾਨਪੁਰ ਲੋਧੀ ਵਿਚ 75-100 ਏਕੜ ਰਕਬੇ ਵਿਚ ਸਥਾਪਤ ਕੀਤਾ ਜਾਵੇਗਾ। ਪੰਜਾਬ ਦੇ 15 ਜ਼ਿਲ੍ਹਿਆਂ ਵਿਚ 40 ਹੋਰ ਵਿਰਾਸਤੀ ਪਿੰਡ ਬਣਾਉਣ ਲਈ 100 ਕਰੋੜ ਰੁਪਏ ਦੀ ਮੰਗ ਕੀਤੀ ਹੈ। ਇਸ ਦਾ ਮੁੱਖ ਸਮਾਰੋਹ ਸੁਲਤਾਨਪੁਰ ਲੋਧੀ ਹੋਵੇਗਾ। ਨਗਰ ਕੀਰਤਨ ਅਤੇ ਸਮਾਰੋਹ ਡੇਰਾ ਬਾਬਾ ਨਾਨਕ ਵਿਖੇ ਸਮਾਪਤ ਹੋਵੇਗਾ।

# ਪੰਜਾਬ ਵਿਚ ਧੋਖੇਬਾਜ਼ ਟਰੈਵਲ ਏਜੰਟ ਨੂੰ ਪਿਆ ਘੇਰਾ

**ਜਲੰਧਰ:** ਟਰੈਵਲ ਏਜੰਟਾਂ ਉਤੇ ਸ਼ਿਕੰਜਾ ਕੱਸਣ ਲਈ ਸਿਵਲ ਤੇ ਪੁਲਿਸ ਪ੍ਰਸ਼ਾਸਨ ਵੱਲੋਂ ਸਾਂਝੇ ਤੌਰ ਉਤੇ ਪੰਜ ਟੀਮਾਂ ਬਣਾ ਕੇ ਕੀਤੀ ਕਾਰਵਾਈ ਦੌਰਾਨ 20 ਟਰੈਵਲ ਏਜੰਟਾਂ ਵਿਰੁੱਧ ਐਫ.ਆਈ.ਆਰ. ਦਰਜ ਕਰ ਕੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਹੈ, ਜਦੋਂਕਿ 40 ਤੋਂ ਵੱਧ ਟਰੈਵਲ ਏਜੰਟਾਂ ਦੇ ਦਫਤਰਾਂ ਦੀ ਬਰੀਕੀ ਨਾਲ ਪੁਣਛਾਣ ਕੀਤੀ ਗਈ।

ਪੁਲਿਸ ਕੋਲ 100 ਤੋਂ ਵੱਧ ਟਰੈਵਲ ਏਜੰਟਾਂ ਦੀ ਸੂਚੀ ਦੱਸੀ ਜਾ ਰਹੀ ਹੈ, ਜਿਨ੍ਹਾਂ ਬਾਰੇ ਲੋਕਾਂ ਨੇ ਸ਼ਿਕਾਇਤਾਂ ਕੀਤੀਆਂ ਹੋਈਆਂ ਸਨ। ਪੁਲਿਸ ਨੇ ਬੱਸ ਅੱਡੇ ਦੇ ਆਲੇ-ਦੁਆਲੇ ਵਾਲੇ ਟਰੈਵਲ ਏਜੰਟਾਂ ਵਿਰੁੱਧ ਜਦੋਂ ਕਾਰਵਾਈ ਕੀਤੀ ਤਾਂ ਉਥੇ ਭਾਜੜਾਂ ਪੈ ਗਈਆਂ। ਕਈ ਟਰੈਵਲ ਏਜੰਟਾਂ ਨੂੰ ਛਾਪਾ ਪੈਣ ਦੀ ਸੂਹ ਮਿਲਣ ਕਾਰਨ ਉਹ ਆਪਣੇ ਦਫਤਰਾਂ ਨੂੰ ਜਿੰਦੇ ਲਾ ਕੇ ਫਰਾਰ ਹੋ ਗਏ। ਪੁਲਿਸ ਤੇ ਸਿਵਲ ਪ੍ਰਸ਼ਾਸਨ ਨੇ ਜਿਹੜੇ ਟਰੈਵਲ ਏਜੰਟਾਂ ਵਿਰੁੱਧ ਸ਼ਿਕੰਜਾ ਕੱਸਿਆ ਹੈ, ਉਨ੍ਹਾਂ ਵਿਚ ਜ਼ਿਆਦਾ ਸਟੱਡੀ ਵੀਜ਼ਾ, ਆਈਲਸ, ਇਮੀਗ੍ਰੇਸ਼ਨ ਦੀਆਂ ਸਲਾਹਾਂ ਦੇਣ ਵਾਲੇ ਸ਼ਾਮਲ ਸਨ। ਪੁਲਿਸ ਦਾ ਕਹਿਣਾ ਹੈ ਕਿ ਇਨ੍ਹਾਂ ਦਫਤਰਾਂ ਦੇ ਮਾਲਕ ਦੂਜੇ ਸੂਬਿਆਂ ਦੇ ਸਨ ਤੇ ਉਨ੍ਹਾਂ ਨੇ ਕੰਮ ਕਰਨ ਲਈ ਇਥੋਂ ਦੇ ਬੰਦਿਆਂ ਨੂੰ ਭਰਤੀ ਕੀਤਾ ਸੀ ਤੇ ਆਪ ਕਦੇ ਕਦਾਈਂ ਹੀ ਆਉਂਦੇ ਸਨ।

# ਕਰਜ਼ਾ ਮੁਆਫੀ ਸਕੀਮ ਵੀ ਨਾ ਰੋਕ ਸਕੀ ਖੁਦਕੁਸ਼ੀਆਂ ਦਾ ਰਾਹ

**ਲੰਬੀ:** ਕੈਪਟਨ ਸਰਕਾਰ ਦੀ ਕਰਜ਼ਾ ਮੁਆਫੀ ਸਕੀਮ ਵੀ ਕਿਸਾਨਾਂ ਨੂੰ ਖੁਦਕੁਸ਼ੀਆਂ ਦੇ ਰਾਹ ਤੋਂ ਰੋਕ ਨਹੀਂ ਸਕੀ। ਲੰਬੀ ਹਲਕੇ ਵਿਚ ਕਰਜ਼ੇ ਦੇ ਜੰਜਾਲ ਵਿਚ ਫਸੇ ਦੋ ਕਿਸਾਨ ਖੁਦਕੁਸ਼ੀ ਦੇ ਰਾਹ ਤੁਰ ਪਏ। ਪਿੰਡ ਕੱਖਾਂਵਾਲੀ ਦੇ 50 ਸਾਲਾ ਸਾਬਕਾ ਫੌਜੀ ਜਗਜੀਤ ਸਿੰਘ ਨੇ ਸਰਹਿੰਦ ਨਹਿਰ ਵਿਚ ਛਾਲ ਮਾਰ ਕੇ ਜ਼ਿੰਦਗੀ ਮੁਕਾ ਲਈ। ਜਦੋਂਕਿ ਖੁੱਡੀਆਂ ਮਹਾਂ ਸਿੰਘ ਦੇ 35 ਸਾਲਾ ਕਿਸਾਨ ਨਸੀਬ ਸਿੰਘ ਨੇ ਆੜ੍ਹਤੀ ਵੱਲੋਂ ਹਿਸਾਬ-ਕਿਤਾਬ ਉਪਰੰਤ ਪ੍ਰਨੋਟ ਉਤੇ ਖਾਲੀ ਚੈੱਕ ਰੱਖਣ ਦੀ ਫਿਕਰਮੰਦੀ ਵਿਚ ਸਪਰੇਅ ਪੀ ਲਈ।



ਕੱਖਾਂਵਾਲੀ ਦੇ ਸਾਬਕਾ ਫੌਜੀ-ਕਮ-ਕਿਸਾਨ ਜਗਜੀਤ ਸਿੰਘ ਪੁੱਤਰ ਬਸੰਤ ਸਿੰਘ ਕੋਲ ਸਿਰਫ ਪੌਣਾ ਏਕੜ ਜ਼ਮੀਨ ਸੀ। ਉਸ ਦੀ ਪਤਨੀ ਸਤਨਾਮ ਕੌਰ ਅਨੁਸਾਰ ਉਸਦੇ ਪਤੀ ਉਤੇ ਆੜ੍ਹਤੀਏ ਅਤੇ ਸਹਿਕਾਰੀ ਸਭਾ ਦਾ ਲਗਭਗ ਪੰਜ ਲੱਖ ਕਰਜ਼ਾ ਸੀ। ਕਰਜ਼ੇ ਦੇ ਬੋਝ ਤੋਂ ਜਗਜੀਤ ਸਿੰਘ ਮਾਨਸਿਕ ਪਰੇਸ਼ਾਨੀ ਵਿਚ ਰਹਿੰਦਾ ਸੀ, ਜਿਸ ਕਰ ਕੇ ਜਗਜੀਤ ਸਿੰਘ ਘਰੋਂ ਚਲਾ ਗਿਆ। ਪਰਿਵਾਰ ਨੇ ਉਸ ਦੀ ਬਹੁਤ ਭਾਲ ਕੀਤੀ ਪਰ ਉਸ ਦਾ ਕੋਈ ਥਹੁ ਠਿਕਾਣਾ ਨਹੀਂ ਲੱਗਿਆ। ਉਸ ਦੀ ਲਾਸ਼ ਲੋਹਗੜ੍ਹ ਹੈੱਡ ਤੋਂ ਬਰਾਮਦ ਹੋਈ।

ਖੁੱਡੀਆਂ ਮਹਾਂ ਸਿੰਘ ਵਿਚ ਸਪਰੇਅ ਪੀਣ ਵਾਲੇ ਕਿਸਾਨ ਨਸੀਬ ਸਿੰਘ ਦੇ ਪਿਤਾ ਸੁੱਖਾ ਸਿੰਘ ਨੇ ਦੱਸਿਆ ਕਿ ਉਸ ਦੇ ਲੜਕੇ ਨਸੀਬ ਸਿੰਘ ਦੀ ਮਲੋਟ ਦੇ ਆੜ੍ਹਤੀਏ ਨਾਲ ਦਹਾਕੇ ਭਰ ਤੋਂ ਆੜ੍ਹਤ ਸੀ।

ਨਸੀਬ ਸਿੰਘ ਸਿਰ ਆੜ੍ਹਤੀਏ ਦੀ 5.60 ਲੱਖ ਰੁਪਏ ਦੀ ਦੇਣਦਾਰੀ ਸੀ। ਕਰਜ਼ਾ ਤੋਂ ਖਹਿੜਾ ਛੁਡਵਾਉਣ ਲਈ ਨਸੀਬ ਸਿੰਘ ਨੇ ਅੱਠ ਲੱਖ ਰੁਪਏ ਵਿੱਚ ਆਪਣੀ ਅੱਧਾ ਏਕੜ ਜ਼ਮੀਨ ਆੜ੍ਹਤੀਏ ਨੂੰ ਵੇਚ ਦਿੱਤੀ। ਆੜ੍ਹਤੀਏ ਨੇ ਬਕਾਇਆ ਰਕਮ 2.40 ਲੱਖ ਰੁਪਏ ਦਾ ਚੈੱਕ ਨਸੀਬ ਸਿੰਘ ਨੂੰ ਸੌਂਪ ਦਿੱਤਾ। ਸੁੱਖਾ ਸਿੰਘ ਨੇ ਦੋਸ਼ ਲਾਇਆ ਕਿ ਨਸੀਬ ਸਿੰਘ ਵੱਲੋਂ ਆੜ੍ਹਤ ਲੈਣ-ਦੇਣ ਤਹਿਤ ਪਹਿਲਾਂ ਤੋਂ ਦਿੱਤੇ ਹੋਏ ਦੋ ਪ੍ਰਨੋਟ ਅਤੇ ਖਾਲੀ ਚੈੱਕ ਆੜ੍ਹਤੀ ਨੇ ਵਾਪਸ ਨਹੀਂ ਕੀਤੇ।

# ਮੁਤਵਾਜ਼ੀ ਜਥੇਦਾਰਾਂ ਨੇ ਨੇਕੀ ਨੂੰ ਪੰਥ 'ਚੋਂ ਛੇਕਿਆ

**ਅੰਮ੍ਰਿਤਸਰ:** ਨਿਊਜ਼ੀਲੈਂਡ ਵਾਸੀ ਸਿੱਖ ਹਰਨੇਕ ਸਿੰਘ ਨੇਕੀ ਨੂੰ ਪੰਥ ਵਿਰੋਧੀ ਕਾਰਵਾਈਆਂ ਕਰਨ ਦੇ ਦੋਸ਼ ਹੇਠ ਮੁਤਵਾਜ਼ੀ ਜਥੇਦਾਰਾਂ ਨੇ ਪੰਥ ਵਿਚੋਂ ਖਾਰਜ ਕਰਨ ਦਾ ਹੁਕਮ ਜਾਰੀ ਕਰ ਦਿੱਤਾ। ਇਹ ਆਦੇਸ਼ ਇਥੇ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਪ੍ਰਵੇਸ਼ ਦੁਆਰ ਪਲਾਜ਼ਾ ਕੋਲ ਜਾਰੀ ਕੀਤਾ ਗਿਆ। ਅਕਾਲ ਤਖਤ ਵਿਖੇ ਨਤਮਸਤਕ ਹੋਣ ਮਗਰੋਂ ਮੁਤਵਾਜ਼ੀ ਜਥੇਦਾਰਾਂ ਵਿਚ ਸ਼ਾਮਲ ਭਾਈ ਧਿਆਨ ਸਿੰਘ ਮੰਡ ਅਤੇ ਭਾਈ ਬਲਜੀਤ ਸਿੰਘ ਦਾਦੂਵਾਲ ਸਮੇਤ ਗੁਰਸੇਵਕ ਸਿੰਘ, ਜਗਮੀਤ ਸਿੰਘ ਅਤੇ ਗੁਰਵਿੰਦਰ ਸਿੰਘ ਨੇ ਆਖਿਆ ਕਿ ਹਰਨੇਕ ਸਿੰਘ ਨੇਕੀ ਖਿਲਾਫ਼ ਦੇਸ਼ ਵਿਦੇਸ਼ ਦੀਆਂ ਸੰਗਤਾਂ ਵੱਲੋਂ ਸ਼ਿਕਾਇਤ ਕੀਤੀ ਗਈ ਹੈ।

ਉਸ ਖਿਲਾਫ਼ ਦੋਸ਼ ਹਨ ਕਿ ਉਹ ਸਿੱਖ ਇਤਿਹਾਸ, ਸਿੱਖ ਸ਼ਖਸੀਅਤਾਂ, ਸਿੱਖ ਸਿਧਾਂਤਾਂ, ਗੁਰੂ ਸਾਹਿਬਾਨ ਖਿਲਾਫ਼ ਪ੍ਰਚਾਰ ਕਰ ਰਿਹਾ ਹੈ, ਜਿਸ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪੁੱਜਦੀ ਹੈ। ਇਨ੍ਹਾਂ ਸ਼ਿਕਾਇਤਾਂ ਉਤੇ ਕਾਰਵਾਈ ਕਰਦਿਆਂ ਹਰਨੇਕ ਸਿੰਘ ਨੇਕੀ ਨੂੰ ਪੰਥ ਵਿਚੋਂ ਖਾਰਜ ਕਰਨ ਦਾ ਹੁਕਮਨਾਮਾ ਜਾਰੀ ਕੀਤਾ ਹੈ। ਉਨ੍ਹਾਂ ਨੇ ਸਿੱਖ ਸੰਗਤ ਨੂੰ ਹਦਾਇਤ ਕੀਤੀ ਹੈ ਕਿ ਨੇਕੀ ਨਾਲ ਕਿਸੇ ਤਰ੍ਹਾਂ ਦਾ ਕੋਈ ਸਬੰਧ ਨਾ ਰੱਖਿਆ ਜਾਵੇ। ਉਨ੍ਹਾਂ ਨੇ ਗੁਰਬਾਣੀ, ਗੁਰ ਇਤਿਹਾਸ ਤੇ ਹੋਰ ਸਰੋਤਾਂ ਬਾਰੇ ਸ਼ੰਕੇ ਖੜ੍ਹੇ ਕਰਨ ਵਾਲੇ ਪ੍ਰਚਾਰਕਾਂ ਨੂੰ ਵੀ ਸਖਤ ਤਾੜਨਾ ਕੀਤੀ ਹੈ। ਦੱਸਣਯੋਗ ਹੈ ਕਿ ਹਰਨੇਕ ਸਿੰਘ ਨੇਕੀ ਖਿਲਾਫ਼ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਵੀ ਕਾਰਵਾਈ ਵਿਚਾਰ ਅਧੀਨ ਹੈ। ਇਸ ਸਬੰਧ ਵਿਚ ਨੇਕੀ ਨੂੰ ਆਪਣਾ ਪੱਖ ਸਪੱਸ਼ਟ ਕਰਨ ਲਈ ਦਸ ਕੋਲੋਂ ਕੋਈ ਸਪੱਸ਼ਟੀਕਰਨ ਲੈਣ ਦੀ ਲੋੜ ਨਹੀਂ ਸੀ ਕਿਉਂਕਿ ਉਸ ਖਿਲਾਫ਼ ਆਈਆਂ ਸ਼ਿਕਾਇਤਾਂ ਸਬੰਧੀ ਕਈ ਪੁਖਤਾ ਸਬੂਤ ਵੀ ਹਨ। ਦਮਦਮੀ ਟਕਸਾਲ ਅਤੇ ਰਣਜੀਤ ਸਿੰਘ ਢੱਡਰੀਆਂ ਵਾਲੇ



ਦਿਨ ਦਾ ਸਮਾਂ ਦਿੱਤਾ ਗਿਆ ਸੀ, ਜੋ ਸਮਾਪਤ ਹੋ ਗਿਆ ਹੈ।

ਅਕਾਲ ਤਖਤ ਦੀ ਕਾਰਵਾਈ ਤੋਂ ਪਹਿਲਾਂ ਹੀ ਮੁਤਵਾਜ਼ੀ ਜਥੇਦਾਰਾਂ ਨੇ ਉਸ ਨੂੰ ਪੰਥ ਵਿਚੋਂ ਛੇਕਣ ਦਾ ਐਲਾਨ ਕਰ ਦਿੱਤਾ ਹੈ। ਭਾਈ ਮੰਡ ਨੇ ਆਖਿਆ ਕਿ ਇਸ ਮਾਮਲੇ ਵਿਚ ਹਰਨੇਕ ਸਿੰਘ ਵਿਚਾਲੇ ਚੱਲ ਰਹੇ ਟਕਰਾਅ ਬਾਰੇ ਉਨ੍ਹਾਂ ਆਖਿਆ ਕਿ ਇਸ ਵਿਵਾਦ ਨੂੰ ਇਥੇ ਹੀ ਖਤਮ ਕਰਨਾ ਚਾਹੀਦਾ ਹੈ ਅਤੇ ਆਪਸੀ ਮਤਭੇਦ ਮਿਲ ਬੈਠ ਕੇ ਦੂਰ ਕਰਨੇ ਚਾਹੀਦੇ ਹਨ। ਆਪਸੀ ਟਕਰਾਅ ਨਾਲ ਪੰਥ ਵਿਰੋਧੀ ਤਾਕਤਾਂ ਨੂੰ ਵਧੇਰੇ ਤਾਕਤ ਮਿਲ ਰਹੀ ਹੈ।

# ਰਾਣਾ ਬਾਸੀ ਸੁਰਗਵਾਸ

**ਮਾਡੈਸਟੋ, ਕੈਲੀਫੋਰਨੀਆ (ਬਿਊਰੋ):** ਬੇਏਰੀਏ ਦੇ ਉਘੇ ਬਿਜਨਸਮੈਨ ਮਨਜੀਤ ਸਿੰਘ ਗਿੱਲ ਨੂੰ ਉਸ ਸਮੇਂ ਸਦਮਾ ਲੱਗਾ ਜਦੋਂ ਲੰਘੀ 31 ਮਈ ਨੂੰ ਉਨ੍ਹਾਂ ਦੇ ਸਾਲਾ ਸਾਹਿਬ ਰਾਣਾ ਬਾਸੀ ਸਪੁੱਤਰ ਰਘੁਬੀਰ ਸਿੰਘ ਬਾਸੀ ਅਕਾਲ ਚਲਾਣਾ ਕਰ ਗਏ। ਸਵਰਗੀ ਸ. ਬਾਸੀ ਪੰਜਾਬ ਦੇ ਜਿਲ੍ਹਾ ਜਲੰਧਰ ਦੇ ਪਿੰਡ ਦਾਦੂਵਾਲ ਤੋਂ ਸਨ। ਉਹ ਪਿਛਲੇ 40 ਸਾਲ ਤੋਂ ਅਮਰੀਕਾ ਰਹਿ ਰਹੇ ਸਨ। ਉਹ ਕਰੀਬ 24 ਸਾਲ ਯੂਨੀਅਨ ਸਿਟੀ ਰਹੇ ਅਤੇ ਪਿਛੋਂ ਮਾਡੈਸਟੋ ਆ ਵੱਸੇ। ਉਹ ਗੁਰਦੁਆਰਾ ਫਰੀਮਾਂਟ ਬਿਲਾਨਾਗਾ ਆਉਂਦੇ ਸਨ।

ਸਵਰਗੀ ਰਾਣਾ ਬਾਸੀ ਆਪਣੇ ਪਿਛੇ ਪਤਨੀ ਸੁਰਿੰਦਰ ਕੌਰ ਬਾਸੀ, ਦੋ ਪੁੱਤਰ-ਮਨਪ੍ਰੀਤ ਸਿੰਘ ਅਤੇ ਅਮਨਪ੍ਰੀਤ ਸਿੰਘ, ਨੂੰਹਾਂ ਤੋਂ ਇਲਾਵਾ ਭੈਣ ਬਲਜੀਤ ਕੌਰ ਤੇ ਭਰਿਆ ਪਰਿਵਾਰ ਛੱਡ ਗਏ ਹਨ। ਸਵਰਗੀ ਸ. ਬਾਸੀ ਦਾ ਅੰਤਿਮ ਸਸਕਾਰ 9 ਜੂਨ ਨੂੰ ਦੁਪਹਿਰ ਇਕ ਵਜੇ ਤੋਂ ਤਿੰਨ ਵਜੇ ਦਰਮਿਆਨ ਹਗਸਨ, ਕੈਲੀਫੋਰਨੀਆ ਦੇ ਲੇਕ ਵੁਡ ਫਿਊਨਰਲ ਹੋਮ (900 ਸੈਂਟਾ ਫੇ ਐਵੇਨਿਊ) ਵਿਖੇ ਹੋਵੇਗਾ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਸਾਹਿਬ ਹਗਸਨ/ਮਾਡੈਸਟੋ (5743 ਈਸਟ ਹੈਚ ਰੋਡ, ਹਗਸਨ) ਵਿਖੇ ਹੋਵੇਗੀ।



ਪਰਿਵਾਰ ਨਾਲ ਸੰਪਰਕ ਅਮਨਪ੍ਰੀਤ ਬਾਸੀ ਫੋਨ: 209-480-6863, ਮਨਪ੍ਰੀਤ ਸਿੰਘ ਬਾਸੀ ਫੋਨ: 209-480-1871 ਜਾਂ ਮਨਜੀਤ ਗਿੱਲ ਫੋਨ: 510-415-2368 ਰਾਹੀਂ ਹੋ ਸਕਦਾ ਹੈ।

# ਪਰਮਜੀਤ ਸਿੰਘ ਮਰਵਾਹਾ ਨੂੰ ਸਦਮਾ, ਮਾਤਾ ਸੁਰਗਵਾਸ

**ਸਟਾਕਟਨ (ਬਿਊਰੋ):** ਪੰਜਾਬੀ ਰੰਗ ਮੰਚ ਦੇ ਉਘੇ ਕਲਾਕਾਰ, ਸਾਫ ਸੁਥਰੀ ਤੇ ਲੋਕ ਹਿਤੈਸ਼ੀ ਗੀਤ-ਸੰਗੀਤ ਦੀ ਮਿਸ਼ਾਲ ਨੂੰ ਸਦਾ ਬਲਦੀ ਰੱਖਣ ਵਾਲੇ ਪੰਜਾਬੀ ਸਾਹਿਤ ਸਭਾ



ਸਟਾਕਟਨ ਦੇ ਸਰਗਰਮ ਮੈਂਬਰ ਪਰਮਜੀਤ ਸਿੰਘ ਮਰਵਾਹਾ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ ਜਦੋਂ 30 ਮਈ ਨੂੰ ਉਨ੍ਹਾਂ ਦੇ ਮਾਤਾ ਜੀ ਰਣਜੀਤ ਕੌਰ 90 ਵਰ੍ਹਿਆਂ ਦੀ ਲੰਬੀ ਉਮਰ ਭੋਗ ਕੇ ਸਦੀਵੀ ਵਿਛੋੜਾ ਦੇ ਗਏ।

ਜੀਵਨ ਦੇ ਆਖਰੀ ਵਰ੍ਹਿਆਂ ਦੌਰਾਨ ਮਾਤਾ ਰਣਜੀਤ ਕੌਰ ਆਪਣੇ ਛੋਟੇ ਪੁੱਤਰ ਮਨਵਿੰਦਰ ਸਿੰਘ ਪਾਸ ਅੰਮ੍ਰਿਤਸਰ ਰਹਿੰਦੇ ਸਨ। ਸੰਯੋਗ ਦੀ ਗੱਲ ਹੈ ਕਿ ਜਦੋਂ ਇਹ ਭਾਣਾ ਵਰਤਿਆ, ਉਸ ਵੇਲੇ ਪਰਮਜੀਤ ਤੇ ਰੇਣੂ ਸਿੰਘ ਦੀ ਜੋੜੀ ਡੈਨਵਰ ਵਿਖੇ ਹੋ ਰਹੇ 'ਅੰਤਰਰਾਸ਼ਟਰੀ ਸਭਿਆਚਾਰਕ ਸਮਾਰੋਹ' ਵਿਚ ਮਾਂਵਾਂ ਨੂੰ ਸਮਰਪਿਤ ਇੱਕ ਸੰਵੇਦਨਸ਼ੀਲ ਗੀਤ ਗਾ ਰਹੇ ਸਨ। ਗੀਤ ਸੁਣ ਕੇ ਸਰੋਤਿਆਂ ਦੀਆਂ ਅੱਖਾਂ ਨਮ ਹੋ ਰਹੀਆਂ ਸਨ। ਪਰਮਜੀਤ ਨੂੰ ਗੀਤ-ਸੰਗੀਤ ਦੀ ਚੇਟਕ ਵੀ ਆਪਣੀ ਮਾਤਾ ਕੋਲੋਂ ਹੀ ਲੱਗੀ, ਜਿਸ ਨੂੰ ਬਾਅਦ ਵਿਚ ਗੁਰਸ਼ਰਨ ਭਾ ਜੀ ਨੇ ਲੋਕ ਕਲਿਆਣਕਾਰੀ ਸਾਣ 'ਤੇ ਚਾੜ੍ਹਿਆ।

ਮਾਤਾ ਰਣਜੀਤ ਕੌਰ ਨਮਿਤ ਭੋਗ ਅਤੇ ਅੰਤਿਮ ਅਰਦਾਸ 8 ਜੂਨ ਨੂੰ ਦੁਪਹਿਰ ਇੱਕ ਵਜੇ ਅੰਮ੍ਰਿਤਸਰ ਦੇ ਗੁਰਦੁਆਰਾ ਸਿੰਘ ਸਭਾ ਰਣਜੀਤ ਪੁਰਾ ਵਿਖੇ ਹੋਵੇਗੀ।

ਪੰਜਾਬੀ ਸਾਹਿਤ ਸਭਾ ਸਟਾਕਟਨ ਅਤੇ ਹੋਰ ਦੋਸਤਾਂ-ਮਿੱਤਰਾਂ ਨੇ ਇਸ ਦੁੱਖ ਦੀ ਘੜੀ ਮਰਵਾਹਾ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਮਾਤਾ ਰਣਜੀਤ ਕੌਰ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ ਹੈ।

*Visit us on the web:**wwwpunjabtimesusa.com***

# 'ਨੀਟ' ਨਤੀਜਾ: ਬਿਹਾਰ ਦੀ ਕਲਪਨਾ ਕੁਮਾਰੀ ਛਾਈ

**ਨਵੀਂ ਦਿੱਲੀ:** ਦੇਸ਼ ਦੇ ਮੈਡੀਕਲ ਅਤੇ ਡੈਂਟਲ ਕਾਲਜਾਂ ਵਿਚ ਦਾਖਲਿਆਂ ਲਈ ਕਰਵਾਏ ਜਾਂਦੇ ਕੌਮੀ ਯੋਗਤਾ ਤੇ ਦਾਖਲਾ ਟੈਸਟ (ਨੀਟ) ਵਿਚ ਬਿਹਾਰ ਦੀ ਵਿਦਿਆਰਥਣ ਕਲਪਨਾ ਕੁਮਾਰੀ ਨੇ ਪਹਿਲੀ ਥਾਂ ਮੱਲੀ ਹੈ। ਉਂਜ ਇਹ ਟੈਸਟ ਪਾਸ ਕਰਨ ਵਾਲੇ ਬਹੁਤੇ ਵਿਦਿਆਰਥੀ ਉਤਰ ਪ੍ਰਦੇਸ਼ ਨਾਲ ਸਬੰਧਤ ਹਨ।

ਕਲਪਨਾ ਕੁਮਾਰੀ ਨੇ 691 ਅੰਕ ਹਾਸਲ ਕੀਤੇ ਹਨ, ਜਿਹੜੇ 99.99 ਫੀਸਦੀ ਬਣਦੇ ਹਨ। ਤਿਲੰਗਾਨਾ ਦੇ ਰੋਹਣ ਪੁਰੋਹਿਤ ਤੇ ਦਿੱਲੀ ਦੇ ਹਿਮਾਂਸ਼ੂ ਸ਼ਰਮਾ ਨੇ 690 ਅੰਕਾਂ ਨਾਲ ਸਾਂਝੇ ਤੌਰ ਉਤੇ ਦੂਜੀ ਅਤੇ ਦਿੱਲੀ ਦੇ ਹੀ ਆਰੋਸ਼ ਧਮੀਜਾ ਤੇ ਰਾਜਸਥਾਨ ਦੇ ਪ੍ਰਿੰਸ ਚੌਧਰੀ ਨੇ 686 ਅੰਕਾਂ ਨਾਲ ਸਾਂਝੀ ਤੀਜੀ ਥਾਂ ਹਾਸਲ ਕੀਤੀ ਹੈ। ਇਮਤਿਹਾਨ ਲਈ ਕੁੱਲ 13.36 ਲੱਖ ਵਿਦਿਆਰਥੀਆਂ ਨੇ ਨਾਂ ਦਰਜ ਕਰਵਾਏ ਸਨ, ਜੋ ਬੀਤੇ ਵਰ੍ਹੇ ਨਾਲੋਂ 16.49 ਫੀਸਦੀ ਵੱਧ ਸਨ। ਇਨ੍ਹਾਂ ਵਿਚੋਂ ਇਮਤਿਹਾਨ ਵਿਚ 12.69 ਲੱਖ ਬੈਠੇ



ਅਤੇ 7.14 ਲੱਖ ਨੇ ਇਮਤਿਹਾਨ ਪਾਸ ਕੀਤਾ ਹੈ। ਯੂਪੀ ਵਿਚੋਂ 76,778 ਵਿਦਿਆਰਥੀ ਪਾਸ ਹੋਏ। ਕੇਰਲ 'ਚੋਂ 72 ਹਜ਼ਾਰ ਤੇ ਮਹਾਰਾਸ਼ਟਰ ਵਿਚੋਂ 70 ਹਜ਼ਾਰ ਤੋਂ ਵੱਧ ਸਫਲ ਰਹੇ।

# ਨਮਾਜ਼ ਪੜ੍ਹ ਰਹੇ ਲੋਕਾਂ ਨੂੰ ਕੁੱਟਿਆ

**ਕਰਨਾਲ:** ਰਮਜ਼ਾਨ ਮੌਕੇ ਹਰਿਆਣਾ ਦੇ ਕਰਨਾਲ ਵਿਚ ਨਮਾਜ਼ ਪੜ੍ਹ ਰਹੇ ਲੋਕਾਂ ਨਾਲ ਕੁੱਟਮਾਰ ਤੇ ਮਸਜਿਦ ਦੀ ਕੰਧ ਤੋੜਨ ਦਾ ਮਾਮਲਾ ਸਾਹਮਣੇ ਆਇਆ ਹੈ। ਮੁਸਲਿਮ ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਜਾਨ ਤੋਂ ਮਾਰਨ ਦੀ ਧਮਕੀ ਵੀ ਦਿੱਤੀ ਗਈ।

ਇਹ ਮਾਮਲਾ ਕਰਨਾਲ ਦੇ ਪਿੰਡ ਨੇਵਲ ਦਾ ਹੈ। ਦੱਸਿਆ ਜਾ ਰਿਹਾ ਹੈ ਕਿ ਸਪੀਕਰ ਤੋਂ ਅਜ਼ਾਨ ਦੀ ਆਵਾਜ਼ ਤੋਂ ਔਖੇ ਹੋਏ ਕੁਝ ਲੋਕ ਮਸਜਿਦ ਵਿਚ ਵੜ ਗਏ ਤੇ ਖੂਬ ਹੰਗਾਮਾ ਕੀਤਾ। ਘਟਨਾ ਤੋਂ ਬਾਅਦ ਲੋਕਾਂ ਨੇ ਨਮਾਜ਼ ਵਿਚਕਾਰ ਹੀ ਛੱਡ ਦਿੱਤੀ ਤੇ ਇਕੱਠੇ ਹੋ ਕੇ ਕੁੰਜਪੁਰਾ ਪੁਲਿਸ ਥਾਣੇ ਪਹੁੰਚ ਕੇ ਸ਼ਿਕਾਇਤ ਕੀਤੀ। ਪੁਲਿਸ ਨੇ ਸ਼ਿਕਾਇਤ ਦਰਜ ਕਰ ਕੇ ਕੇਸ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਪਿਛਲੇ ਮਹੀਨੇ ਹਰਿਆਣਾ ਦੇ ਹੀ ਗੁਰੂਗ੍ਰਾਮ ਵਿਚ ਨਮਾਜ਼ ਉਤੇ ਵੱਡਾ ਵਿਵਾਦ ਹੋਇਆ ਸੀ। ਦਰਅਸਲ, ਗੁਰੂਗ੍ਰਾਮ ਸੈਕਟਰ 53 ਦੇ ਵਜ਼ੀਰਾਬਾਦ ਪਿੰਡ ਵਿਚ ਖੁੱਲ੍ਹੀ ਥਾਂ ਉਤੇ ਨਮਾਜ਼ ਪੜ੍ਹਨ ਤੋਂ ਰੋਕਣ ਉਤੇ ਵਿਵਾਦ ਸ਼ੁਰੂ ਹੋਇਆ ਸੀ। ਸਰਕਾਰੀ ਜ਼ਮੀਨ ਉਤੇ ਕੁਝ ਲੋਕ ਨਮਾਜ਼ ਅਦਾ ਕਰ ਰਹੇ ਸਨ ਤਾਂ ਕੁਝ ਨੌਜਵਾਨ ਆਏ ਤੇ ਉਨ੍ਹਾਂ ਨੂੰ ਜਬਰਨ ਉਥੋਂ ਹਟਾਇਆ ਗਿਆ ਤੇ ਜੈ ਸ਼੍ਰੀ ਰਾਮ ਦੇ ਨਾਅਰੇ ਵੀ ਲਾਏ ਗਏ।

ਇਸ ਘਟਨਾ ਦਾ ਵੀਡੀਓ ਸੋਸ਼ਲ ਮੀਡੀਆ ਉਤੇ ਵਾਇਰਲ ਹੋਇਆ ਸੀ, ਜਿਸ ਤੋਂ ਬਾਅਦ ਗੁਰੂਗ੍ਰਾਮ ਵਿਚ ਕਾਫੀ ਤਣਾਅ ਰਿਹਾ ਸੀ। ਪਹਿਲਾਂ ਖੱਟਰ ਸਰਕਾਰ ਨੇ ਵੀ ਖੁੱਲ੍ਹੀ ਥਾਂ ਉਤੇ ਨਮਾਜ਼ ਪੜ੍ਹਨੋਂ ਰੋਕਿਆ ਸੀ, ਪਰ ਬਾਅਦ ਵਿਚ ਮੁਸਲਮਾਨ ਭਾਈਚਾਰੇ ਦੇ ਲੋਕਾਂ ਨੂੰ ਕਿਹਾ ਸੀ ਕਿ ਦਿੱਕਤ ਆਉਣ ਉਤੇ ਪ੍ਰਸ਼ਾਸਨ ਦੀ ਮਦਦ ਲਈ ਜਾਵੇ।

## ਅਗਨੀ-5 ਦੀ ਸਫਲ ਅਜ਼ਮਾਇਸ਼

**ਬਾਲਾਸੋਰ (ਉੜੀਸਾ):** ਭਾਰਤ ਨੇ ਦੇਸ਼ ਵਿਚ ਹੀ ਵਿਕਸਤ ਕੀਤੀ ਪਰਮਾਣੂ ਹਥਿਆਰਾਂ ਨਾਲ 5000 ਕਿਲੋਮੀਟਰ ਤੱਕ ਮਾਰ ਕਰਨ ਵਾਲੀ ਬੈਲਿਸਟਿਕ ਮਿਸਾਈਲ ਅਗਨੀ-5 ਦੀ ਸਫਲ ਅਜ਼ਮਾਇਸ਼ ਕੀਤੀ ਹੈ। ਧਰਤੀ ਤੋਂ ਧਰਤੀ ਉਤੇ ਮਾਰ ਕਰਨ ਵਾਲੀ ਇਹ ਮਿਸਾਈਲ ਡਾ. ਏਪੀਜੇ ਅਬਦੁਲ ਕਲਾਮ ਟਾਪੂ ਉਤੇ ਮੋਬਾਈਲ ਲਾਂਚਰ ਦੀ ਮਦਦ ਨਾਲ ਦਾਗੀ ਗਈ।

# ਕਰੋੜਾਂ ਦੀ ਬੇਨਾਮੀ ਜਾਇਦਾਦ ਦੀ ਕੁਰਕੀ ਰੱਦ ਹੋਣ ਦਾ ਖਤਰਾ

**ਨਵੀਂ ਦਿੱਲੀ:** ਕਰੋੜਾਂ ਰੁਪਏ ਦੀਆਂ 780 ਤੋਂ ਵੀ ਵੱਧ ਬੇਨਾਮੀ ਜਾਇਦਾਦਾਂ ਦੀ ਕੁਰਕੀ ਦੇ ਰੱਦ ਹੋਣ ਦਾ ਖਤਰਾ ਹੈ, ਕਿਉਂਕਿ ਡੇਢ ਸਾਲ ਤੋਂ ਵੀ ਵੱਧ ਸਮੇਂ ਤੋਂ ਜਦੋਂ ਦਾ ਕਾਲੇ ਧਨ ਅਤੇ ਭ੍ਰਿਸ਼ਟਾਚਾਰ ਨਾਲ ਨਜਿੱਠਣ ਲਈ ਸਖਤ ਕਾਨੂੰਨ ਅਮਲ ਵਿਚ ਆਇਆ ਹੈ, ਉਦੋਂ ਤੋਂ ਮਨੋਨੀਤ ਨਿਆਇਕ ਅਥਾਰਟੀ ਕਾਇਮ ਨਹੀਂ ਕੀਤੀ ਗਈ। ਬੇਨਾਮੀ ਜਾਇਦਾਦ ਲੈਣ-ਦੇਣ ਐਕਟ ਜਿਹੜਾ 1988 ਵਿਚ ਬਣਾਇਆ ਗਿਆ ਸੀ, ਵਿਚ ਮੌਜੂਦਾ ਸਰਕਾਰ ਨੇ ਇਕ ਨਵੰਬਰ 2016 ਨੂੰ ਸੋਧ ਕੀਤੀ ਅਤੇ ਲਾਗੂ ਕੀਤੀ ਸੀ। ਉਸੇ ਮਹੀਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਦੇਸ਼ ਦੀਆਂ ਦੋ ਵੱਡੀਆਂ ਕਰੰਸੀਆਂ ਦੀ ਨੋਟਬੰਦੀ ਕੀਤੀ ਸੀ।

ਸਰਕਾਰ ਨੂੰ ਤਿੰਨ ਮੈਂਬਰੀ ਸੁਤੰਤਰ ਨਿਆਇਕ ਅਥਾਰਟੀ ਕਾਇਮ ਕਰਨ ਦੀ ਲੋੜ ਹੈ, ਜਿਵੇਂ ਪੀ.ਐਮ.ਐਲ.ਏ. ਲਈ ਕੀਤੀ ਹੋਈ ਹੈ, ਜਿਹੜੀ ਆਮਦਨ ਕਰ ਵਿਭਾਗ ਦੇ ਇਕ ਕਾਨੂੰਨ ਤਹਿਤ ਕੁਰਕ ਕੀਤੀਆਂ ਜਾਇਦਾਦਾਂ ਦੀ ਪ੍ਰਮਾਣਿਕਤਾ ਬਾਰੇ ਫੈਸਲਾ ਕਰੇਗੀ। ਡੇਢ ਸਾਲ ਤੋਂ ਵੀ ਵੱਧ ਸਮੇਂ ਤੋਂ ਕੋਈ ਅਥਾਰਟੀ ਨਾ ਹੋਣ ਕਾਰਨ ਸਰਕਾਰ ਨੇ ਇਹ ਕੰਮ ਆਰਜ਼ੀ ਤੌਰ ਉਤੇ ਪਹਿਲਾਂ ਹੀ ਸਟਾਫ ਦੀ ਕਮੀ ਅਤੇ ਕੰਮ ਦੇ ਬੋਝ ਥੱਲੇ ਦੱਬੀ ਪ੍ਰਾਵੈਂਸ਼ਨ ਆਫ ਮਨੀ ਲਾਂਡਰਿੰਗ ਐਕਟ ਤਹਿਤ ਬਣਾਈ ਨਿਆਇਕ ਅਥਾਰਟੀ ਨੂੰ ਸੌਂਪਿਆ ਹੈ।


ਸ਼ੈਫ, ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ

ਡੇਅਟਨ, ਓਹਾਇਓ ਵਿਚ ਇੰਡੀਅਨ ਰੈਸਟੋਰੈਂਟ 'ਕੱਰੀ ਐਂਡ ਗਰਿੱਲ' ਲਈ ਤਜਰਬੇਕਾਰ ਸ਼ੈਫ, ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ

ਰਿਹਾਇਸ਼ ਮੁਫਤ, ਵਧੀਆ ਤਨਖਾਹ

ਸੰਪਰਕ ਕਰੋ, ਮਿਸਟਰ ਵਰਮਾ

ਫੋਨ: 937-626-9854

21-22

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 14 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211


REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਬਾਲ ਮਨਾਂ 'ਚ 'ਜੂਨ ਚੁਰਾਸੀ' ਦੇ ਅਕਸ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਸਕੂਲੀ ਸਿਲੇਬਸ ਦੀ ਕਿਸੇ ਕਿਤਾਬ ਵਿਚ ਅਸੀਂ ਕਰਤਾਰ ਸਿੰਘ ਦੁੱਗਲ ਦੀ ਕਹਾਣੀ 'ਕਰਾਮਾਤ' ਪਹਿਲੀ ਵਾਰ ਪੜ੍ਹੀ। ਇਸ ਦੇ ਕਥਾਨਕ ਵਿਚ ਭਾਈ ਮਰਦਾਨੇ ਦਾ ਵਲੀ ਕੰਧਾਰੀ ਪਾਸੋਂ ਪਾਣੀ ਮੰਗਣ ਜਾਣ ਵਾਲ ਬਿਰਤਾਂਤ ਤਾਂ ਅਸੀਂ ਚੁੱਪ ਚਪੀਤੇ ਹੀ ਪੜ੍ਹ ਜਾਂਦੇ, ਕਿਉਂਕਿ ਇਹ ਸਾਖੀ ਅਸੀਂ ਗੁਰਦੁਆਰੇ ਵਿਚ ਕਈ ਵਾਰ ਸੁਣੀ ਹੋਈ ਸੀ, ਪਰ ਜਦ ਇਸ ਕਹਾਣੀ ਦੇ ਆਖਰੀ ਹਿੱਸੇ ਵਿਚ ਇਹ ਜ਼ਿਕਰ ਆਉਂਦਾ ਕਿ ਪੰਜਾ ਸਾਹਿਬ ਵਿਖੇ ਵਾਪਰੇ ਸਾਕੇ ਦੇ ਦਿਨੀਂ ਬਾਲ ਉਮਰੇ ਦੁੱਗਲ ਅਤੇ ਉਸ ਦੀ ਨਿੱਕੀ ਭੈਣ ਆਪਣੀ ਮਾਂ ਦੀਆਂ ਉਂਗਲਾਂ ਫੜ੍ਹੀ ਗੁਰਦੁਆਰਾ ਪੰਜਾ ਸਾਹਿਬ ਨੂੰ ਜਾ ਰਹੇ ਹੁੰਦੇ ਨੇ...ਦੁੱਗਲ ਦੇ ਬਾਲ ਮਨ ਵਿਚ 'ਸਾਕੇ' ਬਾਰੇ ਸਿਰਫ ਇਹੀ ਅਕਸ ਬਣਦਾ ਕਿ ਅੱਜ ਸਾਡੇ ਘਰ ਰੋਟੀ ਨਹੀਂ ਪੱਕਣੀ...ਭੁੱਜੇ ਸੌਣਾ ਪਵੇਗਾ...!

ਆਪਣੇ ਦੋਹਾਂ ਬੱਚਿਆਂ ਨੂੰ ਨਾਲ ਲੈ ਕੇ ਹੰਝੂ ਕੇਰਦੀ ਤੁਰੀ ਜਾਂਦੀ ਮਾਂ ਵਾਲਾ ਦ੍ਰਿਸ਼ ਸਾਨੂੰ ਆਪਣਾ ਬਚਪਨ ਅਤੇ ਸਾਡੀ ਮਾਂ ਚੇਤੇ ਕਰਵਾ ਦਿੰਦਾ ਜਿਸ ਨੂੰ ਪੰਜਾ ਸਾਹਿਬ ਦੇ ਸਾਕੇ ਲਈ ਵਿਸ਼ੇਸ਼ ਤੌਰ 'ਤੇ ਬਣਾਇਆ ਹੋਇਆ 'ਗੱਡੀ ਛੰਦ' ਮੂੰਹ ਜ਼ੁਬਾਨੀ ਯਾਦ ਸੀ।

ਪਾਕਿਸਤਾਨ ਦੇ ਜਿਲਾ ਸਰਗੋਧਾ ਵਿਚ ਸਿੱਖਾਂ ਵਾਲੇ ਰੇਲਵੇ ਸਟੇਸ਼ਨ ਦੇ ਲਾਗੇ ਚਾਗੇ ਵਸਦੇ ਉਨੀ ਚੱਕ ਵਿਚ ਜੰਮੀ ਪਲੀ ਅਤੇ ਰੌਲਿਆਂ ਤੋਂ ਕਈ ਵਰ੍ਹੇ ਚੜ੍ਹਦੇ ਪੰਜਾਬ ਵਿਆਹੀ ਆਈ ਸਾਡੀ ਮਾਂ ਸਾਨੂੰ ਆਪਣੇ ਬਚਪਨ ਵੇਲੇ ਦੀਆਂ ਗੱਲਾਂ ਸੁਣਾਇਆ ਕਰਦੀ ਸੀ। ਸਾਨੂੰ ਭੈਣ-ਭਰਾਵਾਂ ਨੂੰ ਸੌਣ ਵੇਲੇ ਗੁਰੂ ਕੀਆਂ ਸਾਖੀਆਂ ਸੁਣਾਉਣ ਵਾਲੀ ਮਾਂ ਜਦ ਕਿਤੇ ਦੱਸਦੀ ਕਿ ਅਸੀਂ ਆਪਣੇ ਕੋਠਿਆਂ 'ਤੇ ਸੁੱਤਿਆਂ ਹੋਣਾ, ਲਾਗਿਓਂ ਲੰਘਦੀ ਰੇਲ ਗੱਡੀ ਵਿਚੋਂ ਧਾਰਨਾ ਪੜ੍ਹਦੇ ਜਾਂਦੇ ਸਿੱਖਾਂ ਦੀਆਂ ਆਵਾਜ਼ਾਂ ਸਾਨੂੰ ਸਾਫ ਸੁਣਾਈ ਦਿੰਦੀਆਂ,

ਕਿਉਂ ਜ਼ੁਲਮ ਕਮਾਉਨਾ ਏਂ
ਫਿਰੰਗੀਆ ਰਾਜ ਸਦਾ ਨਹੀਂ ਰਹਿਣਾ।

ਸਿੱਖ ਇਤਿਹਾਸ ਦਾ ਚੰਗਾ ਵਾਕਫ ਸਾਡਾ ਬਾਪ ਅਟੇ-ਸਟੇ ਹਿਸਾਬ ਜਿਹਾ ਲਾ ਕੇ ਦੱਸਦਾ ਕਿ ਹੋਵੇ ਨਾ, ਉਹ ਸਿੱਖ ਕੈਦੀ ਗੁਰੂ ਕੇ ਬਾਗ ਵਾਲੇ ਮੋਰਚੇ ਦੇ ਹੀ ਹੋਣਗੇ! ਜਦੋਂ ਬੀ. ਟੀ. ਦੀਆਂ ਡਾਂਗਾਂ ਨਾਲ ਮਾਰੇ ਕੁੱਟੇ ਅਤੇ ਘੋੜਿਆਂ ਦੇ ਸੁੰਮਾਂ ਹੇਠ ਲਿਤਾੜੇ ਸਿੰਘਾਂ ਨੂੰ ਅੰਗਰੇਜ਼ ਹਾਕਮ ਵਲੋਂ ਦੂਰ ਦਰਾਜ ਦੀਆਂ ਜੇਲ੍ਹਾਂ ਵਿਚ ਭੇਜਿਆ ਗਿਆ ਸੀ। ਰਾਤ ਦੇ ਸੰਨਾਟੇ ਵਿਚ ਸੁੰਨ ਜਿਹੇ ਹੋਏ ਪਿਆਂ ਨੂੰ ਫਿਰ ਸਾਡੀ ਮਾਂ ਦਰਦ ਭਰੀ ਆਵਾਜ਼ ਵਿਚ 'ਗੱਡੀ' ਸੁਣਾਇਆ ਕਰਦੀ ਸੀ,

ਗੱਡੀ ਭਰ ਕੇ ਅੰਬਰਸਰੋਂ ਤੋਰੀ
ਅਟਕ ਦੀ ਜੇਲ੍ਹ ਵੱਲ ਨੂੰ...।

ਉਹੀ 'ਅੰਬਰਸਰ', ਉਸੇ ਗੁਰੂ ਦੇ ਸਿੱਖ, ਪਰ ਸਮਾਂ ਬਦਲਣ ਨਾਲ ਹਾਕਮ ਬਦਲ ਗਏ, ਸਿੱਖਾਂ ਪ੍ਰਤੀ ਸੋਚ ਜਾਂ ਨੀਤੀ ਉਹੀ, ਸਗੋਂ ਉਦੂੰ ਵੀ ਗਲੀਚ-ਬੇਕਿਰਕ! ਕਹਿਣ ਨੂੰ ਦੇਸ਼ ਆਜ਼ਾਦ ਹੋ ਗਿਆ, ਪਰ ਗੁਰੂ ਕਿਆਂ ਨਾਲ ਜ਼ਾਲਮ ਬਾਬਰ ਕੇ 'ਸਾਕੇ' ਵਰਤਾਉਣੋਂ ਨਾ ਹਟੇ। ਸਾਕਾ ਜੂਨ ਚੁਰਾਸੀ, ਉਸੇ ਗੁਰੂ ਕੀ ਨਗਰੀ ਵਿਚ। ਪੰਜਾ ਸਾਹਿਬ ਦੇ ਸਾਕੇ ਦਾ ਕਾਰਨ ਬਣੀ ਗੱਡੀ, ਜਿਸ ਵਿਚ ਇਥੋਂ ਸਿੱਖ ਕੈਦੀ ਭਰ ਕੇ ਅਟਕ ਨੂੰ ਭੇਜੀ ਗਈ ਸੀ, ਪਰ ਜੂਨ ਚੁਰਾਸੀ ਦੇ ਘੱਲੂਘਾਰੇ ਮੌਕੇ ਸ਼ਹਿਰ ਦਾ ਕੂੜਾ-ਕਰਕਟ, ਗੰਦ-ਮੰਦ ਢੋਣ ਵਾਲੀਆਂ ਗੱਡੀਆਂ ਵਿਚ ਸਿੱਖਾਂ ਦੀਆਂ ਲਾਸ਼ਾਂ ਭਰ ਭਰ ਸ਼ਮਸ਼ਾਨਘਾਟਾਂ ਨੂੰ ਭੇਜੀਆਂ ਗਈਆਂ।

ਉਪਰ ਬਿਆਨੀ ਕਹਾਣੀ 'ਕਰਾਮਾਤ' ਵਿਚ ਜਿਸ ਤਰ੍ਹਾਂ ਅੰਞਾਣ ਉਮਰ ਦੇ ਦੁੱਗਲ ਅਤੇ ਉਸ ਦੀ ਨਿੱਕੜੀ ਭੈਣ ਨੇ ਪੰਜਾ ਸਾਹਿਬ ਦੇ ਸਾਕੇ ਤੋਂ ਦੁਖੀ ਆਪਣੀ ਮਾਂ ਦੇ ਤ੍ਰਿਪ ਤ੍ਰਿਪ ਹੰਝੂ ਵਗਦੇ ਦੇਖੇ, ਉਵੇਂ ਹੀ ਜੂਨ ਚੁਰਾਸੀ ਦੇ ਸਾਕੇ ਵੇਲੇ ਬਾਲ ਵਰੇਸ ਸਿੱਖ ਬੱਚਿਆਂ ਦੀਆਂ ਕੁਝ ਯਾਦਾਂ ਅੰਕਿਤ ਕਰ ਰਿਹਾ ਹਾਂ।

ਸੰਨ 1979 'ਚ ਜਨਮੇ ਆਪਣੇ ਵੱਡੇ ਬੇਟੇ ਨੂੰ ਜਦ ਕਦੇ ਮੈਂ ਉਨ੍ਹਾਂ ਭੀਹਾਵਲੇ ਦਿਨਾਂ ਦੀ ਕਿਸੇ ਯਾਦ ਬਾਰੇ ਪੁੱਛਦਾ ਹਾਂ, ਤਦ ਉਹ ਮਨ ਚਿੱਤਰ ਉਤੇ ਉਕਰੇ ਪਏ ਦ੍ਰਿਸ਼ਾਂ ਬਾਰੇ ਦੱਸਦਾ ਹੁੰਦਾ ਹੈ, "ਉਦੋਂ ਗਰਮੀ ਬਹੁਤ ਜ਼ਿਆਦਾ ਸੀ ਡੈਡੀ, ਤੁਸੀਂ ਰੇਡੀਓ ਏਧਰ-ਓਧਰ ਘੁਮਾਉਂਦਿਆਂ ਉਸ ਦਾ ਐਂਟੀਨਾ ਖਿੱਚ ਕੇ ਘੜੀ ਘੜੀ ਬਾਅਦ ਖਬਰਾਂ ਸੁਣੀ ਜਾ ਰਹੇ ਸੀ...ਬਾਹਰ ਵਿਹੜੇ ਵਿਚਲੀ ਜਾਮਣ ਥੱਲੇ ਡਹੇ ਮੰਜੇ ਉਤੇ ਬਾਬਾ ਜੀ ਤੇ ਬੀਬੀ ਹੁਣੀ ਬੜੇ ਗਮਗੀਨ ਤੇ ਉਦਾਸ ਹੋਏ ਬੈਠੇ ਸਨ।...ਅਸੀਂ ਭੈਣ-ਭਰਾ ਸੋਚ ਰਹੇ ਸਾਂ ਕਿ ਬਾਬਾ ਜੀ ਹੁਣੀ ਅੱਜ ਸਾਡੇ ਨਾਲ ਖੇਡਾਂ ਕਿਉਂ ਨਹੀਂ ਖੇਡਦੇ? ਜਦ ਕਦੇ ਅਸਮਾਨ ਵਿਚ ਉਡਦੇ ਜਾਂਦੇ ਹੈਲੀਕਾਪਟਰ ਦੀ ਗੂੰਜ ਕੰਨੀਂ ਪੈਂਦੀ ਤਦ ਬਾਬਾ ਜੀ ਅੱਖਾਂ ਲਾਲ ਕਰ ਕੇ ਆਪਣਾ ਢਾਂਗੂ ਅਕਾਸ਼ ਵੱਲ ਇਉਂ ਚੁੱਕ ਲੈਂਦੇ ਜਿਵੇਂ ਹੈਲੀਕਾਪਟਰ ਦਾ ਨਿਸ਼ਾਨਾ ਲਾ ਕੇ ਬੰਦੂਕ ਤਾਣ ਲਈ ਹੋਵੇ। ਫਿਰ ਉਹ ਉਚੀ ਉਚੀ ਬੋਲਦੇ, 'ਓ ਲੁੱਟ ਲਿਆ ਓਇ ਪਾਪੀਆਂ ਨੇ ਸਾਡਾ ਦਰਬਾਰ...ਪਤਾ ਨਹੀਂ ਗੁਰੂ ਘਰੋਂ ਅੱਜ ਕਿਆ ਕਿਆ ਚੁੱਕ ਲਿਜਾਣਾ ਹੈ ਦੁਸ਼ਟਾਂ ਨੇ।...ਹੋਅ ਤੁਹਾਡਾ ਕੱਖ ਨਾ ਰਹੇ ਅਕ੍ਰਿਤਘਣੋ!'



*ਜੂਨ 1984 ਦੇ ਘੱਲੂਘਾਰੇ ਵਿਚ ਢਾਹੀ ਗਈ ਅਕਾਲ ਤਖਤ ਦੀ ਇਮਾਰਤ*

ਸਾਨੂੰ ਇਹ ਕੁਝ ਦੇਖ ਕੇ ਸਮਝ ਤਾਂ ਕੋਈ ਨਾ ਪੈਂਦੀ ਕਿ ਕੌਣ ਕਿਹਨੂੰ ਲੁੱਟ ਕੇ ਕਿੱਥੇ ਨੂੰ ਲਿਜਾ ਰਿਹਾ ਹੈ ਪਰ ਉਸੇ ਮੰਜੇ ਉਤੇ ਰੋਂਦੀ ਹੋਈ ਦੁੱਪਟੇ ਨਾਲ ਅੱਖਾਂ ਪੂੰਝਦੀ ਬੈਠੀ ਬੀਬੀ ਵੱਲ ਦੇਖ ਕੇ ਅਸੀਂ ਡੌਰ ਭੌਰ ਹੋਏ ਏਹੀ ਸੋਚਦੇ ਕਿ ਕੁਝ ਬਹੁਤ ਬੁਰਾ ਹੋ ਗਿਆ ਹੋਣਾ ਹੈ। ਜੋ ਅਸਾਡੇ ਸਾਰੇ ਘਰ ਦੇ ਗੁੰਮ-ਸੁੰਮ ਹੋਏ ਪਏ ਹਨ।"

ਸੰਨ ਚੁਰਾਸੀ ਦੇ ਤਿੰਨ ਚਾਰ ਜੂਨ ਤੋਂ ਬਾਅਦ ਸਰਕਾਰੀ ਦਮਨ ਹੋਰ ਤੇਜ ਹੋ ਗਿਆ। ਮੇਰਾ ਛੋਟਾ ਭਰਾ, ਜੋ ਪੁਲਿਸ ਨੇ ਕਾਲਜ ਤੋਂ ਹੀ ਗ੍ਰਿਫਤਾਰ ਕਰ ਲਿਆ ਸੀ, ਉਸ ਨੂੰ ਤੇ ਉਸ ਦੇ ਹੋਰ ਸਾਥੀ ਵਿਦਿਆਰਥੀਆਂ ਨੂੰ ਅਸੀਂ ਕਚਹਿਰੀਆਂ ਵਿਚ ਹੋਰ ਸੰਗਤ ਨਾਲ ਮਿਲਣ ਜਾਂਦੇ। ਉਨ੍ਹਾਂ ਕਚਹਿਰੀ ਦੀਆਂ ਮੁਲਾਕਾਤਾਂ ਨੂੰ ਚਿਤਵਦਿਆਂ ਮੇਰੇ ਬੱਚੇ ਦੱਸਦੇ ਹੁੰਦੇ ਨੇ, "ਚਾਚਾ ਜੀ ਦੇ ਹੱਥਾਂ ਨੂੰ ਸੰਗਲਾਂ (ਹੱਥਕੜੀਆਂ) ਨਾਲ ਬੰਨ ਕੇ ਪੁਲਸੀਆਂ ਨੇ ਫੜ੍ਹਿਆ ਹੋਇਆ ਹੁੰਦਾ ਸੀ...ਜਦ ਰੋਟੀ ਖਾਣ ਤੋਂ ਬਾਅਦ ਪੁਲਿਸ ਵਾਲੇ ਚਾਚਾ ਜੀ ਹੋਰਾਂ ਨੂੰ ਫਿਰ ਬੱਸ ਵਿਚ ਚੜ੍ਹਾ ਲੈਂਦੇ, ਤਾਂ ਸਾਨੂੰ ਬੜਾ ਗੁੱਸਾ ਚੜ੍ਹਦਾ ਕਿ ਡੈਡੀ ਜੀ, ਪੁਲਿਸ ਵਾਲਿਆਂ ਨੂੰ ਕਿਉਂ ਨਹੀਂ ਕਹਿੰਦੇ ਕਿ ਅਸੀਂ ਆਪਣੇ ਭਰਾ ਨੂੰ ਘਰੇ ਲੈ ਕੇ ਜਾਣਾ ਹੈ!"

ਸੰਨ ਚੁਰਾਸੀ ਦੇ ਸਾਕੇ ਤੋਂ ਦੋ ਚਾਰ ਸਾਲ ਬਾਅਦ ਸਰਕਾਰੀ ਸਰਵਿਸ ਤੋਂ ਰਿਟਾਇਰ ਹੋ ਕੇ ਅਮਰੀਕਾ ਆ ਵੱਸੇ ਮੇਰੇ ਇਕ ਮਿੱਤਰ ਨੇ ਆਪਣੇ ਬੇਟੇ ਦੀ ਗੱਲ ਸੁਣਾਈ ਜੋ ਪਹਿਲੀ ਦੂਜੀ 'ਚ ਪੜ੍ਹਦਾ ਹੀ ਆਪਣੇ ਮਾਂ-ਬਾਪ ਨਾਲ ਅਮਰੀਕਾ ਆ ਗਿਆ ਸੀ ਤੇ ਇਥੇ ਹੀ ਜਵਾਨ ਹੋਇਆ। ਸਥਾਨਕ ਗੁਰਦੁਆਰੇ ਵਿਚ ਆਯੋਜਿਤ ਹੁੰਦੇ ਘੱਲੂਘਾਰਾ ਦਿਵਸ ਮੌਕੇ ਬੁਲਾਰਿਆਂ ਤੋਂ ਸੁਣ ਕੇ ਅਤੇ ਕਿਤਾਬਾਂ ਜਾਂ ਨੈਟ ਤੋਂ ਇਹਦੇ ਬਾਰੇ ਮੁਕੰਮਲ ਜਾਣਕਾਰੀ ਲੈਣ ਵਾਲਾ ਇਹ ਸਿੱਖ ਗੱਭਰੂ ਇਕ ਦਿਨ ਬਣਾ ਸੁਆਰ ਕੇ ਆਪਣੇ ਸਰਦਾਰ ਪਿਓ ਨੂੰ ਕਹਿਣ ਲੱਗਾ, "ਪਾਪਾ, ਜਦੋਂ ਸਿੱਖਾਂ ਨਾਲ ਇਹ ਜੱਗੋਂ ਤੇਰਵੀਂ ਹੋ ਰਹੀ ਸੀ, ਪੰਥ ਦਾ ਅੰਧਾ ਧੁੰਦ ਘਾਣ ਹੋ ਰਿਹਾ ਸੀ, ਤਦ ਤੁਸੀਂ ਮਜ਼ੇ ਨਾਲ ਆਪਣੀ ਸਰਕਾਰੀ ਜਾਬ ਕਰਦੇ ਰਹੇ। ਤੁਹਾਡਾ ਦਿਲ ਕੌਮ ਦੇ ਦਰਦ ਵਿਚ ਜ਼ਰਾ ਵੀ ਨਾ ਪਿਘਲਿਆ? ਇਕ ਸਿੱਖ ਹੋਣ ਨਾਤੇ ਤੁਸੀਂ ਉਸ ਕੌਮੀ ਸੰਘਰਸ਼ ਵਿਚ ਕੀ ਯੋਗਦਾਨ ਪਾਇਆ ਸੀ?"

ਮੁੰਡੇ ਦਾ ਬਾਪ ਦੱਸੇ, ਅਖੇ ਨਿਰੁੱਤਰ ਤੇ ਛਿੱਥੇ ਪਏ ਨੂੰ ਮੈਨੂੰ ਲਾਹਣਤਾਂ ਪਾਉਣ ਵਾਲੀ ਟੋਨ 'ਚ ਹੋਰ ਸ਼ਰਮਿੰਦਾ ਕਰਦਿਆਂ ਉਹ ਕਹਿੰਦਾ ਕਿ ਤੁਸੀਂ ਖੁਦ ਤਾਂ ਯੋਗਦਾਨ ਕੀ ਪਾਉਣਾ ਸੀ, ਤੁਸੀਂ ਤਾਂ ਉਸ ਸਾਕੇ ਦੇ ਇਤਿਹਾਸਕ ਪੱਖ ਬਾਰੇ ਸਾਨੂੰ ਵੀ ਕਦੇ ਨਹੀਂ ਦੱਸਿਆ! ਹੈਰਾਨ ਹੋਇਆ ਮੇਰਾ ਦੋਸਤ ਕਹਿ ਰਿਹਾ ਸੀ ਕਿ ਭਰਾਵਾ ਸ੍ਰੀ ਅਕਾਲ ਅਖਤ 'ਤੇ ਹੋਏ ਅਟੈਕ ਬਾਰੇ ਸਾਡੇ ਬੱਚੇ ਉਹ ਤੱਥ ਵੀ ਜਾਣਦੇ ਹਨ, ਜੋ ਸਾਨੂੰ ਵੀ ਨਹੀਂ ਪਤਾ।

ਬਿਲਕੁਲ ਇਵੇਂ ਹੀ ਇਸੇ ਵਿਸ਼ੇ 'ਤੇ ਹੋਏ ਇਕ ਸੈਮੀਨਾਰ ਮੌਕੇ ਅਮਰੀਕਨ ਜੰਮਪਲ ਇਕ ਸਿੱਖ ਲੜਕੇ ਨੇ ਸਵਾਲ ਕਰ ਕੇ ਮੈਨੂੰ ਚੁੱਪ ਕਰਾ'ਤਾ। ਕੈਲੀਫੋਰਨੀਆ ਦੇ ਇਕ ਗੁਰਦੁਆਰੇ ਵਿਚ ਹੋਏ ਸੈਮੀਨਾਰ ਵਿਚ ਬੋਲਦਿਆਂ ਮੈਂ ਪੰਜ ਸਦੀਆਂ ਦੇ ਵੈਰ ਦੀ ਖੋਲ੍ਹ ਕੇ ਵਿਆਖਿਆ ਕੀਤੀ। ਸਾਰਾ ਦੁਖਦਾਈ ਬਿਰਤਾਂਤ ਵਰਨਣ ਕਰ ਕੇ ਇਹ ਸ਼ਿਅਰ ਬੋਲਦਿਆਂ ਮੈਂ ਸਮਾਪਤੀ ਕੀਤੀ,

ਨੀਲੇ ਤਾਰੇ ਪੀਲੇ ਤਾਰੇ ਬੜੇ ਚੜ੍ਹੇ
ਅੰਮ੍ਰਿਤਸਰ ਤਾਂ ਫਿਰ ਘੁੱਗੀਂ ਵਸਦਾ ਹੈ।

ਆਪਣੇ ਕਾਗਜ਼ 'ਤੇ ਏਹੀ ਸ਼ਿਅਰ ਨੋਟ ਕਰਕੇ ਇਕ ਨੌਜਵਾਨ ਮੇਰੇ ਕੋਲ ਆ ਬੈਠਾ। ਕਹਿੰਦਾ, ਅੰਕਲ ਜੀ, ਅੰਮ੍ਰਿਤਸਰ ਨੇ ਤਾਂ ਗੁਰੂ ਪਾਤਸ਼ਾਹ ਦੀ ਬਖਸ਼ਿਸ਼ ਸਦਕਾ ਸਦਾ ਹੀ ਘੁੱਗ ਵਸਦੇ ਰਹਿਣਾ ਹੈ, ਪਰ ਤੁਸੀਂ ਮੈਨੂੰ ਇਸ ਗੱਲ ਦਾ ਜਵਾਬ ਦਿਓ ਕਿ ਜਿਹੜੇ ਸ਼ਾਤਰ ਦਿਮਾਗ ਸਿੱਖ ਸਿਆਸਤਦਾਨ ਜੂਨ ਚੁਰਾਸੀ ਵਾਲੇ ਅਟੈਕ ਤੋਂ ਪਹਿਲਾਂ ਸ੍ਰੀ ਅੰਮ੍ਰਿਤਸਰ 'ਤੇ ਕਾਬਜ ਸਨ, ਲਹੂ ਵੀਟਵੇਂ ਸੰਘਰਸ਼ ਤੋਂ ਬਾਅਦ ਪੰਜਾਬ ਨੇ ਉਨ੍ਹਾਂ ਨੂੰ ਹੀ ਸਿੱਖ ਕੇਂਦਰ ਕਿਉਂ ਸੌਂਪ ਦਿੱਤਾ? ਦਹਾਕਿਆਂ ਤੋਂ ਉਨ੍ਹਾਂ ਕੌਮ ਘਾਤੀ ਆਗੂਆਂ ਦੀ ਹੀ ਪਕੜ ਕਿਉਂ ਮਜ਼ਬੂਤ ਹੁੰਦੀ ਆ ਰਹੀ ਹੈ?

ਨਿਰਛਲ ਸੁਭਾਅ ਵਾਲੇ ਇਕ ਅਮਰੀਕੀ ਸਿੱਖ ਬੱਚੇ ਦੇ ਧੁਰ ਅੰਦਰੋਂ ਉਪਜੇ ਇਹ ਸਵਾਲ ਹਰ ਉਸ ਇਕੱਠ ਵਿਚ ਜ਼ਰੂਰ ਵਿਚਾਰਨ ਦੀ ਲੋੜ ਹੈ, ਜਿੱਥੇ ਵੀ ਵੀਹਵੀਂ ਸਦੀ ਦੇ ਘੱਲੂਘਾਰੇ ਦੀ ਯਾਦ ਵਿਚ ਸਿੱਖ ਸੰਗਤ ਜੁੜ ਬੈਠੀ ਹੋਵੇ।

# ਅੱਲ੍ਹੜ ਉਮਰਾਂ ਤਲਖ ਸੁਨੇਹੇ

ਗੁਰਪ੍ਰੀਤ ਸਿੰਘ ਤੂਰ ਨੇ ਪੰਜਾਬੀ ਪਾਠਕਾਂ ਵਿਚ ਆਪਣੇ ਰਹਿਣ ਜੋਗਾ ਪਲਾਟ ਮੱਲ ਕੇ ਘਰ ਪਾ ਲਿਆ ਹੈ। ਸਾਥ ਮਾਣਨ ਵਾਲੇ ਉਸ ਦੇ ਗਵਾਂਢੀ ਸੰਤੁਸ਼ਟ ਹਨ। ਆਲ੍ਹਣਿਓਂ ਡਿੱਗੇ ਬੋਟ, ਸੰਭਲੋ ਪੰਜਾਬ, ਜੀਵੇ ਜਵਾਨੀ ਅਤੇ ਕਰਮੀ ਤੋਂ ਬਾਅਦ ਹਥਲੀ ਪੰਜਵੀਂ ਕਿਤਾਬ 'ਅੱਲ੍ਹੜ ਉਮਰਾਂ, ਤਲਖ ਸੁਨੇਹੇ' ਪਾਠਕਾਂ ਦੇ ਸਪੁਰਦ ਹੈ। ਕਿਤਾਬ ਵਿਚ ਆਉਣ ਤੋਂ ਪਹਿਲਾਂ ਇਹ ਲਿਖਤਾਂ ਅਖਬਾਰਾਂ, ਰਸਾਲਿਆਂ ਰਾਹੀਂ ਪਾਠਕਾਂ ਦੇ ਰੂਬਰੂ ਹੋ ਚੁਕੀਆਂ ਹਨ ਅਤੇ ਹੁੰਗਾਰਾ ਮਿਲਿਆ ਹੈ।

ਡਾ. ਹਰਪਾਲ ਸਿੰਘ ਪੰਨੂ*
ਫੋਨ: 91-94642-51454

ਤੂਰ ਦੀ ਕੈਨਵਸ ਵਿਚ ਪੰਜਾਬ ਦੀ ਜੁਆਨੀ ਹੈ, ਉਹੀ ਜੁਆਨੀ ਜੋ ਕਦੇ ਮੌਤ ਨੂੰ ਮਖੌਲਾਂ ਕਰਿਆ ਕਰਦੀ ਸੀ। ਸਰ੍ਹਾਲ ਵਰਗੀ ਮੌਤ ਨੇ ਜੁਆਨੀ ਨੂੰ ਹੁਣ ਚੁਫੇਰਿਓਂ ਵਲ ਲਿਆ ਹੈ। ਡਰੀਆਂ ਬੇਨੂਰ ਅੱਖਾਂ ਲਾਚਾਰ ਹਨ। ਕਿਸੇ ਜ਼ਮਾਨੇ ਪਲੇਗ, ਕੋਹੜ, ਤਪਦਿਕ ਆਦਿਕ ਬਿਮਾਰੀਆਂ ਲਾਇਲਾਜ ਸਨ, ਪਿੰਡ ਸ਼ਹਿਰ ਖਾਲੀ ਹੋ ਜਾਇਆ ਕਰਦੇ ਸਨ। ਨਸ਼ਿਆਂ ਦੀ ਅਜੋਕੀ ਬਿਮਾਰੀ ਸ਼ੌਕ ਨਾਲ ਪੰਜਾਬੀਆਂ ਨੇ ਆਪ ਸਹੇੜੀ ਹੈ।

ਅੱਧੀ ਸਦੀ ਪਹਿਲਾਂ ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਪੰਜਾਬੀ ਜੁਆਨੀ ਨੂੰ ਸੰਬੋਧਨ ਕੀਤਾ ਸੀ, ਉਸ ਦੀ ਵੰਗਾਰ ਅਤੇ ਨਸੀਹਤ ਸ਼ਹਿਰੀ ਤਬਕੇ ਲਈ ਸੀ। ਤੂਰ ਪਿੰਡ ਦੀਆਂ ਗਲੀਆਂ ਥਾਣੀ ਖੇਤਾਂ ਤੱਕ ਪੁਜਦਾ ਹੈ। ਪ੍ਰੀਤਲੜੀ ਦੀ ਲਿਖਤ ਵਿਚ ਖਿਆਲ ਪ੍ਰਧਾਨ ਸੀ, ਤੂਰ ਦੀ ਕਲਮ ਵਿਚ ਕਰਮ ਪ੍ਰਧਾਨ ਹੈ। ਜਦੋਂ 1966 ਵਿਚ ਪੰਜਾਬ ਦੀ ਵੰਡ ਹੋਈ, ਹਰਿਆਣੇ ਦੇ ਲੋਕਾਂ ਨੂੰ ਸੁਸਤ, ਕੰਮ ਚੋਰ, ਵਿਹਾਰ ਅਤੇ ਵਿੱਦਿਆ ਵਿਚ ਪਛੜੇ ਹੋਏ ਜਾਣਿਆ ਜਾਂਦਾ ਸੀ। ਪੰਜਾਬ ਦੇ ਮੁਕਾਬਲੇ ਹਰਿਆਣੇ ਦੀਆਂ ਜਮੀਨਾਂ ਕਮਜ਼ੋਰ ਸਨ ਤੇ ਵਿੱਦਿਅਕ ਸਹੂਲਤਾਂ ਨਾਂਹ ਬਰਾਬਰ। ਅੱਧੀ ਸਦੀ ਬਾਅਦ ਤੂਰ ਦਾ ਸਰਵੇਖਣ ਦਸਦਾ ਹੈ ਕਿ ਹਾਲਾਤ ਉਲਟ ਗਏ ਹਨ। ਖਾਣ ਪੀਣ, ਪਹਿਨਣ ਅਤੇ ਮੁਕਾਬਲੇਬਾਜ਼ੀ ਵਿਚ ਹਰਿਆਣੇ ਨੇ ਪੰਜਾਬ ਨੂੰ ਪਛਾੜ ਦਿੱਤਾ ਹੈ। ਹਿਮਾਚਲ ਪੰਜਾਬ ਤੋਂ ਅੱਗੇ ਲੰਘ ਗਿਆ ਹੈ।

ਤੂਰ ਨੇ ਪੰਜਾਬੀ ਸਾਹਿਤ, ਸੱਭਿਆਚਾਰ ਦਾ ਅਧਿਐਨ ਕੀਤਾ ਹੋਇਆ ਹੈ, ਫਸਲਾਂ ਦੀ ਮਹਿਕ ਪਛਾਣਦਾ ਹੈ। ਓਵਰਡੋਜ਼ ਡਰੱਗ ਦਾ ਟੀਕਾ ਲਾ ਕੇ ਜੁਆਨ ਮੌਤ ਦੀ ਗੋਦ ਵਿਚ ਜਾ ਬੈਠਾ। ਤੂਰ ਦਾ ਵਾਕ ਹੈ, "ਪਹਿਲੀ ਵਾਰ ਜਦ ਉਹ ਮਿਲਿਆ, ਚਿੱਟਾ ਕੁਰਤਾ ਪਜਾਮਾ ਪਹਿਨਿਆ ਹੋਇਆ ਸੀ। ਚਿੱਟਾ ਕੱਪੜਾ ਉਸ ਦੀ ਲਾਸ਼ ਉਪਰ ਤਾਣਿਆ ਪਿਆ ਸੀ। ਕਿਸੇ ਮਾਂ ਦਾ ਪੂਰਨ; ਹਾਲਤਾਂ ਨੇ ਜਿਸ ਦੇ ਹੱਥ ਪੈਰ ਵੱਢ ਕੇ ਖੂਹ ਵਿਚ ਸੁਟਵਾ ਦਿੱਤਾ ਹੋਵੇ। ਜੁਆਨ ਸਫੈਦ ਕੱਫਣ ਓੜ੍ਹ ਰਹੇ ਨੇ, ਵਿਧਵਾਵਾਂ ਦੇ ਸਿਰਾਂ 'ਤੇ ਸਫੈਦ ਦੁਪੱਟੇ ਟਿਕ ਗਏ ਨੇ।"

ਇੱਕ ਦੁਖੀ ਮਾਂ ਤੂਰ ਨੂੰ ਮਿਲ ਕੇ ਆਖਦੀ ਹੈ, "ਛੱਤ ਨਾਲ ਮੈਨੂੰ ਲਟਕਣਾ ਨੀਂ ਆਉਂਦਾ, ਜ਼ਹਿਰੀਲੀ ਦਵਾਈ ਮਿਲੀ ਨਹੀਂ...। ਉਸ ਦੇ ਸਹਿਜ ਸੁਭਾ ਕਹੇ ਇਨ੍ਹਾਂ ਬੋਲਾਂ ਨਾਲ ਪੰਜਾਬ ਤ੍ਰਭਕਦਾ ਤੇ ਕੰਬਦਾ ਪ੍ਰਤੀਤ ਹੋਇਆ।...ਉਸ ਦੀਆਂ ਅੱਖਾਂ ਵਿਚੋਂ ਇਕ ਵੀ ਅੱਥਰੂ ਨਹੀਂ ਡਿਗਿਆ। ਪੂਰੀ ਜ਼ਿੰਦਗੀ ਨੂੰ ਉਹ ਪਹਿਲਾਂ ਹੀ ਰੋ ਚੁਕੀ ਸੀ।"

ਸਤੀ ਪ੍ਰਥਾ ਤੋਂ ਲੈ ਕੇ ਭਰੂਣ ਹੱਤਿਆ ਤੱਕ ਤੂਰ ਔਰਤ ਦੇ ਦੁੱਖਾਂ ਦਾ ਬਿਰਤਾਂਤ ਸਿਰਜਦਿਆਂ ਲਿਖਦਾ ਹੈ, "ਅਨੇਕ ਦੁੱਖਾਂ ਦੇ ਬਾਵਜੂਦ ਔਰਤ ਨੇ ਆਪਣਾ ਜੀਵਨ ਪਰਿਵਾਰ ਲਈ ਏਨਾ ਖੁਭ ਕੇ ਜੀਵਿਆ ਹੁੰਦਾ ਹੈ ਕਿ ਉਸ ਦਾ ਰੂਪ ਲੋਪ ਨਹੀਂ ਹੁੰਦਾ ਬਲਕਿ ਰੰਗ ਬਣ ਕੇ ਘਰ ਦੀਆਂ ਕੰਧਾਂ




ਕੰਧੋਲੀਆਂ ਨੂੰ ਲੱਗ ਜਾਂਦਾ ਹੈ। ਉਸੇ ਔਰਤ ਨੂੰ ਦੁੱਖਾਂ ਦੀ ਭੱਠੀ ਵਿਚ ਝੋਕ ਦੇਣਾ ਪੰਜਾਬੀਆਂ ਲਈ ਮੰਦਭਾਗਾ ਹੈ।"

ਤੂਰ ਦੀ ਵਾਰਤਕ ਦਾ ਇਕ ਹੋਰ ਨਮੂਨਾ, "ਬੱਚਾ ਅਜੇ ਪੇਟ ਵਿਚ ਸੀ ਕਿ ਖਾਵੰਦ ਦੀ ਮੌਤ ਹੋ ਗਈ। ਜੋੜ ਤੋੜ ਸਾਰਾ ਓਹੜ ਪੋਹੜ ਲਾ ਕੇ ਦੋ ਮੱਝਾਂ ਖਰੀਦ ਦੁੱਧ ਵੇਚ ਗੁਜ਼ਾਰਾ ਕਰਨ ਲੱਗੀ। ਦੋਵੇਂ ਮੱਝਾਂ ਚੋਰੀ ਹੋ ਗਈਆਂ। ਸਰਪੰਚ ਨਾਲ ਥਾਣੇ ਰਪਟ ਲਿਖਾਣ ਗਈ, ਮੁਕੱਦਮੇ ਵਿਚ ਕੋਈ ਦਿਲਚਸਪੀ ਨਹੀਂ, ਆਖੀ ਜਾ ਰਹੀ ਸੀ, ਮੇਰੀਆਂ ਮੱਝਾਂ ਲਭਾ ਦਿਓ। ਸਰਪੰਚ ਨੇ ਕਿਹਾ, ਸਰ ਲਭਾ ਦਿਓ ਮੱਝਾਂ। ਧਾਰਾਂ ਚੋਣ ਦਾ ਵੇਲਾ ਹੁੰਦੈ ਤਾਂ ਇਹ ਬੀਬੀ ਹੱਥ 'ਚ ਬਾਲਟੀ ਫੜ੍ਹ ਕੇ ਧਾਹਾਂ ਮਾਰਦੀ ਹੈ।"

ਬੀਤੇ ਪੰਜਾਬ ਦਾ ਦ੍ਰਿਸ਼ ਦੇਖੋ, "ਕੰਧਾਂ ਕੰਧੋਲੀਆਂ ਲਿਪਦੀਆਂ ਔਰਤਾਂ, ਤਿਲ ਭੁੰਨਦੀਆਂ ਸੁਆਣੀਆਂ, ਬਾਪ ਦੀ ਰੋਟੀ ਲਈ ਖੇਤ ਜਾਂਦੀ ਬਾਲੜੀ, ਕਪਾਹ ਦੇ ਫੁੱਲਾਂ ਤੇ ਮੰਡਰਾਉਂਦੀਆਂ ਰੰਗ ਬਿਰੰਗੀਆਂ ਤਿਤਲੀਆਂ, ਵਗਦੇ ਖਾਲ ਵਿਚੋਂ ਪਾਣੀ ਪੀ ਕੇ ਉਡ ਗਈਆਂ ਚਿੜੀਆਂ-ਇਕ ਸਮਾਂ ਸੀ ਜਦੋਂ ਕੰਮਾਂਕਾਰਾਂ ਨੇ ਪੰਜਾਬੀਅਤ ਨੂੰ ਮਹਿਕਣ ਲਾ ਦਿੱਤਾ ਸੀ।"

"ਲੋਰੀਆਂ, ਘੋੜੀਆਂ, ਸੁਹਾਗ, ਮਾਹੀਆ ਲੋਕਧਾਰਾ ਨੇ ਪੰਜਾਬੀਆਂ ਨੂੰ ਮਾਣ ਬਖਸ਼ਿਆ ਹੈ, ਛੈਲ ਨਵਾਬਾਂ ਦੇ ਘਰ ਢੁੱਕਣਾ, ਸਰਦਾਰਾਂ ਦੇ ਘਰ ਢੁੱਕਣਾ, ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾਂ।...ਸੂਹਣੇ ਜੇ ਚੀਰੇ ਵਾਲਿਆ ਵੇ, ਚੀਰਾ ਕਲਗੀ ਦੇ ਨਾਲ ਸ਼ਿੰਗਾਰਿਆ ਈ...। ਜਿਨ੍ਹਾਂ ਦੇ ਵਿਆਹਾਂ 'ਤੇ ਗੀਤ ਗਾਉਣ ਲਈ ਭੈਣਾਂ-ਮਾਂਵਾਂ ਦਿਨ ਉਡੀਕਦੀਆਂ ਹਨ, ਅੰਦਰ ਧਸੀਆਂ ਅੱਖਾਂ, ਕੰਬਦੇ ਹੱਥਾਂ ਨਾਲ ਪਲ ਪਲ ਉਹ ਜੁਆਨ ਸ਼ਮਸ਼ਾਨਘਾਟ ਵਲ ਵਧ ਰਹੇ ਹਨ।"

ਜਿਸ ਤਰ੍ਹਾਂ ਦੀ ਡੂੰਘੀ ਉਦਾਸ ਵਾਰਤਕ ਤੂਰ ਸਿਰਜਦਾ ਹੈ, ਉਹੋ ਜਿਹੀ ਹਰਿਆਣੇ ਦੇ ਗਿਆਨ ਪ੍ਰਕਾਸ਼ ਵਿਵੇਕ ਦੀ ਪੜ੍ਹੀ ਸੀ। ਜਿਸ ਨੇ ਦੁੱਖ ਨਹੀਂ ਦੇਖਿਆ, ਉਸ ਨੂੰ ਰੂਹਾਨੀ ਸੰਗੀਤ ਦਾ ਕੀ ਪਤਾ? ਵਿਵੇਕ ਦੀ ਲਿਖਤ ਦਾ ਨਮੂਨਾ ਦੇਖੋ, "ਮੇਰਾ ਪਿੰਡ ਚੁਪ ਚੁਪ ਰਹਿੰਦੈ। ਸਾਲ ਵਿਚ ਦੋ ਤਿੰਨ ਵਾਰ ਬਸ ਤਿਉਹਾਰਾਂ ਦੇ ਦਿਨਾਂ ਵਿਚ ਹੀ ਹਸਦੈ। ਜਿਵੇਂ ਗਵਾਚੀ ਖੁਸ਼ੀ ਲੱਭਦਾ ਹੋਏ। ਗਵਾਚੀ ਖੁਸ਼ੀ ਲੱਭਣੀ ਓਨਾ ਈ ਔਖਾ ਕੰਮ, ਜਿੰਨਾ ਡਿਗਿਆ ਹੰਝੂ ਚੁਕ ਕੇ ਮੁੜ ਅੱਖ ਵਿਚ ਪਾਉਣਾ। ਮੇਰਾ ਪਿੰਡ ਜਿਵੇਂ ਬਣਵਾਸ ਭੋਗਦਾ ਹੋਇਆ ਰਾਜਾ ਰਾਮਚੰਦ। ਪਿੰਡ ਵਿਚਕਾਰ ਖੂਹ ਹੈ। ਖੂਹ ਦਾ ਪਾਣੀ ਖਾਰਾ। ਖਾਰੇ ਪਾਣੀ ਦੀ ਸਾਖੀ ਹੈ। ਮੁੱਦਤ ਪਹਿਲਾਂ ਦਰਵੇਸ਼ ਲੰਘਿਆ ਸੀ, ਪਿਆਸਾ ਸੀ, ਪਿੰਡ ਨੇ ਪਾਣੀ ਨਹੀਂ ਪੁੱਛਿਆ। ਖਾਰੇ ਪਾਣੀ ਦਾ ਸਰਾਪ ਦੇ ਗਿਆ। ਭਲਾ ਸੀ ਕੋਈ ਜੋ ਖਾਰੇ ਪਾਣੀ ਦਾ ਸਰਾਪ ਦੇ ਗਿਆ, ਖੂਹ ਸੁੱਕ ਜਾਣ ਦਾ ਸਰਾਪ ਦੇ ਜਾਂਦਾ, ਫੇਰ ਅਸੀਂ ਕੀ ਕਰਦੇ? ਵਿਸਾਖੀ ਦੇ ਦਿਨ ਤੋਂ ਲੈ ਕੇ ਸਾਰੀਆਂ ਗਰਮੀਆਂ ਮੇਰਾ ਪਿੰਡ ਹੁਣ ਪਿਆਓ ਲਾਉਣਾ ਨਹੀਂ ਭੁਲਦਾ।"

ਚੰਗੀ ਲਿਖਤ ਪੜ੍ਹਨ ਬਾਅਦ ਇਨਾਮ ਮਿਲਦਾ ਹੈ ਕਿ ਹੋਰ ਚੰਗੀਆਂ ਲਿਖਤਾਂ ਦੇ ਬੋਲ ਉਤਰ ਕੇ ਆਲੇ-ਦੁਆਲੇ ਨੱਚਣ ਲਗਦੇ ਹਨ। ਜਦੋਂ ਰੋਸ਼ਨੀ ਵੱਖ ਵੱਖ ਰੰਗਾਂ ਥਾਣੀਂ ਹਸਦੀ ਅਤੇ ਰੋਂਦੀ ਹੈ, ਤੂਰ ਨਿਪੁੰਨ ਕਿਸਾਨ ਵਾਂਗ ਕਣਕ ਦੇ ਖੇਤ ਵਿਚਕਾਰ ਸਰ੍ਹੋਂ ਦੀਆਂ ਆਡਾਂ ਕੱਢਦਾ ਹੈ। ਯਾਦ ਕਰਾਉਂਦਾ ਹੈ ਕਿ ਪੰਜਾਬ ਧਰਤੀ ਦੀ ਵੱਖੀ ਵਿਚ ਹਲ ਨਾਲ ਕੁਤਕੁਤਾੜੀਆਂ ਕਰਦਾ, ਧਰਤੀ ਦੇ ਹਾਸੇ ਫਸਲਾਂ ਬਣ ਬਣ ਫੁਟਦੇ ਹੁੰਦੇ।

---

*ਪ੍ਰੋਫੈਸਰ ਸੈਂਟਰਲ ਯੂਨੀਵਰਸਿਟੀ, ਬਠਿੰਡਾ।

# ਪੰਜਾਬ ! ਹਾਲੇ ਵੀ ਸੰਭਲ ਜਾਹ...

**ਦਰਦ-ਏ-ਪੰਜਾਬ**

ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਪਿਛਲੇ ਦਿਨੀਂ ਖਬਰ ਆਈ ਕਿ ਕੇਂਦਰ ਦੇ ਯੋਜਨਾ ਕਮਿਸ਼ਨ ਦੇ ਮੈਂਬਰ ਪੰਜਾਬ ਸਰਕਾਰ ਦੇ ਮੰਤਰੀਆਂ ਨੂੰ ਮਿਲੇ। ਜਦ ਪੰਜਾਬ ਸਰਕਾਰ ਵਲੋਂ ਪੰਜਾਬ ਦੇ ਕਿਸਾਨਾਂ ਲਈ ਆਰਥਕ ਰਾਹਤ ਦਾ ਵਾਸਤਾ ਪਾਇਆ ਗਿਆ, ਜਿਨ੍ਹਾਂ ਨੇ ਕੇਂਦਰ ਦੇ ਅਨਾਜ ਭੰਡਾਰ ਨੂੰ ਭਰਿਆ ਹੈ, ਤਾਂ ਯੋਜਨਾ ਕਮਿਸ਼ਨ ਦੇ ਮੈਂਬਰਾਂ ਦਾ ਕਹਿਣਾ ਸੀ ਕਿ ਪੰਜਾਬ ਦੇ ਕਿਸਾਨਾਂ ਬਾਰੇ ਕੇਂਦਰ ਕੁਝ ਨਹੀਂ ਕਰ ਸਕਦਾ। ਪੰਜਾਬ ਸਰਕਾਰ ਹੀ ਇਸ ਬਾਰੇ ਫਿਕਰ ਕਰੇ। ਪੰਜਾਬ ਨੂੰ ਕੇਂਦਰ ਦੇ ਅਨਾਜ ਭੰਡਾਰ ਬਾਰੇ ਵੀ ਫਿਕਰ ਕਰਨ ਦੀ ਲੋੜ ਨਹੀਂ। ਇਸ ਦਾ ਬੰਦੋਬਸਤ ਕੇਂਦਰ ਖੁਦ ਕਰ ਲਵੇਗਾ। ਬਹੁਤ ਤਲਖ, ਕਰਾਰੇ ਤੇ ਸਪੱਸ਼ਟ ਜਵਾਬ ਨੇ ਪੰਜਾਬ ਸਰਕਾਰ ਨੂੰ ਜਵਾਬਹੀਣ ਕਰ ਦਿੱਤਾ। ਦਰਅਸਲ ਹੁਣ ਜਦ ਦੂਸਰੇ ਰਾਜ ਅਨਾਜ ਪੈਦਾ ਕਰਕੇ ਅਨਾਜ-ਲੋੜਾਂ ਪੂਰੀਆਂ ਕਰ ਸਕਦੇ ਹਨ ਤਾਂ ਪੰਜਾਬ ਦੇ ਅਨਾਜ ਦੀ ਕਿਸ ਨੂੰ ਲੋੜ ਏ?

ਭਾਰਤ ਦੇ ਖਾਲੀ ਅੰਨ ਭੰਡਾਰਾਂ ਨੂੰ ਨੱਕੋ-ਨੱਕ ਭਰਨ ਵਾਲੇ ਪੰਜਾਬ ਲਈ ਇਸ ਤੋਂ ਵਡੀ ਤ੍ਰਾਸਦੀ ਕੀ ਹੋ ਸਕਦੀ ਹੈ ਕਿ ਉਸ ਨੂੰ ਸ਼ਾਬਾਸ਼ ਜਾਂ ਮਾਣ-ਤਾਣ ਤਾਂ ਕੀ ਮਿਲਣਾ ਸੀ, ਸਗੋਂ ਉਸ ਨੂੰ ਆਪਣੀ ਤ੍ਰਾਸਦੀ ਸੰਗ ਜਿਉਣ ਅਤੇ ਖੁਦਕੁਸ਼ੀਆਂ ਦੀ ਉਗ ਰਹੀ ਫਸਲ ਨੂੰ ਹੋਰ ਹੁਲਾਰਾ ਦੇਣ ਵਿਚ ਕੇਂਦਰ ਨੇ ਆਪਣਾ ਯੋਗਦਾਨ ਜਰੂਰ ਪਾ ਦਿੱਤਾ ਏ। ਪੰਜਾਬ ਦਾ ਬੁੱਧੀਜੀਵੀ ਵਰਗ ਪਹਿਲਾਂ ਵਾਂਗ ਹੀ ਖਾਮੋਸ਼ ਏ ਅਤੇ ਖਾਮੋਸ਼ ਹੈਨ ਪੰਜਾਬ ਦੇ ਸਿਆਸੀ, ਧਾਰਮਿਕ ਤੇ ਸਮਾਜਕ ਰਹਿਨੁਮਾ।

ਕੀ ਇਕ ਵਾਰ ਫਿਰ ਪੰਜਾਬ ਕਿਸੇ ਬਹੁਤ ਹੀ ਸੋਚੀ-ਸਮਝੀ, ਕਮੀਨੀ ਸਾਜਿਸ਼ ਦਾ ਸ਼ਿਕਾਰ ਹੋ ਗਿਆ ਹੈ? ਕੀ ਪੰਜਾਬੀ ਸੂਬਾ ਮੰਗਣ ਕਾਰਨ, ਪੰਜਾਬੀਆਂ ਦੀ ਅੜੀ ਭੰਨਣ, ਅਣਖ ਨੂੰ ਮਿੱਟੀ 'ਚ ਮਿਲਾਉਣ ਅਤੇ ਪੰਜਾਬ, ਪੰਜਾਬੀਆਂ ਤੇ ਪੰਜਾਬੀਅਤ ਨੂੰ ਖਤਮ ਕਰਨ ਲਈ ਹੀ ਕੇਂਦਰ ਵਲੋਂ ਹਰੀ ਕ੍ਰਾਂਤੀ ਦੇ ਨਾਅਰੇ ਨਾਲ ਪੰਜਾਬ ਨੂੰ ਕਰਮਨਾਸ਼ ਧਰਾਤਲ ਬਣਾਇਆ ਗਿਆ ਸੀ?

ਕੁਦਰਤੀ ਸਰੋਤਾਂ ਨਾਲ ਲਬਰੇਜ਼ ਸੀ ਪੰਜਾਬ। ਬੰਦੇ ਜੰਮਣ ਵਾਲੀ ਜਮੀਨ, ਅੰਮ੍ਰਿਤ ਵਰਗੇ ਪਾਣੀ, ਪਾਕ-ਪਾਕੀਜ਼ ਹਵਾ ਤੇ ਸਰੂ ਵਰਗੇ ਸੋਹਣੇ ਗੱਭਰੂਆਂ ਦੀ ਧਰਤੀ ਅਤੇ ਮਾਣਮੱਤੇ ਪੰਜਾਬ ਨੂੰ ਹੀਣਾ ਬਣਾਉਣ ਲਈ ਹੀ ਤਾਂ ਇਹ ਚਾਲ ਨਹੀਂ ਸੀ ਚੱਲੀ ਗਈ? ਕੀ ਇਸ ਚਾਲ ਵਿਚ ਪੰਜਾਬ ਦੇ ਸਿਆਸਤਦਾਨ, ਖੇਤੀ ਵਿਗਿਆਨੀ ਅਤੇ ਬੁੱਧੀਜੀਵੀ ਵਰਗ ਵੀ ਢੰਗ ਨਾਲ ਸ਼ਾਮਲ ਸੀ? ਕੀ ਹਰੀ ਕ੍ਰਾਂਤੀ ਦੇ ਭਵਿੱਖੀ ਕੁ-ਪ੍ਰਭਾਵਾਂ ਬਾਰੇ ਵਿਗਿਆਨੀਆਂ/ਬੁੱਧੀਜੀਵੀਆਂ ਨੂੰ ਕੋਈ ਕਿਆਸ ਨਹੀਂ ਸੀ? ਕੀ ਇਹ ਸਭ ਕੁਝ ਜਾਣ-ਬੁੱਝ ਕੇ ਤਾਂ ਨਹੀਂ ਹੋਣ ਦਿੱਤਾ ਗਿਆ ਜਿਸ ਵਿਚ ਕਾਰਪੋਰੇਟ ਅਦਾਰਿਆਂ ਅਤੇ ਕੇਂਦਰ ਵਿਚ ਰਾਜ ਕਰਦੀ ਸਿਆਸੀ ਪਾਰਟੀ ਦੀ ਸਾਜਿਸ਼ ਸੀ ਕਿ ਕਿਵੇਂ ਪੰਜਾਬ ਦੇ ਕੁਦਰਤੀ ਸਰੋਤਾਂ ਨੂੰ ਪਲੀਤ ਅਤੇ ਖਤਮ ਕੀਤਾ ਜਾਵੇ। ਹਰੇ ਇਨਕਲਾਬ ਦੇ ਨਾਂ ਹੇਠ ਪੰਜਾਬ ਦੇ ਪਾਣੀਆਂ ਵਿਚ ਜਹਿਰ ਘੋਲ ਕੇ ਪੰਜਾਬੀਆਂ ਦੀ ਸਿਹਤ ਨਾਲ ਖਿਲਵਾੜ ਕਰਕੇ ਉਨ੍ਹਾਂ ਨੂੰ ਨਾਮਰਦ ਬਣਾਉਣ ਦੀ ਕੀ ਕੋਈ ਚਾਲ ਸੀ?

ਇਉਂ ਲੱਗਦਾ ਏ, ਬਹੁਤ ਹੀ ਡੂੰਘੀ, ਸੋਚੀ-ਸਮਝੀ ਅਤੇ ਕੋਝੀ ਚਾਲ ਪੰਜਾਬੀਆਂ ਨਾਲ ਚੱਲੀ ਗਈ। ਪੰਜਾਬੀ ਕਿਸਾਨਾਂ ਨੂੰ ਅਜਿਹੇ ਸੁਪਨੇ ਦਿਖਾਏ ਗਏ ਕਿ ਪੰਜਾਬ, ਭਾਰਤ ਦਾ ਅੰਨਦਾਤਾ ਹੈ ਅਤੇ ਪੰਜਾਬ ਤੋਂ ਬਿਨਾ ਭਾਰਤ ਦਾ ਸਰ ਹੀ ਨਹੀਂ ਸਕਦਾ। ਪੰਜਾਬੀਆਂ ਨੂੰ ਵੀ ਲੱਗਾ ਕਿ ਅਨਾਜ ਦੀ ਵਧੀ ਹੋਈ ਪੈਦਾਵਾਰ ਸ਼ਾਇਦ ਉਨ੍ਹਾਂ ਦੀ ਆਰਥਕ ਖੁਸ਼ਹਾਲੀ ਦਾ ਰਾਹ ਖੋਲ੍ਹੇਗੀ? ਪਰ ਇਹ ਸਭ ਕੁਝ ਇਕ ਛਲਾਵੇ ਤੋਂ ਵੱਧ ਕੁਝ ਨਾ ਨਿਕਲਿਆ। ਕੇਂਦਰ ਦੀ ਦੂਰਰਸੀ ਤੇ ਸਵਾਰਥੀ ਨੀਤੀ ਦੇ ਅਸਰ ਅਤੇ ਹੁਣ ਪ੍ਰਗਟਾਈ ਕੇਂਦਰ ਦੀ ਅਕ੍ਰਿਤਘਣਤਾ ਨੇ ਸੰਵੇਦਨਸ਼ੀਲ ਪੰਜਾਬੀਆਂ ਦੇ ਮਨਾਂ ਨੂੰ ਠੇਸ ਪਹੁੰਚਾਈ ਹੈ। ਸਮਾਂ ਬੀਤਣ ਤੋਂ ਬਾਅਦ ਸਿਰਫ ਪਛਤਾਵਾ ਹੀ ਪੱਲੇ ਰਹਿ ਜਾਂਦਾ ਏ, ਪਰ ਇਸ ਪਛਤਾਵੇ ਵਿਚੋਂ ਉਭਰਨ ਲਈ ਬਹੁਤ ਹੀ ਸੂਝਵਾਨ, ਸੁੱਚੇ ਅਤੇ ਦੂਰਅੰਦੇਸ਼ ਆਗੂਆਂ ਦੀ ਰਹਿਨੁਮਾਈ ਦੀ ਲੋੜ ਹੁੰਦੀ ਹੈ, ਜੋ ਨਿਜੀ ਸਵਾਰਥ ਤੋਂ ਉਪਰ ਉਠ ਕੇ ਪੰਜਾਬ ਅਤੇ ਪੰਜਾਬੀਆਂ ਬਾਰੇ ਕੁਝ ਸਾਰਥਕ ਸੋਚ ਸਕਣ।

ਯਾਦ ਰੱਖਣਾ! ਉਹ ਕੌਮਾਂ ਬਹੁਤ ਜਲਦੀ ਆਪਣੀ ਹੋਂਦ ਗਵਾ ਬਹਿੰਦੀਆਂ ਨੇ, ਜੋ ਭਵਿੱਖ-ਮੁਖੀ ਨਹੀਂ ਸੋਚਦੀਆਂ, ਜਿਨ੍ਹਾਂ ਨੂੰ ਦੂਰਰਸੀ ਪ੍ਰਭਾਵਾਂ ਤੇ ਆਉਣ ਵਾਲੀਆਂ ਦੁਸ਼ਵਾਰੀਆਂ ਦਾ ਪਤਾ ਨਾ ਲੱਗ ਸਕੇ ਅਤੇ ਜਿਨ੍ਹਾਂ ਕੋਲ ਭਵਿੱਖ ਨੂੰ ਸੁਚਾਰੂ ਮੋੜ ਦੇਣ ਲਈ ਸਹੀ ਫੈਸਲਾ ਲੈਣ ਤੇ ਇਸ ਨੂੰ ਸਹੀ ਤੇ ਸਾਰਥਕ ਰੂਪ ਵਿਚ ਸਮੂਹ ਲੋਕਾਈ ਤੀਕ ਪਹੁੰਚਾਉਣ ਦਾ ਵੱਲ ਨਾ ਹੋਵੇ। ਹੁਣ ਤੀਕ ਬਹੁਤੇ ਪੰਜਾਬੀ ਆਗੂ ਕੇਂਦਰ ਮੁਤਾਬਕ ਕਦਮ ਉਠਾਉਣ ਤੀਕ ਹੀ ਸੀਮਤ ਨੇ। ਉਨ੍ਹਾਂ ਲਈ ਪੰਜਾਬ ਦੀ ਜ਼ਹਿਰੀਲੀ ਹੋ ਗਈ ਧਰਤੀ, ਪਲੀਤ ਹੋ ਚੁਕੇ ਪਾਣੀ,



ਪ੍ਰਦੂਸ਼ਿਤ ਹੋ ਗਈ ਹਵਾ, ਬਿਮਾਰੀਆਂ ਦੀ ਲਪੇਟ ਵਿਚ ਆਈ ਪੰਜਾਬੀ ਕੌਮ ਅਤੇ ਸਾਹਾਂ ਨੂੰ ਧੱਕਾ ਦੇ ਰਹੀ ਜਵਾਨ-ਪੀੜ੍ਹੀ ਨਾਲ ਕੋਈ ਸਰੋਕਾਰ ਨਹੀਂ।

ਕੀ ਕਦੇ ਸੋਚਿਆ ਜੇ ਕਿ ਹਰੀ ਕ੍ਰਾਂਤੀ ਨਾਲ ਪੰਜਾਬ ਨੇ ਕੀ ਖੱਟਿਆ? ਹੁਣ ਅਸੀਂ ਖਾਦਾਂ ਅਤੇ ਕੀਟਨਾਸ਼ਕਾਂ ਦੀ ਬਹੁਤਾਤ ਨਾਲ ਹੀ ਫਸਲਾਂ ਅਤੇ ਸਬਜ਼ੀਆਂ ਉਗਾਉਣ ਲਈ ਲਾਚਾਰ ਹੋ ਗਏ ਹਾਂ, ਜਿਨ੍ਹਾਂ ਨੂੰ ਉਗਾਉਣ ਵਾਲਾ ਖੁਦ ਵੀ ਆਪਣੇ ਘਰ ਵਿਚ ਇਨ੍ਹਾਂ ਦੀ ਵਰਤੋਂ ਤੋਂ ਗੁਰੇਜ ਨਹੀਂ ਕਰਦਾ। ਕੀਟਨਾਸ਼ਕ ਸਾਡੀ ਫੂਡ-ਚੇਨ ਦਾ ਹਿੱਸਾ ਬਣ ਕੇ ਸਾਡੀਆਂ ਮਾਂਵਾਂ ਦੇ ਦੁੱਧ ਨੂੰ ਵੀ ਜ਼ਹਿਰੀਲਾ ਕਰ ਗਏ ਨੇ ਅਤੇ ਮਾਂਵਾਂ ਦੁੱਧ ਚੁੰਘਦੇ ਬੱਚਿਆਂ ਨੂੰ ਜ਼ਹਿਰ ਪਿਲਾ ਰਹੀਆਂ ਨੇ। ਬਿਰਖ ਅਸੀਂ ਕੋਈ ਰਹਿਣ ਨਹੀਂ ਦਿੱਤਾ, ਪੰਛੀਆਂ ਅਤੇ ਜਨੌਰਾਂ ਦੀ ਅਣਹੋਂਦ ਸਦਕਾ ਕੁਦਰਤੀ ਸੰਤੁਲਨ ਵਿਗੜ ਚੁਕਾ ਏ। ਪੰਜਾਬ ਦੇ ਦਰਿਆ ਬਰੇਤਿਆਂ ਦੀ ਜੂਨ ਹੰਢਾਉਣ ਲਈ ਮਜਬੂਰ ਨੇ। ਧਰਤੀ ਹੇਠਲਾ ਪਾਣੀ ਹੁਣ ਪਿਆਸਿਆਂ ਲਈ ਅੰਮ੍ਰਿਤ ਨਹੀਂ ਸਗੋਂ ਬਿਮਾਰੀ ਦਾ ਪੈਗਾਮ ਏ। ਮਰਦ-ਅਗੰਮੜੇ ਪੈਦਾ ਕਰਨ ਵਾਲੀ ਧਰਤ ਹੁਣ ਖੁਦਕੁਸ਼ੀਆਂ ਦੀ ਫਸਲ ਉਗਾ ਰਹੀ ਏ ਅਤੇ ਇਨ੍ਹਾਂ ਖੁਦਕੁਸ਼ੀਆਂ ਵਿਚ ਸ਼ਾਮਲ ਨੇ ਚਿੜੀਆਂ, ਕਾਂ, ਕਬੂਤਰ ਅਤੇ ਮਾਸੂਮ ਘੁੱਗੀਆਂ।

ਕਦੇ ਵੇਲਾ ਸੀ, ਸਿਹਤਮੰਦ ਪੰਜਾਬੀਆਂ ਦੇ ਦਰਸ਼ਨੀ ਜੁੱਸੇ ਹਰੇਕ ਦਾ ਮਨ ਮੋਹ ਲੈਂਦੇ ਸਨ। ਨਸ਼ਿਆਂ ਦੀ ਦਲਦਲ ਵਿਚ ਫਸੀ ਪੰਜਾਬੀ ਜਵਾਨੀ ਸੱਤਹੀਣ ਹੋਈ, ਲਾਇਲਾਜ ਅਲਾਮਤਾਂ ਨਾਲ ਗ੍ਰਸੀ ਹੋਈ ਏ। ਪੰਜਾਬ ਵਿਚੋਂ ਚਲਦੀਆਂ ਨੇ ਕੈਂਸਰ ਟਰੇਨਾਂ। ਨਲਕਿਆਂ, ਨਹਿਰਾਂ, ਕੱਸੀਆਂ, ਸੂਇਆਂ, ਔਲੂਆਂ ਤੇ ਆੜਾਂ ਦਾ ਪਾਣੀ ਪੀ ਕੇ ਤੰਦਰੁਸਤ ਰਹਿਣ ਵਾਲੇ ਪੰਜਾਬੀਆਂ ਦੇ ਘਰਾਂ ਵਿਚ ਆਰ. ਓ. ਲੱਗੇ ਹੋਣ ਦੇ ਬਾਵਜੂਦ ਵੀ ਉਹ ਬਿਮਾਰ ਨੇ। ਸਮੁੱਚੇ ਪੰਜਾਬ ਵਿਚ ਹਸਪਤਾਲਾਂ ਦੀ ਭਰਮਾਰ ਏ ਅਤੇ ਹਰ ਹਸਤਪਾਲ ਵਿਚ ਮਰੀਜਾਂ ਦੀਆਂ ਬੇਸ਼ੁਮਾਰ ਭੀੜਾਂ ਹਨ। ਨਾਮਰਦੀ ਦਾ ਸ਼ਿਕਾਰ ਹੋਏ ਪੰਜਾਬੀ ਫਰਟੀਲਿਟੀ ਸੈਂਟਰ ਵਿਚੋਂ ਔਲਾਦ ਭਾਲਣ ਲਈ ਮਜਬੂਰ ਹੋ ਗਏ ਨੇ?

ਜਰਾ ਸੋਚਣਾ! ਸਿਹਤ ਅਤੇ ਕੁਦਰਤੀ ਸਰੋਤ ਗਵਾ ਕੇ ਅਸੀਂ ਕੀ ਖੱਟਿਆ ਏ ਹਰੀ ਕ੍ਰਾਂਤੀ ਤੋਂ? ਇਹ ਵੀ ਸੋਚਣਾ ਕਿ ਬਿਮਾਰੀਆਂ 'ਤੇ ਲੱਗ ਰਿਹਾ ਪੈਸਾ, ਖੇਤੀ 'ਤੇ ਹੋ ਰਹੀ ਆਮਦਨ ਨਾਲੋਂ ਕਿੰਨੇ ਗੁਣਾ ਵੱਧ ਏ?

ਕੀ ਪੰਜਾਬ ਦੀਆਂ ਅਲਾਮਤਾਂ ਅਤੇ ਇਸ ਦੇ ਕਾਰਨਾਂ ਨੂੰ ਸਮਝੇ ਬਿਨਾ, ਵਿਭਿੰਨ ਅਲਾਮਤਾਂ ਵਿਚ ਘਿਰੇ ਪੰਜਾਬ ਦਾ ਇਲਾਜ ਸੰਭਵ ਹੈ? ਕੀ ਕਿਸੇ ਸੰਸਥਾ ਜਾਂ ਧਿਰ ਨੇ ਇਨ੍ਹਾਂ ਦੇ ਕਾਰਨਾਂ ਦੀ ਘੋਖ ਕੀਤੀ ਹੈ ਅਤੇ ਇਨ੍ਹਾਂ ਨੂੰ ਵਿਧੀਵਤ ਤਰੀਕੇ ਨਾਲ ਸੁਲਝਾਉਣ ਲਈ ਉਸਾਰੂ ਸੁਝਾਅ ਦਿੱਤੇ ਨੇ? ਕੀ ਇਹ ਸਭ ਕੁਝ ਅਜਿਹੀਆਂ ਸੰਸਥਾਵਾਂ ਜਾਂ ਲੋਕਾਂ ਦੀਆਂ ਕੋਝੀਆਂ ਚਾਲਾਂ ਤਾਂ ਨਹੀਂ ਹਨ ਜੋ ਪੰਜਾਬ ਅਤੇ ਪੰਜਾਬੀਆਂ ਨੂੰ ਖਤਮ ਕਰਨ ਲਈ ਹਰ ਹਰਬਾ ਵਰਤ ਰਹੇ ਨੇ? ਹੁਣ ਪੰਜਾਬ ਕੁਦਰਤੀ ਸਰੋਤਾਂ ਤੋਂ ਵਿਹੂਣਾ ਹੋ ਚੁਕਾ ਹੈ। ਬਹੁਤੇ ਪੰਜਾਬੀ ਸਰੀਰਕ ਤੇ ਮਾਨਸਿਕ ਬਿਮਾਰੀਆਂ ਵਿਚ ਸਾਹਾਂ ਦਾ ਸਿਵਾ ਸੇਕਦੇ, ਆਪਣੀ ਅਰਥੀ ਮੋਢੇ 'ਤੇ ਚੁੱਕੀ ਫਿਰਦੇ ਨੇ। ਨਸ਼ਿਆਂ ਦੀ ਦਲਦਲ ਵਿਚ ਫਸ ਗਈ ਹੈ ਪੰਜਾਬ ਦੀ ਹੋਣੀ, ਜਿਸ ਵਿਚੋਂ ਨਿਕਲਣ ਲਈ ਕੋਈ ਆਸ ਦੀ ਕਿਰਨ ਨਜ਼ਰ ਨਹੀਂ ਆ ਰਹੀ। ਅਜੋਕੇ ਹਾਲਾਤ ਨੇ ਗੈਂਗਸਟਰਾਂ ਦੀ ਇਕ ਅਜਿਹੀ ਨਸਲ ਪੈਦਾ ਕਰ ਦਿੱਤੀ ਏ, ਜੋ ਪੰਜਾਬ ਦੀਆਂ ਨਰੋਈਆਂ ਕਦਰਾਂ ਕੀਮਤਾਂ 'ਤੇ ਧੱਬਾ ਏ।

ਪੰਜਾਬ ਦੀਆਂ ਸਿਆਸੀ ਪਾਰਟੀਆਂ ਨੇ ਵੋਟਾਂ ਖਾਤਰ ਪੰਜਾਬੀਆਂ ਨੂੰ ਮੰਗਤਿਆਂ ਦੀ ਕੌਮ ਬਣਾ ਦਿੱਤਾ ਹੈ ਜੋ ਮੁਫਤ ਆਟਾ-ਦਾਲ, ਬਿਜਲੀ, ਪਾਣੀ ਤੇ ਰਾਖਵੇਂਕਰਨ ਆਦਿ ਵਰਗੀਆਂ ਥੋੜ੍ਹ-ਚਿਰੀਆਂ ਲੁਭਾਊ ਚਾਲਾਂ ਵਿਚ ਫਸ ਕੇ ਆਪਣੀ ਹੋਣੀ ਅਤੇ ਤਕਦੀਰ 'ਤੇ ਕਾਲਖ ਫੇਰ ਰਹੇ ਨੇ। ਅਮਰੀਕਾ ਤੇ ਕੈਨੇਡਾ ਵਿਚ ਸ਼ਾਸਕਾਂ ਨੇ ਮੂਲ ਵਾਸੀਆਂ ਨੂੰ ਮੁਫਤ-ਸਹੂਲਤਾਂ ਦੇ ਕੇ ਅਜਿਹੇ ਸਾਹ-ਸੱਤਹੀਣ ਕਰ ਦਿੱਤਾ ਕਿ ਉਹ ਆਪਣਾ ਦੇਸ਼ ਗਵਾ, ਮੰਗਤਿਆਂ-ਹਾਰ, ਦੂਰ-ਦੁਰੇਡੀਆਂ ਨਿੱਕੀਆਂ ਨਿੱਕੀਆਂ ਬਸਤੀਆਂ ਵਿਚ ਸੁੰਗੜ ਕੇ ਰਹਿ ਗਏ ਨੇ। ਕੀ ਅਜਿਹਾ ਹੀ ਪੰਜਾਬੀਆਂ ਨਾਲ ਹੋਣ ਵਾਲਾ ਹੈ?

ਦਰਅਸਲ ਹਰੀ ਕ੍ਰਾਂਤੀ ਮੁੱਢ ਸੀ, ਪੰਜਾਬ ਤੇ ਪੰਜਾਬੀਆਂ ਨੂੰ ਸਰਬਨਾਸ਼ ਦੇ ਰਾਹ ਤੋਰਨ ਦਾ। ਪੰਜਾਬੀਆਂ ਦੇ ਸਵਾਰਥੀ ਲੀਡਰ, ਨਾ-ਸਮਝ ਪੰਜਾਬੀ ਤੇ ਅਰਥ ਸ਼ਾਸ਼ਤਰੀ ਜਾਂ ਖੇਤੀ ਵਿਗਿਆਨੀ ਅਜਿਹੀਆਂ ਚਾਲਾਂ ਨੂੰ ਸਮਝਣ ਤੋਂ ਕੋਰੇ ਰਹੇ, ਜਿਸ ਦਾ ਖਮਿਆਜ਼ਾ ਹੁਣ ਪੰਜਾਬੀ ਭੋਗ ਰਹੇ ਨੇ। ਸਿਹਤਮੰਦ ਖੁਰਾਕਾਂ, ਸੰਤੁਲਤ, ਸਹਿਜ ਅਤੇ ਸੰਤੋਖੀ ਜੀਵਨ-ਸ਼ੈਲੀ ਅਤੇ ਭਾਈਚਾਰਕ ਸਾਂਝ ਨਾਲ ਓਤਪੋਤ ਪੰਜਾਬੀਆਂ ਨੂੰ ਸੁੱਕੇ ਤੀਲੇ ਬਣਾ, ਆਲ੍ਹਣੇ ਦੇ ਤੀਲਿਆਂ ਵਾਂਗ ਬਿਖੇਰ ਕੇ ਪੰਜਾਬ ਅਤੇ ਪੰਜਾਬੀਆਂ ਵਿਰੋਧੀ ਤਾਕਤਾਂ ਨੇ ਆਪਣੀਆਂ ਕੂਟਨੀਤਕ ਚਾਲਾਂ ਨੂੰ ਸਾਬਤ ਕਰ ਦਿਖਾਇਆ ਹੈ। ਸਾਡੇ ਬਜ਼ੁਰਗਾਂ ਦਾ ਖੇਤੀ ਮਾਡਲ ਅਤੇ ਉਨ੍ਹਾਂ ਦੀ ਜੀਵਨ-ਜਾਚ ਸਾਡੇ ਲਈ ਰੋਲ ਮਾਡਲ ਹੋਣੀ ਚਾਹੀਦਾ ਸੀ, ਜੋ ਸਾਡੇ ਨਾਲੋਂ ਹੁਣ ਵੀ ਨਿਰੋਗ ਹਨ, ਸੰਤੁਸ਼ਟ ਅਤੇ ਸਹਿਜਮਈ ਲੰਮੇਰੀ ਉਮਰ ਜਿਉਂਦੇ ਨੇ। ਕੀ ਪੰਜਾਬੀ ਹੁਣ ਤੀਕ ਇਨ੍ਹਾਂ ਚਾਲਾਂ ਨੂੰ ਸਮਝ ਸਕੇ ਕਿ ਨਹੀਂ? ਇਸ ਬਾਰੇ ਵੀ ਸ਼ੱਕ ਏ? ਕੀ ਹੁਣ ਪੰਜਾਬੀਆਂ ਨੂੰ ਕਣਕ-ਝੋਨੇ ਦੇ ਚੱਕਰ ਵਿਚੋਂ ਕੱਢਣ, ਕੀਟਨਾਸ਼ਕਾਂ ਅਤੇ ਖਾਦਾਂ ਦੀ ਲੋੜੋਂ ਵੱਧ ਵਰਤੋਂ ਨਾ ਕਰਨ ਅਤੇ ਪੰਜਾਬੀਆਂ ਨੂੰ ਪੰਜਾਬੀਆਂ ਵਰਗਾ ਜੀਵਨ ਜਿਉਣ ਲਈ ਕੋਈ ਪ੍ਰੇਰਿਤ ਕਰ ਸਕੇਗਾ? ਕੀ ਕੋਈ ਸੁੱਚੀ-ਸੱਚੀ ਅਤੇ ਸਾਰਥਕ ਸੋਚ ਵਾਲਾ ਪੰਜਾਬੀ ਪੰਜਾਬੀਆਂ ਦੀ ਖੁਰ ਰਹੀ ਹੋਣੀ ਨੂੰ ਸੰਵੇਦਨਾ, ਸਮਰਪਣ ਅਤੇ ਸੇਧਤ ਸਾਕਾਰਾਤਮਕ ਸੋਚ-ਸਾਧਨਾ ਨਾਲ ਨਵੀਂ ਦਿਸ਼ਾ ਤੇ ਦਸ਼ਾ ਦੇਣ ਵੱਲ ਪਹਿਲ ਕਰੇਗਾ? ਆਸ ਰੱਖਣ ਵਿਚ ਤਾਂ ਕੋਈ ਹਰਜ਼ ਨਹੀਂ।

ਕਦੇ ਪੋ. ਪੂਰਨ ਸਿੰਘ ਨੇ ਕਿਹਾ ਸੀ, 'ਪੰਜਾਬ ਜਿਉਂਦਾ ਗੁਰਾਂ ਦੇ ਨਾਂ 'ਤੇ।' ਹੁਣ ਲੱਗਦਾ ਏ ਕਿ ਜੇ ਅਜਿਹੇ ਅਣਸੁਖਾਵੇਂ, ਘਾਤਕ, ਕਰੂਰ, ਸਵੈ-ਮਾਰੂ ਅਤੇ ਮੰਡਰਾਉਂਦੀ ਮੌਤ ਦੇ ਮਾਹੌਲ ਵਿਚ ਵੀ ਪੰਜਾਬ ਜਿਉਂਦਾ ਏ ਤਾਂ ਸ਼ਾਇਦ ਸੱਚੀਂ ਪੰਜਾਬ ਗੁਰਾਂ ਦੇ ਨਾਮ 'ਤੇ ਹੀ ਜਿਉਂਦਾ ਏ?

ਪੰਜਾਬ ਸਦਾ ਪਹਿਲ ਕਰਦਾ ਆਇਆ ਏ ਅਤੇ ਹੁਣ ਫਿਰ ਇਕ ਨਵੀਂ, ਨਰੋਈ ਅਤੇ ਨਿਵੇਕਲੀ ਪਹਿਲ ਦੀ ਲੋੜ ਹੈ। ਆਸ ਹੈ, ਪੰਜਾਬ ਅਜਿਹੀ ਪਹਿਲ ਕਰਨ ਵੰਨੀਂ ਹੋਰ ਦੇਰ ਨਹੀਂ ਲਾਵੇਗਾ ਜੋ ਪੰਜਾਬ ਅਤੇ ਪੰਜਾਬੀਆਂ ਨੂੰ ਸਰਬਮੁਖੀ ਸਿਹਤਮੰਦੀ ਦੇ ਰਾਹ ਤੋਰੇਗੀ।

ਪੰਜਾਬ! ਹਾਲੇ ਵੀ ਸੰਭਲ ਜਾਹ! ਤੂੰ ਕਈ ਵਾਰ ਉਜੜਿਆ ਅਤੇ ਆਬਾਦ ਹੋਇਆ ਏਂ। ਪਰ ਇਸ ਵਾਰ ਤੇਰੇ ਤਣੇ ਦੇ ਨਾਲ ਨਾਲ ਤੇਰੀਆਂ ਜੜ੍ਹਾਂ ਨੂੰ ਖੋਖਲਾ ਕਰ ਦਿੱਤਾ ਗਿਆ ਏ। ਪਰ ਕਲਮ ਨੂੰ ਆਸ ਤੇ ਵਿਸ਼ਵਾਸ ਹੈ ਕਿ ਤੇਰੀ ਫਿਜ਼ਾ ਵਿਚ ਕਾਇਨਾਤ ਮਹਿਕੇਗੀ ਅਤੇ ਤੂੰ ਪਹਿਲੇ ਰੰਗ ਵਿਚ ਹੀ ਜੀਵਨ ਨੂੰ ਧੜਕਣ ਲਾਵੇਂਗਾ।



*ਰੁਜ਼ਗਾਰ ਦੀ ਥਾਂ ਮਿਲ ਰਹੀ ਹੈ ਪੰਜਾਬ ਦੇ ਨੌਜਵਾਨਾਂ ਨੂੰ ਪੁਲਿਸ ਦੀ ਕੁੱਟ*

# ਪਾਣੀ ਦੀ ਸੰਭਾਲ ਤੋਂ ਅਣਗਹਿਲੀ ਅਤੇ ਸਿਆਸੀ ਮੁਲਾਹਜੇਦਾਰੀਆਂ

ਗੁਰਮੇਲ ਸਿੰਘ ਢਿੱਲੋਂ
ਬਰੈਂਪਟਨ, ਕੈਨੇਡਾ।
ਫੋਨ: 416-845-7534

ਗੁਰੂ ਨਾਨਕ ਸਾਹਿਬ ਨੇ ਫੁਰਮਾਇਆ ਹੈ, "ਪਹਿਲਾ ਪਾਣੀ ਜਿਉ ਹੈ ਜਿਤੁ ਹਰਿਆ ਸਭੁ ਕੋਇ॥" ਧਰਤੀ 'ਤੇ ਪਾਣੀ ਦੀ ਹੋਂਦ ਕਰਕੇ ਹੀ ਸਾਰੀ ਸ੍ਰਿਸ਼ਟੀ, ਪਸੂ, ਪੰਛੀਆਂ ਅਤੇ ਮਨੁਖਾਂ ਦੀ ਹੋਂਦ ਹੈ। ਪਾਣੀ ਦੇ ਕੁਦਰਤੀ ਸਰੋਤ ਦਰਿਆਈ ਪਾਣੀ, ਬਾਰਸ਼ ਦਾ ਪਾਣੀ ਅਤੇ ਧਰਤੀ ਹੇਠਲਾ ਪਾਣੀ ਹਨ। ਬਾਰਸ਼ ਦੇ ਪਾਣੀ ਨੂੰ ਛੱਪੜਾਂ, ਟੋਭਿਆਂ, ਢਾਬਾਂ ਅਤੇ ਘਰਾਂ ਵਿਚ ਪੱਕੇ ਕੁੰਡ ਬਣਾ ਕੇ ਸਾਂਭਿਆ ਜਾਂਦਾ ਸੀ ਅਤੇ ਸਰਫੇ ਨਾਲ ਵਰਤਿਆ ਜਾਂਦਾ ਸੀ। ਇਸੇ ਕਰਕੇ ਮਨੁੱਖ ਦੀ ਆਬਾਦੀ ਸਭ ਤੋਂ ਪਹਿਲਾਂ ਦਰਿਆਵਾਂ ਦੇ ਨੇੜੇ ਹੀ ਹੋਈ, ਦੁਨੀਆਂ ਦੇ ਵੱਡੇ ਨਗਰ ਦਰਿਆਵਾਂ ਦੇ ਨੇੜੇ ਹੀ ਵਸੇ।

ਧਰਤੀ ਹੇਠਲਾ ਪਾਣੀ ਛੱਪੜਾਂ, ਟੋਬਿਆਂ ਅਤੇ ਢਾਬਾਂ ਨੇੜੇ ਖੂਹ ਪੁੱਟ ਕੇ ਕੱਢਿਆ ਜਾਂਦਾ ਸੀ। ਪੰਜਾਬ ਵਿਚ ਨਹਿਰਾਂ 1920 ਦੇ ਆਸ-ਪਾਸ ਅੰਗਰੇਜ਼ ਸਰਕਾਰ ਨੇ ਰੋਪੜ ਨੇੜੇ ਦਰਿਆ ਸਤਲੁਜ ਉਪਰ ਬੰਨ ਮਾਰ ਕੇ ਅਪਰ ਬਾਰੀ ਦੁਆਬਾ ਅਤੇ ਸਰਹਿੰਦ ਕੱਢੀਆਂ, ਜਿਨ੍ਹਾਂ ਨੇ ਦੁਆਬੇ ਅਤੇ ਮਾਲਵੇ ਨੂੰ ਹਰਿਆ ਭਰਿਆ ਬਣਾ ਦਿਤਾ। ਨਹਿਰਾਂ ਕੱਢਣ ਨਾਲ ਧਰਤੀ ਹੇਠਲਾ ਪਾਣੀ ਵੀ ਉਪਰ ਆ ਗਿਆ। ਲੋਕ ਪਾਣੀ ਨੂੰ ਬੜੇ ਸੰਜਮ ਨਾਲ ਵਰਤਦੇ ਸਨ, ਪਾਣੀ ਉਨ੍ਹਾਂ ਦੀ ਜਿੰਦ ਜਾਨ ਸੀ। ਪਰ ਫਿਰ ਵੀ ਲੋਕ ਰਾਹ ਖੇੜੇ ਜਾਣ ਵਾਲੇ ਲੋਕਾਂ ਨੂੰ ਗਰਮੀਆਂ ਵਿਚ ਪਾਣੀ ਪਿਆਉਣ ਲਈ ਠੰਡੇ ਪਾਣੀ ਦੀਆਂ ਛਬੀਲਾਂ ਲਾਉਂਦੇ ਸਨ ਅਤੇ ਇਸ ਨੂੰ ਪੁੰਨ ਦਾ ਕੰਮ ਗਿਣਦੇ ਸਨ। ਅੱਜ ਕੱਲ ਵਾਂਗ ਪਾਣੀ ਬੋਤਲਾਂ ਵਿਚ ਪਾ ਕੇ ਮੁੱਲ ਨਹੀਂ ਸੀ ਵੇਚਿਆ ਜਾਂਦਾ। ਉਹ ਜੁਗ ਮਨੁੱਖਾਂ ਲਈ ਸੰਤੁਸ਼ਟੀ ਦਾ ਜੁਗ ਸੀ, ਜਿੰਨਾ ਕੁਝ ਕਿਸੇ ਕੋਲ ਹੈ, ਉਹ ਉਸ ਤੋਂ ਸੰਤੁਸ਼ਟ ਸੀ। ਬੇਜਮੀਨੇ ਲੋਕਾਂ 'ਤੇ ਦਇਆ ਕਰਨੀ, ਉਨ੍ਹਾਂ ਨੂੰ ਦੁੱਧ, ਲੱਸੀ ਤੇ ਰੋਟੀ ਦੇਣੀ ਪੁੰਨ ਦਾ ਕੰਮ ਸਮਝਿਆ ਜਾਂਦਾ ਸੀ। ਖੂਹਾਂ ਵਿਚੋਂ ਪਾਣੀ ਕੱਢਣ ਦਾ ਕੰਮ ਕਰਨ ਵਾਲਿਆਂ ਨੂੰ ਮਾਛੀ ਆਖਿਆ ਜਾਂਦਾ ਸੀ, ਉਹ ਖੂਹ ਵਿਚੋਂ ਪਾਣੀ ਕੱਢ ਕੇ ਜਿਮੀਦਾਰਾਂ ਦੇ ਘਰਾਂ ਵਿਚ ਵੀ ਪਹੁੰਚਾਉਂਦੇ ਸਨ, ਤੇ ਉਨ੍ਹਾਂ ਤੋਂ ਹਾੜੀ-ਸਾਉਣੀ ਦਾਣੇ ਅਤੇ ਪਸੂਆਂ ਲਈ ਪੱਠੇ ਦੱਥੇ ਵੀ ਲਿਆਉਂਦੇ ਸਨ। ਬੇਜਮੀਨੇ ਲੋਕਾਂ ਨੂੰ ਖੂਹ ਤੋਂ ਮੁਫਤ ਪਾਣੀ ਭਰਨ ਦੀ ਖੁੱਲ੍ਹ ਸੀ, ਮਿਹਨਤਾਨਾ ਸਿਰਫ ਜਮੀਨ ਮਾਲਕਾਂ ਤੋਂ ਲਿਆ ਜਾਂਦਾ ਸੀ। ਉਸ ਜੁਗ ਨੂੰ ਸਤਿ ਜੁਗ ਆਖਿਆ ਜਾਂਦਾ ਸੀ।

ਹੁਣ ਗੱਲ ਕਰਦੇ ਹਾਂ ਕਲਜੁਗ ਦੀ, ਇਸ ਜੁਗ 'ਚ ਪੈਸਾ ਪ੍ਰਧਾਨ ਹੈ, ਪੈਸੇ ਵਾਲੇ ਦਾ ਬੋਲ ਬਾਲਾ ਹੈ। ਕਿਸੇ ਸ਼ਾਇਰ ਨੇ ਲਿਖਿਆ, "ਇਹ ਦੁਨੀਆਂ ਮੰਡੀ ਪੈਸੇ ਦੀ ਹਰ ਸ਼ੈਅ ਵਿਕੇਂਦੀ ਭਾ ਸੱਜਣਾ।" ਇਥੇ ਮਿੱਟੀ ਵੀ ਮੁੱਲ ਤੇ ਬੋਤਲਾਂ ਵਿਚ ਪਾ ਕੇ ਪਾਣੀ ਵੀ ਮੁੱਲ। ਇਥੇ ਵੱਡੇ ਜਿਮੀਦਾਰਾਂ ਅਤੇ ਵੱਡੀਆਂ ਫੈਕਟਰੀਆਂ ਵਾਲਿਆਂ ਦਾ ਹਰ ਥਾਂ, ਸਰਕਾਰੇ-ਦਰਬਾਰੇ ਬੋਲ-ਬਾਲਾ ਹੈ, ਇਸ ਕਰਕੇ ਇਸ ਨੂੰ ਕਲਜੁਗੀ ਸਰਮਾਏਦਾਰੀ ਜੁਗ ਆਖਦੇ ਹਨ। ਇਹ ਆਪਣੇ ਪੈਸੇ ਦੇ ਜ਼ੋਰ ਨਾਲ ਹਰ ਧੰਦੇ 'ਤੇ ਕਬਜਾ ਕਰਨਾ ਚਾਹੁੰਦੇ ਹਨ।

ਹੁਣ ਗੱਲ ਕਰਦੇ ਹਾਂ ਦਰਿਆਵਾਂ ਦੇ ਪਾਣੀਆਂ ਦੀ ਸੰਭਾਲ ਦੀ। ਪੰਜਾਬ ਅੰਦਰ ਬਿਆਸ ਅਤੇ ਸਤਲੁਜ ਦਾ ਪਾਣੀ ਪੀਣ ਯੋਗ ਨਹੀਂ ਰਿਹਾ, ਉਸ ਨੂੰ ਗੰਦਾ ਕਿਸ ਨੇ ਕੀਤਾ? ਵੱਡੀਆਂ ਖੰਡ ਅਤੇ ਸ਼ਰਾਬ ਦੀਆਂ ਫੈਕਟਰੀਆਂ ਨੇ। ਇਨ੍ਹਾਂ ਫੈਕਟਰੀਆਂ ਵਿਚ ਗੰਦੇ ਪਾਣੀ ਨੂੰ ਸਾਫ ਕਰਨ ਲਈ ਟਰੀਟਮੈਂਟ ਪਲਾਂਟ ਲੱਗੇ ਹਨ। ਇਹ ਦੋਵੇਂ ਫੈਕਟਰੀਆਂ ਮੁਖ ਮੰਤਰੀ ਦੇ ਖਾਸ ਬੰਦਿਆਂ ਦੀਆਂ ਹਨ। ਸਰਕਾਰ ਬਣਨ 'ਤੇ ਇਨ੍ਹਾਂ ਟਰੀਟਮੈਂਟ ਪਲਾਂਟ ਬੰਦ ਕਰਕੇ ਗੰਦਾ ਪਾਣੀ ਬਿਆਸ ਦਰਿਆ ਵਿਚ ਪਾਉਣਾ ਸ਼ੁਰੂ ਕਰ ਦਿੱਤਾ, ਜਿਸ ਨੇ ਬਿਆਸ ਦਾ ਸਾਰਾ ਪਾਣੀ ਗੰਦਾ ਕਰ ਦਿਤਾ ਜੋ ਵੱਡੀਆਂ ਨਹਿਰਾਂ ਰਾਹੀਂ ਬੀਕਾਨੇਰ ਤੱਕ ਪੁਜ ਗਿਆ।

ਇਸੇ ਤਰ੍ਹਾਂ ਲੁਧਿਆਣੇ ਦੀਆਂ ਸਾਰੀਆਂ ਫੈਕਟਰੀਆਂ ਦਾ ਪਾਣੀ ਬੁੱਢੇ ਨਾਲੇ ਰਾਹੀਂ ਸਤਲੁਜ ਵਿਚ ਪਾਇਆ ਜਾ ਰਿਹਾ ਹੈ, ਜੋ ਹਰੀਕੇ ਆ ਕੇ ਬਿਆਸ ਨਾਲ ਰਲ ਜਾਂਦਾ ਹੈ। ਕੋਈ ਫੈਕਟਰੀ ਟਰੀਟਮੈਟ ਪਲਾਂਟ ਲਾਏ ਬਿਨਾ ਲੱਗ ਨਹੀਂ ਸਕਦੀ। ਪਲਾਂਟ ਸਭ ਦੇ ਲੱਗੇ ਹਨ, ਪਰ ਉਹ ਚਲਾਉਂਦੇ ਨਹੀਂ। ਉਨ੍ਹਾਂ ਨੂੰ ਪਲਾਂਟ ਚਲਾਉਣ ਨਾਲੋਂ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਮਹੀਨਾ ਭਰਨਾ ਫਾਇਦੇ ਵਾਲਾ ਧੰਦਾ ਲਗਦਾ ਹੈ। ਸਰਕਾਰ ਬਣਾਉਣ ਵਾਲੇ ਲੋਕਾਂ ਤੋਂ ਪੰਜ ਸਾਲ ਬਾਅਦ ਇਕ ਦਿਨ ਵੋਟ ਲੈ ਕੇ ਝੂਠੇ ਵਾਅਦਿਆਂ ਦੇ ਸਬਜ ਬਾਗ ਵਿਖਾ ਕੇ ਸੱਤਾ ਹਾਸਲ ਕਰ ਲੈਂਦੇ ਹਨ। ਫੈਕਟਰੀਆਂ ਵਾਲਿਆਂ ਤੋਂ ਹਰ ਮਹੀਨੇ ਲੈਣਾ ਹੈ ਮਹੀਨਾ, ਤੇ ਅਫਸਰਸ਼ਾਹੀ ਤੇ ਲੀਡਰ ਮਹੀਨੇ ਦਾ ਤਿਆਗ ਨਹੀਂ ਕਰ ਸਕਦੇ।

ਇਸੇ ਤਰ੍ਹਾਂ ਮੋਦੀ ਹੋਰਾਂ ਗੰਗਾ-ਜਮਨਾ ਨੂੰ ਸਾਫ ਕਰਨ ਦਾ ਲਾਰਾ ਲਾ ਕੇ ਸਰਕਾਰ ਬਣਾ ਲਈ, ਚਾਰ ਸਾਲ ਬੀਤ ਗਏ ਪਰ ਉਹ ਸਾਫ ਨਹੀਂ ਹੋਈਆਂ। ਇਹੋ ਹਾਲ ਪੰਜਾਬ ਦੇ ਦਰਿਆ ਸਤਲੁਜ ਤੇ ਬਿਆਸ ਦਾ ਹੈ, ਕਾਲਾ ਪਾਣੀ ਹਰੀਕੇ ਹੁੰਦਾ ਹੋਇਆ ਨਹਿਰਾਂ ਰਾਹੀਂ ਬੀਕਾਨੇਰ ਤੱਕ ਪੁੱਜ ਗਿਆ ਹੈ। ਰਾਜ ਕਰਨ ਵਾਲਿਆਂ ਨੂੰ ਕਾਲਾ ਪਾਣੀ ਨਜ਼ਰ ਨਹੀਂ ਆ ਰਿਹਾ। ਕਹਿੰਦੇ ਹਨ, ਪੜਤਾਲ ਕਰਵਾ ਰਹੇ ਹਾਂ। ਪੜਤਾਲ ਕਾਹਦੀ ਕਰਨੀ ਹੈ? ਪਾਣੀ ਕਾਲਾ ਹੈ ਦੋ ਫੈਕਟਰੀਆਂ ਵਿਚੋਂ ਆ ਰਿਹਾ ਹੈ, ਉਹ ਉਸ ਨੂੰ ਵੇਖ ਨਹੀਂ ਸਕਦੇ? ਗੱਲ ਤਾਂ ਇਹ ਹੈ, ਜੋ ਪੈਸੇ ਦੀਆਂ ਐਨਕਾਂ ਉਨ੍ਹਾਂ ਲਾ ਰੱਖੀਆਂ ਹਨ, ਉਨ੍ਹਾਂ ਨਾਲ ਤਾਂ ਪਾਣੀ ਚਿੱਟਾ ਹੀ ਦਿਸੇਗਾ!

ਪਰਮਾਤਮਾ ਮਿਹਰ ਕਰੇ, ਬਿਮਾਰ ਤੋਂ ਹੋਰ ਬਿਮਾਰ ਹੋ ਰਹੇ ਪੰਜਾਬ ਦੀ ਤਾਮੀਰਦਾਰੀ ਹੋਵੇ।

ਪੰਜਾਬ ਟਾਈਮਜ਼

*ਸਨਿਚਰਵਾਰ, 9 ਜੂਨ 2018*

# ਪਿੰਡ, ਕਿਸਾਨ ਅੰਦੋਲਨ ਅਤੇ ਸਰਕਾਰ

ਪੰਜਾਬ ਵਿਚ ਪੰਜ ਕਿਸਾਨ ਯੂਨੀਅਨਾਂ ਵੱਲੋਂ ਸ਼ੁਰੂ ਕੀਤਾ ਦਸ ਰੋਜ਼ਾ 'ਪਿੰਡ ਬੰਦ' ਅੰਦੋਲਨ ਅੱਧ ਵਿਚਾਲੇ ਰੋਕਣਾ ਪੈ ਗਿਆ ਹੈ। ਭਾਰਤ ਭਰ ਵਿਚ ਕਿਸਾਨਾਂ ਨਾਲ ਜੁੜੀਆਂ 100 ਤੋਂ ਉਪਰ ਜਥੇਬੰਦੀਆਂ ਨੇ ਇਹ ਅੰਦੋਲਨ ਕਿਸਾਨਾਂ ਦੀਆਂ ਮੰਗਾਂ ਮੰਨਵਾਉਣ ਲਈ ਪਹਿਲੀ ਜੂਨ ਤੋਂ ਅਰੰਭ ਕੀਤਾ ਸੀ। ਇਸ ਅੰਦੋਲਨ ਦੀਆਂ ਮੁੱਖ ਮੰਗਾਂ ਵਿਚ ਕਿਸਾਨਾਂ ਲਈ ਘੱਟੋ-ਘੱਟ ਆਮਦਨ ਗਾਰੰਟੀ ਸਕੀਮ ਤੇ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕਰਨ, ਕਿਸਾਨੀ ਕਰਜ਼ੇ ਮੁਆਫ ਕਰਨ, ਸਾਰੀਆਂ ਖੇਤੀ ਉਪਜਾਂ ਤੇ ਦੁੱਧ ਲਈ ਵੀ ਘੱਟੋ-ਘੱਟ ਸਮਰਥਨ ਮੁੱਲ ਵਾਲੀ ਪ੍ਰਣਾਲੀ ਅਮਲ ਵਿਚ ਲਿਆਉਣ, ਡੀਜ਼ਲ ਤੇ ਖਾਦਾਂ ਦੀਆਂ ਕੀਮਤਾਂ ਵਿਚ ਲਗਾਤਾਰ ਵਾਧੇ ਦੀ ਨੀਤੀ ਵਾਪਸ ਲਏ ਜਾਣਾ ਆਦਿ ਸ਼ਾਮਲ ਸਨ। ਅੰਦੋਲਨ ਵਾਸਤੇ ਅਪਨਾਈ ਵਿਧੀ ਅਨੁਸਾਰ ਪਿੰਡਾਂ ਤੋਂ ਸ਼ਹਿਰਾਂ ਨੂੰ ਦੁੱਧ, ਸਬਜ਼ੀਆਂ ਤੇ ਫਲਾਂ ਆਦਿ ਦੀ ਸਪਲਾਈ ਠੱਪ ਰੱਖੀ ਜਾਣੀ ਸੀ ਤਾਂ ਜੋ ਸ਼ਹਿਰੀ ਲੋਕ ਕਿਸਾਨੀ ਦਾ ਦੁੱਖ-ਦਰਦ ਸਮਝਣ ਅਤੇ ਉਹ ਵੀ ਹੁਕਮਰਾਨਾਂ ਉਪਰ ਕਿਸਾਨ-ਹਿਤੈਸ਼ੀ ਕਦਮ ਚੁੱਕਣ ਲਈ ਦਬਾਅ ਬਣਾਉਣ ਪਰ ਅੰਦੋਲਨ ਦੇ ਦੂਜੇ ਦਿਨ ਤੋਂ ਹੀ ਮੰਗਾਂ ਵਾਲੀ ਗੱਲ ਪਿੱਛੇ ਰਹਿ ਗਈ, ਪ੍ਰਚਾਰ ਪੱਖੋਂ ਝਗੜੇ ਸਾਹਮਣੇ ਆਉਣ ਲੱਗੇ। ਅੰਦੋਲਨ ਕਾਰਨ ਦੋਧੀਆਂ ਅਤੇ ਛੋਟੇ ਸਬਜ਼ੀ ਕਾਸ਼ਤਕਾਰਾਂ ਦਾ ਨੁਕਸਾਨ ਹੋਣਾ ਹੀ ਸੀ, ਇਸ ਲਈ ਵਿਰੋਧ ਸ਼ੁਰੂ ਹੋ ਗਿਆ। ਪੰਜਾਬ ਵਿਚ ਇਹ ਵਿਰੋਧ ਸਭ ਤੋਂ ਪਹਿਲਾਂ ਸ਼ੁਰੂ ਹੋਇਆ। ਇਸ ਦਾ ਵੱਡਾ ਕਾਰਨ ਤਾਂ ਇਹੀ ਸੀ ਕਿ ਵੱਖ-ਵੱਖ ਕਿਸਾਨ ਜਥੇਬੰਦੀਆਂ ਦੀ ਇਸ ਅੰਦੋਲਨ ਬਾਰੇ ਸਹਿਮਤੀ ਹੀ ਨਹੀਂ ਸੀ, ਦੂਜੇ ਜਿਸ ਢੰਗ ਨਾਲ ਇਹ ਅੰਦੋਲਨ ਉਲੀਕਿਆ ਗਿਆ, ਉਸ ਅੰਦਰ ਹੀ ਵਿਰੋਧ ਦੇ ਬੀਜ ਪਏ ਸਨ। ਪਹਿਲਾਂ ਪਹਿਲ ਸ਼ਹਿਰੀ ਲੋਕਾਂ ਨਾਲ ਸਿੱਧਾ ਟਰਕਾਅ ਸਾਹਮਣੇ ਆਇਆ ਪਰ ਜਿਉਂ ਜਿਉਂ ਅੰਦੋਲਨ ਅਗਾਂਹ ਵਧਿਆ, ਛੋਟੇ ਦੁਕਾਨਦਾਰ ਅਤੇ ਕਾਮਾ ਜਮਾਤ ਵੀ ਖੁੱਲ੍ਹ ਕੇ ਇਸ ਅੰਦੋਲਨ ਦੇ ਖਿਲਾਫ ਹੋ ਗਈ। ਅਸਲ ਵਿਚ ਸੜਕਾਂ ਉਤੇ ਦੁੱਧ ਡੋਲ੍ਹਣ ਅਤੇ ਸਬਜ਼ੀਆਂ ਸੁੱਟਣ ਨੇ ਅੰਦੋਲਨ ਦੇ ਇਸ ਤੌਰ-ਤਰੀਕੇ ਬਾਰੇ ਸ਼ੱਕ ਪੈਦਾ ਕਰਨੇ ਸ਼ੁਰੂ ਕਰ ਦਿੱਤੇ। ਪੰਜਾਬੀਆਂ ਦਾ ਸੁਭਾਅ ਖਾਣ-ਪੀਣ ਦੀਆਂ ਵਸਤਾਂ ਜ਼ਾਇਆ ਕਰਨ ਦੀ ਥਾਂ ਦਾਨ ਦੇਣ ਦਾ ਹੈ। ਜਦੋਂ ਇਸ ਤੋਂ ਉਲਟ ਰਾਹ ਅਪਨਾਇਆ ਗਿਆ ਤਾਂ ਅੰਦੋਲਨ ਦੀ ਹਮਾਇਤ ਨੂੰ ਤਕੜਾ ਖੋਰਾ ਲੱਗਾ।

ਇਸ ਬਾਰੇ ਕੋਈ ਦੋ ਰਾਵਾਂ ਨਹੀਂ ਹਨ ਕਿ ਮੁਲਕ ਦੀ ਕਿਸਾਨੀ ਇਸ ਵੇਲੇ ਸੰਕਟ ਵਿਚੋਂ ਲੰਘ ਰਹੀ ਹੈ। ਪਿਛਲੇ ਸਮਿਆਂ ਦੌਰਾਨ ਮਹਿੰਗਾਈ ਜਿਸ ਤੇਜ਼ੀ ਨਾਲ ਵਧੀ ਹੈ, ਉਸ ਹਿਸਾਬ ਨਾਲ ਕਿਸਾਨ ਦੀ ਆਮਦਨ ਵਿਚ ਵਾਧਾ ਨਹੀਂ ਹੋਇਆ ਹੈ। ਫਸਲਾਂ ਦਾ ਭਾਅ ਮਿਥਣ ਦੇ ਕਾਣੇ-ਮੀਣੇ ਢੰਗ-ਤਰੀਕੇ ਨੇ ਕਿਸਾਨਾਂ ਨੂੰ ਉਠਣ ਹੀ ਨਹੀਂ ਦਿੱਤਾ ਹੈ ਅਤੇ ਵੱਖ-ਵੱਖ ਸਰਕਾਰਾਂ ਨੇ ਕਿਸਾਨਾਂ ਦੀ ਬਿਹਤਰੀ ਲਈ ਕਦੀ ਕੋਈ ਨੀਤੀ ਤਿਆਰ ਨਹੀਂ ਕੀਤੀ ਹਾਲਾਂਕਿ ਇਤਿਹਾਸ ਦੱਸਦਾ ਹੈ ਕਿ ਮੁਲਕ ਨੂੰ ਅਨਾਜ ਪੱਖੋਂ ਸਵੈ-ਨਿਰਭਰ ਕਰਨ ਵਿਚ ਕਿਸਾਨਾਂ ਦਾ ਬਹੁਤ ਵੱਡਾ ਯੋਗਦਾਨ ਹੈ। ਹਰ ਸਰਕਾਰ ਨੇ ਇਸ ਯੋਗਦਾਨ ਨੂੰ ਅੱਖੋਂ ਪਰੋਖੇ ਕੀਤਾ, ਕਿਸਾਨਾਂ ਅਤੇ ਪਿੰਡਾਂ ਜਿਥੇ ਇਹ ਵੱਸਦੇ ਹਨ, ਵੱਲ ਉਕਾ ਹੀ ਧਿਆਨ ਨਹੀਂ ਦਿੱਤਾ। ਜਿੰਨਾ ਵੀ ਵਿਕਾਸ ਹੋਇਆ, ਉਹ ਸ਼ਹਿਰਾਂ ਵਿਚ ਹੋਇਆ ਅਤੇ ਸੁਖੀ ਜੀਵਨ ਵਾਲੀਆਂ ਜਿੰਨੀਆਂ ਵੀ ਸਹੂਲਤਾਂ ਦਿੱਤੀਆਂ ਗਈਆਂ, ਉਹ ਸ਼ਹਿਰਾਂ ਵਿਚ ਹੀ ਮੁਹੱਈਆ ਕਰਵਾਈ ਗਈਆਂ। ਇਹ ਭਾਵੇਂ ਸਿੱਖਿਆ ਸਹੂਲਤਾਂ ਸਨ ਜਾਂ ਸਿਹਤ ਨਾਲ ਜੁੜੀਆਂ ਜਾਂ ਕੋਈ ਹੋਰ। ਇਸੇ ਕਰ ਕੇ ਪਿੰਡ ਪਛੜਦਾ ਪਛੜਦਾ ਆਖਰਕਾਰ ਬਹੁਤ ਪਛੜ ਗਿਆ। ਇਹ ਵੀ ਸੱਚ ਹੈ ਕਿ ਪਿੰਡਾਂ ਲਈ ਵੱਡੇ ਪੱਧਰ ਉਤੇ ਕੋਈ ਅੰਦੋਲਨ ਭਾਰਤ ਵਿਚ ਪਨਪ ਨਹੀਂ ਸਕਿਆ। ਇਸ ਲਈ ਹੁਣ ਜਦੋਂ ਕਿਸਾਨਾਂ ਦਾ ਇਹ ਮੁਲਕ ਵਿਆਪੀ ਅੰਦੋਲਨ ਸਾਹਮਣੇ ਆਇਆ ਤਾਂ ਇਸ ਨਾਲ ਬਹੁਤ ਸਾਰੇ ਲੋਕਾਂ ਦੀ ਹਮਦਰਦੀ ਸੀ ਪਰ ਇਸ ਅੰਦੋਲਨ ਦੇ ਸੰਚਾਲਕਾਂ ਦੀ ਨਾਲਾਇਕੀ ਕਾਰਨ ਇਹ ਅੰਦੋਲਨ ਲੀਹ ਉਤੇ ਹੀ ਨਹੀਂ ਚੜ੍ਹ ਸਕਿਆ ਅਤੇ ਇਸ ਦਾ ਵਿਰੋਧ ਸ਼ੁਰੂ ਹੋ ਗਿਆ।

ਜੇ ਪੰਜਾਬ ਦੀ ਹੀ ਗੱਲ ਕਰੀਏ ਤਾਂ ਇਸ ਅੰਦੋਲਨ ਵਿਚ ਬਲਬੀਰ ਸਿੰਘ ਰਾਜੇਵਾਲ ਅਤੇ ਅਜਮੇਰ ਸਿੰਘ ਲੱਖੋਵਾਲ ਦੀਆਂ ਜਥੇਬੰਦੀਆਂ ਸਮੇਤ ਕੁੱਲ ਪੰਜ ਕਿਸਾਨ ਜਥੇਬੰਦੀਆਂ ਇਸ ਅੰਦੋਲਨ ਵਿਚ ਕੁੱਦੀਆਂ। ਇਨ੍ਹਾਂ ਦੋਹਾਂ ਲੀਡਰਾਂ ਅਤੇ ਇਨ੍ਹਾਂ ਦੀ ਸਿਆਸਤ ਬਾਰੇ ਤਾਂ ਕਿਸੇ ਨੂੰ ਸ਼ਾਇਦ ਕੋਈ ਭੁਲੇਖ ਨਹੀਂ ਹੋਵੇਗਾ। ਰਾਜੇਵਾਲ ਕਿਸਾਨ ਲੀਡਰ ਹੋਣ ਦੇ ਨਾਲ-ਨਾਲ ਆੜ੍ਹਤੀਆ ਵੀ ਹੈ ਅਤੇ ਜਦੋਂ ਕਿਸਾਨਾਂ ਨੂੰ ਆੜ੍ਹਤੀਏ ਦੀ ਵਿਚੋਲਗੀ ਬੰਦ ਕਰ ਕੇ ਜਿਣਸਾਂ ਦੀ ਸਿੱਧੀ ਅਦਾਇਗੀ ਦੀ ਗੱਲ ਚੱਲੀ ਸੀ, ਤਾਂ ਇਸ 'ਕਿਸਾਨ' ਆਗੂ ਨੇ ਕਿਸਾਨਾਂ ਵੱਲੋਂ ਚਿਰਾਂ ਤੋਂ ਕੀਤੀ ਜਾ ਰਹੀ ਇਸ ਚਾਰਾਜੋਈ ਦਾ ਵਿਰੋਧ ਕੀਤਾ ਸੀ ਅਤੇ ਇਹ ਫੈਸਲਾ ਹੋ ਨਹੀਂ ਸੀ ਸਕਿਆ। ਲੱਖੋਵਾਲ ਨੇ ਤਾਂ ਬਾਦਲਾਂ ਦੀ ਸਰਕਾਰ ਸਮੇਂ ਮੰਡੀ ਬੋਰਡ ਦਾ ਚੇਅਰਮੈਨ ਬਣ ਕੇ ਰਾਜਭਾਗ ਦਾ ਲੁਤਫ ਬਹੁਤ ਚੰਗੀ ਤਰ੍ਹਾਂ ਉਠਾਇਆ ਹੀ ਹੈ। ਇਸੇ ਕਰ ਕੇ ਜਦੋਂ ਅੰਦੋਲਨ ਸ਼ੁਰੂ ਹੋਇਆ ਤਾਂ ਇਨ੍ਹਾਂ ਲੀਡਰਾਂ ਦੀ ਸਿਆਸਤ ਕਾਰਨ ਇਸ ਉਤੇ ਸਿੱਧੇ ਸਵਾਲੀਆ ਨਿਸ਼ਾਨ ਲੱਗ ਗਏ ਸਨ। ਰਹਿੰਦੀ ਕਸਰ ਇਨ੍ਹਾਂ ਵੱਲੋਂ ਅੰਦੋਲਨ ਦਾ ਮੂੰਹ ਆਮ ਲੋਕਾਂ ਵੱਲ ਮੋੜੇ ਜਾਣ ਨੇ ਕੱਢ ਦਿੱਤੀ। ਇਨ੍ਹਾਂ ਲੀਡਰਾਂ ਨੂੰ ਮੰਨਣਾ ਪਿਆ ਕਿ ਇਸ ਅੰਦੋਲਨ ਕਾਰਨ ਪਿੰਡਾਂ ਦੇ ਅੰਦਰ ਅਤੇ ਬਾਹਰ ਤਣਾਅ ਪੈਦਾ ਹੋ ਰਿਹਾ ਸੀ ਅਤੇ ਇਹ ਤਣਾਅ ਪੇਂਡੂ ਸਮਾਜ ਵਿਚ ਵੰਡੀਆਂ ਪਾਉਣ ਵਾਲਾ ਹੋ ਸਕਦਾ ਹੈ। ਦੇਖਿਆ ਜਾਵੇ ਤਾਂ ਪਿਛਲੇ ਕੁਝ ਸਮੇਂ ਤੋਂ ਮੁਲਕ ਭਰ 'ਚ ਕਿਸਾਨਾਂ ਦੇ ਹੱਕ 'ਚ ਆਵਾਜ਼ ਬੁਲੰਦ ਹੋਈ ਹੈ। ਕਿਸਾਨਾਂ ਦੀਆਂ ਡੇਢ ਸੌ ਦੇ ਕਰੀਬ ਜਥੇਬੰਦੀਆਂ ਨੇ ਸਾਂਝੀ ਤਾਲਮੇਲ ਕਮੇਟੀ ਵੀ ਬਣਾਈ ਹੈ ਪਰ ਐਤਕੀਂ ਇਹ ਤਾਲਮੇਲ ਪੂਰੀ ਤਰ੍ਹਾਂ ਬੈਠ ਨਹੀਂ ਸਕਿਆ। ਸਿੱਟੇ ਵਜੋਂ ਇਸ ਕਿਸਾਨ ਅੰਦੋਲਨ ਦੀ ਸਹੀ ਵਿਉਂਤਬੰਦੀ ਨਹੀਂ ਹੋ ਸਕੀ। ਇਸੇ ਕਰ ਕੇ ਅੰਦੋਲਨ ਦਾ ਮੂੰਹ ਸਰਕਾਰ ਦੀ ਥਾਂ ਆਮ ਲੋਕਾਂ ਵੱਲ ਹੋ ਗਿਆ। ਸਰਕਾਰਾਂ ਕਿਸਾਨ ਪੱਖੀ ਨਹੀਂ ਹਨ, ਇਸ ਲਈ ਅਜਿਹੀਆਂ ਗਲਤੀਆਂ ਦਾ ਫਾਇਦਾ ਸਰਕਾਰਾਂ ਨੂੰ ਹੀ ਹੁੰਦਾ ਹੈ। ਕਿਸਾਨ ਲੀਡਰਾਂ ਨੂੰ ਇਸ ਬਾਰੇ ਗੰਭੀਰਤਾ ਨਾਲ ਸੋਚਣਾ ਪਵੇਗਾ ਅਤੇ ਅੰਦੋਲਨ ਨਵੇਂ ਸਿਰਿਓਂ ਸਮਾਜ ਦੀਆਂ ਹਕੀਕਤਾਂ ਨੂੰ ਧਿਆਨ ਵਿਚ ਰੱਖ ਕੇ ਉਲੀਕਣਾ ਪਵੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਵੋਟਰ ਉਪ-ਚੋਣ ਦੇ!

ਰਹੇ ਪਛੜਦੇ ਪਿਆ ਇਤਿਹਾਸ ਦੱਸੇ, ਸਾਡੀ ਗਫਲਤੀ ਨੀਂਦ ਅਕੱਥ ਯਾਰੋ।
ਚਾਅ ਵੋਟਾਂ ਦਾ ਦਿਲੋਂ ਵਿਸਾਰ ਦੇਵੇ, ਲੰਮੀ ਸੋਚ ਤੇ 'ਫਿਊਚਰ' ਦਾ ਪੱਥ ਯਾਰੋ।
ਬੀਨ ਸੁਣਦੇ ਹਾਂ ਵਾਅਦਿਆਂ ਲਾਰਿਆਂ ਦੀ, ਬਹੀਏ ਘੱਟ ਸਿਆਣਪ ਦੀ ਸੱਥ ਯਾਰੋ।
ਜੇਤੂ ਮਿੱਥ ਕੇ ਚੱਲੀਏ 'ਪਾਰਟੀ' ਨੂੰ, 'ਬੰਦਾ' ਭਾਵੇਂ ਹੀ ਹੋਵੇ ਉਲੱਥ ਯਾਰੋ।
ਲਾਹੇ ਲੈਣ ਲਈ ਚਲਦੀ ਸਰਕਾਰ ਪਾਸੋਂ, ਪਾਉਂਦੇ ਹੋਰਾਂ ਦੇ ਨੱਕਾਂ ਨੂੰ ਨੱਥ ਯਾਰੋ।
ਉਪ-ਚੋਣ ਦੇ ਵੋਟਰ ਇਹ ਸੋਚ ਲੈਂਦੇ, ਵਗਦੀ ਗੰਗਾ ਵਿਚ ਧੋ ਲਈਏ ਹੱਥ ਯਾਰੋ!

# ਗੁਰੂ ਕਾ ਲੰਗਰ, ਮੋਦੀ ਸਰਕਾਰ ਦੀ ਖੈਰਾਤ ਅਤੇ ਸਿੱਖ ਸਿਧਾਂਤ

*ਭਾਰਤ ਸਰਕਾਰ ਵੱਲੋਂ ਜੀ.ਐਸ.ਟੀ. ਲਾਗੂ ਕੀਤੇ ਜਾਣ ਤੋਂ ਬਾਅਦ ਗੁਰਦੁਆਰਿਆਂ ਵਿਚ ਲੰਗਰ ਲਈ ਖਰੀਦੀ ਜਾਂਦੀ ਰਸਦ ਉਤੇ ਵੀ ਇਹ ਟੈਕਸ ਲਾਗੂ ਹੋ ਗਿਆ ਸੀ। ਉਦੋਂ ਤੋਂ ਹੀ ਇਸ ਰਸਦ ਉਤੇ ਛੋਟ ਦੀ ਮੰਗ ਲਗਾਤਾਰ ਕੀਤੀ ਜਾਂਦੀ ਰਹੀ ਹੈ। ਹੁਣ ਇਸ ਬਾਰੇ ਮੋਦੀ ਸਰਕਾਰ ਦਾ ਨੋਟੀਫਿਕੇਸ਼ਨ ਆ ਗਿਆ ਹੈ। ਮੋਦੀ ਸਰਕਾਰ ਨੇ ਇਸ ਟੈਕਸ ਤੋਂ ਛੋਟ ਤਾਂ ਨਹੀਂ ਦਿੱਤੀ ਪਰ ਜਿੰਨਾ ਟੈਕਸ ਲੱਗਦਾ ਹੈ, ਉਸ ਦੇ ਬਰਾਬਰ ਰਕਮ ਵਾਪਸ ਕਰਨ ਦਾ ਪ੍ਰਬੰਧ ਕਰ ਦਿੱਤਾ ਹੈ। ਸੀਨੀਅਰ ਪੱਤਰਕਾਰ ਜਗਤਾਰ ਸਿੰਘ ਨੇ ਇਸ ਕਾਰਵਾਈ ਨੂੰ ਲੰਗਰ ਪ੍ਰਥਾ ਅਤੇ ਸਿੱਖ ਸਿਧਾਂਤਾਂ ਉਤੇ ਸਿੱਧਾ ਹਮਲਾ ਕਰਾਰ ਦਿੱਤਾ ਹੈ। ਉਨ੍ਹਾਂ ਦਾ ਤਰਕ ਹੈ ਕਿ ਗੁਰੂ ਕਾ ਲੰਗਰ ਕਦੀ ਵੀ ਖੈਰਾਤ 'ਤੇ ਨਹੀਂ ਚੱਲਿਆ, ਇਸ ਲਈ ਸਰਕਾਰ ਵੱਲੋਂ ਦਿੱਤੀ ਇਹ 'ਛੋਟ' ਬਿਨਾ ਕਿਸੇ ਦੇਰੀ ਤੋਂ ਵਾਪਸ ਕਰ ਦੇਣੀ ਚਾਹੀਦੀ ਹੈ। -ਸੰਪਾਦਕ*

**ਜਗਤਾਰ ਸਿੰਘ**
**ਫੋਨ: 91-97797-11201**

ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਹੋਰ ਗੁਰਧਾਮਾਂ ਵਿਚ ਚਲਦੇ ਗੁਰੂ ਕੇ ਲੰਗਰ ਦੀ ਰਸਦ ਖਰੀਦਣ ਉਤੇ ਮੋਦੀ ਸਰਕਾਰ ਵਲੋਂ ਲਾਏ ਟੈਕਸ ਤੋਂ 'ਛੋਟ' ਬਾਰੇ ਚਤੁਰਾਈ ਨਾਲ ਸਿੱਖ ਜਗਤ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਲੰਗਰ ਦੇ ਵਿਲੱਖਣ ਸੰਕਲਪ ਨੂੰ ਮੁਫ਼ਤ ਰਸੋਈ ਤੱਕ ਮਹਿਦੂਦ ਕਰ ਕੇ ਦੇਖ ਰਹੀ ਹੈ। ਅਕਾਲੀ ਦਲ ਦੇ ਕੰਟਰੋਲ ਵਾਲੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਆਗੂ ਵੀ ਮੋਦੀ ਸਰਕਾਰ ਵਲੋਂ ਲੰਗਰ ਦੀ ਰਸਦ ਉਤੇ ਲਾਏ ਜਾ ਰਹੇ ਟੈਕਸ ਦੀ ਪੂਰਤੀ ਲਈ ਗਰਾਂਟ ਦੇਣ ਦੇ ਫ਼ੈਸਲੇ ਨੂੰ ਵਡਿਆਉਣ ਵਿਚ ਅਕਾਲੀ ਦਲ ਦਾ ਹੀ ਰਾਗ ਅਲਾਪ ਰਹੇ ਹਨ। ਸੱਚ ਇਹ ਹੈ ਕਿ ਲੰਗਰ ਲਈ ਖਰੀਦੀਆਂ ਜਾਣ ਵਾਲੀਆਂ ਵਸਤਾਂ ਉਤੇ ਜੀ.ਐਸ.ਟੀ. ਲੱਗੇਗਾ ਅਤੇ ਇਸ ਨਾਲ ਸ਼੍ਰੋਮਣੀ ਕਮੇਟੀ ਉਤੇ ਪੈਣ ਵਾਲੇ ਦੋ ਕਰੋੜ ਰੁਪਏ ਦੇ ਸਾਲਾਨਾ ਬੋਝ ਦੀ ਪੂਰਤੀ ਲਈ ਸਰਕਾਰ ਵਲੋਂ ਇਸ ਦੇ ਬਰਾਬਰ ਦੀ ਰਕਮ ਖ਼ੈਰਾਤ ਵਜੋਂ ਦਿੱਤੀ ਜਾਇਆ ਕਰੇਗੀ। ਅਕਾਲੀ ਆਗੂਆਂ ਨੇ ਲੰਗਰ ਲਈ ਸਰਕਾਰੀ ਖ਼ੈਰਾਤ ਪ੍ਰਵਾਨ ਕਰ ਕੇ ਲੰਗਰ ਦੀ ਸੰਸਥਾ ਨੂੰ ਛੁਟਿਆ ਦਿੱਤਾ ਹੈ।

ਮੋਦੀ ਸਰਕਾਰ ਦੇ ਫ਼ੈਸਲੇ ਅਨੁਸਾਰ, ਲੋਕਾਂ ਨੂੰ ਮੁਫ਼ਤ ਭੋਜਨ ਖੁਆਉਣ ਵਾਲੀਆਂ ਸਾਰੀਆਂ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਨੂੰ ਸਰਕਾਰੀ ਵਲੋਂ ਮਾਲੀ ਇਮਦਾਦ ਦਿੱਤੀ ਜਾਵੇਗੀ। ਕੇਂਦਰ ਸਰਕਾਰ ਦੇ ਸਭਿਆਚਾਰਕ ਮੰਤਰਾਲੇ ਵਲੋਂ ਸ਼ੁਰੂ ਕੀਤੀ ਨਵੀਂ ਸਕੀਮ 'ਸੇਵਾ ਭੋਜ ਯੋਜਨਾ' ਬਾਰੇ ਜਾਰੀ ਨੋਟੀਫੀਕੇਸ਼ਨ ਵਿਚ ਲਿਖਿਆ ਹੈ: "ਸਾਲ 2018-19 ਅਤੇ 2019-20 ਲਈ 325 ਕਰੋੜ ਰੁਪਏ ਨਾਲ ਸ਼ੁਰੂ ਕੀਤੀ ਜਾਣ ਵਾਲੀ 'ਸੇਵਾ ਭੋਜ ਯੋਜਨਾ' ਲਈ ਰਾਸ਼ਟਰਪਤੀ ਵਲੋਂ ਪ੍ਰਵਾਨਗੀ ਦਿੱਤੀ ਜਾਂਦੀ ਹੈ। ਇਸ ਸਕੀਮ ਤਹਿਤ ਲੋਕਾਂ ਨੂੰ ਮੁਫ਼ਤ ਭੋਜਨ ਖੁਆਉਣ ਵਾਲੀਆਂ ਭਲਾਈ ਸੰਸਥਾਵਾਂ ਵਲੋਂ ਇਸ ਮਕਸਦ ਲਈ ਖਰੀਦੀਆਂ ਜਾਣ ਵਾਲੀਆਂ ਵਸਤਾਂ ਉਤੇ ਦਿੱਤੇ ਜਾਂਦੇ ਸੀ.ਜੀ.ਐਸ.ਟੀ. ਅਤੇ ਆਈ.ਜੀ.ਐਸ.ਟੀ. ਵਿਚ ਕੇਂਦਰ ਸਰਕਾਰ ਦੇ ਹਿੱਸੇ ਦੀ ਪੂਰਤੀ ਕਰਨ ਹਿਤ ਭਾਰਤ ਸਰਕਾਰ ਵਲੋਂ ਵਿਸ਼ੇਸ਼ ਮਾਲੀ ਮਦਦ ਦਿੱਤੀ ਜਾਵੇਗੀ।" ਇਹ ਫ਼ੈਸਲਾ ਲੰਗਰ ਦੀ ਰਸਦ ਨੂੰ ਜੀ.ਐਸ.ਟੀ. ਤੋਂ ਛੋਟ ਨਹੀਂ ਹੈ ਅਤੇ ਇਸ ਟੈਕਸ ਦੀ ਪੂਰਤੀ ਵਜੋਂ ਸਰਕਾਰੀ ਸਹਾਇਤਾ ਦੇਣ ਦਾ ਹੈ ਅਤੇ ਇਹ ਸਰਕਾਰੀ ਸਹਾਇਤਾ ਵੀ ਸਭਿਆਚਾਰਕ ਮੰਤਰਾਲੇ ਵੱਲੋਂ ਦਿੱਤੀ ਜਾਣੀ ਹੈ।

ਇਥੇ ਲੰਗਰ ਨਾਲ ਜੁੜੇ ਸਿਧਾਂਤ ਤੇ ਪ੍ਰੰਪਰਾ ਉਤੇ ਵਿਚਾਰ ਕਰਨੀ ਬਣਦੀ ਹੈ। ਗੁਰੂ ਕਾ ਲੰਗਰ ਮਹਿਜ਼ ਮੁਫ਼ਤ ਭੋਜਨ ਖੁਆਉਣ ਵਾਲੀ ਰਸੋਈ ਨਹੀਂ ਹੈ। ਇਹ ਸਿੱਖ ਧਰਮ ਦੀ ਵਿਲੱਖਣ ਵਿਚਾਰਧਾਰਾ ਹੈ ਜਿਸ ਅਨੁਸਾਰ ਲੰਗਰ ਸਰਕਾਰ ਦੀ ਮਾਲੀ ਮਦਦ ਦੀ ਥਾਂ ਸ਼ਰਧਾਲੂਆਂ ਵਲੋਂ ਦਿੱਤੇ ਦਾਨ ਨਾਲ ਚਲਾਇਆ ਜਾਣਾ ਚਾਹੀਦਾ ਹੈ। ਮੋਦੀ ਸਰਕਾਰ ਨੇ ਇਸ ਵਿਲੱਖਣ ਸੰਸਥਾ ਨੂੰ ਮੁਫ਼ਤ ਭੋਜਨ ਖੁਆਉਣ ਵਾਲੀਆਂ ਦੂਜੀਆਂ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਬਰਾਬਰ ਲਿਆ ਕੇ ਛੁਟਿਆ ਦਿੱਤਾ ਹੈ। ਦਰਅਸਲ, ਲੰਗਰ ਕਿਸੇ ਵੀ ਵਰਗ ਅਤੇ ਜਾਤ-ਪਾਤ ਰਹਿਤ ਸਮਾਜਿਕ-ਆਰਥਿਕ ਸਿੱਖ ਸਿਧਾਂਤ ਦਾ ਪ੍ਰਤੀਕ ਹੈ। ਸਿੱਖ ਗੁਰੂ ਸਾਹਿਬਾਨ ਵਲੋਂ ਸ਼ੁਰੂ ਕੀਤੀ ਇਹ ਪ੍ਰਥਾ ਉਸ ਵੇਲੇ ਜਾਤ-ਪਾਤ ਅਤੇ ਊਚ-ਨੀਚ ਵਿਚ ਵੰਡੇ ਹੋਏ ਹਿੰਦੂ ਸਮਾਜ ਦਾ ਤੋੜ ਸੀ। ਗੁਰੂ ਨਾਨਕ ਜੀ ਨੇ ਇਹ ਪ੍ਰਥਾ ਬੰਦੇ ਦੀ ਮਾਨਵੀ ਸ਼ਾਨ ਅਤੇ ਗੌਰਵ ਨੂੰ ਵਡਿਆਉਣ ਲਈ ਸ਼ੁਰੂ ਕੀਤੀ ਸੀ।

ਜੀ.ਐਸ.ਟੀ. ਸ਼ੁਰੂ ਹੋਣ ਤੋਂ ਪਹਿਲਾਂ ਗੁਰਦੁਆਰਿਆਂ ਵੱਲੋਂ ਲੰਗਰ ਲਈ ਖਰੀਦੀਆਂ ਜਾਣ ਵਾਲੀਆਂ ਵਸਤਾਂ ਨੂੰ ਵੈਟ ਅਤੇ ਸੇਲਜ਼ ਟੈਕਸ ਤੋਂ ਛੋਟ ਸੀ। ਸ਼੍ਰੋਮਣੀ ਕਮੇਟੀ ਦੇ ਲੰਗਰ ਬਜਟ ਦਾ ਵੱਡਾ ਹਿੱਸਾ ਸ੍ਰੀ ਦਰਬਾਰ ਸਾਹਿਬ ਦੇ ਲੰਗਰ ਉਤੇ ਖ਼ਰਚ ਹੁੰਦਾ ਹੈ ਅਤੇ ਸਿੱਖ ਜਗਤ ਦੀ ਮੰਗ ਵੀ ਇਹੀ ਸੀ ਕਿ ਸ੍ਰੀ ਦਰਬਾਰ ਸਾਹਿਬ ਦੇ ਲੰਗਰ ਲਈ ਖਰੀਦੀਆਂ ਜਾਣ ਵਾਲੀਆਂ ਵਸਤਾਂ ਨੂੰ ਜੀ.ਐਸ.ਟੀ. ਤੋਂ ਛੋਟ ਦਿੱਤੀ ਜਾਵੇ। ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੀ ਲੀਡਰਸ਼ਿਪ ਵਲੋਂ ਕਈ ਮਹੀਨਿਆਂ ਤੋਂ ਲਗਾਤਾਰ ਕੀਤੀ ਜਾ ਰਹੀ ਮੰਗ ਤੋਂ ਬਾਅਦ ਮੋਦੀ ਸਰਕਾਰ ਨੇ 'ਸੇਵਾ ਭੋਜ ਯੋਜਨਾ' ਤਹਿਤ ਮਾਲੀ ਇਮਦਾਦ ਸ਼ੁਰੂ ਕਰਨ ਲਈ ਨੋਟੀਫੀਕੇਸ਼ਨ ਜਾਰੀ ਕੀਤਾ ਹੈ। ਓਪਰੀ ਨਜ਼ਰੇ ਇਸ ਵਿਚ ਕੋਈ ਨੁਕਸ ਨਹੀਂ ਲੱਗਦਾ ਕਿ ਸਮਾਜ ਭਲਾਈ ਜਾਂ ਧਾਰਮਿਕ ਸੰਸਥਾਵਾਂ ਵਲੋਂ ਦਿੱਤੇ ਜਾਂਦੇ ਜੀ.ਐਸ.ਟੀ. ਦੀ ਪੂਰਤੀ ਕਿਸੇ ਹੋਰ ਖਾਤੇ ਵਿਚੋਂ ਮਾਲੀ ਇਮਦਾਦ ਵਜੋਂ ਕੀਤੀ ਜਾਵੇ ਪਰ ਮਾਮਲਾ ਇੰਨਾ ਸਾਧਾਰਨ ਨਹੀਂ ਹੈ। ਗੁਰੂ ਕੇ ਲੰਗਰ ਦਾ ਇਤਿਹਾਸ ਕੁਝ ਹੋਰ ਹੈ।

ਅਕਬਰ ਬਾਦਸ਼ਾਹ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਤੀਜੇ ਪਾਤਸ਼ਾਹ ਗੁਰੂ ਅਮਰ ਦਾਸ ਜੀ ਦੇ ਦਰਸ਼ਨਾਂ ਨੂੰ ਆਇਆ ਤਾਂ ਉਨ੍ਹਾਂ ਨੇ ਉਸ ਨੂੰ ਮਿਲਣ ਤੋਂ ਪਹਿਲਾਂ ਲੰਗਰ ਛਕਣ ਦੀ ਤਾਕੀਦ ਕੀਤੀ। ਇਸ ਪਿੱਛੇ ਮਾਮਲਾ ਸੰਗਤ ਅਤੇ ਪੰਗਤ ਰਾਹੀਂ ਮਨੁੱਖੀ ਬਰਾਬਰੀ ਦਾ ਸਿਧਾਂਤ ਪ੍ਰਗਟ ਕਰਨਾ ਸੀ। ਅਕਬਰ ਲੰਗਰ ਦੀ ਪ੍ਰਥਾ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਲੰਗਰ ਚਲਾਉਣ ਲਈ ਜਾਗੀਰ ਦੇਣ ਦੀ ਪੇਸ਼ਕਸ਼ ਕੀਤੀ ਪਰ ਗੁਰੂ ਅਮਰ ਦਾਸ ਜੀ ਨੇ ਇਹ ਪੇਸ਼ਕਸ਼ ਨਾਮਨਜ਼ੂਰ ਕਰਦਿਆਂ ਕਿਹਾ ਸੀ ਕਿ ਲੰਗਰ ਸਰਕਾਰੀ ਖੈਰਾਤ ਨਾਲ ਨਹੀਂ ਸਗੋਂ ਸ਼ਰਧਾਲੂਆਂ ਦੀ ਭੇਟਾ ਨਾਲ ਹੀ ਚੱਲੇਗਾ। ਲੰਗਰ ਚਲਾਉਣ ਲਈ ਪਿਛੋਂ ਜਾਗੀਰਾਂ ਵੀ ਖਰੀਦੀਆਂ ਗਈਆਂ ਪਰ ਇਹ ਵੀ ਸੰਗਤ ਦੁਆਰਾ ਭੇਟ ਕੀਤੀ ਮਾਇਆ ਵਿਚੋਂ ਹੀ ਖਰੀਦੀਆਂ ਗਈਆਂ ਸਨ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਗੁਰਦੁਆਰਿਆਂ ਦੇ ਨਾਂ ਜ਼ਮੀਨਾਂ ਦਾ ਵੱਡਾ ਰਕਬਾ ਲਾਇਆ ਗਿਆ। ਸਿੱਖ ਸਿਧਾਂਤਕਾਰ ਇਸ ਨੂੰ ਪ੍ਰਵਾਨਗੀ ਦਿੰਦੇ ਹੋਏ ਆਖਦੇ ਹਨ ਕਿ ਰਣਜੀਤ ਸਿੰਘ ਦਾ ਰਾਜ ਸਰਕਾਰ-ਇ-ਖ਼ਾਲਸਾ ਸੀ ਜੋ ਸ੍ਰੀ ਅਕਾਲ ਤਖ਼ਤ ਦੀ ਸਰਬਉਚਤਾ ਨੂੰ ਪ੍ਰਵਾਨ ਕਰਦੀ ਸੀ; ਇਸ ਨੂੰ ਪ੍ਰਵਾਨ ਕਰ ਕੇ ਹੀ ਮਹਾਰਾਜਾ ਰਣਜੀਤ ਸਿੰਘ, ਜਥੇਦਾਰ ਅਕਾਲੀ ਫੂਲਾ ਸਿੰਘ ਵਲੋਂ ਧਾਰਮਿਕ ਅਵੱਗਿਆ ਦੇ ਦੋਸ਼ ਵਿਚ ਤਲਬ ਕੀਤੇ ਜਾਣ ਉਤੇ ਸ੍ਰੀ ਅਕਾਲ ਤਖ਼ਤ ਦੇ ਸਨਮੁਖ ਪੇਸ਼ ਹੋਇਆ ਸੀ। ਉਸ ਵੇਲੇ ਸ੍ਰੀ ਦਰਬਾਰ ਸਾਹਿਬ ਦੇ ਲੰਗਰ ਨਾਲ ਜੁੜਿਆ ਇਕ ਹੋਰ ਫੈਸਲਾ ਕਰਦਿਆਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੇ ਐਲਾਨ ਕੀਤਾ ਸੀ ਕਿ ਲੰਗਰ ਲਈ ਮਹਾਰਾਜਾ ਰਣਜੀਤ ਸਿੰਘ ਦੇ ਘਰੋਂ ਆਉਂਦੀ ਰਸਦ ਬੰਦ ਕੀਤੀ ਜਾਵੇ ਅਤੇ ਇਹ ਲੰਗਰ ਸੰਗਤਾਂ ਸ਼ਰਧਾਲੂਆਂ ਦੀਆਂ ਭੇਟਾਵਾਂ ਨਾਲ ਚੱਲੇਗਾ।

ਬਰਾਬਰੀ ਦੇ ਨਾਲ-ਨਾਲ ਨਿਸ਼ਕਾਮ ਸੇਵਾ ਲੰਗਰ ਦਾ ਅਟੁੱਟ ਅੰਗ ਹੈ, ਬਲਕਿ ਇਹ ਸਾਰੀਆਂ ਸਿੱਖ ਸੰਸਥਾਵਾਂ ਦਾ ਹੀ ਮੂਲ ਆਧਾਰ ਹੈ। ਰਵਾਇਤ ਇਹ ਹੈ ਕਿ ਲੰਗਰ ਛਕਣ ਵਾਲੇ ਸਿੱਖ ਸ਼ਰਧਾਲੂ ਜਾਂ ਤਾਂ ਗੋਲਕ ਵਿਚ ਕੁਝ ਮਾਇਆ ਭੇਟ ਕਰਦੇ ਹਨ, ਤੇ ਜਾਂ ਫਿਰ ਹੱਥੀਂ ਕੋਈ ਨਾ ਕੋਈ ਸੇਵਾ ਕਰਦੇ ਹਨ। ਲੰਗਰ ਲਈ ਸਰਕਾਰੀ ਇਮਦਾਦ ਪ੍ਰਵਾਨ ਕਰਨਾ ਸਿੱਖੀ ਦੀ ਧਾਰਮਿਕ-ਸਭਿਆਚਾਰਕ ਵਿਰਾਸਤ ਦਾ ਸਿੱਧਾ ਨਿਰਾਦਰ ਹੈ।

ਸ੍ਰੀ ਦਰਬਾਰ ਸਾਹਿਬ ਅੰਦਰਲੀ ਕਿਸੇ ਵੀ ਇਮਾਰਤ ਦੀ ਮੁਰੰਮਤ ਤੇ ਮੁੜ ਉਸਾਰੀ ਲਈ ਸਰਕਾਰੀ ਸਹਾਇਤਾ ਕਦੇ ਵੀ ਪ੍ਰਵਾਨ ਨਹੀਂ ਕੀਤੀ ਗਈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਕੀਤੀ ਸੀ। ਉਨ੍ਹਾਂ ਨੇ ਇਸ ਦੀ ਉਸਾਰੀ ਦੋ ਮਹਾਂਪੁਰਖਾਂ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦੀ ਮਦਦ ਨਾਲ ਖ਼ੁਦ ਕੀਤੀ ਸੀ। ਇਸ ਸੰਸਥਾ ਦੀ ਸਿਰਜਣਾ ਖੁਦਮੁਖ਼ਤਾਰ ਸਟੇਟ ਦੇ ਪ੍ਰਤੀਕ ਵਜੋਂ ਕੀਤੀ ਗਈ ਸੀ। ਇਹੀ ਕਾਰਨ ਸੀ, ਸ੍ਰੀ ਦਰਬਾਰ ਸਾਹਿਬ ਉਪਰ ਹੋਏ ਫ਼ੌਜੀ ਹਮਲੇ ਤੋਂ ਬਾਅਦ ਸਰਕਾਰ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦੀ ਕੀਤੀ ਗਈ ਮੁੜ ਉਸਾਰੀ ਨੂੰ ਢਾਹ ਕੇ ਇਸ ਨੂੰ ਸ਼ਰਧਾਲੂਆਂ ਦੀਆਂ ਭੇਟਾਵਾਂ ਨਾਲ ਕਾਰ ਸੇਵਾ ਰਾਹੀਂ ਮੁੜ ਉਸਾਰਿਆ ਗਿਆ ਸੀ।

ਮਾਮਲਾ ਮਹਿਜ਼ ਸ਼੍ਰੋਮਣੀ ਕਮੇਟੀ ਜਾਂ ਕਿਸੇ ਹੋਰ ਸਿੱਖ ਸੰਸਥਾ ਵਲੋਂ ਜੀ.ਐਸ.ਟੀ. ਵਜੋਂ ਸਰਕਾਰ ਨੂੰ ਦਿੱਤੀ ਜਾ ਰਹੀ ਰਾਸ਼ੀ ਦੀ ਪੂਰਤੀ ਦਾ ਨਹੀਂ ਹੈ, ਬਲਕਿ ਸਿੱਖ ਧਰਮ ਦੇ ਮੁੱਢਲੇ ਸਿਧਾਂਤ ਉਤੇ ਟੈਕਸ ਲਾਉਣ ਦਾ ਹੈ। ਦੱਸਣਾ ਵਾਜਬ ਹੈ ਕਿ ਸ਼੍ਰੋਮਣੀ ਕਮੇਟੀ ਦੇ ਤਤਕਾਲੀ ਪ੍ਰਧਾਨ ਕ੍ਰਿਪਾਲ ਸਿੰਘ ਬਡੂੰਗਰ ਨੇ ਜੀ.ਐਸ.ਟੀ. ਨੂੰ ਮੁਗਲ ਬਾਦਸ਼ਾਹ ਔਰੰਗਜ਼ੇਬ ਵਲੋਂ ਹਿੰਦੂਆਂ ਉਤੇ ਲਾਏ ਜਾਣ ਵਾਲੇ ਟੈਕਸ 'ਜਜ਼ੀਆ' ਕਹਿ ਕੇ ਇਸ ਦੀ ਕਰੜੀ ਆਲੋਚਨਾ ਕੀਤੀ ਸੀ। ਉਸ ਨੂੰ ਇਸ ਬਿਆਨ ਦੀ ਭਾਰੀ ਕੀਮਤ ਚੁਕਾਉਣੀ ਪਈ; ਉਸ ਨੂੰ ਅਗਲੀ ਚੋਣ ਵਿਚ ਪ੍ਰਧਾਨਗੀ ਪਦ ਤੋਂ ਲਾਹ ਦਿੱਤਾ ਗਿਆ ਸੀ। ਪ੍ਰੋ. ਬਡੂੰਗਰ ਦੇ ਇਸ ਬਿਆਨ ਉਤੇ ਆਰ.ਐਸ.ਐਸ. ਨੇ ਇਤਰਾਜ਼ ਕੀਤਾ ਸੀ ਅਤੇ ਇਸ ਦੇ ਕਿਸੇ ਆਗੂ ਨੇ ਪਟਿਆਲੇ ਵਿਚ ਮਿਲ ਕੇ ਇਸ ਬਾਰੇ ਉਸ ਨੂੰ ਜਾਣੂ ਵੀ ਕਰਵਾਇਆ ਸੀ। ਪ੍ਰੋ. ਬਡੂੰਗਰ ਨੇ ਇਹ ਜਾਣਕਾਰੀ ਬਾਅਦ ਵਿਚ ਕਈਆਂ ਨਾਲ ਸਾਂਝੀ ਕੀਤੀ ਸੀ।

ਅਸਲ ਵਿਚ, ਅੱਜ ਦੀ ਅਕਾਲੀ ਲੀਡਰਸ਼ਿਪ ਦੀ ਤ੍ਰਾਸਦੀ ਇਹ ਹੈ ਕਿ ਇਹ ਸਿੱਖ ਇਤਿਹਾਸ ਅਤੇ ਸਿਧਾਂਤਾਂ ਦੀ ਮੁੱਢਲੀ ਜਾਣਕਾਰੀ ਤੋਂ ਉਕਾ ਹੀ ਕੋਰੀ ਹੈ। ਹੁਣ ਇਹ ਤੱਥ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ ਕਿ ਅਕਾਲੀ ਦਲ ਦੂਜੀਆਂ ਸਿਆਸੀ ਪਾਰਟੀਆਂ ਵਾਂਗ ਸਿਆਸੀ ਪਾਰਟੀ ਨਹੀਂ ਹੈ ਬਲਕਿ ਧਾਰਮਿਕ ਘੱਟ ਗਿਣਤੀ ਦੀ ਨੁਮਾਇੰਦਗੀ ਕਰਦਾ ਹੈ। ਸਿੱਖ ਜਗਤ ਦੀਆਂ ਭਾਵਨਾਵਾਂ ਤੇ ਮਸਲਿਆਂ ਲਈ ਜਵਾਬਦੇਹ ਸ਼੍ਰੋਮਣੀ ਕਮੇਟੀ ਇਸ ਵੇਲੇ ਸ਼੍ਰੋਮਣੀ ਅਕਾਲੀ ਦਲ ਦੇ ਮੁਕੰਮਲ ਕੰਟਰੋਲ ਹੇਠ ਹੈ। ਇਹੀ ਕਾਰਨ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਬਿਨਾਂ ਕੋਈ ਦੇਰੀ ਕੀਤਿਆਂ ਸੁਖਬੀਰ ਸਿੰਘ ਬਾਦਲ ਅਤੇ ਉਸ ਦੀ ਪਤਨੀ ਹਰਸਿਮਰਤ ਕੌਰ ਬਾਦਲ ਵਲੋਂ ਦਿੱਲੀ ਵਿਚ ਪ੍ਰੈਸ ਕਾਨਫਰੰਸ ਕਰ ਕੇ ਮੋਦੀ ਸਰਕਾਰ ਦੇ ਫੈਸਲੇ ਦਾ ਸਵਾਗਤ ਕਰਨ ਤੋਂ ਤੁਰੰਤ ਬਾਅਦ ਇਸ ਦੇ ਸੋਹਲੇ ਗਾਉਣੇ ਸ਼ੁਰੂ ਕਰ ਦਿੱਤੇ। ਸ਼੍ਰੋਮਣੀ ਕਮੇਟੀ ਦੇ ਉਹ ਮੈਂਬਰ ਅਤੇ ਅਧਿਕਾਰੀ ਜਿਨ੍ਹਾਂ ਨੂੰ ਸਿੱਖ ਸਿਧਾਂਤਾਂ ਦੀਆਂ ਬਰੀਕੀਆਂ ਦੀ ਸਮਝ ਹੈ, ਇਹ ਮੰਨਦੇ ਹਨ ਕਿ ਮਾਮਲਾ ਲੰਗਰ ਉਤੇ ਲਾਏ ਗਏ ਟੈਕਸ ਦਾ ਹੈ, ਲੰਗਰ ਲਈ ਕਿਸੇ ਕਿਸਮ ਦੀ ਮਾਲੀ ਇਮਦਾਦ ਦਾ ਨਹੀਂ।

ਕੀ ਸ਼੍ਰੋਮਣੀ ਕਮੇਟੀ ਅਤੇ ਹੋਰ ਸਿੱਖ ਸੰਸਥਾਵਾਂ ਲੰਗਰ ਦੀ ਇਹ ਵਿਲੱਖਣ ਸੰਸਥਾ ਚਲਾਉਣ ਲਈ ਕੁਝ ਕੁ ਕਰੋੜ ਰੁਪਏ ਦੀ ਖ਼ੈਰਾਤ ਦੀਆਂ ਮੁਥਾਜ ਬਣ ਗਈਆਂ ਹਨ? ਸ਼੍ਰੋਮਣੀ ਕਮੇਟੀ ਨੂੰ ਇਸ ਸਕੀਮ ਤਹਿਤ ਇਕ ਸਾਲ ਵਿਚ ਸ੍ਰੀ ਦਰਬਾਰ ਸਾਹਿਬ ਦੇ ਲੰਗਰ ਲਈ ਤਕਰੀਬਨ ਤਿੰਨ ਕਰੋੜ ਰੁਪਏ ਮਿਲਣਗੇ ਜੋ ਇਹਦੇ ਲਈ ਮੱਕੀ ਦੀਆਂ ਇੱਕ ਲੱਪ ਖਿੱਲਾਂ ਦੇ ਬਰਾਬਰ ਹੈ। ਇਸ ਲਈ ਇਸ ਨੂੰ ਸਰਕਾਰ ਦੀ ਇਹ ਸਕੀਮ ਤੁਰੰਤ ਰੱਦ ਕਰਨੀ ਚਾਹੀਦੀ ਹੈ।

# ਕੈਪਟਨ ਦਾ ਪੰਜਾਬ ਵਿਚ ਦਹਿਸ਼ਤਪਸੰਦੀ ਦਾ ਹਊਆ

***ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪਿਛਲੇ ਕੁਝ ਸਮੇਂ ਤੋਂ ਪੰਜਾਬ ਵਿਚ ਦਹਿਸ਼ਤਪਸੰਦੀ ਵੱਲੋਂ ਸਿਰ ਉਠਾਉਣ ਬਾਰੇ ਲਗਾਤਾਰ ਬਿਆਨ ਦਿੰਦੇ ਆ ਰਹੇ ਹਨ। ਜੱਗ ਜਾਣਦਾ ਹੈ ਕਿ ਇਸ ਵਕਤ ਪੰਜਾਬ ਦਾ ਮੁੱਖ ਮਸਲਾ ਦਹਿਸ਼ਤਪਸੰਦੀ ਨਹੀਂ ਹੈ ਪਰ ਮੁੱਖ ਮੰਤਰੀ ਸਿਆਸੀ ਲਾਹੇ ਲਈ ਇਹ ਮੁਹਾਰਨੀ ਪੜ੍ਹੀ ਜਾ ਰਹੇ ਹਨ। ਇਸ ਬਾਰੇ ਸੀਨੀਅਰ ਪੱਤਰਕਾਰ ਨਿਰਮਲ ਸੰਧੂ ਨੇ ਆਪਣੇ ਇਸ ਲੇਖ ਵਿਚ ਟਿੱਪਣੀ ਕੀਤੀ ਹੈ ਅਤੇ ਸਲਾਹ ਦਿੱਤੀ ਹੈ ਕਿ ਉਹ ਕੈਨੇਡਾ ਦੇ ਸਿਆਸਤਦਾਨਾਂ ਅਤੇ ਪੁਲਿਸ ਤੋਂ ਕੁਝ ਸਿੱਖਣ। -ਸੰਪਾਦਕ***

ਵੱਖ-ਵੱਖ ਮਸਲਿਆਂ ਬਾਰੇ ਅਕਸਰ ਖ਼ਾਮੋਸ਼ ਰਹਿਣ ਵਾਲੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੈਨੇਡਾ ਵਿਚ ਭਾਰਤੀ ਰੈਸਤਰਾਂ ਵਿਚ ਹੋਏ ਧਮਾਕੇ ਦੀ ਨਿੰਦਾ ਕਰਨ ਲਈ ਰੱਤੀ ਭਰ ਵੀ ਸਮਾਂ ਨਹੀਂ ਲਾਇਆ। ਉਨ੍ਹਾਂ ਇਸ ਨੂੰ 'ਦਹਿਸ਼ਤਪਸੰਦੀ ਦਾ ਕਾਰਾ' ਕਰਾਰ ਦੇ ਦਿੱਤਾ; ਹਾਲਾਂਕਿ ਉਥੋਂ ਦੀ ਪੁਲਿਸ ਨੇ ਅਜਿਹੀ ਸੰਭਾਵਨਾ ਤੋਂ ਸਾਫ ਇਨਕਾਰ ਕੀਤਾ ਸੀ। ਅਖ਼ਬਾਰਾਂ ਨੇ ਵੀ ਆਪਣੀਆਂ ਖ਼ਬਰਾਂ ਵਿਚ 'ਪੁਲਿਸ ਮੁਤਾਬਿਕ, ਫਿਲਹਾਲ ਦਹਿਸ਼ਤਪਸੰਦੀ ਜਾਂ ਨਫਰਤੀ ਅਪਰਾਧ ਦਾ ਕੋਈ ਸਬੂਤ ਨਹੀਂ' ਹੀ ਲਿਖਿਆ ਸੀ। ਕੈਪਟਨ ਅਮਰਿੰਦਰ ਸਿੰਘ ਕੈਨੇਡਾ ਦੇ ਲੀਡਰਾਂ ਤੋਂ ਵੀ ਪਹਿਲਾਂ ਬੋਲ ਪਏ ਸਨ ਅਤੇ ਸਾਰੇ

ਨਿਰਮਲ ਸੰਧੂ

ਸੰਸਾਰ ਨੂੰ ਦਹਿਸ਼ਤਪਸੰਦੀ ਦੇ ਖ਼ਤਰਿਆਂ ਬਾਰੇ ਪ੍ਰਵਚਨ ਕਰਨ ਲੱਗ ਪਏ ਸਨ।

ਅਗਲੇ ਦਿਨ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੀ ਇਸ ਮਸਲੇ ਬਾਰੇ ਬੋਲੇ ਪਰ ਉਨ੍ਹਾਂ ਦਹਿਸ਼ਤਪਸੰਦੀ ਬਾਰੇ ਗੱਲ ਨਹੀਂ ਕੀਤੀ ਸਗੋਂ ਪੀੜਤਾਂ ਨਾਲ ਇਕਜੁੱਟਤਾ ਪ੍ਰਗਟਾਈ। ਅਸਲ ਵਿਚ, ਦਹਿਸ਼ਤਪਸੰਦੀ ਪੰਜਾਬ ਵਿਚ ਕੋਈ ਮਸਲਾ ਨਹੀਂ ਅਤੇ ਮੁੱਖ ਮੰਤਰੀ ਇਕੱਲੇ ਹੀ ਇਸ ਬਾਰੇ ਬਿਆਨ ਦਾਗ਼ ਰਹੇ ਹਨ। ਨਾ ਕਾਂਗਰਸੀ ਆਗੂ ਅਤੇ ਨਾ ਹੀ ਵਿਰੋਧੀ ਧਿਰ ਦੇ ਆਗੂ ਇਸ ਨੂੰ ਬਹੁਤਾ ਗੌਲ ਰਹੇ ਹਨ। ਫਰਵਰੀ ਵਿਚ ਟਰੂਡੋ ਨਾਲ ਮੁਲਾਕਾਤ ਦੌਰਾਨ ਵੀ ਕੈਪਟਨ ਨੇ ਖ਼ਾਲਿਸਤਾਨੀਆਂ ਨਾਲ ਸਬੰਧਤ ਦਹਿਸ਼ਤਪਸੰਦੀ ਦਾ ਮਸਲਾ ਉਠਾਇਆ ਸੀ।

ਕੇਂਦਰੀ ਗ੍ਰਹਿ ਮੰਤਰੀ ਨਾਲ ਹਾਲ ਹੀ ਵਿਚ ਹੋਈ ਮੀਟਿੰਗ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਿਚ ਦਹਿਸ਼ਤਪਸੰਦੀ ਦੇ ਮੁੜ ਸਿਰ ਚੁੱਕਣ ਦੇ ਟਾਕਰੇ ਲਈ ਕੋਈ ਰਣਨੀਤੀ ਘੜਨ ਦੀ ਮੰਗ ਰੱਖੀ ਸੀ। ਮੁਲਕ ਭਰ ਦੇ ਮੀਡੀਆ ਨੇ ਇਸ ਮੀਟਿੰਗ ਦਾ ਨੋਟਿਸ ਲਿਆ। ਜਦੋਂ ਵੀ ਕਿਤੇ ਖ਼ਾਲਿਸਤਾਨ ਜਾਂ ਦਹਿਸ਼ਤਪਸੰਦੀ ਨਾਲ ਸਬੰਧਤ ਗ੍ਰਿਫਤਾਰੀਆਂ ਹੁੰਦੀਆਂ ਹਨ ਤਾਂ ਆਮ ਤੌਰ 'ਤੇ ਸਰਕਾਰੀ ਬਿਆਨ ਜਾਰੀ ਹੁੰਦੇ ਹੀ ਹਨ। ਮੁੱਦਿਆਂ ਦੀ ਤੋਟ ਦਾ ਸ਼ਿਕਾਰ ਮੀਡੀਆ, ਅਜਿਹੀਆਂ ਰਿਪੋਰਟਾਂ ਰਤਾ ਵਧਾ-ਚੜ੍ਹਾ ਕੇ ਨਸ਼ਰ ਕਰਦਾ ਹੈ, ਜਿਸ ਨਾਲ ਡਰ ਅਤੇ ਅਨਿਸ਼ਚਿਤਤਾ ਵਾਲਾ ਮਾਹੌਲ ਬਣਦਾ ਹੈ। ਇਕ ਪਾਸੇ ਤਾਂ ਮੁੱਖ ਮੰਤਰੀ ਸਨਅਤਾਂ ਨੂੰ ਲੁਭਾਉਣ ਖ਼ਾਤਿਰ ਛੋਟਾਂ ਦੇ ਰਹੇ ਹਨ; ਦੂਜੇ ਬੰਨੇ ਇਹ ਪ੍ਰਭਾਵ ਦੇ ਰਹੇ ਹਨ ਕਿ ਪੰਜਾਬ ਵਿਚ ਅਮਨ-ਅਮਾਨ ਨਹੀਂ ਹੈ।

ਉਂਜ ਵੀ, ਜੇ ਸ਼ਾਂਤੀ ਨੂੰ ਕੋਈ ਖ਼ਤਰਾ ਹੈ ਤਾਂ ਇਹ ਪੁਲਿਸ ਦਾ ਕੰਮ ਹੈ ਕਿ ਉਹ ਸ਼ਾਂਤੀ ਭੰਗ ਕਰਨ ਦੀ ਕੋਸ਼ਿਸ਼ ਕਰ ਰਹੇ ਅਨਸਰਾਂ ਖ਼ਿਲਾਫ ਚੁੱਪ-ਚਾਪ ਕਾਰਵਾਈ ਕਰੇ। ਮੀਡੀਆ ਕੋਲ ਜਾਣ ਜਾਂ ਅਫਵਾਹਾਂ ਫੈਲਾਉਣ ਦੀ ਤੁੱਕ ਹੀ ਕੋਈ ਨਹੀਂ ਹੈ। ਅਸਲ ਵਿਚ, ਮੁੱਖ ਮੰਤਰੀ ਆਪਣੇ ਸਿਆਸੀ ਲਾਹੇ ਲਈ ਦਹਿਸ਼ਤਪਸੰਦੀ ਦੇ ਮੁੜ ਸਿਰ ਉਠਾਉਣ ਦਾ ਡਰ ਪੈਦਾ ਕਰ ਰਹੇ ਹਨ ਤਾਂ ਕਿ ਹਿੰਦੂ ਵੋਟਾਂ ਬਟੋਰੀਆਂ ਜਾ ਸਕਣ। ਇਸ ਤੋਂ ਇਲਾਵਾ, ਦਹਿਸ਼ਤਪਸੰਦੀ ਦਾ ਰੌਲਾ ਪਾਉਣ ਦਾ ਮਕਸਦ ਨਸ਼ਿਆਂ, ਬੇਰੁਜ਼ਗਾਰੀ, ਖੇਤੀ ਸੰਕਟ, ਮਾੜੀ ਵਿਕਾਸ ਦਰ ਅਤੇ ਵਿੱਤੀ ਗੜਬੜੀਆਂ ਤੋਂ ਧਿਆਨ ਭਟਕਾਉਣਾ ਵੀ ਹੈ।

ਸਥਾਪਤੀ ਵੱਲੋਂ ਦਹਿਸ਼ਤਪਸੰਦੀ ਨੂੰ ਚਰਚਾ ਵਿਚ ਰੱਖਣ ਦਾ ਇਕ ਹੋਰ ਕਾਰਨ ਹੈ। ਪੰਜਾਬੀ ਦੀ ਇੱਕ ਅਖ਼ਬਾਰ ਨੇ ਤਿੰਨ ਕਿਸ਼ਤਾਂ ਵਿਚ ਉਨ੍ਹਾਂ 'ਵੀਆਈਪੀਜ਼' ਦੀ ਲੰਮੀ ਸੂਚੀ ਜਾਰੀ ਕੀਤੀ ਜਿਨ੍ਹਾਂ ਨੇ ਸੁਰੱਖਿਆ ਦੇ ਨਾਂ ਉਤੇ ਗੰਨਮੈਨ ਅਤੇ ਜਿਪਸੀਆਂ ਹੀ ਨਹੀਂ ਲਈਆਂ ਸਗੋਂ ਖੁੱਲ੍ਹੇ ਅਤੇ ਮੁਫਤ ਤੇਲ ਨਾਲ ਲਗਜ਼ਰੀ ਕਾਰਾਂ ਵੀ ਹਾਸਲ ਕੀਤੀਆਂ ਹਨ। ਇਸ ਲਈ ਇਨ੍ਹਾਂ ਵਿਸ਼ੇਸ਼ ਅਧਿਕਾਰ ਪ੍ਰਾਪਤ ਬੰਦਿਆਂ, ਜੋ ਸਰਕਾਰੀ ਖ਼ਰਚੇ ਉਤੇ ਮਹਿੰਗੀਆਂ ਕਾਰਾਂ ਵਿਚ ਉਡੇ ਫਿਰਦੇ ਹਨ, ਲਈ ਦਹਿਸ਼ਤਪਸੰਦੀ ਦੀਆਂ ਧਮਕੀਆਂ ਦਾ ਸਿਲਸਿਲਾ ਬਰਕਰਾਰ ਰੱਖਣਾ ਜ਼ਰੂਰੀ ਹੈ। ਇਹ ਵੱਖਰੀ ਗੱਲ ਹੈ ਕਿ ਸਨਅਤਕਾਰਾਂ, ਪੂੰਜੀ ਨਿਵੇਸ਼ਕਾਂ, ਸੈਲਾਨੀਆਂ ਵਿਚ ਡਰ ਪੈਦਾ ਹੋਣ ਨਾਲ ਉਨ੍ਹਾਂ ਦੇ ਪੰਜਾਬ ਵਿਚ ਨਾ ਆਉਣ ਜਾਂ ਸਿੱਖਾਂ ਦੇ ਵੱਕਾਰ ਨੂੰ ਲਗਦੀ ਢਾਹ ਦਾ ਕਿਸੇ ਨੂੰ ਕੋਈ ਫਿਕਰ ਨਹੀਂ ਹੈ।

ਪੰਜਾਬ ਦੀ ਸਿਆਸੀ ਲੀਡਰਸ਼ਿਪ ਅਤੇ ਪੁਲਿਸ, ਕੈਨੇਡਾ ਤੋਂ ਸਬਕ ਸਿੱਖ ਹੀ ਸਕਦੀ ਹੈ। ਕੈਨੇਡਾ ਨੇ ਇਸ ਧਮਾਕੇ ਬਾਰੇ ਬਹੁਤਾ ਪ੍ਰਚਾਰ ਨਹੀਂ ਕੀਤਾ ਅਤੇ ਇਸ ਤੋਂ ਪਹਿਲਾਂ ਹੋਈ ਘਟਨਾ, ਜਿਸ ਵਿਚ ਟੋਰਾਂਟੋ ਵਿਚ ਇਕ ਵੈਨ ਡਰਾਈਵਰ ਨੇ ਭੀੜ 'ਤੇ ਆਪਣਾ ਵਾਹਨ ਚੜ੍ਹਾ ਕੇ ਦਸ ਜਣਿਆਂ ਨੂੰ ਮਾਰ ਮੁਕਾਇਆ ਸੀ, ਨੂੰ ਆਪਣੇ ਢੰਗ ਨਾਲ ਨਜਿੱਠਿਆ। ਪੁਲਿਸ ਵਾਂਗ ਉਥੋਂ ਦੀ ਸਿਆਸੀ ਜਮਾਤ ਅਤੇ ਮੀਡੀਆ ਜੋ ਬਹੁ-ਸਭਿਆਚਾਰਕ ਰੰਗ ਪੇਸ਼ ਕਰਦੇ ਹਨ, ਸੰਸਾਰ ਭਰ ਵਿਚ ਅਮਨ-ਸ਼ਾਂਤੀ ਵਾਲੀ ਸਹਿਹੋਂਦ ਲਈ ਜਾਣੇ ਜਾਂਦੇ ਹਨ। ਇਸ ਲਈ ਇਨ੍ਹਾਂ ਨੇ, ਜੇ ਕਿਤੇ ਦਹਿਸ਼ਤਪਸੰਦੀ ਨਾਲ ਜੁੜੀ ਕੋਈ ਘਟਨਾ ਹੋਈ ਵੀ ਹੈ, ਤਾਂ ਉਸ ਨੂੰ ਇਉਂ ਪ੍ਰਚਾਰਿਆ ਨਹੀਂ ਹੈ। ਪੁਲਿਸ ਵਾਲੇ ਤਾਂ ਅਪਰਾਧ ਕਰਨ ਵਾਲਿਆਂ ਜਾਂ ਉਨ੍ਹਾਂ ਦੇ ਭਾਈਚਾਰੇ ਬਾਰੇ ਵੀ ਪਹਿਲਾਂ-ਪਹਿਲ ਲੁਕੋ ਰੱਖਦੇ ਹਨ। ਉਥੋਂ ਦੇ ਸਿਆਸਤਦਾਨ, ਅਪਰਾਧ ਦੇ ਸਿਆਸੀਕਰਨ ਅਤੇ ਸਮਾਜ ਦੇ ਧਰੁਵੀਕਰਨ ਦੀ ਕੋਸ਼ਿਸ਼ ਨਹੀਂ ਕਰਦੇ। ਨਾ ਹੀ ਉਹ ਟੈਲੀਵਿਜ਼ਨ ਉਪਰ ਜਾ ਕੇ ਇਕ-ਦੂਜੇ ਖ਼ਿਲਾਫ ਚੀਕਾਂ ਮਾਰਦੇ ਹਨ। ਤੁਰੰਤ ਅਤੇ ਸਹੀ ਨਤੀਜਿਆਂ ਲਈ ਪੁਲਿਸ ਨੂੰ ਮੀਡੀਆ, ਲੋਕਾਂ ਅਤੇ ਸਿਆਸੀ ਦਬਾਅ ਤੋਂ ਬਗ਼ੈਰ ਕੰਮ ਕਰਨ ਦਿੱਤਾ ਜਾਂਦਾ ਹੈ।

ਇਸ ਦੀ ਤੁਲਨਾ ਵਿਚ ਪੰਜਾਬ ਵਿਚ ਸਭ ਕੁਝ ਉਲਟਾ-ਪੁਲਟਾ ਹੈ। ਦਹਿਸ਼ਤਪਸੰਦੀ ਅਤੇ ਅਪਰਾਧ ਉਦੋਂ ਪਨਪਦਾ ਜਾਂ ਵਧਦਾ ਹੈ ਜਦੋਂ ਹੋਰ ਪੱਖਾਂ ਦੇ ਨਾਲ-ਨਾਲ ਉਲਾਂਭੇ, ਠੇਸ ਪਹੁੰਚਾਉਣ ਵਾਲੀਆਂ ਗੱਲਾਂ ਅਤੇ ਅਨਿਆਂ ਭਾਰੂ ਪੈ ਜਾਂਦੇ ਹਨ। ਅਜਿਹਾ ਤਾਂ ਹੀ ਹੁੰਦਾ ਹੈ ਜਦੋਂ ਕਾਨੂੰਨ ਇਕਸਾਰ ਲਾਗੂ ਨਹੀਂ ਹੁੰਦਾ ਅਤੇ ਕੁਝ ਬੰਦਿਆਂ ਨਾਲ ਦੂਜਿਆਂ ਨਾਲੋਂ ਐਨ ਵੱਖਰਾ ਵਿਹਾਰ ਕੀਤਾ ਜਾਂਦਾ ਹੈ। ਜੇ ਕੋਈ ਧਾਰਮਿਕ ਲੀਡਰ ਆਪਣੇ ਵਿਰੋਧੀ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦਾ ਹੈ ਤਾਂ ਪੁਲਿਸ ਉਸ ਖ਼ਿਲਾਫ ਨਾ ਕੋਈ ਕੇਸ ਦਰਜ ਕਰਦੀ ਹੈ ਅਤੇ ਨਾ ਹੀ ਉਸ ਨੂੰ ਗ੍ਰਿਫਤਾਰ ਕਰਦੀ ਹੈ। ਇਸ ਦੀ ਥਾਂ ਮੁੱਖ ਮੰਤਰੀ ਜਵਾਬੀ ਧਮਕੀ ਜਾਰੀ ਕਰਦੇ ਹਨ। ਮੁੱਖ ਮੰਤਰੀ ਪਿਛੋਕੜ ਵਿਚ ਰਹਿ ਕੇ ਇਹ ਤੈਅ ਕਰਦੇ ਹਨ ਕਿ ਪੁਲਿਸ ਨੂੰ ਕਿਸ ਨੂੰ ਗ੍ਰਿਫਤਾਰ ਕਰਨਾ ਚਾਹੀਦਾ ਹੈ, ਕਿਸ ਨੂੰ ਨਹੀਂ। ਪੁਲਿਸ ਅਫਸਰਾਂ ਨੇ ਵੀ ਆਪਣੀ ਖ਼ੁਦਮੁਖ਼ਤਾਰੀ ਆਪਣੀ ਮਰਜ਼ੀ ਨਾਲ ਹੀ ਪੈਰਾਂ ਉਤੇ ਰੱਖ ਦਿੱਤੀ ਹੈ। ਬਾਦਲਾਂ ਦੇ ਰਾਜ ਦੌਰਾਨ ਤਾਂ ਤਹਿਸੀਲ ਪੱਧਰ ਦੇ ਲੀਡਰਾਂ ਨੂੰ ਥਾਣੇ ਚਲਾਉਣ ਦੀ ਆਗਿਆ ਮਿਲੀ ਹੋਈ ਸੀ।

ਸ਼ਾਹਕੋਟ ਦੀ ਜ਼ਿਮਨੀ ਚੋਣ ਦੌਰਾਨ ਗ਼ੈਰ-ਕਾਨੂੰਨੀ ਖਣਨ ਦੇ ਮਾਮਲੇ ਵਿਚ ਥਾਣੇਦਾਰ, ਕਾਂਗਰਸ ਦੇ ਉਮੀਦਵਾਰ ਖਿਲਾਫ ਐਫ.ਆਈ.ਆਰ. ਦਰਜ ਕਰਦਾ ਹੈ। ਉਸ ਦੇ ਸੀਨੀਅਰ ਅਤੇ ਚੋਣ ਕਮਿਸ਼ਨ ਇਹ ਜਾਂਚਣ ਦੀ ਖੇਚਲ ਹੀ ਨਹੀਂ ਕਰਦੇ ਕਿ ਐਫ.ਆਈ.ਆਰ. ਪ੍ਰਤੱਖ ਸਬੂਤਾਂ ਦੇ ਆਧਾਰ 'ਤੇ ਹੈ ਜਾਂ ਨਹੀਂ। ਉਹ ਉਸ ਨੂੰ ਸਬਕ ਸਿਖਾਉਣ ਲਈ ਇਕੱਠੇ ਹੋ ਜਾਂਦੇ ਹਨ। ਮੁੱਖ ਮੰਤਰੀ ਦਾਗ਼ੀ ਉਮੀਦਵਾਰ ਨੂੰ ਬਚਾਉਣ ਲਈ ਕਾਹਲ ਮਚਾਉਂਦੇ ਹਨ ਅਤੇ ਬਿਨਾਂ ਸਬੂਤ ਜਾਂ ਬਿਨਾਂ ਕਿਸੇ ਜਾਂਚ ਉਸ ਨੂੰ 'ਦੋਸ਼ੀ ਨਹੀਂ' ਐਲਾਨ ਦਿੰਦੇ ਹਨ। ਜਿਸ ਦਿਨ ਕਾਂਗਰਸ ਉਮੀਦਵਾਰ ਹਰਦੇਵ ਸਿੰਘ ਲਾਡੀ ਨੇ ਆਪਣੇ ਨਾਮਜ਼ਦਗੀ ਪੱਤਰ ਭਰੇ ਸਨ, ਉਸ ਦਿਨ ਰੈਲੀ ਨੂੰ ਸੰਬੋਧਨ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਸੀ: "ਮੈਂ ਉਸ (ਲਾਡੀ) ਨੂੰ ਬੜੇ ਚਿਰਾਂ ਤੋਂ ਜਾਣਦਾ ਹਾਂ, ਉਸ ਦੇ ਚਾਚਾ ਦਰਬਾਰਾ ਸਿੰਘ ਵਿਧਾਨ ਸਭਾ ਦੇ ਸਪੀਕਰ ਰਹੇ ਹਨ। ਉਨ੍ਹਾਂ ਦਾ ਦਿਲ ਬੜਾ ਸਾਫ ਸੀ।" ਕਹਿਣ ਦਾ ਭਾਵ ਇਹ ਕਿ: "ਮੈਂ ਕਿਉਂਕਿ ਉਸ ਨੂੰ ਜਾਣਦਾ ਹਾਂ, ਉਹ ਕਿਉਂਕਿ ਸਾਬਕਾ ਸਪੀਕਰ ਦਾ ਭਤੀਜਾ ਹੈ, ਨਾਲੇ ਮੈਂ ਕਹਿ ਰਿਹਾ ਹਾਂ, ਉਹ ਬੇਕਸੂਰ ਹੈ।"

ਕਾਨੂੰਨ ਸਿਰਫ ਜੱਜ ਨੂੰ ਹੀ ਇਹ ਹੱਕ ਦਿੰਦਾ ਹੈ ਕਿ ਉਹ ਸਬੂਤਾਂ ਦੇ ਆਧਾਰ 'ਤੇ ਕਿਸੇ ਨੂੰ ਦੋਸ਼ੀ ਜਾਂ ਬੇਕਸੂਰ ਠਹਿਰਾਏ। ਅਣਗਿਣਤ ਸਾਧਾਰਨ ਲੋਕ ਛੋਟੇ-ਮੋਟੇ ਅਪਰਾਧਾਂ ਜਾਂ ਮਾੜੇ ਮੋਟੇ ਸ਼ੱਕ ਉਤੇ ਜਾਂ ਝੂਠੀਆਂ ਸ਼ਿਕਾਇਤਾਂ ਕਾਰਨ ਤੰਦੀਆਂ ਝੱਲ ਰਹੇ ਹਨ ਅਤੇ ਉਹ ਜੇਲ੍ਹਾਂ ਵਿਚ ਸੜ ਰਹੇ ਹਨ ਪਰ ਰਸੂਖਵਾਨ ਆਪਣੇ ਖਿਲਾਫ ਸਬੂਤ ਹੋਣ ਦੇ ਬਾਵਜੂਦ ਛੁੱਟ ਜਾਂਦੇ ਹਨ। ਪੰਜਾਬ ਵਿਚ ਨਿਆਂ ਪ੍ਰਬੰਧ ਹਰ ਕਿਸੇ ਨਾਲ ਇਕੋ ਜਿਹਾ ਸਲੂਕ ਨਹੀਂ ਕਰ ਰਿਹਾ। ਇਕ ਹੋਰ ਅਜਿਹੀ ਮਿਸਾਲ ਹੈ ਜਿਸ ਵਿਚ ਮੁੱਖ ਮੰਤਰੀ ਤੁਰਤ-ਫੁਰਤ ਕਾਰਵਾਈ ਕਰ ਕੇ ਇੱਕ ਸ਼ੱਕੀ ਜੱਜ ਨੂੰ ਬਚਾਉਂਦੇ ਹਨ। ਪਿਛਲੇ ਸਾਲ ਨਵੰਬਰ ਵਿਚ ਅਮਰਿੰਦਰ ਸਰਕਾਰ ਨੇ ਇਕ ਵੀਡੀਓ ਸਟਿੰਗ ਵਿਚ ਰਿਸ਼ਵਤ ਲੈਣ ਦੇ ਮੁਲਜ਼ਮ, ਹਾਈਕੋਰਟ ਦੇ ਜੱਜ ਨੂੰ ਕਲੀਨ ਚਿੱਟ ਹੀ ਨਹੀਂ ਦਿੱਤੀ ਸਗੋਂ ਲੋਕ ਇਨਸਾਫ ਪਾਰਟੀ ਦੇ ਉਨ੍ਹਾਂ ਦੋ ਵਿਧਾਇਕਾਂ ਖਿਲਾਫ ਮਤਾ ਵੀ ਪਾਸ ਕਰਵਾ ਦਿੱਤਾ ਜਿਨ੍ਹਾਂ ਨੇ ਵਿਰੋਧੀ ਧਿਰ ਦੇ ਲੀਡਰ ਨੂੰ ਸਾਜ਼ਿਸ਼ ਵਿਚ ਫਸਾਉਣ ਦੇ ਸੰਕੇਤ ਦਿੱਤੇ ਸਨ। ਕੋਈ ਵੀ ਵਿਹਾਰਕ ਸਿਆਸੀ ਆਗੂ ਅਜਿਹਾ ਮਸਲਾ ਚੀਫ ਜਸਟਿਸ ਉਤੇ ਛੱਡ ਦਿੰਦਾ ਪਰ ਕੈਪਟਨ ਦੇ ਸਰਕਾਰ ਚਲਾਉਣ ਦੇ ਆਪਣੇ ਵੱਖਰੇ ਅਸਾਧਾਰਨ ਤਰੀਕੇ ਹਨ।

ਨਵੰਬਰ 2017 ਨੂੰ ਵਿਧਾਨ ਸਭਾ ਵਿਚ ਪਾਸ ਮਤੇ ਵਿਚ ਦੋ ਵਿਧਾਇਕਾਂ ਉਤੇ 'ਕਾਨੂੰਨ ਦਾ ਵੱਕਾਰ ਖ਼ਰਾਬ ਕਰਨ, ਅਦਾਲਤੀ ਪ੍ਰਬੰਧ ਵਿਚ ਵਿਘਨ ਪਾਉਣ ਤੇ ਲੋਕਾਂ ਲਈ ਅੜਿੱਕਾ ਬਣਨ' ਦੇ ਦੋਸ਼ ਲਾਏ ਗਏ। ਹੁਣ ਇਹ ਜਾਣਨਾ ਦਿਲਚਸਪ ਹੋਵੇਗਾ ਕਿ ਮੁੱਖ ਮੰਤਰੀ ਆਪਣੀ ਪਾਰਟੀ ਬਾਰੇ ਕੀ ਕਹਿਣਗੇ ਜਿਸ ਦੀ ਕੇਂਦਰੀ ਲੀਡਰਸ਼ਿਪ ਭਾਰਤ ਦੇ ਚੀਫ ਜਸਟਿਸ ਖਿਲਾਫ ਮਹਾਂਦੋਸ਼ ਲੈ ਕੇ ਆਈ ਹੈ, ਹਾਲਾਂਕਿ ਇਸ ਮਾਮਲੇ 'ਤੇ ਕਾਨੂੰਨੀ ਮਾਹਿਰ ਵੰਡੇ ਹੋਏ ਹਨ।

ਇਹ ਸੰਭਵ ਹੈ ਕਿ ਮੁੱਖ ਮੰਤਰੀ ਦਹਿਸ਼ਤਪਸੰਦੀ ਦੀ ਮੁੜ ਆਮਦ ਬਾਰੇ ਸੱਚਮੁੱਚ ਚਿੰਤਤ ਹਨ ਅਤੇ ਅਚੇਤ ਹੀ ਅਤਿਵਾਦ ਦੇ ਹੱਕ ਵਿਚ ਭੁਗਤ ਰਹੇ ਹਨ ਪਰ ਇਹ ਤਾਂ ਸੋਚਿਆ ਨਹੀਂ ਜਾ ਸਕਦਾ ਕਿ ਦੋ-ਦੋ ਵਾਰ ਮੁੱਖ ਮੰਤਰੀ ਤੇ ਗ੍ਰਹਿ ਮੰਤਰੀ ਰਹਿਣ ਵਾਲਾ ਲੀਡਰ ਇਹ ਵੀ ਸਮਝ ਨਹੀਂ ਰਿਹਾ ਕਿ ਮਸ਼ਕੂਕ ਦੇ ਹੱਕ ਵਿਚ ਖੜ੍ਹਨਾ ਅਤੇ ਕਾਨੂੰਨ ਦੇ ਰਾਹ ਦਾ ਰੋੜਾ ਬਣਨ ਦਾ ਮਤਲਬ ਹੁੰਦਾ ਕੀ ਹੈ? ਇਹੀ ਨਹੀਂ, ਉਹ ਤਾਂ ਉਦੋਂ ਵੀ ਕੋਈ ਪ੍ਰਵਾਹ ਨਹੀਂ ਕਰਦੇ, ਜਦੋਂ ਖ਼ਾਸ ਕਰ ਕੇ ਉਨ੍ਹਾਂ ਨੂੰ ਬਚਾਉਣ ਦਾ ਮਾਮਲਾ ਹੁੰਦਾ ਹੈ ਜਿਹੜੇ ਉਨ੍ਹਾਂ ਦੇ ਨੇੜੇ ਮੰਨੇ ਜਾਂਦੇ ਹਨ।

ਕਾਨੂੰਨ ਤੋੜਨ ਵਾਲਿਆਂ ਦੇ ਪਾਲੇ ਵਿਚ ਖੜੋ ਕੇ ਕੈਪਟਨ ਅਮਰਿੰਦਰ ਸਿੰਘ ਆਪਣੀ ਪਾਰਟੀ ਦੀਆਂ 2019 ਵਾਲੀਆਂ ਚੋਣਾਂ ਦੀ ਜਿੱਤ ਅਤੇ ਪਾਰਟੀ ਦੀ ਨੌਜਵਾਨ ਪੀੜ੍ਹੀ ਦੇ ਭਵਿੱਖ ਨੂੰ ਹੀ ਗ੍ਰਹਿਣ ਲਾ ਰਹੇ ਹਨ। ਪੰਜਾਬ ਦੇ ਸਿਆਸੀ ਲੀਡਰਾਂ ਤੋਂ ਕੈਨੇਡਾ ਵਰਗੇ ਵਿਕਸਤ ਮੁਲਕ ਵਰਗਾ ਰਾਜ ਪ੍ਰਬੰਧ ਸੰਭਵ ਬਣਾਉਣ ਦੀ ਤਵੱਕੋ ਕਰਨਾ ਤਾਂ ਜ਼ਿਆਦਤੀ ਹੋਵੇਗੀ ਪਰ ਪੁਲਿਸ ਅਤੇ ਸਰਕਾਰ ਚਲਾਉਣ ਦੇ ਮਾਮਲਿਆਂ ਵਿਚ ਘਟੋ-ਘਟ ਇਕ ਬੁਨਿਆਦੀ ਸਬਕ ਸਿੱਖਣ ਵਿਚ ਤਾਂ ਕੋਈ ਮੁਸ਼ਕਿਲ ਨਹੀਂ ਹੋਣੀ ਚਾਹੀਦੀ: "ਕਾਨੂੰਨ ਦੀ ਵਿਵਸਥਾ ਦਾ ਸਤਿਕਾਰ ਕਰੋ ਜਿਹੜੀ ਇਸ ਸਭਿਅਕ ਜੀਵਨ ਦੇ ਮੁੱਖ ਤੱਤ ਹੈ।"



***ਇਹ ਸੰਭਵ ਹੈ ਕਿ ਮੁੱਖ ਮੰਤਰੀ ਦਹਿਸ਼ਤਪਸੰਦੀ ਦੀ ਮੁੜ ਆਮਦ ਬਾਰੇ ਸੱਚਮੁੱਚ ਚਿੰਤਤ ਹਨ ਅਤੇ ਅਚੇਤ ਹੀ ਅਤਿਵਾਦ ਦੇ ਹੱਕ ਵਿਚ ਭੁਗਤ ਰਹੇ ਹਨ ਪਰ ਇਹ ਤਾਂ ਸੋਚਿਆ ਨਹੀਂ ਜਾ ਸਕਦਾ ਕਿ ਦੋ-ਦੋ ਵਾਰ ਮੁੱਖ ਮੰਤਰੀ ਤੇ ਗ੍ਰਹਿ ਮੰਤਰੀ ਰਹਿਣ ਵਾਲਾ ਲੀਡਰ ਇਹ ਵੀ ਸਮਝ ਨਹੀਂ ਰਿਹਾ ਕਿ ਮਸ਼ਕੂਕ ਦੇ ਹੱਕ ਵਿਚ ਖੜ੍ਹਨਾ ਅਤੇ ਕਾਨੂੰਨ ਦੇ ਰਾਹ ਦਾ ਰੋੜਾ ਬਣਨ ਦਾ ਮਤਲਬ ਹੁੰਦਾ ਕੀ ਹੈ?***

# ਸਿੱਖਿਆ ਢਾਂਚੇ ਨੇ ਰੋਲ ਦਿੱਤੀਆਂ ਪੀੜ੍ਹੀਆਂ

ਪੰਜਾਬ ਦੇ ਸਕੂਲ ਸਿਸਟਮ ਉਤੇ ਭਰੋਸਾ ਕਰਨ ਵਾਲੇ 40 ਫੀਸਦ ਤੋਂ ਵੱਧ ਬੱਚਿਆਂ ਦਾ ਪੱਲਾ, 10 ਸਾਲ ਦੀ ਰਸਮੀ ਸਿੱਖਿਆ ਤੋਂ ਬਾਅਦ ਵੀ ਖ਼ਾਲੀ ਦਾ ਖ਼ਾਲੀ ਰਹਿ ਗਿਆ ਹੈ। ਇਹ ਕੁੱਲ 3.7 ਲੱਖ ਬੱਚਿਆਂ ਵਿਚੋਂ ਤਕਰੀਬਨ ਡੇਢ ਲੱਖ ਬੱਚੇ ਹੋਣਗੇ ਜਿਨ੍ਹਾਂ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਦਸਵੀਂ ਦਾ ਇਮਤਿਹਾਨ ਦਿੱਤਾ ਸੀ ਅਤੇ

ਕੁਲਜੀਤ ਬੈਂਸ

ਜਿਹੜੇ ਹੁਣ ਆਗਾਂਹ ਨੀਮ-ਹੁਨਰੀ (ਸੈਮੀ ਸਕਿਲਡ) ਨੌਕਰੀਆਂ ਲਈ ਵੀ ਕਿਤੇ ਅਰਜ਼ੀ ਪਾਉਣ ਦੇ ਯੋਗ ਨਹੀਂ ਹੋਣਗੇ। ਇਹ ਕਲਪਨਾ ਸੁੰਨ ਕਰ ਦੇਣ ਵਾਲੀ ਹੋ ਸਕਦੀ ਹੈ ਕਿ ਵਕਤ ਦੀ ਮਾਰ ਹੇਠ 'ਗੁਆਚੀ ਹੋਈ ਇਹ ਪੀੜ੍ਹੀ' ਜਦੋਂ ਬਾਲਗ ਹੋਵੇਗੀ ਅਤੇ ਇਸ ਨੂੰ ਇਲਮ ਹੋਵੇਗਾ ਕਿ ਇਸ ਨਾਲ ਕਿਸ ਤਰ੍ਹਾਂ ਦਗ਼ਾ ਕਮਾਇਆ ਗਿਆ ਤਾਂ ਇਹ ਸਮਾਜ ਨੂੰ ਫਿਰ ਕਿਸ ਢੰਗ ਨਾਲ ਟੱਕਰੇਗੀ? ਦਰਅਸਲ, ਇਹ ਬੋਝ ਸਾਡੇ ਸੂਬੇ ਉਤੇ ਹਰ ਸਾਲ ਕਈ ਦਹਾਕਿਆਂ ਤੋਂ ਲਗਾਤਾਰ ਪੈ ਰਿਹਾ ਹੈ।

ਸਭ ਨੂੰ ਖ਼ਬਰ ਹੈ ਕਿ ਸੀ.ਬੀ.ਐਸ.ਸੀ. ਦੀ 10ਵੀਂ ਜਮਾਤ ਦੀ ਕੌਮੀ ਫੇਲ੍ਹ ਦਰ 14 ਫੀਸਦ ਤੋਂ ਘੱਟ ਹੈ। ਦੋਹਾਂ ਬੋਰਡਾਂ ਦੇ ਸਕੂਲਾਂ ਦੀ ਵੰਨਗੀ ਦੇ ਪ੍ਰਸੰਗ ਤੋਂ ਹੋ ਸਕਦਾ ਹੈ, ਕਿਸੇ ਨੂੰ ਇਹ ਤੁਲਨਾ ਨਾਵਾਜਬ ਲੱਗੇ, ਪਰ ਇਸ ਦਾ ਵੀ ਕੋਈ ਕਾਰਨ ਨਹੀਂ ਹੈ ਕਿ ਤੁਰੰਤ ਨਿਤਾਰੇ ਲਈ ਤੁਲਨਾ ਦਾ ਇਹ ਨੁਕਤਾ ਕਿਉਂ ਨਹੀਂ ਹੋ ਸਕਦਾ। ਇਹ ਵੇਰਵੇ ਤਕੜੀ ਸੱਟ ਮਾਰਨ ਵਾਲੇ ਹਨ ਕਿ ਸੂਬੇ ਦੇ 50 ਤੋਂ ਵੱਧ ਸਕੂਲ ਅਜਿਹੇ ਹਨ ਜਿਥੇ 10ਵੀਂ ਵਿਚੋਂ ਇਕ ਵੀ ਬੱਚਾ ਪਾਸ ਨਹੀਂ ਹੋ ਸਕਿਆ ਹੈ; ਡੇਢ ਸੌ ਸਕੂਲਾਂ 'ਚ ਪਾਸ ਫੀਸਦ ਮਹਿਜ਼ 10% ਹੈ।

ਫਿਲਹਾਲ ਸੌਖੀ ਤੇ ਸਰਲ ਸਫਾਈ ਇਹ ਦਿੱਤੀ ਗਈ ਹੈ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਕੂਲਾਂ ਵਿਚੋਂ ਬਹੁਤੇ ਸਕੂਲ ਸਰਕਾਰੀ ਹਨ; ਕਿ ਵਿਦਿਆਰਥੀਆਂ ਦਾ ਜੋ ਹਾਲ ਹੈ, ਉਸ ਮੁਤਾਬਿਕ ਕੋਈ ਵੱਡੀ ਸਫਲਤਾ ਹਾਸਲ ਕਰ ਸਕਣਾ ਬਹੁਤ ਮੁਸ਼ਕਿਲ ਹੈ। ਇਹ ਨਿਰਾ ਝੂਠਾ, ਭਾਂਜਵਾਦੀ ਅਤੇ ਜਗੀਰੂ ਸਪਸ਼ਟੀਕਰਨ ਹੈ। ਕੋਈ ਕਾਰਨ ਨਹੀਂ ਹੈ ਕਿ ਜਿਸ ਬੱਚੇ ਨੂੰ ਸਕੂਲ ਵਿਚ ਖਾਣਾ ਅਤੇ ਸਿੱਖਿਆ ਮਿਲਦੀ ਹੋਵੇ, ਤੇ ਉਹ ਫੇਲ੍ਹ ਹੋ ਜਾਵੇ; ਉਸ ਦੇ ਮਾਪਿਆਂ ਦੀ ਜਾਤ, ਆਮਦਨ ਜਾਂ ਸਿੱਖਿਆ ਦੇ ਪੱਧਰ ਦਾ ਇਸ ਨਾਲ ਕੋਈ ਲੈਣਾ-ਦੇਣਾ ਨਹੀਂ ਹੋ ਸਕਦਾ। ਲਗਨ ਵਾਲੇ ਅਜਿਹੇ ਅਧਿਆਪਕਾਂ ਦੀਆਂ ਬਥੇਰੀਆਂ ਮਿਸਾਲਾਂ ਹਨ ਜਿਨ੍ਹਾਂ ਨੇ ਰਾਤੋ-ਰਾਤ ਸਕੂਲ ਦਾ ਕਾਇਆਕਲਪ ਕਰ ਦਿੱਤਾ।

ਅੱਠਵੀਂ ਜਮਾਤ ਤੱਕ ਫੇਲ੍ਹ ਨਾ ਕਰਨ ਦੀ ਨੀਤੀ ਨੂੰ ਵੀ ਇਨ੍ਹਾਂ ਮਾੜੇ ਹਾਲਾਤ ਲਈ ਜ਼ਿੰਮੇਵਾਰ ਦੱਸਿਆ ਜਾ ਰਿਹਾ ਹੈ। ਕਿਹਾ ਜਾ ਰਿਹਾ ਹੈ ਕਿ ਇਉਂ ਨਾ ਵਿਦਿਆਰਥੀ ਅਤੇ ਨਾ ਹੀ ਅਧਿਆਪਕ ਪੜ੍ਹਾਈ ਨੂੰ ਸੰਜੀਦਗੀ ਨਾਲ ਲੈਂਦੇ ਹਨ। ਇਹ ਕਾਰਨ ਇਕ ਹੱਦ ਤੱਕ ਹੀ ਸਹੀ ਹੋ ਸਕਦਾ ਹੈ ਪਰ ਇਹ ਸੋਚਣਾ ਕੋਈ ਮੁਸ਼ਕਿਲ ਨਹੀਂ ਕਿ ਬੱਚਿਆਂ ਨੂੰ ਫੇਲ੍ਹ ਕੀਤੇ ਬਗ਼ੈਰ, ਥੋੜ੍ਹਾ ਜਿਹਾ ਦਬਾਅ ਬਣਾ ਕੇ ਹਾਲਾਤ ਬਦਲੇ ਜਾ ਸਕਦੇ ਹਨ। ਵਿਦਿਆਰਥੀਆਂ ਨੂੰ ਫੇਲ੍ਹ ਕੀਤੇ ਬਿਨਾਂ ਪੰਜਵੀਂ ਅਤੇ ਅੱਠਵੀਂ ਜਮਾਤ ਦੇ ਮਿਆਰੀ ਇਮਤਿਹਾਨ ਕਰਵਾ ਕੇ ਘੱਟੋ-ਘੱਟ ਅਧਿਆਪਕਾਂ ਦੀ ਕਾਰਗੁਜ਼ਾਰੀ ਤਾਂ ਪਰਖੀ ਜਾ ਸਕਦੀ ਹੈ।

ਸੂਬੇ ਵਿਚ ਕਿਤੇ-ਕਿਤੇ ਕੁਝ ਨਵੇਂ ਤਜਰਬਿਆਂ ਦੀਆਂ ਮਿਸਾਲਾਂ ਸਾਹਮਣੇ ਆਈਆਂ ਹਨ। ਪਿਛਲੇ ਸਾਲ ਹੇਠਲੀਆਂ ਜਮਾਤਾਂ ਲਈ ਸ਼ੁਰੂ ਕੀਤੀ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਵਾਲੀ ਸਕੀਮ ਦੇ ਬੜੇ ਵਚਿੱਤਰ ਨਤੀਜੇ ਸਾਹਮਣੇ ਆਏ ਹਨ। ਨਿਰਪੱਖ ਪੁਣਛਾਣ ਤੋਂ ਇਹ ਤੱਥ ਸਾਹਮਣੇ ਆਏ ਹਨ ਕਿ ਬੱਚਿਆਂ ਦੀ ਪੜ੍ਹਨ ਦੀ ਮੁਹਾਰਤ ਅਤੇ ਗਣਿਤ ਵਿਚ ਸੁਧਾਰ ਹੋਇਆ ਹੈ। ਇਹ ਦੇਖਣਾ ਦਿਲਚਸਪ ਹੋਵੇਗਾ ਕਿ ਬੱਚਿਆਂ ਦਾ ਇਹ ਪੂਰ ਉਤਲੀਆਂ ਜਮਾਤਾਂ ਵਿਚ ਜਾ ਕੇ ਕੀ ਕਾਰਗੁਜ਼ਾਰੀ ਦਿਖਾਉਂਦਾ ਹੈ।

ਇਸ ਦੇ ਉਲਟ, 10ਵੀਂ ਜਮਾਤ ਦੇ ਨਤੀਜਿਆਂ ਨੇ ਸਿੱਖਿਆ ਢਾਂਚੇ ਦੇ ਪ੍ਰਸ਼ਾਸਨ ਦੀਆਂ ਕੁਝ ਅਤਿ ਭਿਆਨਕ ਨਾਕਾਮੀਆਂ ਸਾਹਮਣੇ ਲਿਆਂਦੀਆਂ ਹਨ। ਸਭ ਤੋਂ ਗੰਭੀਰ ਨੁਕਸ ਅਧਿਆਪਕਾਂ ਦੀ ਤਾਇਨਾਤੀ ਦਾ ਜਾਪਦਾ ਹੈ, ਹਾਲਾਂਕਿ ਅਧਿਆਪਕਾਂ ਦੀ ਘਾਟ ਦਾ ਮਸਲਾ ਵੱਖਰਾ ਹੈ। ਇੱਕ ਸਕੂਲ (ਖੱਬਣ ਰਾਜਪੂਤਾਂ, ਅੰਮ੍ਰਿਤਸਰ) ਵਿਚ 10ਵੀਂ ਜਮਾਤ ਦੇ ਸਾਰੇ 63 ਬੱਚੇ ਫੇਲ੍ਹ ਹੋ ਗਏ ਕਿਉਂਕਿ ਉਥੇ ਗਣਿਤ ਦਾ ਕੋਈ ਅਧਿਆਪਕ ਨਹੀਂ ਸੀ। ਇੱਕ ਹੋਰ ਸਕੂਲ (ਗਿੱਦੜ ਪਿੰਡੀ, ਜਲੰਧਰ) ਦੇ ਸਾਰੇ 80 ਬੱਚੇ ਫੇਲ੍ਹ ਹੋ ਗਏ। ਇਸ ਸਕੂਲ ਵਿਚ ਇੱਕ ਹੀ ਪੰਜਾਬੀ ਅਧਿਆਪਕ 10ਵੀਂ ਅਤੇ 12ਵੀਂ ਜਮਾਤ ਦੇ ਬੱਚਿਆਂ ਨੂੰ ਸਾਇੰਸ ਤੇ ਗਣਿਤ ਵੀ ਪੜ੍ਹਾ ਰਿਹਾ ਸੀ। ਇਸ ਦੇ ਨਾਲ ਹੀ, ਪੰਜਾਬ ਵਿਚ ਅਜਿਹੇ ਜ਼ਿਲ੍ਹੇ ਵੀ ਹਨ ਜਿਥੇ ਲੋੜ ਨਾਲੋਂ ਵੱਧ ਅਧਿਆਪਕ ਹਨ। ਇਹ ਸਿੱਧਾ ਹੀ ਕੁਪ੍ਰਸ਼ਾਸਨ ਹੈ; ਤੇ ਇਹ ਤੱਥ ਵੀ ਸਰਵ ਪ੍ਰਵਾਨਤ ਹੈ ਕਿ ਅਧਿਆਪਕਾਂ ਦੀ ਅਜਿਹੀ ਬੇਕਾਇਦਾ ਤਾਇਨਾਤੀ ਲਈ ਸਿਆਸੀ ਦਖ਼ਲ ਮੁੱਖ ਰੂਪ ਵਿਚ ਜ਼ਿੰਮੇਵਾਰ ਹੈ।

ਸੂਬੇ ਦੀ ਲੀਡਰਸ਼ਿਪ ਨੂੰ ਦਖ਼ਲ ਦੇ ਕੇ ਇਹ ਯਕੀਨੀ ਬਣਾਉਣਾ ਪਵੇਗਾ ਕਿ ਮੁਕਾਮੀ ਵੋਟ ਸਿਆਸਤ ਅਤੇ ਪੈਸੇ ਬਣਾਉਣ ਵਾਲਾ ਰੁਝਾਨ ਹਰ ਹਾਲ ਬੰਦ ਹੋਵੇ ਅਤੇ ਸਕੂਲ ਸਿਸਟਮ ਦੇ ਪੇਸ਼ੇਵਰ ਪ੍ਰਬੰਧ ਵਿਚ ਕੋਈ ਵਿਘਨ ਨਾ ਪਵੇ। ਉਂਜ, ਉਪਰ ਵਿਚਾਰੀਆਂ ਨਾਮੁਆਫੀਯੋਗ ਨਾਕਾਮੀਆਂ ਲਈ ਜ਼ਿਲ੍ਹਾ ਪੱਧਰ ਦੀ ਸਿੱਖਿਆ ਅਫਸਰਸ਼ਾਹੀ ਤੋਂ ਵੀ ਇਸ ਬਾਰੇ ਜਵਾਬ ਮੰਗਣਾ ਪਵੇਗਾ। ਸਿਰਫ ਅਧਿਆਪਕਾਂ ਨੂੰ ਜ਼ਿੰਮੇਵਾਰ ਠਹਿਰਾਉਣ ਨਾਲ ਗੱਲ ਨਹੀਂ ਬਣੇਗੀ।

ਆਦਰਸ਼/ਮੈਰੀਟੋਰੀਅਸ ਸਕੂਲ ਜਾਂ ਸਮਾਰਟ ਜਮਾਤਾਂ ਵਰਗੇ ਸੰਕਲਪ ਚੰਗੇ ਤਾਂ ਲੱਗਦੇ ਹਨ ਅਤੇ ਇਨ੍ਹਾਂ ਦੇ ਫਾਇਦੇ ਵੀ ਹਨ ਪਰ ਇਹ ਤਾਣਾ ਸਿਰਫ ਸਿਆਸੀ ਲਾਹਾ ਲੈਣ ਖ਼ਾਤਿਰ 'ਨਤੀਜੇ ਦਿਖਾਉਣ' ਲਈ ਬੁਣਿਆ ਗਿਆ ਹੈ। ਮੈਰਿਟ ਦੀ ਥਾਂ ਲੋੜ ਇਸ ਗੱਲ ਦੀ ਹੈ ਕਿ ਸਭ ਕੋਸ਼ਿਸ਼ਾਂ ਅਤੇ ਸਮੁੱਚੇ ਵਸੀਲੇ ਸਕੂਲ ਪੱਧਰੀ ਸਿੱਖਿਆ ਦੀਆਂ ਨੀਂਹਾਂ ਮਜ਼ਬੂਤ ਕਰਨ ਵੱਲ ਲਾਏ ਜਾਣ। ਸਭ ਤੋਂ ਵੱਧ ਲੋੜ ਸਭ ਤੋਂ ਕਮਜ਼ੋਰ ਬੱਚੇ ਨੂੰ ਹੁੰਦੀ ਹੈ।

# ਖੇਤੀ ਵਿਭਿੰਨਤਾ ਨੂੰ ਲੱਗੇ ਧੱਕੇ ਤੋਂ ਕੈਪਟਨ ਫਿਕਰਮੰਦ

**ਬਠਿੰਡਾ:** ਕਾਂਗਰਸ ਹਕੂਮਤ ਵਿਚ ਪਹਿਲੀ ਵਾਰ ਨਰਮੇ ਕਪਾਹ ਦੀ ਬਿਜਾਈ ਹੇਠਲਾ ਰਕਬਾ ਘਟਿਆ ਹੈ, ਜਿਸ ਤੋਂ ਮੁੱਖ ਮੰਤਰੀ ਨਿਰਾਸ਼ ਹਨ। ਮੁੱਖ ਮੰਤਰੀ ਨੇ ਖੇਤੀ ਅਫਸਰਾਂ ਨੂੰ ਬੁਲਾ ਕੇ ਨਰਮੇ ਦਾ ਰਕਬਾ ਘਟਣ ਬਾਰੇ ਪੁੱਛਿਆ। ਮੁੱਖ ਮੰਤਰੀ ਇਸ ਗੱਲੋਂ ਫਿਕਰਮੰਦ ਹਨ ਕਿ ਇਸ ਨਾਲ ਖੇਤੀ ਵਿਭਿੰਨਤਾ ਨੂੰ ਵੱਡਾ ਧੱਕਾ ਲੱਗਾ ਹੈ।



ਕੈਪਟਨ ਦੀ ਪਹਿਲੀ ਪਾਰੀ (2007-2012) ਦੌਰਾਨ ਬੀਟੀ ਬੀਜਾਂ ਦਾ ਰਾਹ ਖੁੱਲ੍ਹਿਆ ਸੀ ਤੇ ਨਰਮੇ ਦੀ ਬਿਜਾਈ ਹੇਠਲੇ ਰਕਬੇ ਵਿਚ ਵਾਧਾ ਹੋਇਆ ਸੀ। ਉਦੋਂ ਕੈਪਟਨ ਸਰਕਾਰ ਦੇ ਆਖਰੀ ਵਰ੍ਹੇ 2006 ਵਿਚ ਪੰਜਾਬ ਵਿਚ ਨਰਮੇ ਹੇਠਲਾ ਰਕਬਾ 6.04 ਲੱਖ ਹੈਕਟੇਅਰ ਸੀ। ਵੇਰਵਿਆਂ ਅਨੁਸਾਰ ਕੈਪਟਨ ਅਮਰਿੰਦਰ ਸਿੰਘ ਨੇ ਖੇਤੀ ਮਹਿਕਮੇ ਦੇ ਅਫਸਰਾਂ ਨੂੰ ਤਲਬ ਕੀਤਾ ਅਤੇ ਵਿਸ਼ੇਸ਼ ਮੀਟਿੰਗ ਵਿਚ ਨਰਮੇ ਦੇ ਘਟੇ ਰਕਬੇ ਉਤੇ ਚਰਚਾ ਕੀਤੀ ਗਈ ਹੈ। ਖੇਤੀ ਮਹਿਕਮੇ ਨੇ ਸਾਰਾ ਠੀਕਰਾ ਸਿੰਜਾਈ ਵਿਭਾਗ ਸਿਰ ਭੰਨ ਦਿੱਤਾ, ਜਿਸ ਵਿਭਾਗ ਦੇ ਅਫਸਰ ਉਦੋਂ ਮੀਟਿੰਗ ਵਿਚ ਮੌਜੂਦ ਨਹੀਂ ਸਨ। ਖੇਤੀ ਅਫਸਰਾਂ ਨੇ ਮੁੱਖ ਮੰਤਰੀ ਦੀ ਮੀਟਿੰਗ ਵਿਚ ਦੱਸਿਆ ਕਿ ਨਰਮੇ ਦੀ ਬਿਜਾਈ ਲਈ ਢੁਕਵਾਂ ਸਮਾਂ 15 ਅਪਰੈਲ ਤੋਂ 15 ਮਈ ਦਾ ਹੈ, ਜਦੋਂਕਿ ਨਹਿਰਾਂ ਵਿਚ ਪਾਣੀ 30 ਅਪਰੈਲ ਨੂੰ ਪੁੱਜਾ ਹੈ, ਜਿਸ ਕਰ ਕੇ ਨਰਮੇ ਦੀ ਬਿਜਾਈ ਹੇਠਲਾ ਰਕਬਾ ਘਟਿਆ ਹੈ। ਖੇਤੀ ਵਿਭਾਗ ਨੇ 15 ਅਪਰੈਲ ਤੋਂ ਨਹਿਰੀ ਪਾਣੀ ਦੀ ਮੰਗ ਕੀਤੀ ਸੀ। ਮੁੱਖ ਮੰਤਰੀ ਨੇ ਨਰਮੇ ਦੀ ਫਸਲ ਦੀ ਮੌਜੂਦਾ ਸਥਿਤੀ ਬਾਰੇ ਜਾਣਿਆ ਤੇ ਵਿਭਾਗ ਨੇ ਦੱਸਿਆ ਕਿ ਨਹਿਰੀ ਪਾਣੀ ਦੀ ਕਮੀ ਕਰ ਕੇ ਪੰਜਾਬ ਵਿਚ 64 ਫੀਸਦੀ ਬਿਜਾਈ ਹੀ ਸਮੇਂ ਸਿਰ ਹੋ ਚੁੱਕੀ ਹੈ।

ਮੁੱਖ ਮੰਤਰੀ ਨੇ ਭਰੋਸਾ ਦਿੱਤਾ ਕਿ ਅਗਲੇ ਵਰ੍ਹੇ ਨਹਿਰੀ ਪਾਣੀ ਸਮੇਂ ਸਿਰ ਦਿੱਤਾ ਜਾਵੇਗਾ। ਖੇਤੀ ਅਫਸਰਾਂ ਤੋਂ ਮੁੱਖ ਮੰਤਰੀ ਨੇ ਖੇਤੀ ਵਿਭਿੰਨਤਾ ਦੇ ਨੁਕਤੇ ਵੀ ਪੁੱਛੇ। ਖੇਤੀ ਸੈਕਟਰ ਲਈ ਬਿਜਲੀ ਸਪਲਾਈ ਦੀ ਸਥਿਤੀ ਦਾ ਵੀ ਜਾਇਜ਼ਾ ਲਿਆ। ਖੇਤੀ ਵਿਭਾਗ ਦੇ ਡਾਇਰੈਕਟਰ ਜਸਬੀਰ ਸਿੰਘ ਬੈਂਸ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਨੇ ਨਰਮੇ ਦੀ ਬਿਜਾਈ ਬਾਰੇ ਰਿਪੋਰਟ ਲਈ ਹੈ, ਜਿਸ 'ਚ ਸਪਸ਼ਟ ਕੀਤਾ ਹੈ ਕਿ ਐਤਕੀਂ ਨਹਿਰੀ ਪਾਣੀ ਦੀ ਸਪਲਾਈ ਸਮੇਂ ਸਿਰ ਨਾ ਮਿਲਣ ਕਰ ਕੇ ਅੜਿੱਕਾ ਬਣਿਆ ਹੈ। ਦੱਸਣਯੋਗ ਹੈ ਕਿ ਮੁੱਖ ਮੰਤਰੀ ਨੇ ਉਨ੍ਹਾਂ ਕਿਸਾਨਾਂ ਦੀ ਸ਼ਨਾਖਤ ਕਰਨ ਵਾਸਤੇ ਆਖਿਆ ਹੈ, ਜਿਨ੍ਹਾਂ ਨੇ ਆਪਣੇ ਬਲਬੂਤੇ ਖੇਤੀ ਖੇਤਰ ਵਿਚ ਮੱਲਾਂ ਮਾਰੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਅਜਿਹੇ ਕਿਸਾਨਾਂ ਨਾਲ ਖੇਤੀ ਵਿਭਾਗ ਤਾਲਮੇਲ ਬਣਾਏ ਤੇ ਉਨ੍ਹਾਂ ਦੇ ਤਜਰਬੇ ਤੋਂ ਵੀ ਸਿੱਖਣ ਦੀ ਕੋਸ਼ਿਸ਼ ਕੀਤੀ ਜਾਵੇ, ਜੋ ਚੰਗੇ ਖੇਤੀ ਅਫਸਰ ਹਨ, ਉਨ੍ਹਾਂ ਦਾ ਵੀ ਗਰੁੱਪ ਬਣਾਇਆ ਜਾਵੇ।

## ਹੁਣ 'ਤੰਦਰੁਸਤ ਪੰਜਾਬ' ਮਿਸ਼ਨ ਵਿੱਢੇਗੀ ਕੈਪਟਨ ਸਰਕਾਰ

**ਚੰਡੀਗੜ੍ਹ:** ਕੇਂਦਰ ਸਰਕਾਰ ਦੀ 'ਫਿਟ ਇੰਡੀਆ' ਲਹਿਰ ਤੋਂ ਇਕ ਕਦਮ ਅੱਗੇ ਵਧਦੇ ਹੋਏ ਪੰਜਾਬ ਸਰਕਾਰ ਨੇ 'ਤੰਦਰੁਸਤ ਪੰਜਾਬ' ਮੁਹਿੰਮ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। 'ਤੰਦਰੁਸਤ ਪੰਜਾਬ' ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਇਕ ਵਿਆਪਕ ਮਿਸ਼ਨ ਬਣਾਇਆ ਗਿਆ ਹੈ, ਜਿਸ ਤਹਿਤ ਸੂਬੇ ਦੇ ਸਾਰੇ ਨਾਗਰਿਕਾਂ ਲਈ ਸਾਫ ਪਾਣੀ ਤੇ ਸੁਰੱਖਿਅਤ ਭੋਜਨ ਲਈ ਸਮੁੱਚੀ ਪਹਿਲਕਦਮੀ ਕੀਤੀ ਗਈ ਹੈ।

ਇਸ ਮਿਸ਼ਨ ਦੇ ਚੇਅਰਮੈਨ ਮੁੱਖ ਮੰਤਰੀ ਖੁਦ ਹੋਣਗੇ, ਜਦਕਿ ਵਾਤਾਵਰਣ ਮੰਤਰੀ ਇਸ ਦੇ ਉਪ ਚੇਅਰਮੈਨ ਹੋਣਗੇ। ਇਸ ਵਿਚ ਸਾਰੇ ਸਬੰਧਤ ਮੰਤਰੀਆਂ, ਮੁੱਖ ਸਕੱਤਰ ਤੇ ਪ੍ਰਮੁੱਖ ਸਕੱਤਰ ਵਾਤਾਵਰਣ, ਮੁੱਖ ਸਕੱਤਰ ਮੁੱਖ ਮੰਤਰੀ, ਸਕੱਤਰ ਖੇਤੀਬਾੜੀ ਨੂੰ ਮੈਂਬਰਾਂ ਵਜੋਂ ਲਿਆ ਜਾਵੇਗਾ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਨੂੰ ਇਸ ਦਾ ਮਿਸ਼ਨ ਡਾਇਰੈਕਟਰ ਨਾਮਜ਼ਦ ਕੀਤਾ ਗਿਆ ਹੈ। ਇਸ ਦੌਰਾਨ ਸੂਬਾ ਪੱਧਰ ਉਤੇ ਮਿਸ਼ਨ ਟਾਸਕ ਫੋਰਸ ਦਾ ਗਠਨ ਕੀਤਾ ਗਿਆ ਹੈ, ਜੋ ਪ੍ਰੋਗਰਾਮ ਨੂੰ ਲਾਗੂ ਕਰਨ ਉਤੇ ਨਿਗਰਾਨੀ ਰੱਖੇਗੀ।

ਇਸ ਦਾ ਜਾਇਜ਼ਾ ਹਰ ਮਹੀਨੇ ਲਿਆ ਜਾਇਆ ਕਰੇਗਾ। ਇਸ ਦੇ ਚੇਅਰਮੈਨ ਮੁੱਖ ਸਕੱਤਰ ਹੋਣਗੇ ਅਤੇ ਪ੍ਰਮੁੱਖ ਸਕੱਤਰ ਵਾਤਾਵਰਣ ਇਸ ਦੇ ਉਪ ਚੇਅਰਮੈਨ ਹੋਣਗੇ। ਪੰਜਾਬ ਸਰਕਾਰ ਦੇ ਸਾਇੰਸ ਤੇ ਤਕਨਾਲੋਜੀ ਅਤੇ ਵਾਤਾਵਰਣ ਵਿਭਾਗ ਵੱਲੋਂ ਜਾਰੀ ਨੋਟੀਫਿਕੇਸ਼ਨ ਵਿਚ ਕਿਹਾ ਗਿਆ ਹੈ ਕਿ ਮਿਸ਼ਨ ਦਾ ਮੁੱਖ ਉਦੇਸ਼ ਲੋਕਾਂ ਨੂੰ ਸਾਫ ਸੁਥਰਾ ਪੀਣ ਵਾਲਾ ਪਾਣੀ, ਮਿਆਰੀ ਹਵਾ ਅਤੇ ਖੁਰਾਕੀ ਉਤਪਾਦ ਮੁਹੱਈਆ ਕਰਵਾਉਣਾ ਹੈ।

## ਤਿੰਨ ਖਾਲਿਸਤਾਨ ਪੱਖੀ ਨੌਜਵਾਨ ਗ੍ਰਿਫਤਾਰ

**ਬਟਾਲਾ:** ਬਟਾਲਾ ਪੁਲਿਸ ਨੇ ਖਾਲਿਸਤਾਨ ਵਿਚਾਰਧਾਰਾ ਨਾਲ ਸਬੰਧਤ 3 ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਹੈ। ਮੁਲਜ਼ਮਾਂ ਨੇ 31 ਮਈ ਨੂੰ ਬਟਾਲਾ ਨੇੜਲੇ ਪਿੰਡਾਂ ਧੰਦੋਈ ਅਤੇ ਪੰਜਗਰਾਈਆਂ ਵਿਚ ਸ਼ਰਾਬ ਦੇ ਠੇਕਿਆਂ ਨੂੰ ਅੱਗ ਲਾਈ ਸੀ। ਗ੍ਰਿਫਤਾਰ ਨੌਜਵਾਨਾਂ ਕੋਲੋਂ 2 ਦੇਸੀ ਪਿਸਤੌਲ, ਗੋਲੀ ਸਿੱਕਾ ਅਤੇ ਖਾਲਿਸਤਾਨ ਪੱਖੀ ਪ੍ਰਚਾਰ ਸਮੱਗਰੀ ਵੀ ਬਰਾਮਦ ਹੋਈ ਹੈ। ਪੁਲਿਸ ਦਾ ਦਾਅਵਾ ਹੈ ਕਿ ਗ੍ਰਿਫਤਾਰ ਨੌਜਵਾਨਾਂ ਦੇ ਵਿਦੇਸ਼ਾਂ ਵਿਚ ਬੈਠੀਆਂ ਕੱਟੜਪੰਥੀ ਤਾਕਤਾਂ ਨਾਲ ਸਬੰਧ ਹਨ, ਜੋ ਪੰਜਾਬ ਵਿਚ ਖਾਲਿਸਤਾਨ ਪੱਖੀ ਲਹਿਰ ਪੈਦਾ ਕਰਨਾ ਚਾਹੁੰਦੇ ਸਨ। ਸਿੱਖ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ, ਪਰਮਜੀਤ ਸਿੰਘ ਪੰਮਾ (ਯੂ.ਕੇ), ਮਾਨ ਸਿੰਘ (ਯੂਕੇ), ਦੀਪ ਕੌਰ (ਮਲੇਸ਼ੀਆ) ਵੱਲੋਂ ਉਕਤ ਨੌਜਵਾਨਾਂ ਨੂੰ ਪੰਜਾਬ ਵਿਚ ਖਾਲਿਸਤਾਨ ਲਹਿਰ ਪੈਦਾ ਕਰਨ ਲਈ ਕਥਿਤ ਫੰਡ ਮੁਹੱਈਆ ਕਰਵਾਏ ਜਾ ਰਹੇ ਸਨ।

ਪਿੰਡ ਹਰਪੁਰਾ ਵਸਨੀਕ ਧਰਮਿੰਦਰ ਸਿੰਘ (21 ਸਾਲ) ਟੈਰੀਟੋਰੀਅਲ ਆਰਮੀ ਵਿਚ ਜਨਵਰੀ 2016 'ਚ ਭਰਤੀ ਹੋਇਆ ਸੀ ਜਦੋਂਕਿ ਕਿਰਪਾਲ ਸਿੰਘ (26 ਸਾਲ) ਤਰਨਤਾਰਨ ਦੇ ਪਿੰਡ ਫਤਿਹਪੁਰ ਨਵਾਂ ਦਾ ਰਹਿਣ ਵਾਲਾ ਹੈ। ਧਰਮਿੰਦਰ ਸਿੰਘ ਨੇ ਨੌਂ ਮਹੀਨੇ ਦੀ ਫੌਜੀ ਸਿਖਲਾਈ ਹਾਸਲ ਕੀਤੀ ਹੋਈ ਹੈ ਅਤੇ ਉਹ ਹਥਿਆਰ ਚਲਾਉਣਾ ਜਾਣਦਾ ਹੈ। ਇਨ੍ਹਾਂ ਦੇ ਇਕ ਹੋਰ ਸਾਥੀ ਰਵਿੰਦਰ ਸਿੰਘ ਉਰਫ ਰਾਜਾ ਸੁਹਾਗ ਸਿੰਘ ਪਿੰਡ ਦੌਲਤਪੁਰ ਨੂੰ ਵੀ ਗ੍ਰਿਫਤਾਰ ਕਰ ਲਿਆ ਹੈ।

## ਮੋਦੀ ਸਰਕਾਰ ਸਵਾਮੀਨਾਥਨ ਰਿਪੋਰਟ ਬਾਰੇ ਅੜੀ ਛੱਡਣ ਲਈ ਤਿਆਰ

**ਅੰਮ੍ਰਿਤਸਰ:** ਮੋਦੀ ਸਰਕਾਰ ਸਵਾਮੀਨਾਥਨ ਰਿਪੋਰਟ ਬਾਰੇ ਅੜੀ ਛੱਡਣ ਲਈ ਤਿਆਰ ਹੋ ਗਈ ਹੈ। ਕੇਂਦਰੀ ਮਨੁੱਖੀ ਸਰੋਤ ਵਿਕਾਸ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਖੁਲਾਸਾ ਕੀਤਾ ਹੈ ਕਿ ਸਾਉਣੀ ਦੀਆਂ ਫਸਲਾਂ ਦਾ ਭਾਅ ਕਿਸਾਨਾਂ ਨੂੰ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਦੀਆਂ ਸਿਫਾਰਸ਼ਾਂ ਮੁਤਾਬਕ ਦਿੱਤਾ ਜਾਵੇਗਾ, ਜਿਸ ਨਾਲ ਕਿਸਾਨਾਂ ਨੂੰ ਆਰਥਿਕ ਲਾਭ ਹੋਵੇਗਾ। ਮੋਦੀ ਸਰਕਾਰ ਦੇ ਚਾਰ ਸਾਲ ਦੀਆਂ ਪ੍ਰਾਪਤੀਆਂ ਦਾ ਲੇਖਾ-ਜੋਖਾ ਸਾਂਝਾ ਕਰਦਿਆਂ ਕੇਂਦਰੀ ਮੰਤਰੀ ਨੇ ਖੁਲਾਸਾ ਕੀਤਾ ਕਿ ਮੋਦੀ ਸਰਕਾਰ ਵੱਲੋਂ ਸਵਾਮੀਨਾਥਨ ਰਿਪੋਰਟ ਦੀਆਂ ਸਿਫਾਰਸ਼ਾਂ ਮੁਤਾਬਕ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਤੈਅ ਕਰਨ ਦੀ ਪਹਿਲਕਦਮੀ ਕੀਤੀ ਜਾ ਰਹੀ ਹੈ, ਜਿਸ ਤਹਿਤ ਕਿਸਾਨਾਂ ਨੂੰ ਸਾਉਣੀ ਦੀ ਫਸਲ ਤੋਂ ਲਾਭਕਾਰੀ ਮੁੱਲ ਮਿਲਣਾ ਸ਼ੁਰੂ ਹੋ ਜਾਵੇਗਾ।

ਸਵਾਮੀਨਾਥਨ ਕਮਿਸ਼ਨ ਨੇ ਆਪਣੀ ਰਿਪੋਰਟ ਵਿਚ ਫਸਲਾਂ ਦੇ ਲਾਗਤ ਮੁੱਲ ਵਿਚ 50 ਫੀਸਦੀ ਲਾਭ ਸ਼ਾਮਲ ਕਰ ਕੇ ਘੱਟੋ-ਘੱਟ ਸਮਰਥਨ ਮੁੱਲ ਤੈਅ ਕਰਨ ਦਾ ਸੁਝਾਅ ਦਿੱਤਾ ਸੀ, ਪਰ ਉਸ ਵੇਲੇ ਦੀ ਸਰਕਾਰ ਨੇ ਇਨ੍ਹਾਂ ਸਿਫਾਰਸ਼ਾਂ ਨੂੰ ਲਾਗੂ ਨਹੀਂ ਕੀਤਾ। ਉਨ੍ਹਾਂ ਆਖਿਆ ਕਿ ਕੇਂਦਰ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਇਨ੍ਹਾਂ ਸਿਫਾਰਸ਼ਾਂ ਮੁਤਾਬਕ ਹੀ ਤੈਅ ਕੀਤਾ ਜਾਵੇਗਾ। ਉਨ੍ਹਾਂ ਨੇ ਕੇਂਦਰ ਦੀਆਂ ਹੋਰ ਕਿਸਾਨ ਭਲਾਈ ਸਕੀਮਾਂ ਜਿਵੇਂ ਭੂਮੀ ਸਿਹਤ ਕਾਰਡ ਤੇ ਫਸਲ ਬੀਮਾ ਯੋਜਨਾ ਆਦਿ ਬਾਰੇ ਵੀ ਦੱਸਿਆ।

ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਵਿਚ ਵਾਧੇ ਤੇ ਇਸ ਨੂੰ ਜੀ.ਐਸ.ਟੀ. ਦੇ ਘੇਰੇ ਹੇਠ ਲਿਆਉਣ ਸਬੰਧੀ ਉਨ੍ਹਾਂ ਆਖਿਆ ਕਿ ਤੇਲ ਦੀਆਂ ਕੀਮਤਾਂ ਕੌਮਾਂਤਰੀ ਬਾਜ਼ਾਰ ਵਿਚ ਤੈਅ ਹੁੰਦੀਆਂ ਹਨ, ਪਰ ਇਸ ਦਾ ਸਥਾਈ ਹੱਲ ਕੱਢਣ ਵਾਸਤੇ ਯਤਨ ਜਾਰੀ ਹਨ। ਇਸ ਤਹਿਤ ਕੇਂਦਰ ਅਤੇ ਸੂਬਾ ਸਰਕਾਰਾਂ ਵੱਲੋਂ ਇਸ ਉਤੇ ਲਾਗੂ ਟੈਕਸ ਦਰਾਂ ਨੂੰ ਘੱਟ ਕੀਤਾ ਜਾਵੇਗਾ। ਸ੍ਰੀ ਜਾਵੜੇਕਰ ਨੇ ਦਾਅਵਾ ਕੀਤਾ ਕਿ ਮੋਦੀ ਸਰਕਾਰ ਨੇ ਭ੍ਰਿਸ਼ਟਾਚਾਰ ਖਤਮ ਕੀਤਾ, ਕੁਦਰਤੀ ਸਰੋਤਾਂ ਦੀ ਖਣਨ ਵੰਡ ਪ੍ਰਣਾਲੀ ਵਿੱਚੋਂ ਦਲਾਲਾਂ ਨੂੰ ਬਾਹਰ ਕੀਤਾ, ਕਿਸਾਨਾਂ ਲਈ ਲਾਭਕਾਰੀ ਸਕੀਮਾਂ ਲਾਗੂ ਕੀਤੀਆਂ ਹਨ ਤੇ ਆਮ ਲੋਕਾਂ ਨੂੰ ਮੈਡੀਕਲ ਸਹੂਲਤਾਂ ਦੇਣ ਲਈ ਸਕੀਮਾਂ ਸ਼ੁਰੂ ਕੀਤੀਆਂ ਹਨ।

## ਕਾਂਗਰਸੀ ਕੌਂਸਲਰ ਦੀ ਗੋਲੀਆਂ ਮਾਰ ਕੇ ਹੱਤਿਆ

**ਅੰਮ੍ਰਿਤਸਰ:** ਕਾਂਗਰਸੀ ਕੌਂਸਲਰ ਗੁਰਦੀਪ ਪਹਿਲਵਾਨ (40) ਨੂੰ ਉਸ ਵੇਲੇ ਤਿੰਨ ਅਣਪਛਾਤੇ ਹਥਿਆਰਬੰਦ ਵਿਅਕਤੀਆਂ ਨੇ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ ਜਦੋਂ ਉਹ ਇਥੇ ਗੋਲਬਾਗ ਨੇੜੇ ਇਕ ਅਖਾੜੇ ਵਿਚ ਅਭਿਆਸ ਕਰਨ ਮਗਰੋਂ ਨਹਾ ਰਿਹਾ ਸੀ।

ਗੁਰਦੀਪ ਪਹਿਲਵਾਨ ਲਗਭਗ ਰੋਜ਼ ਹੀ ਸ਼ਾਮ ਸਮੇਂ ਇਥੇ ਅਖਾੜੇ ਵਿਚ ਅਭਿਆਸ ਲਈ ਆਉਂਦਾ ਸੀ। ਉਸ ਨਾਲ ਉਸ ਦਾ ਅੰਗ ਰੱਖਿਅਕ ਵੀ ਸੀ ਪਰ ਜਦੋਂ ਇਹ ਘਟਨਾ ਵਾਪਰੀ, ਉਸ ਵੇਲੇ ਅੰਗ ਰੱਖਿਅਕ ਇਕ ਕਮਰੇ ਵਿਚ ਸੀ।

ਉਹ ਅਭਿਆਸ ਕਰਨ ਮਗਰੋਂ ਅਖਾੜੇ ਵਿਚ ਹੀ ਨਹਾਉਣ ਵਾਸਤੇ ਚਲਾ ਗਿਆ। ਇਸ ਦੌਰਾਨ ਤਿੰਨ ਵਿਅਕਤੀ ਜਿਨ੍ਹਾਂ ਨੇ ਮੂੰਹ ਢੱਕੇ ਹੋਏ ਸਨ, ਉਥੇ ਆਏ ਅਤੇ ਗੁਰਦੀਪ ਪਹਿਲਵਾਨ ਉਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਹ ਵੀ ਚਰਚਾ ਹੈ ਕਿ ਇਸ ਕਾਂਗਰਸੀ ਕੌਂਸਲਰ ਦੀ ਗੈਂਗਸਟਰ ਜੱਗੂ ਭਗਵਾਨਪੁਰੀਆ ਨਾਲ ਵੀ ਪੁਰਾਣੀ ਦੁਸ਼ਮਣੀ ਹੈ। ਉਸ ਵੱਲੋਂ ਜੱਗੂ ਖਿਲਾਫ ਥਾਣਾ ਕੋਤਵਾਲੀ ਵਿਚ ਸ਼ਿਕਾਇਤ ਵੀ ਦਰਜ ਕਰਾਈ ਗਈ ਸੀ ਅਤੇ ਕੌਂਸਲਰ ਨੂੰ ਵਧੇਰੇ ਪੁਲਿਸ ਸੁਰੱਖਿਆ ਵੀ ਮੁਹੱਈਆ ਕੀਤੀ ਗਈ ਸੀ।

## ਬੇਅੰਤ ਸਿੰਘ ਦੇ ਪੋਤੇ ਨੂੰ ਡੀ. ਐਸ. ਪੀ. ਲਾਉਣ ਦਾ ਵਿਵਾਦ ਮੁੜ ਭਖਿਆ

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤੇ ਗੁਰਇਕਬਾਲ ਸਿੰਘ ਦੀਆਂ ਡੀ.ਐਸ.ਪੀ. ਬਣਨ ਮਗਰੋਂ ਮੁਸ਼ਕਲਾਂ ਵਧਦੀਆਂ ਜਾ ਰਹੀਆਂ ਹਨ। ਉਨ੍ਹਾਂ ਦੀ ਨਿਯੁਕਤੀ ਖਿਲਾਫ਼ ਦਾਇਰ ਨਵੀਂ ਪਟੀਸ਼ਨ ਦਾ ਹਾਈ ਕੋਰਟ ਨੇ ਸਖਤ ਨੋਟਿਸ ਲਿਆ ਹੈ। ਇਹ ਮੁੱਦਾ ਸਿਆਸੀ ਨਿਸ਼ਾਨਿਆਂ 'ਤੇ ਵੀ ਰਿਹਾ। ਹੁਣ ਪਟੀਸ਼ਨਕਰਤਾ ਨੇ ਦਾਅਵਾ ਕੀਤਾ ਕਿ ਗੁਰਇਕਬਾਲ ਨੇ ਗ੍ਰੈਜੂਏਸ਼ਨ, ਡਿਸਟੈਂਸ ਐਜੂਕੇਸ਼ਨ ਰਾਹੀਂ ਤਾਮਿਲਨਾਡੂ ਦੀ ਯੂਨੀਵਰਸਿਟੀ ਤੋਂ ਕੀਤੀ ਹੋਈ ਹੈ। ਭਰਤੀ ਵੇਲੇ ਉਸ ਦੀ ਡਿਗਰੀ ਨੂੰ ਬਿਨਾਂ ਵੈਰੀਫਿਕੇਸ਼ਨ ਹੀ ਪ੍ਰਵਾਨ ਕਰ ਲਿਆ ਗਿਆ।



ਦੂਜੇ ਪਾਸੇ ਪਟੀਸ਼ਨਕਰਤਾ ਦੇ ਕੇਸ ਵਿਚ ਉਸ ਦੀਆਂ ਅਧਿਆਪਕ ਵਜੋਂ ਸੇਵਾਵਾਂ ਜਾਰੀ ਰੱਖਣ ਲਈ ਸੂਬੇ ਦੇ ਮੁੱਖ ਸਕੱਤਰ ਦੀ ਅਗਵਾਈ ਵਾਲੀ ਕਮੇਟੀ ਤੋਂ ਡਿਗਰੀ ਦੀ ਘੋਖ ਨੂੰ ਆਧਾਰ ਬਣਾਇਆ ਗਿਆ। ਇਸ ਬਾਰੇ ਅਜੇ ਵੀ ਕੋਈ ਜਵਾਬ ਨਹੀਂ ਮਿਲਿਆ।

ਇਸ ਦਾ ਨੋਟਿਸ ਲੈਂਦਿਆਂ ਜਸਟਿਸ ਰਾਕੇਸ਼ ਕੁਮਾਰ ਜੈਨ ਨੇ ਪੰਜਾਬ ਸਰਕਾਰ, ਵਧੀਕ ਮੁੱਖ ਸਕੱਤਰ, ਡੀ.ਜੀ.ਪੀ. ਤੇ ਗੁਰਇਕਬਾਲ ਸਿੰਘ ਨੂੰ ਪਹਿਲੀ ਅਕਤੂਬਰ ਲਈ ਨੋਟਿਸ ਜਾਰੀ ਕੀਤਾ ਹੈ। ਯਾਦ ਰਹੇ ਕੈਪਟਨ ਸਰਕਾਰ ਨੇ ਮਰਹੂਮ ਬੇਅੰਤ ਸਿੰਘ ਦੇ ਪੋਤੇ ਗੁਰਇਕਬਾਲ ਸਿੰਘ ਨੂੰ ਡੀ.ਐਸ.ਪੀ. ਤਾਇਨਾਤ ਕੀਤਾ ਸੀ। ਇਸ ਦੀ ਵੱਡੇ ਪੱਧਰ ਉਤੇ ਅਲੋਚਨਾ ਹੋਈ ਸੀ।

## ਪੰਜਾਬ ਨੂੰ ਡੇਅਰੀ ਵਿਕਾਸ ਖੇਤਰ 'ਚ ਚੰਗੀ ਕਾਰਗੁਜ਼ਾਰੀ ਲਈ ਪੁਰਸਕਾਰ

**ਨਵੀਂ ਦਿੱਲੀ:** ਡੇਅਰੀ ਖੇਤਰ ਦੇ ਵਿਕਾਸ ਲਈ ਕੀਤੀ ਵਧੀਆ ਕਾਰਗੁਜ਼ਾਰੀ ਲਈ ਪੰਜਾਬ ਨੂੰ 'ਰਾਸ਼ਟਰੀ ਗੋਕਲ ਮਿਸ਼ਨ' ਪੁਰਸਕਾਰ ਨਾਲ ਨਿਵਾਜਿਆ ਗਿਆ ਹੈ। ਨਵੀਂ ਦਿੱਲੀ ਵਿਚ ਵਿਸ਼ਵ ਦੁੱਧ ਦਿਵਸ ਮੌਕੇ ਕਰਵਾਏ ਸਮਾਗਮ ਦੌਰਾਨ ਪੰਜਾਬ ਦੇ ਪਸ਼ੂ ਪਾਲਣ ਤੇ ਡੇਅਰੀ ਵਿਕਾਸ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਕੇਂਦਰੀ ਖੇਤੀਬਾੜੀ ਤੇ ਕਿਸਾਨ ਭਲਾਈ, ਡੇਅਰੀ ਵਿਕਾਸ ਮੰਤਰੀ ਰਾਧਾ ਮੋਹਨ ਸਿੰਘ ਤੋਂ ਇਹ ਪੁਰਸਕਾਰ ਹਾਸਲ ਕੀਤਾ।

ਪੁਰਸਕਾਰ ਹਾਸਲ ਕਰਨ ਤੋਂ ਬਾਅਦ ਸ. ਸਿੱਧੂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਡੇਅਰੀ ਖੇਤਰ ਦੇ ਵਿਕਾਸ ਲਈ ਸੁਹਿਰਦ ਯਤਨ ਕੀਤੇ ਜਾ ਰਹੇ ਹਨ। ਪੰਜਾਬ ਸਰਕਾਰ ਵੱਲੋਂ ਡੇਅਰੀ ਵਿਕਾਸ, ਖੋਜ, ਪਸ਼ੂ ਪਾਲਣ ਤੇ ਨਸਲ ਸੁਧਾਰ, ਸਹਾਇਕ ਧੰਦਿਆਂ ਲਈ ਬੁਨਿਆਦੀ ਢਾਂਚੇ ਦੀ ਮਜ਼ਬੂਤੀ ਨਾਲ ਸਬੰਧਤ ਕਈ ਅਹਿਮ ਪ੍ਰੋਜੈਕਟਾਂ ਦਾ ਪ੍ਰਸਤਾਵ ਪ੍ਰਵਾਨਗੀ ਲਈ ਕੇਂਦਰ ਸਰਕਾਰ ਨੂੰ ਸੌਂਪਿਆ ਗਿਆ ਹੈ। ਇਨ੍ਹਾਂ ਪ੍ਰੋਜੈਕਟਾਂ ਵਿਚ ਅੰਮ੍ਰਿਤਸਰ ਵਿਚ ਕੁਆਰੈਨਟਾਈਨ ਸਟੇਸ਼ਨ ਦੀ



ਸਥਾਪਤੀ, ਸੀਮਨ ਸਟੇਸ਼ਨ ਨਾਭਾ ਵਿਚ ਸੁਵਿਧਾਵਾਂ, ਐਕੁਆ ਕਲਚਰ ਕੇਂਦਰੀ ਸੰਸਥਾਨ ਬਠਿੰਡਾ ਵਿਚ ਖੇਤਰੀ ਖੋਜ ਕੇਂਦਰ ਲਈ ਬਜਟਰੀ ਐਲੋਕੇਸ਼ਨ, ਖੇਤਰੀ ਡਿਜੀਜ਼ ਡਾਇਗਨਾਸਟਿਕ ਲੈਬ ਜਲੰਧਰ ਨੂੰ ਐਚ.ਐਸ.ਏ.ਡੀ.ਡੀ.ਐਲ. ਭੁਪਾਲ ਦੇ ਪੱਧਰ ਦੀ ਅਪਗ੍ਰੇਡੇਸ਼ਨ ਤੇ ਹੋਰ ਪ੍ਰੋਜੈਕਟ ਸ਼ਾਮਲ ਹਨ। ਇਸ ਮੌਕੇ ਕੇਂਦਰ ਵੱਲੋਂ ਡੇਅਰੀ ਖੇਤਰ ਵਿਚ ਵਧੀਆ ਕਾਰਗੁਜ਼ਾਰੀ ਵਾਲੇ ਸਨਮਾਨੇ ਪਸ਼ੂ ਪਾਲਕਾਂ 'ਚ ਕਪੂਰਥਲਾ ਦੇ ਪਿੰਡ ਸੰਧੂ ਚੱਠਾ ਦੀ ਕਿਸਾਨ ਬੀਬੀ ਸੁਰਜੀਤ ਕੌਰ ਵੀ ਸ਼ਾਮਲ ਹੈ।

## ਕੈਪਟਨ ਨੇ ਆਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਦੀ ਫੜ੍ਹੀ ਬਾਂਹ

**ਚੰਡੀਗੜ੍ਹ:** ਕੈਪਟਨ ਸਰਕਾਰ ਨੇ ਹਜ਼ਾਰਾਂ ਬੇਘਰੇ ਆਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਲਈ ਵੱਡਾ ਐਲਾਨ ਕਰਦਿਆਂ ਪੰਜਾਬ ਪੇਂਡੂ ਆਵਾਸ ਯੋਜਨਾ ਤਹਿਤ ਉਨ੍ਹਾਂ ਲਈ ਮਕਾਨ ਉਸਾਰੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਹੋਈ ਪੰਜਾਬ ਕੈਬਨਿਟ ਦੀ ਬੈਠਕ 'ਚ ਲਏ ਗਏ ਅਹਿਮ ਫੈਸਲਿਆਂ 'ਚ ਆਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਜਿਨ੍ਹਾਂ ਦੀ ਸਾਲਾਨਾ ਆਮਦਨ 3 ਲੱਖ ਰੁਪਏ ਤੋਂ ਘੱਟ ਹੋਵੇਗੀ, ਉਨ੍ਹਾਂ ਨੂੰ ਪਿੰਡਾਂ 'ਚ ਮਕਾਨ ਬਣਾ ਕੇ ਦਿੱਤੇ ਜਾਣਗੇ।

ਉਨ੍ਹਾਂ ਕਿਹਾ ਕਿ ਸੰਯੁਕਤ ਪਰਿਵਾਰਾਂ 'ਚ ਰਹਿ ਰਹੇ ਵਿਆਹੇ ਹੋਏ ਵਿਅਕਤੀ ਜਿਨ੍ਹਾਂ ਕੋਲ ਵੱਖਰਾ ਬਿਜਲੀ ਕਨੈਕਸ਼ਨ ਜਾਂ ਰਾਸ਼ਨ ਕਾਰਡ ਹੋਵੇਗਾ, ਉਹ ਵੀ ਇਸ ਸਕੀਮ ਦਾ ਲਾਹਾ ਲੈ ਸਕਦੇ ਹਨ। ਹਰ ਲਾਭਪਾਤਰੀ ਨੂੰ ਸੂਬਾ ਸਰਕਾਰ ਵੱਲੋਂ 1.20 ਲੱਖ ਰੁਪਏ ਮਕਾਨ ਉਸਾਰੀ ਲਈ ਦਿੱਤੇ ਜਾਣਗੇ। ਇਸ ਤੋਂ ਇਲਾਵਾ ਸਵੱਛ ਭਾਰਤ ਅਭਿਆਨ ਤਹਿਤ 12,000 ਰੁਪਏ ਘਰ 'ਚ ਸ਼ੋਚਾਲਿਆ ਬਣਾਉਣ ਲਈ ਦਿੱਤੇ ਜਾਣਗੇ।

## ਕਿਸਾਨਾਂ 'ਤੇ ਜਲ ਸੈਸ ਦਾ ਭਾਰ ਪਾਉਣ ਦੀ ਤਿਆਰੀ

**ਬਠਿੰਡਾ:** ਪੰਜਾਬ ਦੀ ਕਾਂਗਰਸ ਸਰਕਾਰ ਨੇ ਹੁਣ ਅਫਸਰਾਂ ਨੂੰ ਕਿਸਾਨਾਂ ਤੋਂ ਜਲ ਟੈਕਸ ਦੀ ਵਸੂਲੀ ਕਰਨ ਦੇ ਹੁਕਮ ਚਾੜ੍ਹ ਦਿੱਤੇ ਹਨ। ਸਰਕਾਰੀ ਖਜ਼ਾਨੇ ਦੀ ਪਤਲੀ ਹਾਲਤ ਹੋਣ ਕਰ ਕੇ ਨਹਿਰੀ ਪ੍ਰੋਜੈਕਟਾਂ ਦੀ ਮੁਰੰਮਤ ਆਦਿ ਲਈ ਸਰਕਾਰ ਕੋਲ ਪੈਸਾ ਨਹੀਂ ਹੈ। ਤਕਰੀਬਨ ਤਿੰਨ-ਚਾਰ ਵਰ੍ਹਿਆਂ ਤੋਂ ਕਿਸਾਨਾਂ ਨੂੰ ਜਲ ਟੈਕਸ ਦਾ ਕੋਈ ਚਿੱਤ-ਚੇਤਾ ਵੀ ਨਹੀਂ ਰਿਹਾ ਹੈ। ਸਰਕਾਰਾਂ ਨੇ ਵੀ ਵੋਟ ਬੈਂਕ ਦੇ ਨੁਕਸਾਨ ਦੇ ਡਰੋਂ ਜਲ ਟੈਕਸ ਦੀ ਵਸੂਲੀ ਤੋਂ ਪਾਸਾ ਵੱਟੀ ਰੱਖਿਆ। ਪੰਜਾਬ ਭਰ ਦੇ ਕਿਸਾਨਾਂ ਵੱਲ ਤਕਰੀਬਨ 100 ਕਰੋੜ ਰੁਪਏ ਦਾ ਜਲ ਟੈਕਸ ਬਕਾਇਆ ਹੈ। ਸਿੰਜਾਈ ਵਿਭਾਗ ਨੇ ਹੁਣ ਅਫਸਰਾਂ ਨੂੰ ਜਲ ਟੈਕਸ ਦੀ ਵਸੂਲੀ ਕਰਨ ਲਈ ਆਖਿਆ ਹੈ।

ਮੁੱਖ ਇੰਜੀਨੀਅਰ (ਨਹਿਰਾਂ) ਵੱਲੋਂ ਫੀਲਡ ਅਫਸਰਾਂ ਨੂੰ ਪੱਤਰ ਜਾਰੀ ਕੀਤਾ ਗਿਆ ਹੈ ਕਿ ਜਲ ਟੈਕਸ ਦੇ ਬਕਾਏ ਵਸੂਲੇ ਜਾਣ। ਨਿਗਰਾਨ ਇੰਜੀਨੀਅਰਾਂ ਨੇ ਇਸ ਸਬੰਧੀ ਫੌਰੀ ਮੀਟਿੰਗਾਂ ਕੀਤੀਆਂ ਹਨ ਤੇ ਨੰਬਰਦਾਰਾਂ ਨੂੰ ਵਸੂਲੀ ਕਰਨ ਲਈ ਆਖਿਆ ਗਿਆ ਹੈ। ਵੱਡਾ ਡਰ ਕਿਸਾਨ ਧਿਰਾਂ ਦਾ ਹੈ, ਜਿਸ ਕਰ ਕੇ ਮੁਢਲੇ ਪੜਾਅ ਉਤੇ ਸਿੰਜਾਈ ਮਹਿਕਮੇ ਨੇ ਮਿੱਠਤ ਨਾਲ ਜਲ ਟੈਕਸ ਵਸੂਲਣ ਲਈ ਆਖਿਆ ਹੈ। ਪਹਿਲਾਂ ਸਰਕਾਰ ਕਿਸਾਨਾਂ ਤੋਂ ਆਬਿਆਨਾ ਵਸੂਲ ਕਰਦੀ ਹੁੰਦੀ ਸੀ। ਪੰਜਾਬ ਸਰਕਾਰ ਨੇ 13 ਨਵੰਬਰ 2014 ਨੂੰ ਨਾਰਦਰਨ ਇੰਡੀਅਨ ਕਨਾਲ ਐਂਡ ਡਰੇਨੇਜ ਐਕਟ 1893 ਵਿਚ ਸੋਧ ਕਰ ਕੇ ਪ੍ਰਤੀ ਏਕੜ 50 ਰੁਪਏ ਜਲ ਸੈੱਸ ਲਗਾ ਦਿੱਤਾ ਸੀ।

ਪੰਜਾਬ ਵਿਚ 30.83 ਲੱਖ ਹੈਕਟੇਅਰ ਰਕਬਾ ਸਿੰਜਾਈ ਅਧੀਨ ਹੈ, ਜਿਸ ਵਿਚੋਂ ਕਰੀਬ 24 ਲੱਖ ਹੈਕਟੇਅਰ ਰਕਬੇ ਤੇ ਜਲ ਸੈੱਸ ਲਾਇਆ ਹੋਇਆ ਹੈ। ਇਸ ਹਿਸਾਬ ਨਾਲ ਦੋ ਫਸਲਾਂ ਦਾ ਕਰੀਬ 40 ਕਰੋੜ ਰੁਪਏ ਸਾਲਾਨਾ ਦਾ ਜਲ ਸੈੱਸ ਬਣਦਾ ਹੈ।

ਫਿਰੋਜ਼ਪੁਰ ਸਰਕਲ ਦਾ ਸਾਲਾਨਾ ਜਲ ਸੈੱਸ 11.35 ਕਰੋੜ ਰੁਪਏ ਬਣਦਾ ਹੈ ਅਤੇ ਇਸ ਸਰਕਲ ਦਾ ਤਿੰਨ ਵਰ੍ਹਿਆਂ ਦਾ ਸੈੱਸ ਬਕਾਇਆ ਖੜ੍ਹਾ ਹੈ। ਬਠਿੰਡਾ ਨਹਿਰ ਮੰਡਲ ਦਾ ਸਾਲਾਨਾ ਦਾ ਦੋ ਫਸਲਾਂ ਦਾ ਕਰੀਬ 5.60 ਕਰੋੜ ਦਾ ਜਲ ਟੈਕਸ ਬਣਦਾ ਹੈ, ਜੋ ਕਿ 6.90 ਲੱਖ ਏਕੜ ਰਕਬੇ ਉਤੇ ਲਾਇਆ ਹੋਇਆ ਹੈ। ਨਹਿਰ ਮੰਡਲ, ਬਠਿੰਡਾ ਦੇ ਕਾਰਜਕਾਰੀ ਇੰਜੀਨੀਅਰ ਗੁਰਜਿੰਦਰ ਸਿੰਘ ਬਾਹੀਆ ਨੇ ਦੱਸਿਆ ਕਿ ਕਰੀਬ 25 ਕਰੋੜ ਰੁਪਏ ਦਾ ਬਕਾਇਆ ਕਿਸਾਨਾਂ ਵੱਲ ਖੜ੍ਹਾ ਹੈ।

# ਗੁਰਦੁਆਰਾ ਮਿਲਪੀਟਸ 'ਚ ਜੂਨ 1984 ਦੇ ਤੀਜੇ ਘੱਲੂਘਾਰੇ ਬਾਰੇ ਸੈਮੀਨਾਰ







**ਮਿਲਪੀਟਸ, ਕੈਲੀਫੋਰਨੀਆ (ਬਿਊਰੋ):** ਇਥੇ ਗੁਰਦੁਆਰਾ ਸਿੰਘ ਸਭਾ 'ਚ ਜੂਨ 1984 ਦੇ ਤੀਜੇ ਘੱਲੂਘਾਰੇ ਬਾਰੇ ਕਰਵਾਏ ਗਏ ਇਕ ਸੈਮੀਨਾਰ ਵਿਚ ਘੱਲੂਘਾਰੇ ਦੌਰਾਨ ਸਿੱਖਾਂ ਉਤੇ ਕੀਤੇ ਗਏ ਤਸ਼ੱਦਦ ਦੇ ਪਹਿਲੂ ਛੂਹਣ ਦੇ ਨਾਲ ਨਾਲ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

ਬੁਲਾਰਿਆਂ ਨੇ ਕਿਹਾ ਕਿ ਜੂਨ 1984 ਵਿਚ ਭਾਰਤ ਦੀ ਕਾਂਗਰਸ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ, ਅਕਾਲ ਤਖਤ ਸਾਹਿਬ ਅਤੇ 38 ਹੋਰ ਗੁਰਦੁਆਰਿਆਂ ਉਤੇ ਫੌਜ ਰਾਹੀਂ ਹਮਲਾ ਕਰ ਕੇ ਹਜ਼ਾਰਾਂ ਨਿਰਦੋਸ਼ ਸਿੱਖਾਂ ਦਾ ਕਤਲੇਆਮ ਕੀਤਾ, ਜਿਸ ਦੇ ਜ਼ਖਮ ਅੱਜ ਵੀ ਸਿੱਖ ਹਿਰਦਿਆਂ ਵਿਚ ਤਾਜ਼ਾ ਹਨ।

ਇਸ ਮੌਕੇ ਬੋਲਦਿਆਂ ਨਾਮੀ ਐਂਥਰੋਪਾਲੋਜਿਸਟ ਡਾ. ਸਿੰਥੀਆ ਮਹਿਮੂਦ, ਜੋ ਸਿੱਖਾਂ ਬਾਰੇ ਇਕ ਬਹੁਤ ਮਸ਼ਹੂਰ ਕਿਤਾਬ 'ਫਾਈਟਿੰਗ ਫਾਰ ਫੇਥ ਐਂਡ ਨੇਸ਼ਨ' ਲਿਖ ਚੁਕੇ ਹਨ ਤੇ ਮਨੁੱਖੀ ਅਧਿਕਾਰਾਂ ਬਾਰੇ ਵੀ ਮਾਹਰ ਹਨ, ਨੇ ਦੱਸਿਆ ਕਿ ਕਿਸ ਤਰ੍ਹਾਂ ਭਾਰਤ ਸਰਕਾਰ ਨੇ ਪੰਜਾਬ ਅਤੇ ਖਾਸ ਤੌਰ 'ਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਕਤਲੇਆਮ ਕੀਤਾ। ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਮਨਾਉਣ ਆਏ ਹੋਏ ਹਜ਼ਾਰਾਂ ਨਿਰਦੋਸ਼ ਸਿੱਖ ਸ਼ਰਧਾਲੂਆਂ ਨੂੰ ਕਤਲ ਕਰ ਦਿੱਤਾ ਗਿਆ, ਜਿਨ੍ਹਾਂ ਵਿਚ ਛੋਟੇ ਬੱਚੇ, ਬਜ਼ੁਰਗ, ਨੌਜਵਾਨ, ਬੀਬੀਆਂ ਤੇ ਮੁਟਿਆਰਾਂ ਸ਼ਾਮਲ ਸਨ।

ਡਾ. ਸਿੰਥੀਆ ਨੇ ਕਿਹਾ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਤੇ ਉਨ੍ਹਾਂ ਦੇ ਕੁਝ ਸਾਥੀਆਂ ਨੂੰ ਦਰਬਾਰ ਸਾਹਿਬ ਵਿਚੋਂ ਕੱਢਣ ਦੇ ਬਹਾਨੇ ਪੂਰੀ ਸਿੱਖ ਕੌਮ ਨੂੰ ਸਬਕ ਸਿਖਾਉਣ ਲਈ ਇਹ ਹਮਲਾ ਕੀਤਾ ਗਿਆ, ਜਿਸ ਲਈ ਵੇਲੇ ਦੀ ਪ੍ਰਧਾਨ ਮੰਤਰੀ ਜ਼ਿੰਮੇਵਾਰ ਸੀ। ਉਨ੍ਹਾਂ ਕਿਹਾ ਕਿ ਲੋਕਤੰਤਰੀ ਸਿਸਟਮ ਦੇ ਨਾਂ ਹੇਠ ਸਿੱਖਾਂ 'ਤੇ ਇਹ ਵੱਡਾ ਕਹਿਰ ਸੀ।

ਇੰਗਲੈਂਡ ਤੋਂ ਆਏ ਡਾ. ਕਰਾਮਾਤ ਚੀਮਾ ਨੇ ਦੱਖਣੀ ਏਸ਼ੀਆ ਦੇ ਦੇਸ਼ਾਂ ਵਿਚ ਮਨੁੱਖੀ ਅਧਿਕਾਰਾਂ ਦੀ ਹਾਲਤ ਬਾਰੇ ਬੋਲਦਿਆਂ ਚੀਨ, ਬਰਮਾ (ਮਿਆਂਮਾਰ) ਭਾਰਤ ਤੇ ਪਾਕਿਸਤਾਨ ਵਿਚਲੇ ਮਨੁਖੀ ਅਧਿਕਾਰਾਂ ਬਾਰੇ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਭਾਰਤੀ ਸੰਵਿਧਾਨ ਵਿਚ ਵੀ ਸਿੱਖਾਂ, ਬੋਧੀਆਂ ਤੇ ਜੈਨੀਆਂ ਨੂੰ ਵੱਖਰੇ ਧਰਮ ਵਜੋਂ ਮਾਨਤਾ ਦਿੱਤੀ ਗਈ ਹੈ ਅਤੇ ਉਨ੍ਹਾਂ ਨੂੰ ਹਿੰਦੂ ਧਰਮ ਦੀ ਸ਼ਾਖਾ ਲਿਖਣਾ ਸਰਾਸਰ ਬੇਇਨਸਾਫੀ ਹੈ।



ਡਾ. ਚੀਮਾ ਨੇ ਇਹ ਕਹਿ ਕੇ ਗੱਲ ਮੁਕਾਈ ਕਿ ਭਾਰਤ ਸਰਕਾਰ ਨੇ ਘੱਟ ਗਿਣਤੀਆਂ ਵਿਰੁਧ ਜੰਗ ਛੇੜੀ ਹੋਈ ਹੈ ਤੇ ਉਨ੍ਹਾਂ ਨੂੰ ਭਾਰਤ ਦੇ ਨਕਸ਼ੇ ਤੋਂ ਮਿਟਾਉਣ ਦੀ ਹਰ ਕੋਸ਼ਿਸ ਕੀਤੀ ਜਾ ਰਹੀ ਹੈ। ਬਰਮਾ ਵਿਚ ਵੀ ਮੁਸਲਮਾਨਾਂ ਦੀ ਨਸਲਕੁਸ਼ੀ ਜਾਰੀ ਹੈ ਤੇ ਹੁਣ ਸੰਯੁਕਤ ਰਾਸ਼ਟਰ ਸੰਘ ਦੇ ਦਖਲ ਨਾਲ ਕੁਝ ਘਟੀ ਹੈ। ਪਾਕਿਸਤਾਨ ਵਿਚ ਵੀ ਸੁੰਨੀ ਤੇ ਸ਼ੀਆ ਝਗੜੇ ਜਾਰੀ ਹਨ ਤੇ ਮਨੁਖਤਾ ਦਾ ਘਾਣ ਹੋ ਰਿਹਾ ਹੈ। ਚੀਨ ਵਿਚ ਵੀ ਘੱਟ ਗਿਣਤੀਆਂ ਜਿਵੇਂ ਮੁਸਲਮਾਨਾਂ ਨੂੰ ਧਾਰਮਿਕ ਆਜ਼ਾਦੀ ਨਹੀਂ।

ਇਸ ਮੌਕੇ ਨੌਜਵਾਨਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦਿਆਂ ਬੀਬੀ ਪੁਨੀਤ ਕੌਰ ਖਾਲਸਾ ਨੇ ਸਿੱਖ ਨਸਲਘਾਤ ਬਾਰੇ ਕਿਹਾ ਕਿ ਇਹ ਮਸਲਾ ਬਹੁਤ ਉਭਰ ਕੇ ਸਾਹਮਣੇ ਆ ਰਿਹਾ ਹੈ ਤੇ ਇਸ ਵਕਤ ਸਭਿਆਚਾਰਕ ਨਸਲਘਾਤ ਦਾ ਹਰ ਢੰਗ ਸਿੱਖਾਂ ਨੂੰ ਖਤਮ ਕਰਨ ਲਈ ਵਰਤਿਆ ਜਾ ਰਿਹਾ ਹੈ। ਸਿੱਖ ਧਰਮ ਨੂੰ ਹਿੰਦੂਆਂ ਦਾ ਹੀ ਹਿੱਸਾ ਗਰਦਾਨਣ ਦੀ ਵੱਡੀ ਕੋਝੀ ਚਾਲ ਚੱਲੀ ਜਾ ਰਹੀ ਹੈ ਤੇ ਸਿੱਖਾਂ ਨੂੰ ਬੁਰੀ ਤਰ੍ਹਾਂ ਸਤਾਇਆ ਜਾ ਰਿਹਾ ਹੈ। ਇਸ ਦੀ ਤਾਜ਼ਾ ਮਿਸਾਲ ਭਾਰਤ ਦੇ ਮੇਘਾਲਿਆ ਰਾਜ ਦੇ ਸ਼ਿਲਾਂਗ ਵਿਚ ਵਾਪਰੀਆਂ ਘਟਨਾਵਾਂ ਹਨ, ਜਿਥੇ ਸਿੱਖਾਂ ਦੇ ਸੱਤ ਸੌ ਪਰਿਵਾਰਾਂ ਨੂੰ ਘੇਰ ਕੇ ਕਤਲ ਕਰਨ ਦੀ ਕੋਸ਼ਿਸ਼ ਕੀਤੀ ਗਈ।

ਬੀਬੀ ਪੁਨੀਤ ਕੌਰ ਨੇ ਕਿਹਾ ਕਿ ਹੁਣ ਸਿੱਖਾਂ ਕੋਲ ਆਪਣੀ ਪ੍ਰਭੁਸੱਤਾ ਕਾਇਮ ਕਰਨ ਤੋਂ ਬਿਨਾ ਹੋਰ ਕੋਈ ਰਾਹ ਨਹੀਂ। ਵੈਸੇ ਵੀ ਗੁਰੂ ਸਾਹਿਬਾਨ ਦਾ ਹੁਕਮ ਹੈ ਕਿ ਜਦ ਸਾਰੇ ਹੀਲੇ ਮੁੱਕ ਜਾਣ ਤਾਂ ਇਨਸਾਫ ਲਈ ਤਲਵਾਰ ਉਠਾ ਕੇ ਪ੍ਰਭੂਸੱਤਾ ਕਾਇਮ ਕਰਨੀ ਵੱਡਾ ਇਨਸਾਨੀ ਫਰਜ਼ ਹੈ।

ਸੈਮੀਨਾਰ ਦੇ ਅਖੀਰ ਵਿਚ ਕੈਲੀਫੋਰਨੀਆ ਵਿਧਾਨ ਸਭਾ ਵਿਚ ਏਸ਼ੀਆ ਤੇ ਪੈਸੇਫਿਕ ਆਇਲੈਂਡਰ ਕਾਕਸ ਦੇ ਮੈਂਬਰ ਅਤੇ ਅਸੈਂਬਲੀ ਮੈਂਬਰ ਕੈਨਸਨ ਚੂ ਨੇ ਕਿਹਾ ਕਿ ਉਹ ਕਿਸੇ ਉਤੇ ਵੀ, ਕਿਸੇ ਵੀ ਤਰ੍ਹਾਂ ਦੇ ਤਸ਼ੱਦਦ ਦੇ ਵਿਰੁਧ ਹਨ ਅਤੇ ਮਿਲ ਬੈਠ ਕੇ ਮਸਲੇ ਹੱਲ ਕਰਨ ਦੇ ਹੱਕ ਵਿਚ ਹਨ। ਉਨ੍ਹਾਂ ਕਿਹਾ ਕਿ ਉਹ ਮਨੁਖੀ ਅਧਿਕਾਰਾਂ ਦੀ ਰਾਖੀ ਕਰਨਾ ਆਪਣਾ ਫਰਜ਼ ਸਮਝਦੇ ਹਨ ਤੇ ਕਿਸੇ ਵੀ ਤਰ੍ਹਾਂ ਦੀ ਨਫਰਤ ਫੈਲਾਉਣ ਵਾਲਿਆਂ ਦੇ ਵਿਰੁਧ ਹਨ।

ਇਸ ਮੌਕੇ ਕੈਨਸਨ ਚੂ ਨੇ ਡਾ. ਸਿੰਥੀਆ ਮਹਿਮੂਦ ਤੇ ਡਾ. ਕਰਾਮਾਤ ਚੀਮਾ ਦਾ ਸਟੇਟ ਅਸੈਂਬਲੀ ਦੀ ਤਰਫੋਂ ਸਨਮਾਨ ਕੀਤਾ। ਗੁਰਦੁਆਰਾ ਸਿੰਘ ਸਭਾ ਮਿਲਪੀਟਸ ਤੇ ਸ਼ਹੀਦ ਪਰਿਵਾਰਾਂ ਵੱਲੋਂ ਅਕਾਲ ਤਖਤ ਸਾਹਿਬ ਦੇ ਸ਼ਹੀਦ ਜਥੇਦਾਰ ਭਾਈ ਕਾਉਂਕੇ ਦੀ ਧਰਮ ਪਤਨੀ ਬੀਬੀ ਪ੍ਰੀਤਮ ਕੌਰ ਦਾ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ।


ਅਖੀਰ ਵਿਚ ਫਿਲਮ 'ਦਾ ਬਲੈਕ ਪ੍ਰਿੰਸ' ਦੇ ਨਿਰਮਾਤਾ ਤੇ ਲੇਖਕ ਸ. ਜਸਜੀਤ ਸਿੰਘ ਨੇ ਫਿਲਮ ਦੀ ਡੀ.ਵੀ.ਡੀ. ਕੈਨਸਨ ਚੂ, ਡਾ. ਸਿੰਥੀਆ ਮਹਿਮੂਦ, ਡਾ. ਕਰਾਮਾਤ ਤੇ ਪੁਨੀਤ ਕੌਰ ਖਾਲਸਾ ਨੂੰ ਭੇਟ ਕੀਤੀ। ਸੈਮੀਨਾਰ ਵਿਚ ਸਕੱਤਰ ਦੀ ਭੂਮਿਕਾ ਸਿੱਖ ਅਮੈਰਿਕਨ ਕਾਂਗਰੈਸ਼ਨਲ ਕਾਕਸ ਦੇ ਬੁਲਾਰੇ ਸ. ਹਰਪ੍ਰੀਤ ਸਿੰਘ ਸੰਧੂ ਅਤੇ ਏ. ਜੀ. ਪੀ. ਸੀ. ਦੇ ਪ੍ਰਧਾਨ ਭਾਈ ਜਸਵੰਤ ਸਿੰਘ ਹੋਠੀ ਨੇ ਨਿਭਾਈ।

# ਅੰਗਰੇਜ਼ ਅਲੀ ਨੇ ਬੇਕਰਜ਼ਫੀਲਡ 'ਚ ਲਾਈ ਗੀਤਾਂ ਦੀ ਛਹਿਬਰ

**ਬੇਕਰਜ਼ਫੀਲਡ (ਬਿਊਰੋ):** ਪੰਜਾਬੀ ਗਾਇਕੀ ਦੀ ਆਬੋ ਹਵਾ 'ਚ ਸੁਰੀਲੀ ਸੁਰ ਵਜੋਂ ਜਾਂਦੇ ਗਾਇਕ ਅੰਗਰੇਜ਼ ਅਲੀ ਦੇ ਗੀਤਾਂ ਦੀ ਇਕ ਮਹਿਫਿਲ ਸੁਖਰਾਜ ਸਿੰਘ ਧਾਲੀਵਾਲ ਦੇ ਯਤਨਾਂ ਨਾਲ ਇੱਥੇ ਸੁੱਖੀ ਘੁੰਮਣ ਹੁਰਾਂ ਦੇ ਵਿਹੜੇ ਵਿਚ ਲਾਈ ਗਈ। ਪ੍ਰੋਗਰਾਮ ਸੁੱਖੀ ਘੁੰਮਣ ਦੀ ਬੇਟੀ ਦੇ ਗ੍ਰੈਜੂਏਟ ਹੋਣ ਦੀ ਖੁਸ਼ੀ ਨੂੰ ਸਮਰਪਿਤ ਕੀਤਾ ਗਿਆ ਸੀ। ਇਸ ਮੌਕੇ ਬੇਕਰਜ਼ਫੀਲਡ ਦੀਆਂ ਨਾਮੀ ਹਸਤੀਆਂ ਅਤੇ ਕਲਾ ਨੂੰ ਪਿਆਰ ਕਰਨ ਵਾਲੀਆਂ ਸ਼ਖਸੀਅਤਾਂ ਹਾਜ਼ਰ ਸਨ।

ਅੰਗਰੇਜ਼ੀ ਅਲੀ ਨੇ ਆਪਣੇ ਗੀਤ 'ਸਾਡੀ ਕਿੰਨੀ ਕੁ ਚੜ੍ਹਾਈ ਸਾਡੇ ਵੈਰੀਆਂ ਤੋਂ ਪੁੱਛ', 'ਧੋਖਾ ਨਾ ਦੇ ਜਾਈਂ ਕਿਤੇ ਕੱਲ੍ਹ ਨੂੰ ਯਾਰਾਂ ਨੂੰ' ਅਤੇ ਉਸ ਨੂੰ ਸੁਪਰ ਹਿੱਟ ਬਣਾਉਣ ਵਾਲੇ ਗੀਤ 'ਇਕ ਘਰ ਪੱਟਿਆ ਗਿਆ ਦੂਜਾ ਚੱਲੀਂ ਏ ਪੱਟਣ ਮੁਟਿਆਰੇ' ਦੀ ਪੇਸ਼ਕਾਰੀ ਨਾਲ ਮਹਿਫਿਲ ਨੂੰ ਸਿਖਰ 'ਤੇ ਪਹੁੰਚਾ ਦਿੱਤਾ।

ਇਸ ਮੌਕੇ ਬੋਲਦਿਆਂ ਸੁਖਰਾਜ ਧਾਲੀਵਾਲ ਨੇ ਕਿਹਾ ਕਿ ਉਹ ਅੰਗਰੇਜ਼ ਅਲੀ ਨੂੰ ਬਹੁਤ ਪਿਆਰ ਕਰਦੇ ਹਨ ਅਤੇ ਇਕ ਸੁਰੀਲੀ ਸੁਰ ਨੂੰ ਮਾਣ ਦੇਣ ਲਈ ਹੀ ਉਨ੍ਹਾਂ ਨੇ ਅੰਗਰੇਜ਼ ਅਲੀ ਨੂੰ ਵੈਨਕੂਵਰ ਤੋਂ ਇੱਥੇ ਬੁਲਾਇਆ ਹੈ। ਅੰਗਰੇਜ਼ ਅਲੀ ਨੇ ਪੰਜਾਬੀ ਸੱਭਿਅਚਾਰ ਦੇ ਰਾਜਦੂਤ ਕਰਕੇ ਜਾਣੇ ਜਾਂਦੇ ਜਸਦੇਵ ਸਿੰਘ ਜੱਸੋਵਾਲ ਨਾਲ ਆਪਣੀਆਂ ਯਾਦਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਇਸ ਮੌਕੇ ਨਾਜਰ ਸਿੰਘ ਕੂਨਰ, ਰਣਯੋਧ ਸਿੰਘ ਗਿੱਲ ਆਦਿ ਵੀ ਉਚੇਚੇ ਤੌਰ 'ਤੇ ਹਾਜ਼ਰ ਸਨ



*ਅੰਗਰੇਜ਼ ਅਲੀ ਗੀਤ ਪੇਸ਼ ਕਰਦੇ ਹੋਏ।*



*ਅੰਗਰੇਜ਼ ਅਲੀ ਸੁਖਰਾਜ ਸਿੰਘ ਧਾਲੀਵਾਲ ਤੇ ਆਪਣੇ ਪ੍ਰਸ਼ੰਸਕਾਂ ਨਾਲ*

# ਪੰਮੀ ਬਾਈ ਨਾਲ ਰੂ-ਬ-ਰੂ ਪ੍ਰੋਗਰਾਮ

**ਯੂਨੀਅਨ ਸਿਟੀ (ਬਿਊਰੋ):** ਪੰਜਾਬ ਲੋਕ ਰੰਗ ਵਲੋਂ ਇੱਥੇ ਰਾਜਾ ਸਵੀਟਸ ਵਿਖੇ ਪੰਜਾਬੀ ਲੋਕ ਨਾਚਾਂ ਦੇ ਬਿਹਤਰੀਨ ਪੇਸ਼ਕਾਰ ਰਹੇ ਅਜੋਕੇ ਗਾਇਕ ਪੰਮੀ ਬਾਈ ਨਾਲ ਡਿਨਰ ਮੌਕੇ ਰੂ-ਬ-ਰੂ ਕੀਤਾ ਗਿਆ। ਪੰਜਾਬ ਲੋਕ ਰੰਗ ਦੇ ਨਿਰਦੇਸ਼ਕ ਸੁਰਿੰਦਰ ਧਨੋਆ ਨੇ ਪੰਮੀ ਬਾਈ ਨੂੰ ਜੀ ਆਇਆਂ ਆਖਿਆ ਅਤੇ ਉਸ ਦੀਆਂ ਪੰਜਾਬ ਦੇ ਲੋਕ ਨਾਚਾਂ ਦੀ ਪੇਸ਼ਕਾਰੀ ਵਿਚ ਕੀਤੀਆਂ ਇਤਿਹਾਸਕ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਹ ਖੁਦ ਵੀ ਪੰਜਾਬ ਵਿਚ ਮਨੋਹਰ ਦੀਪਕ ਹੁਰਾਂ ਦੇ ਵੇਲੇ ਭੰਗੜੇ ਨਾਲ ਜੁੜੇ ਰਹੇ ਹਨ, ਪਰ ਪੰਮੀ ਬਾਈ ਨੇ ਗਾਇਕੀ 'ਚ ਪਰਵੇਸ਼ ਕਰਕੇ ਲੋਕ ਨਾਚਾਂ ਨੂੰ ਹੋਰ ਵੀ ਵੱਡਾ ਕੀਤਾ ਹੈ।





ਇਸ ਮੌਕੇ ਬਲਬੀਰ ਸਿੰਘ ਐਮ. ਏ., ਜਗਤਾਰ ਗਿੱਲ, ਐਸ. ਅਸ਼ੋਕ ਭੌਰਾ ਅਤੇ ਪਰਮਪਾਲ ਸਿੰਘ ਨੇ ਵੀ ਪੰਮੀ ਬਾਈ ਦੇ ਸਵਾਗਤ 'ਚ ਕੁਝ ਸ਼ਬਦ ਕਹੇ। ਪੰਮੀ ਬਾਈ ਨੇ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਮਾਣ ਹੈ ਕਿ ਉਹ ਲੋਕ ਨਾਚਾਂ ਨਾਲ ਜੁੜੇ ਰਹੇ ਹਨ ਤੇ 'ਛੀ ਛੀ' ਕਰਕੇ ਉਨ੍ਹਾਂ ਦੀ ਵਿਸ਼ਵ ਪੱਧਰੀ ਪਛਾਣ ਬਣ ਚੁਕੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਨਾਚਾਂ ਨੂੰ ਜਿਉਂਦਾ ਰੱਖਣਾ ਹੀ ਉਨ੍ਹਾਂ ਦਾ ਸੰਕਲਪ ਸੀ ਜਿਸ ਨੂੰ ਉਨ੍ਹਾਂ ਨਿਭਾਉਣ ਦੀ ਪੂਰੀ ਕੋਸ਼ਿਸ਼ ਵੀ ਕੀਤੀ ਹੈ। ਉਹ ਆਪਣੀ ਨਿਜੀ ਫੇਰੀ 'ਤੇ ਆਏ ਸਨ ਅਤੇ ਮਿੱਤਰਾਂ ਦੋਸਤਾਂ ਵਲੋਂ ਦਿਤੇ ਗਏ ਹੁੰਗਾਰੇ ਲਈ ਧੰਨਵਾਦੀ ਹਨ। ਪ੍ਰੋਗਰਾਮ ਵਿਚ ਜਸਵਿੰਦਰ ਧਨੋਆ, ਜੱਸੀ ਸਰਾਂ, ਸੇਵਾ ਸਿੰਘ ਸਰਾਂ, ਦਰਸ਼ਨ ਔਜਲਾ, ਪੰਜਾਬ ਲੋਕ ਰੰਗ ਦੇ ਰੂਹੇ ਰਵਾਂ ਪਾਲੀ ਧਨੋਲਾ, ਟਰਾਂਸਪੋਰਟਰ ਗੁਰਨਾਮ ਸਿੰਘ, ਸੋਨੀਆ ਚੇੜਾ, ਮਨਜੀਤ ਚੇੜਾ, ਜੱਸੀ ਸੱਗੀ, ਮੋਨਿਕਾ ਉਪਲ, ਜਸਪ੍ਰੀਤ ਬਾਗਲਾ, ਕਸ਼ਮੀਰ ਕੌਰ ਤੇ ਪੰਜਾਬ ਲੋਕ ਰੰਗ ਦੀ ਸਮੁੱਚੀ ਟੀਮ ਹਾਜ਼ਰ ਸੀ।

# ਸਾਬਣ ਤੇ ਟੂਥਪੇਸਟ ਦਿੰਦਾ ਹੈ ਕੈਂਸਰ ਨੂੰ ਸੱਦਾ

**ਵਾਸ਼ਿੰਗਟਨ:** ਸਾਬਣਾਂ ਤੇ ਟੂਥਪੇਸਟਾਂ ਵਿਚ ਪਾਇਆ ਜਾਂਦਾ ਟ੍ਰਾਇਕਲੋਸਾਨ ਨਾਂ ਦਾ ਤੱਤ ਅੰਤੜੀਆਂ ਵਿਚਲੇ ਬੈਕਟੀਰੀਆ ਨਾਲ ਛੇੜਛਾੜ ਕਰ ਕੇ ਵੱਡੀ ਅੰਤੜੀ (ਕੋਲੋਨ) ਦਾ ਕੈਂਸਰ ਪੈਦਾ ਕਰਦਾ ਹੈ। ਇਹ ਅਧਿਐਨ ਸਾਇੰਸ ਟ੍ਰਾਂਸਲੇਸ਼ਨਲ ਮੈਡੀਸਿਨ ਨਾਮੀ ਪੱਤ੍ਰਿਕਾ ਵਿਚ ਛਪਿਆ ਹੈ।

ਚੂਹਿਆਂ ਉਤੇ ਕੀਤੀ ਗਈ ਖੋਜ ਤੋਂ ਪਤਾ ਚੱਲਿਆ ਹੈ ਕਿ ਥੋੜ੍ਹੇ ਅਰਸੇ ਲਈ ਟ੍ਰਾਇਕਲੋਸਾਨ ਦੀ ਥੋੜ੍ਹੀ ਜਿਹੀ ਮਾਤਰਾ ਨਾਲ ਵੀ ਅੰਤੜੀ ਵਿਚ ਸੋਜ਼ਸ਼ ਪੈਦਾ ਹੋ ਜਾਂਦੀ ਹੈ ਤੇ ਅੱਗੇ ਚੱਲ ਕੇ ਕੋਲਾਈਟਿਸ ਦੀ ਬਿਮਾਰੀ ਸ਼ੁਰੂ ਹੋ ਜਾਂਦੀ ਹੈ ਤੇ ਕੋਲਾਈਟਿਸ ਨਾਲ ਸਬੰਧਤ ਅੰਤੜੀ ਕੈਂਸਰ ਹੋ ਜਾਂਦਾ ਹੈ। ਮੈਸਾਚੂਸੈਟਸ ਐਮਹਰਸਟ ਯੂਨੀਵਰਸਿਟੀ ਦੇ ਗੁਆਡੌਂਗ ਸ਼ੈਂਗ ਨੇ ਕਿਹਾ ਕਿ ਪਹਿਲੀ ਵਾਰ ਇਨ੍ਹਾਂ ਨਤੀਜਿਆਂ ਤੋਂ ਪਤਾ ਚੱਲਿਆ ਹੈ ਕਿ ਟ੍ਰਾਇਕਲੋਸਾਨ ਕਾਰਨ ਅੰਤੜੀਆਂ ਦੀ ਸਿਹਤਯਾਬੀ ਉਤੇ ਮਾੜਾ ਅਸਰ ਪੈਂਦਾ ਹੈ।

# ਮਾਲਵੇ ਦੀ ਬੇਟੀ ਬਣੀ ਮਿਸਾਲ

ਪੰਜਾਬ ਤੋਂ ਆਉਂਦੀਆਂ ਨਿਘਾਰ ਵਾਲੀਆਂ ਖਬਰਾਂ ਦੀ ਅਕਸਰ ਭਰਮਾਰ ਰਹਿੰਦੀ ਹੈ ਪਰ ਜਦੋਂ ਕਦੇ ਕੋਈ ਸੁਭਾਗੀ ਸੁਲੱਖਣੀ ਖਬਰ ਨਜ਼ਰੀਂ ਪੈਂਦੀ ਹੈ ਤਾਂ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਕਿਤੇ ਤਪਦੇ ਮਾਰੂਥਲ ਵਿਚ ਵਿਆਕੁਲ ਹੋਏ ਖੜ੍ਹਿਆਂ 'ਤੇ ਅਚਾਨਕ ਸਾਉਣ ਦੀ ਠੰਢੀ ਮਿੱਠੀ ਫੁਹਾਰ ਪੈ ਗਈ ਹੋਵੇ। ਬਿਲਕੁਲ ਇਵੇਂ ਹੀ ਜਾਪਿਆ ਜਦੋਂ ਬੀਤੇ ਦਿਨੀਂ ਸੀ.ਬੀ.ਐਸ.ਈ. ਨੇ ਦਸਵੀਂ ਜਮਾਤ ਦੇ ਨਤੀਜਿਆਂ ਦਾ ਐਲਾਨ ਕੀਤਾ। ਸੰਸਾਰ ਭਰ ਵਿਚ ਵਸਦੇ ਪੰਜਾਬੀਆਂ ਲਈ 'ਮਹਾਨ ਖੁਸ਼ਖਬਰੀ' ਬਣ ਕੇ ਆਈ ਇਹ ਖਬਰ ਪਲਾਂ 'ਚ ਸੋਸ਼ਲ ਮੀਡੀਆ

**ਤਰਲੋਚਨ ਸਿੰਘ ਦੁਪਾਲਪੁਰ**
**ਫੋਨ: 408-915-1268**

'ਤੇ ਛਾ ਗਈ ਕਿ ਪੰਜਾਬ ਦੇ ਮਾਲਵਾ ਇਲਾਕੇ ਦੀ ਹੋਣਹਾਰ ਬੱਚੀ ਪੰਜਾਬ ਵਿਚੋਂ ਹੀ ਨਹੀਂ ਸਗੋਂ ਦੇਸ਼ ਦੇ ਉਤਰੀ ਖਿੱਤੇ ਵਿਚੋਂ ਅੱਵਲ ਆਈ ਹੈ।

ਆਮ ਪੇਂਡੂ ਕਿਸਾਨ ਪਰਿਵਾਰ ਤੋਂ ਸੋਲਾਂ ਸਾਲ ਦੀ ਬਾਲੜੀ ਤਰਨਪ੍ਰੀਤ ਕੌਰ ਦੀ ਇਸ ਮਾਣਮੱਤੀ ਪ੍ਰਾਪਤੀ ਬਾਰੇ ਪੜ੍ਹ ਕੇ ਕੁਝ ਸਥਾਨਕ ਪੱਤਰਕਾਰਾਂ, ਦੋਸਤਾਂ ਦੀ ਮਦਦ ਨਾਲ ਉਸ ਦਾ ਸੰਪਰਕ ਨੰਬਰ ਲਿਆ। ਜ਼ਿਲ੍ਹਾ ਬਰਨਾਲਾ ਦੇ ਪਿੰਡ ਵਜੀਦ ਕੇ ਖੁਰਦ ਵਿਚ ਰਹਿੰਦੇ ਉਸ ਦੇ ਪਰਿਵਾਰ ਨਾਲ ਸੰਪਰਕ ਕੀਤਾ। ਉਸ ਦੇ ਦਾਦਾ ਜੀ, ਪਿਤਾ ਜੀ ਅਤੇ ਮਾਤਾ ਜੀ ਨੂੰ ਵਧਾਈਆਂ ਦੇਣ ਤੋਂ ਬਾਅਦ ਖੁਸ਼ੀ 'ਚ ਖੀਵੀ ਹੋ ਰਹੀ ਧੀ ਨਾਲ ਗੱਲਬਾਤ ਕੀਤੀ। ਸਿਰ 'ਤੇ ਕੇਸਕੀ ਸਜਾਉਂਦੀ ਇਸ ਹੋਣਹਾਰ ਧੀ ਰਾਣੀ ਨਾਲ ਹੋਈ ਗੱਲਬਾਤ ਦੀਆਂ ਕੁਝ ਸਤਰਾਂ:

ਇਹ ਪੁੱਛਣ 'ਤੇ ਕਿ ਆਪਣੀ ਇਸ ਗੌਰਵਮਈ ਪ੍ਰਾਪਤੀ ਦਾ ਸਿਹਰਾ ਸਭ ਤੋਂ ਪਹਿਲਾਂ ਕਿਸੇ ਨੂੰ ਦਿੰਦੇ ਹੋ?

ਤਰਨਪ੍ਰੀਤ ਕੌਰ ਨੇ ਹੰਢੇ-ਵਰਤੇ ਸਿਆਣਿਆਂ ਵਾਂਗ ਜਵਾਬ ਦਿੰਦਿਆਂ ਕਿਹਾ, "ਅੰਕਲ ਜੀ, ਇਹ ਸਭ ਸਤਿਗੁਰੂ ਵਾਹਿਗੁਰੂ ਦੀ ਕ੍ਰਿਪਾ ਸਦਕਾ ਹੋਇਆ, ਜਿਸ ਨੇ ਇਹ ਵੱਡੀ ਬਖਸ਼ਿਸ਼ ਝੋਲੀ ਪਾਉਣ ਲਈ ਮੈਨੂੰ ਨਿਮਾਣੀ ਨੂੰ ਚੁਣਿਆ। ਫਿਰ ਮੇਰੇ ਸਤਿਕਾਰਤ ਅਧਿਆਪਕ ਸਾਹਿਬਾਨ, ਮੇਰੇ ਮਾਂ-ਬਾਪ ਅਤੇ ਸਹੇਲੀਆਂ ਦਾ ਯੋਗਦਾਨ ਰਿਹਾ। ਮੇਰੀ ਮਿਹਨਤ ਅਤੇ ਇਨ੍ਹਾਂ ਸਾਰਿਆਂ ਦੀ ਬਦੌਲਤ ਮੈਨੂੰ ਇਹ ਸੁਭਾਗੀ ਪ੍ਰਾਪਤੀ ਨਸੀਬ ਹੋਈ। ਹਾਂ ਸੱਚ, ਮੇਰੇ ਚਾਚਾ ਜੀ ਸ. ਕਮਲਜੀਤ ਸਿੰਘ ਦੀ ਹੱਲਾਸ਼ੇਰੀ ਨੇ ਮੇਰਾ ਉਤਸ਼ਾਹ ਹਮੇਸ਼ਾ ਬਣਾਈ ਰੱਖਿਆ। ਆਪਣੇ ਪਿਆਰੇ ਚਾਚਾ ਜੀ ਦੀ ਮੈਂ ਬਹੁਤ ਜ਼ਿਆਦਾ ਰਿਣੀ ਹਾਂ।"

ਮੈਂ ਪੁੱਛਿਆ, ਤੁਸੀਂ ਕਦੇ ਸੋਚਿਆ ਸੀ ਕਿ ਪੰਜਾਬ ਵਿਚੋਂ ਟੌਪ ਕਰਾਂਗੀ?

ਜਵਾਬ ਸੀ, "ਸਿਰਫ ਪੰਜਾਬ ਵਿਚੋਂ ਹੀ ਨਹੀਂ ਸਰ", ਉਹ ਮੇਰੇ ਸਵਾਲ ਦੀ ਦਰੁਸਤੀ ਕਰਦਿਆਂ ਕਹਿਣ ਲੱਗੀ, "ਸੀ.ਬੀ.ਐਸ.ਈ. ਦਾ ਇਹ ਉਤਰੀ ਭਾਰਤ ਵਾਲਾ 'ਪੰਚਕੂਲਾ ਜ਼ੋਨ' ਹੈ ਜਿਸ ਵਿਚ ਪੰਜਾਬ, ਹਰਿਆਣਾ, ਹਿਮਾਚਲ, ਜੰਮੂ ਕਸ਼ਮੀਰ ਅਤੇ ਚੰਡੀਗੜ੍ਹ ਸ਼ਾਮਲ ਹਨ। ਮੈਂ ਇਸ



*ਬੱਲੇ ਬੱਲੇ ਕਰਾ 'ਤੀ ਮੇਰੀ ਧੀ ਨੇ...*

ਖੇਤਰ ਵਿਚੋਂ ਫਸਟ ਪੁਜ਼ੀਸ਼ਨ ਲਈ ਹੈ। ਉਂਜ ਦੇਸ਼ ਭਰ ਵਿਚੋਂ ਮੇਰਾ ਤੀਸਰਾ ਰੈਂਕ ਹੈ।... ਰਹੀ ਗੱਲ ਸੁਪਨਾ ਦੇਖਣ ਦੀ, ਮੈਂ ਆਪਣੇ ਮੰਮੀ ਜੀ ਨੂੰ ਕਦੇ ਕਦੇ ਸਵਾਲ ਜਿਹਾ ਕਰਦੀ ਹੁੰਦੀ ਸਾਂ ਕਿ ਮੈਂ ਕਦੇ ਪੰਜਾਬ ਵਿਚੋਂ ਫਸਟ ਆ ਸਕਦੀ ਹਾਂ ਭਲਾ? ਉਨ੍ਹਾਂ ਹੱਸਦਿਆਂ ਆਖਣਾ, 'ਤੂੰ ਜ਼ਿਲ੍ਹੇ ਵਿਚੋਂ ਹੀ ਫਸਟ ਆ ਜੀਂ।' ਪਰ ਸੱਚ ਦੱਸਾਂ, ਪੰਜਾਬ ਵਿਚੋਂ ਟੌਪ ਆਉਣ ਦਾ ਟੀਚਾ ਕਾਗਜ਼ 'ਤੇ ਲਿਖ ਕੇ ਮੈਂ ਗੁਪਤ ਰੱਖਿਆ ਹੋਇਆ ਸੀ। ਸੁਬ੍ਹਾ ਸਵੇਰੇ ਨਿਤਨੇਮ ਉਪਰੰਤ ਅਰਦਾਸ ਕਰਨ ਵੇਲੇ ਨਾਲੇ ਮੈਂ ਸਤਿਗੁਰੂ ਪਾਸੋਂ ਸਮਰੱਥਾ ਦੀ ਯਾਚਨਾ ਕਰਿਆ ਕਰਦੀ ਸਾਂ ਅਤੇ ਨਾਲੇ ਉਸ ਲਿਖੇ ਹੋਏ ਟੀਚੇ ਵਾਲੇ ਪੇਪਰ ਨੂੰ ਗੌਰ ਨਾਲ ਦੇਖਦੀ ਹੁੰਦੀ ਸਾਂ।"

ਬਰਾਡਵੇਅ ਪਬਲਿਕ ਸਕੂਲ ਪਿੰਡ ਮਨਾਲ ਦੀ ਵਿਦਿਆਰਥਣ ਵਜੋਂ 500 ਵਿਚੋਂ 497 ਨੰਬਰ ਲੈ ਕੇ ਇਤਿਹਾਸ ਸਿਰਜਣ ਵਾਲੀ ਤਰਨਪ੍ਰੀਤ ਕੌਰ ਨੂੰ ਜਦ ਮੈਂ ਟਿਊਸ਼ਨ ਬਾਰੇ ਪੁੱਛਿਆ ਤਾਂ ਉਸ ਨੇ ਬੜੇ ਮੋਹ ਸਤਿਕਾਰ ਨਾਲ ਆਪਣੇ ਸਕੂਲ ਦੇ ਅਧਿਆਪਕਾਂ ਦੇ ਨਾਂ ਲੈ ਲੈ ਕੇ ਦਸਿਆ ਕਿ ਸਾਡੇ ਅਧਿਆਪਕ ਸਾਨੂੰ ਮਿਹਨਤ ਹੀ ਐਨੀ ਕਰਾਉਂਦੇ ਸਨ ਕਿ ਟਿਊਸ਼ਨ ਦੀ ਲੋੜ ਹੀ ਮਹਿਸੂਸ ਨਹੀਂ ਹੋਈ ਕਦੇ।

ਜਕਦਿਆਂ ਜਕਦਿਆਂ ਕੀਤੇ ਮੇਰੇ ਇਕ ਸਵਾਲ ਦੇ ਜਵਾਬ ਵਿਚ ਉਸ ਨੇ ਸਪਸ਼ਟ ਜਵਾਬ ਦਿਤਾ, "ਅੰਕਲ ਜੀ, ਮੈਂ ਫੇਸਬੁੱਕ 'ਤੇ ਨਹੀਂ ਹਾਂ। ਵਟਸਐਪ 'ਤੇ ਵੀ ਮੇਰਾ ਸੀਮਤ ਜਿਹਾ ਦਾਇਰਾ ਹੈ। ਬਸ ਐਜੂਕੇਸ਼ਨ ਜਾਂ ਧਾਰਮਿਕ ਸਮੱਗਰੀ ਦਾ ਹੀ ਆਦਾਨ-ਪ੍ਰਦਾਨ ਕਰਦੀ ਹਾਂ, ਉਹ ਵੀ ਨਾਂ-ਮਾਤਰ ਹੀ ਕਿਉਂਕਿ ਮੇਰੇ ਕੋਲ ਟਾਇਮ ਹੀ ਨਹੀਂ ਹੁੰਦਾ ਫੋਨ 'ਤੇ ਠੂੰਗੇ ਮਾਰਨ ਦਾ। ਪੜ੍ਹਾਈ ਤੋਂ ਇਲਾਵਾ ਸਵੇਰੇ-ਸ਼ਾਮ ਨਿਤਨੇਮ ਦੇ ਨਾਲ ਨਾਲ ਸਹਿਜ ਪਾਠ ਵੀ ਅਰੰਭ ਰਖਦੀ ਹਾਂ।"

ਪੰਜਵੀਂ 'ਚ ਪੜ੍ਹਦਿਆਂ ਆਪਣੇ ਚਾਚੀ-ਚਾਚੇ ਨਾਲ ਅੰਮ੍ਰਿਤਪਾਨ ਕਰ ਲੈਣ ਵਾਲੀ ਇਸ ਬੀਬੀ ਧੀ ਅਤੇ ਇਸ ਦੀ ਮੰਮੀ ਦੇ ਸਿਰਾਂ 'ਤੇ ਸਜੀਆਂ ਕੇਸਕੀਆਂ ਵਾਲੀ ਅਖਬਾਰੀ ਫੋਟੋ ਤੋਂ ਲਾਏ ਅੰਦਾਜ਼ੇ ਮੁਤਾਬਕ ਮੈਂ ਤਰਨਪ੍ਰੀਤ ਕੌਰ ਦੀ ਮੰਮੀ ਨੂੰ ਪੁੱਛਿਆ ਕਿ ਤੁਸੀਂ ਟਕਸਾਲ ਜਾਂ ਅਖੰਡ ਕੀਰਤਨੀ ਜਥੇ ਨਾਲ ਸਬੰਧਤ ਹੋ?

"ਨਾ ਜੀ ਨਾ, ਵੀਰ ਜੀ।" ਦੋ ਟੁੱਕ ਜਵਾਬ ਦਿੰਦਿਆਂ ਉਹ ਬੋਲੇ ਕਿ ਨਾ ਅਸੀਂ ਕਿਸੇ ਜਥੇਬੰਦੀ ਅਤੇ ਨਾਲ ਹੀ ਕਿਸੇ ਸੰਤ ਬਾਬੇ ਦੇ ਸਿੱਖ ਹਾਂ। ਸਾਨੂੰ ਤਾਂ ਭਾਈ ਪੰਥਪ੍ਰੀਤ ਸਿੰਘ ਦੇ ਪ੍ਰਚਾਰ ਨੇ ਗੁਰਮਤਿ ਦੇ ਰਾਹ ਪਾਇਆ ਹੈ। ਉਨ੍ਹਾਂ ਦੇ ਦੀਵਾਨ ਸੁਣ ਕੇ ਕਰਮ-ਕਾਂਡ ਤੇ ਭਰਮ-ਭੁਲੇਖੇ ਸਭ ਦੂਰ ਹੋ ਜਾਂਦੇ ਐ।

ਫਿਰ ਫੋਨ ਫੜ੍ਹ ਲਿਆ ਤਰਨਪ੍ਰੀਤ ਕੌਰ ਦੇ ਡੈਡੀ ਅਤੇ ਮੇਰੇ ਸਿਰਨਾਂਵੀਏ ਤਰਲੋਚਨ ਸਿੰਘ ਨੇ। ਉਨ੍ਹਾਂ ਆਪਣੀ ਧੀ ਰਾਣੀ ਦੀ ਸਿਫਤ ਕਰਦਿਆਂ ਥੋੜ੍ਹਾ ਆਪਣੇ ਪਿਛੋਕੜ ਬਾਰੇ ਵੀ ਦੱਸਿਆ, "ਸਾਥੋਂ ਤਾਂ ਜੀ ਕਦੇ ਘੌਲ ਹੋ ਜਾਂਦੀ ਐ, ਪਰ ਤਰਨਪ੍ਰੀਤ ਕੌਰ ਗੁਰਮਤਿ 'ਤੇ ਡਟ ਕੇ ਪਹਿਰਾ ਦਿੰਦੀ ਹੈ। ਅਸੀਂ ਤਾਂ ਜੀ ਆਪਣੇ ਖੇਤਾਂ ਵਿਚ ਬਣੀ ਮੜ੍ਹੀ ਨੂੰ ਹੀ ਪੂਜਦੇ ਹੁੰਦੇ ਸੀ। ਸਭ ਤੋਂ ਪਹਿਲਾਂ ਮੇਰੇ ਭਰਾ-ਭਰਜਾਈ ਤੇ ਤਰਨਪ੍ਰੀਤ ਨੇ ਭਾਈ ਪੰਥਪ੍ਰੀਤ ਸਿੰਘ ਦੇ ਦੀਵਾਨਾਂ ਵਿਚ ਹਾਜ਼ਰੀਆਂ ਭਰਨੀਆਂ ਸ਼ੁਰੂ ਕੀਤੀਆਂ। ਇਹ ਤਿੰਨੇ ਜਣੇ ਪਹਿਲਾਂ ਅੰਮ੍ਰਿਤਪਾਨ ਕਰ ਆਏ, ਅਸੀਂ ਬਾਅਦ ਵਿਚ ਗੁਰੂ ਵਾਲੇ ਬਣੇ।

ਗੱਲਾਂਬਾਤਾਂ ਕਰਦਿਆਂ ਸ਼ਾਮ ਪੈ ਰਹੀ ਸੀ, ਇਸ ਕਰ ਕੇ ਤਰਨਪ੍ਰੀਤ ਨੇ ਮੈਥੋਂ ਛੁੱਟੀ ਲੈਂਦਿਆਂ ਪੁੱਛਿਆ ਕਿ ਸਰ, ਕੋਈ ਹੋਰ ਸਵਾਲ ਹੈ ਤਾਂ ਪੁੱਛ ਲਉ, ਰਹਿਰਾਸ ਦਾ ਟਾਈਮ ਹੋ ਚੱਲਿਆ ਹੈ। ਮੈਨੂੰ ਸਵਾਲ ਅਹੁੜਿਆ ਤੇ ਪੁੱਛਿਆ, ਅੱਜ ਪੰਜਾਬ



ਦਾ ਹਰ ਲੜਕਾ ਤੇ ਲੜਕੀ ਵਿਦੇਸ਼ ਜਾਣ ਦਾ ਨਿਸ਼ਾਨਾ ਮਿਥੀ ਬੈਠੇ ਹਨ, ਤੁਹਾਡਾ ਕੀ ਵਿਚਾਰ ਹੈ?

ਉਸ ਦਾ ਜਵਾਬ ਸੁਣ ਕੇ ਮੈਂ ਦੰਗ ਰਹਿ ਗਿਆ, "ਦੇਖੋ ਸਰ, ਮੇਰਾ ਆਈ.ਏ.ਐਸ. ਵੱਲ ਜਾਣ ਦਾ ਮਨ ਹੈ। ਬਾਈਚਾਂਸ ਜੇ ਮੈਨੂੰ ਕਿਸੇ ਸਟੱਡੀ ਲਈ ਵਿਦੇਸ਼ ਜਾਣਾ ਵੀ ਪਿਆ ਤਾਂ ਸਟੱਡੀ ਮੁਕਾ ਕੇ ਮੈਂ ਪੰਜਾਬ ਪਰਤ ਆਵਾਂਗੀ। ਆਪਣੇ ਘਰ ਦੀ ਗੰਦਗੀ ਅਸੀਂ ਸਾਫ ਨਾ ਕਰੀਏ, ਪਰ ਗੁਆਂਢੀਆਂ ਦੀ ਸਫਾਈ ਦੇਖ ਦੇਖ ਹੁੱਭੀ ਜਾਈਏ... ਸੱਤ ਬਿਗਾਨਿਆਂ ਦੀਆਂ ਸਿਫਤਾਂ ਕਰਦੇ ਉਨ੍ਹਾਂ ਵੱਲ ਭੱਜੇ ਜਾਣਾ ਕਿਧਰਲੀ ਸਿਆਣਪ ਹੋਈ? ਨਾਲੇ ਅੰਕਲ ਜੀ, ਮੈਂ ਜ਼ਿੰਦਗੀ ਵਿਚ ਜੋ ਮਰਜ਼ੀ ਬਣਾਂ, ਵਾਹਿਗੁਰੂ ਮੈਨੂੰ ਬਲ ਬੁੱਧੀ ਬਖਸ਼ੇ। ਮੈਂ ਭਾਈ ਪੰਥਪ੍ਰੀਤ ਸਿੰਘ ਹੁਰਾਂ ਵਲੋਂ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਮਿਸ਼ਨ ਵਿਚ ਸਰਗਰਮ ਰੋਲ ਅਦਾ ਕਰਨਾ ਹੈ।"

ਅਖੀਰ ਵਿਚ ਉਸ ਨੇ ਫਿਰ ਆਪਣੇ ਅਧਿਆਪਕਾਂ ਅਤੇ ਸਕੂਲ ਮੈਨੇਜਮੈਂਟ ਦਾ ਤਹਿ ਦਿਲੋਂ ਧੰਨਵਾਦ ਲਿਖਣ ਦੀ ਤਾਕੀਦ ਕਰ ਕੇ ਮੈਨੂੰ ਫਤਿਹ ਬੁਲਾ ਦਿੱਤੀ।

ਪਰਿਵਾਰ ਤੋਂ ਇਹ ਸੁਣ ਕੇ ਹੈਰਾਨੀ ਤੇ ਦੁੱਖ ਹੋਇਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ 'ਟਵੀਟ' ਰਾਹੀਂ ਇਸ ਬੱਚੀ ਨੂੰ ਵਧਾਈ ਸੰਦੇਸ਼ ਦਿੱਤੇ ਜਾਣ ਦੇ ਬਾਵਜੂਦ ਜ਼ਿਲ੍ਹਾ ਪ੍ਰਸ਼ਾਸਨ ਦਾ ਕੋਈ ਅਧਿਕਾਰੀ ਇਨ੍ਹਾਂ ਦੇ ਘਰ ਨਹੀਂ ਪਹੁੰਚਿਆ। ਸਥਾਨਕ ਪੱਤਰਕਾਰ ਜੀਵਨ ਸ਼ਰਮਾ ਰਾਮਗੜ੍ਹ ਨੇ ਇਸ ਘੋਰ ਅਣਗਹਿਲੀ ਬਾਰੇ ਕਈ ਅਖਬਾਰਾਂ ਵਿਚ ਖਬਰਾਂ ਵੀ ਪ੍ਰਕਾਸ਼ਿਤ ਕਰਵਾਈਆਂ। ਸਾਬੋ ਕੀ ਤਲਵੰਡੀ ਵਾਲੇ ਜਥੇਦਾਰ ਭਾਈ ਹਰਪ੍ਰੀਤ ਸਿੰਘ ਨੇ ਵਧਾਈ ਸੰਦੇਸ਼ ਭੇਜਿਆ ਪਰ ਅੰਮ੍ਰਿਤਧਾਰੀ ਵਿਦਿਆਰਥੀਆਂ ਦੀ ਪੜ੍ਹਾਈ ਦਾ ਸਾਰਾ ਖਰਚ ਕਰਨ ਦੇ ਐਲਾਨ ਕਰਨ ਵਾਲੀ ਸ਼੍ਰੋਮਣੀ ਕਮੇਟੀ ਦਾ ਕੋਈ ਅਧਿਕਾਰੀ ਇਥੇ ਨਹੀਂ ਪਹੁੰਚਿਆ। ਹਾਂ, ਭਾਈ ਹਰਜੀਤ ਸਿੰਘ ਢਪਾਲੀ, ਭਾਈ ਹਰਜਿੰਦਰ ਸਿੰਘ ਮਾਝੀ, ਭਾਈ ਹਰਵਿੰਦਰ ਸਿੰਘ ਅਤੇ ਬੀਬੀ ਗਗਨਦੀਪ ਕੌਰ ਪ੍ਰਚਾਰਕ, ਤਰਨਪ੍ਰੀਤ ਕੌਰ ਦਾ ਸਨਮਾਨ ਕਰ ਕੇ ਗਏ। ਹਮੀਦੀ ਅਤੇ ਮਾਂਗੇਵਾਲ ਦੀਆਂ ਸਤਿਕਾਰ ਕਮੇਟੀਆਂ ਵੀ ਸ਼ਾਬਾਸ਼ ਦੇ ਗਈਆਂ। ਰੱਬ ਕਰੇ, ਤਰਨਪ੍ਰੀਤ ਕੌਰ ਹੋਰ ਬੁਲੰਦੀਆਂ ਛੂਹੇ।

# ਗਰੇਵਾਲ ਪਰਿਵਾਰ ਦੇ ਬੱਚਿਆਂ ਨੇ ਇਤਿਹਾਸ ਸਿਰਜਿਆ

**ਮਿਲਵਾਕੀ, ਵਿਸਕਾਨਸਿਨ (ਬਿਊਰੋ):** ਇਥੋਂ ਦੇ ਰਿਵਰਸਾਈਡ ਹਾਈ ਸਕੂਲ ਵਿਚ ਪੜ੍ਹਦੇ ਗਰੇਵਾਲ ਪਰਿਵਾਰ ਦੇ ਬੱਚਿਆਂ ਨੇ ਨਾ ਸਿਰਫ ਆਪਣੇ ਮਾਪਿਆਂ ਦਾ ਨਾਂ ਹੀ ਉਚਾ ਕੀਤਾ ਸਗੋਂ ਇਕ ਇਤਿਹਾਸ ਸਿਰਜ ਕੇ ਸਿੱਖ ਭਾਈਚਾਰੇ ਦਾ ਨਾਂ ਵੀ ਰੌਸ਼ਨ ਕੀਤਾ ਹੈ। ਗਰੇਵਾਲ ਪਰਿਵਾਰ ਦੇ ਇਹ ਚਾਰੋ ਬੱਚੇ ਰਿਵਰਸਾਈਡ ਹਾਈ ਸਕੂਲ ਦੀਆਂ ਆਪੋ ਆਪਣੀਆਂ ਕਲਾਸਾਂ ਵਿਚ ਅੱਵਲ ਰਹੇ ਅਤੇ ਵਿਦਾਇਗੀ ਭਾਸ਼ਣ ਦਿੱਤੇ।

ਦਰਸ਼ਨ ਸਿੰਘ ਗਰੇਵਾਲ ਅਤੇ ਪੈਮ ਗਰੇਵਾਲ ਦੇ ਇਨ੍ਹਾਂ ਚਾਰਾਂ ਬੱਚਿਆਂ ਵਿਚੋਂ ਸਭ ਤੋਂ ਪਹਿਲਾਂ ਮਾਅਰਕਾ ਉਨ੍ਹਾਂ ਦੀ ਧੀ ਰੂਪੀ ਨੇ 2011 ਵਿਚ ਮਾਰਿਆ। ਇਸ ਤੋਂ ਬਾਅਦ ਦੂਜੀ ਧੀ ਰਾਜ ਨੇ 2014 ਵਿਚ, ਪੁੱਤਰ ਗੁਰਤੇਜ ਨੇ 2017 ਵਿਚ ਅਤੇ ਹੁਣ ਇਸ ਸਾਲ ਸਿਰਤਾਜ ਨੇ ਅੱਵਲ ਰਹਿ ਕੇ ਸਕੂਲ ਦੀ ਪੜ੍ਹਾਈ ਮੁਕੰਮਲ ਕੀਤੀ ਹੈ। ਚਾਰ ਸਾਲਾਂ ਦੌਰਾਨ ਇਨ੍ਹਾਂ ਬੱਚਿਆਂ ਦੇ ਰਿਪੋਰਟ ਕਾਰਡਾਂ ਉਤੇ 'ਏ' ਗਰੇਡ ਹੀ ਲਿਖਿਆ ਜਾਂਦਾ ਰਿਹਾ ਹੈ। ਇਸ ਬਾਰੇ ਸ. ਦਰਸ਼ਨ ਸਿੰਘ ਗਰੇਵਾਲ ਜੋ ਰਿਵਰਸਾਈਡ ਸਕੂਲ ਵਿਚ ਪਿਛਲੇ 20 ਸਾਲ ਤੋਂ ਮੈਥ ਪੜ੍ਹਾ ਰਹੇ ਹਨ, ਦਾ ਕਹਿਣਾ ਹੈ ਕਿ ਬੱਚਿਆਂ ਨੂੰ 'ਬੀ' ਗਰੇਡ ਬਾਰੇ ਤਾਂ ਸੋਚਣ ਹੀ ਨਹੀਂ ਦਿੱਤਾ ਗਿਆ। ਮੈਂ ਸਾਫ ਕਹਿੰਦਾ ਹੁੰਦਾ ਹਾਂ ਕਿ 'ਏ' ਗਰੇਡ ਹਾਸਲ ਕਰਨ ਤੋਂ ਤੁਹਾਨੂੰ ਕੌਣ ਰੋਕ ਸਕਦਾ ਹੈ? ਬੱਚਿਆਂ ਨੇ ਵੀ ਹਰ ਵਾਰ ਆਪਣੇ ਮਾਪਿਆਂ ਦਾ ਮਾਣ ਰੱਖਿਆ।

ਹੁਣੇ ਹੁਣੇ ਸਕੂਲ ਦੀ ਪੜ੍ਹਾਈ ਮੁਕੰਮਲ ਕਰਨ ਵਾਲੇ 17 ਵਰ੍ਹਿਆਂ ਦੇ ਸਿਰਤਾਜ ਨਾਲ ਸਮਾਗਮ ਤੋਂ ਪਹਿਲਾਂ ਗੱਲ ਹੋਈ ਤਾਂ ਉਹ ਨਰਵਸ ਬਿਲਕੁਲ ਨਹੀਂ ਸੀ, ਸਗੋਂ ਸਵੈ-ਭਰੋਸੇ ਨਾਲ ਭਰਿਆ ਪਿਆ ਸੀ। ਉਸ ਤੋਂ ਪਹਿਲਾਂ ਉਸ ਦੇ ਭੈਣ-ਭਰਾ ਵੀ ਇਸੇ ਤਰ੍ਹਾਂ ਸਟੇਜ 'ਤੇ ਜਾਂਦੇ ਰਹੇ ਹਨ। ਰੂਪੀ ਅਤੇ ਰਾਜ ਨੂੰ ਤਾਂ ਹੁਣ ਕੁਝ ਯਾਦ ਨਹੀਂ ਕਿ ਉਨ੍ਹਾਂ ਆਪਣੇ ਭਾਸ਼ਣ ਵਿਚ ਕੀ ਕੁਝ ਕਿਹਾ ਸੀ ਪਰ ਗੁਰਤੇਜ ਨੂੰ ਯਾਦ ਹੈ ਕਿ ਉਸ ਨੇ ਆਪਣੇ ਭਾਸ਼ਣ ਵਿਚ ਜੇਮਜ਼ ਬਾਂਡ ਦਾ ਹਵਾਲਾ ਦਿੱਤਾ ਸੀ, ਜਿਸ ਬਾਰੇ ਜ਼ਿਕਰ ਸਭ ਤੋਂ ਪਹਿਲਾਂ ਇਕ ਮਸ਼ਹੂਰ ਰਚਨਾ 'ਉਲੀਸਿਸ' ਵਿਚ ਆਇਆ ਹੈ: "ਘਾਲਣਾ, ਹੰਭਲਾ ਤੇ ਖੋਜ।"

ਮਿਲਵਾਕੀ ਪਬਲਿਕ ਸਕੂਲ ਦੇ ਮੀਡੀਆ ਮੈਨੇਜਰ ਐਂਡੀ ਨੈਲਸਨ ਦਾ ਕਹਿਣਾ ਸੀ ਕਿ ਉਸ ਨੂੰ ਜਾਣਕਾਰੀ ਨਹੀਂ ਕਿ ਕਿਸੇ ਇਕ ਸਥਾਨਕ ਪਰਿਵਾਰ ਦੇ ਬੱਚਿਆਂ ਨੇ ਇੰਨੇ ਜ਼ਿਆਦਾ ਟਾਪਰ ਵਿਦਿਆਰਥੀ ਪੈਦਾ ਕੀਤੇ ਹੋਣ।

ਯਾਦ ਰਹੇ, ਦਰਸ਼ਨ ਸਿੰਘ ਗਰੇਵਾਲ ਅਤੇ ਪੈਮ ਗਰੇਵਾਲ ਦਾ ਵਿਆਹ ਭਾਰਤ ਵਿਚ ਹੋਇਆ ਸੀ ਅਤੇ ਉਹ 1992 ਵਿਚ ਅਮਰੀਕਾ ਆਏ ਸਨ। ਉਨ੍ਹਾਂ ਦੇ ਇਹ ਬੱਚੇ ਅਮਰੀਕਾ ਵਿਚ ਹੀ ਜੰਮੇ-ਪਲੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਆਪਣੇ ਬੱਚਿਆਂ ਦੀ ਪੜ੍ਹਾਈ, ਉਨ੍ਹਾਂ ਦੇ ਹੋਮਵਰਕ ਅਤੇ ਆਉਣ ਵਾਲੇ ਇਮਤਿਹਾਨਾਂ ਵੱਲ ਉਚੇਚਾ ਧਿਆਨ ਦਿੰਦੇ ਰਹੇ ਹਨ। ਅਧਿਆਪਕ ਹੋਣ ਕਰ ਕੇ ਉਨ੍ਹਾਂ ਨੂੰ ਬੱਚਿਆਂ ਦੀ ਪੜ੍ਹਾਈ ਵਿਚ ਮਾਪਿਆਂ ਦੇ ਯੋਗਦਾਨ ਦੇ ਮਹੱਤਵ ਦਾ ਪਤਾ ਹੈ। ਇਹ ਬੱਚੇ ਟੀ. ਵੀ. ਦੇਖਣ ਤੇ ਸੋਸ਼ਲ ਮੀਡੀਆ ਉਤੇ ਆਪਣਾ



ਬਹੁਤਾ ਵਕਤ ਬਰਬਾਦ ਨਹੀਂ ਕਰਦੇ। ਇਹ ਸਾਰੇ ਆਪੋ-ਆਪਣੀ ਜ਼ਿੰਮੇਵਾਰੀ ਸਮਝਦੇ ਹਨ, ਅਸੀਂ ਇਨ੍ਹਾਂ ਨੂੰ ਲਗਾਤਾਰ ਹੱਲਾਸ਼ੇਰੀ ਦਿੰਦੇ ਹਾਂ।

ਇਹ ਬੱਚੇ ਪੜ੍ਹਾਈ ਵਿਚ ਅੱਗੇ ਹੋਣ ਦੇ ਨਾਲ-ਨਾਲ ਖੇਡਾਂ, ਕਮਿਊਨਿਟੀ ਸਰਵਿਸ ਅਤੇ ਹੋਰ ਸਰਗਰਮੀਆਂ ਵਿਚ ਵੀ ਲੱਗੇ ਰਹਿੰਦੇ ਸਨ। ਸਿਰਤਾਜ ਸਟੂਡੈਂਟ ਕੌਂਸਲ ਅਤੇ ਨੈਸ਼ਨਲ ਆਨਰ ਸੁਸਾਇਟੀ ਦਾ ਮੀਤ ਪ੍ਰਧਾਨ ਰਿਹਾ ਹੈ। ਹੁਣ ਸਿਰਤਾਜ ਯੂਨੀਵਰਸਿਟੀ ਆਫ ਵਿਸਕਾਨਸਿਨ, ਮੈਡੀਸਨ ਵਿਚ ਇੰਜੀਨੀਅਰਿੰਗ ਜਾਂ ਮਨੋਵਿਗਿਆਨ ਦੀ ਪੜ੍ਹਾਈ ਸ਼ੁਰੂ ਕਰੇਗਾ। 18 ਵਰ੍ਹਿਆਂ ਦਾ ਗੁਰਤੇਜ ਇਸੇ ਯੂਨੀਵਰਸਿਟੀ ਵਿਚ ਲਾਅ ਕਰਾਸ ਵਿਖੇ ਪੜ੍ਹ ਰਿਹਾ ਹੈ। ਇਸੇ ਤਰ੍ਹਾਂ 21 ਵਰ੍ਹਿਆਂ ਦੀ ਰਾਜ ਨੇ ਹੁਣੇ-ਹੁਣੇ ਉਥੋਂ ਹੀ ਪੜ੍ਹਾਈ ਮੁਕੰਮਲ ਕੀਤੀ ਹੈ ਅਤੇ 24 ਵਰ੍ਹਿਆਂ ਦੀ ਰੂਪੀ ਜਿਸ ਨੇ 2014 ਵਿਚ ਯੂਨੀਵਰਸਿਟੀ ਆਫ ਵਿਸਕਾਨਸਿਨ, ਮੈਡੀਸਨ ਤੋਂ ਗਰੈਜੂਏਸ਼ਨ ਕੀਤੀ, ਵਿਸਕਾਨਸਿਨ ਦੇ ਮੈਡੀਕਲ ਕਾਲਜ ਵਿਚ ਪੜ੍ਹ ਰਹੀ ਹੈ ਅਤੇ ਛੇਤੀ ਹੀ ਉਸ ਨੇ ਡਾਕਟਰ ਬਣ ਜਾਣਾ ਹੈ।

ਦਰਸ਼ਨ ਸਿੰਘ ਗਰੇਵਾਲ ਅਤੇ ਪੈਮ ਗਰੇਵਾਲ ਦਾ ਕਹਿਣਾ ਹੈ ਕਿ ਉਹ ਜੇਮਸ ਫੈਨੀਮੋਰ ਕੂਪਰ ਸਕੂਲ ਦੇ ਵੀ ਧੰਨਵਾਦੀ ਹਨ ਜਿਥੇ ਇਨ੍ਹਾਂ ਬੱਚਿਆਂ ਨੇ ਕੇ-8 ਗਰੇਡ ਤਕ ਪੜ੍ਹਾਈ ਕੀਤੀ ਅਤੇ ਹਾਈ ਸਕੂਲ ਵਿਚ ਪੜ੍ਹਨ ਲਈ ਉਨ੍ਹਾਂ ਦੀਆਂ ਨੀਂਹਾਂ ਬੱਝੀਆਂ।

## ਮਰਹੂਮ ਹਜ਼ੂਰੀ ਰਾਗੀ ਦੀ ਧੀ ਨੂੰ ਨੌਕਰੀ

**ਸ੍ਰੀ ਆਨੰਦਪੁਰ ਸਾਹਿਬ:** ਬੀਤੇ ਦਿਨੀਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਕੀਰਤਨ ਕਰਦੇ ਸਮੇਂ ਅਕਾਲ ਚਲਾਣਾ ਕਰ ਗਏ ਹਜ਼ੂਰੀ ਰਾਗੀ ਅਮਰਜੀਤ ਸਿੰਘ ਝਾਂਸੀ ਦੇ ਪਰਿਵਾਰ ਨਾਲ ਕੀਤੇ ਗਏ ਵਾਅਦੇ ਤਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਦੀ ਧੀ ਸਿਮਰਨਜੀਤ ਕੌਰ ਨੂੰ ਸ਼੍ਰੋਮਣੀ ਕਮੇਟੀ ਵਿਚ ਪੱਕੇ ਤੌਰ 'ਤੇ ਨੌਕਰੀ ਦੇ ਦਿੱਤੀ ਗਈ ਹੈ।

ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ ਮਰਹੂਮ ਅਮਰਜੀਤ ਸਿੰਘ ਝਾਂਸੀ ਦੇ ਚਲਾਣੇ ਤੋਂ ਮਗਰੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਦਿੱਤੇ ਭਰੋਸੇ ਅਨੁਸਾਰ ਝਾਂਸੀ ਦੀ ਬੇਟੀ ਸਿਮਰਨਜੀਤ ਕੌਰ ਨੂੰ ਬਤੌਰ ਸੰਗੀਤ ਅਧਿਆਪਕਾ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਆਨੰਦਪੁਰ ਸਾਹਿਬ ਵਿਖੇ ਤਾਇਨਾਤ ਕਰਦੇ ਹੋਏ ਨਿਯੁਕਤੀ ਪੱਤਰ ਦੇ ਦਿੱਤਾ ਗਿਆ ਹੈ।

## ਹੈਲੀ-ਟੈਕਸੀ ਸੇਵਾ ਨਾਲ 20 ਮਿੰਟ ਦਾ ਹੋਇਆ ਚੰਡੀਗੜ੍ਹ-ਸ਼ਿਮਲਾ ਦਾ ਸਫਰ

**ਸ਼ਿਮਲਾ:** ਹੈਲੀ-ਟੈਕਸੀ ਸੇਵਾ ਸ਼ੁਰੂ ਹੋ ਜਾਣ ਨਾਲ ਹਿਮਾਚਲ ਪ੍ਰਦੇਸ਼ ਤੇ ਚੰਡੀਗੜ੍ਹ ਦਰਮਿਆਨ ਸਫਰ ਦਾ ਸਮਾਂ ਘਟ ਕੇ ਮਹਿਜ਼ 20 ਮਿੰਟ ਰਹਿ ਗਿਆ ਹੈ। ਰਾਜ ਸਰਕਾਰ ਨੇ ਹੈਲੀਕਾਪਟਰ ਸਰਵਿਸ ਅਪਰੇਟਰ ਪਵਨ ਹੰਸ ਲਿਮਟਿਡ ਨਾਲ ਮਿਲ ਕੇ ਚੰਡੀਗੜ੍ਹ-ਸ਼ਿਮਲਾ ਰੂਟ ਉਤੇ ਹੈਲੀ-ਟੈਕਸੀ ਸੇਵਾ ਸ਼ੁਰੂ ਕੀਤੀ ਹੈ। ਹੈਲੀ-ਟੈਕਸੀ ਵਿਚ ਹਰ ਵਾਰ 19 ਮੁਸਾਫਰ ਸਵਾਰ ਹੋ ਸਕਣਗੇ ਤੇ ਪ੍ਰਤੀ ਸਵਾਰੀ ਘੱਟੋ ਘੱਟ ਕਿਰਾਇਆ 2999 ਰੁਪਏ ਹੋਵੇਗਾ। ਸ਼ੁਰੂ ਵਿਚ ਹਫਤੇ ਵਿਚ ਦੋ ਦਿਨ ਸੋਮਵਾਰ ਤੇ ਸ਼ੁਕਰਵਾਰ ਨੂੰ ਹੈਲੀ ਟੈਕਸੀ ਚੱਲੇਗੀ। ਪਵਨ ਹੰਸ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਸ਼ਿਮਲਾ ਦੇ ਜੁਬਰਹੱਟੀ ਹਵਾਈ ਅੱਡੇ ਤੋਂ ਸਵੇਰੇ 8 ਵਜੇ ਉਡਾਣ ਭਰੀ ਜਾਵੇਗੀ ਤੇ ਸਵੇਰੇ 8.20 ਵਜੇ ਚੰਡੀਗੜ੍ਹ ਕੌਮਾਂਤਰੀ ਹਵਾਈ ਅੱਡੇ ਉਤੇ ਉਤਰੇਗੀ।

ਚੰਡੀਗੜ੍ਹ ਤੋਂ ਸ਼ਿਮਲਾ ਲਈ ਸਵੇਰੇ 9 ਵਜੇ ਉਡਾਣ ਭਰੀ ਜਾਵੇਗੀ ਤੇ ਸਵੇਰੇ 9.20 ਵਜੇ ਸ਼ਿਮਲਾ ਹਵਾਈ ਅੱਡੇ ਉਤੇ ਉਤਰੇਗੀ। ਮੁਸਾਫਰਾਂ ਦਾ ਹੁੰਗਾਰਾ ਦੇਖ ਕੇ ਹੈਲੀ ਟੈਕਸੀ ਦੇ ਗੇੜੇ ਵਧਾਏ ਜਾਣਗੇ। ਮੁੱਖ ਮੰਤਰੀ ਜੈ ਰਾਮ ਠਾਕੁਰ ਨੇ ਸ਼ਿਮਲਾ ਤੋਂ ਇਸ ਪਹਿਲੀ ਸੇਵਾ ਨੂੰ ਝੰਡੀ ਦਿਖਾ ਕੇ ਰਵਾਨਾ ਕੀਤਾ। ਇਕ ਅਧਿਕਾਰੀ ਨੇ ਦੱਸਿਆ ਕਿ ਸਰਕਾਰ ਚੰਡੀਗੜ੍ਹ ਤੇ ਮਨਾਲੀ ਵਿਚਕਾਰ ਅਤੇ ਮਨਾਲੀ ਤੋਂ ਰੋਹਤਾਂਗ ਦੱਰੇ ਤੱਕ ਸ਼ੌਰਟੀ ਸੇਵਾ ਵੀ ਸ਼ੁਰੂ ਕਰਨ ਦੀ ਯੋਜਨਾ ਬਣਾਈ ਹੈ।

# ਸ਼ੇਰੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦਾ ਮੇਲਾ 2 ਸਤੰਬਰ ਨੂੰ



**ਸ਼ਿਕਾਗੋ (ਬਿਊਰੋ):** ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਸ਼ਿਕਾਗੋ ਦਾ ਖੇਡ ਅਤੇ ਸਭਿਆਚਾਰਕ ਮੇਲਾ ਇਸ ਵਾਰ 2 ਸਤੰਬਰ 2018, ਐਤਵਾਰ ਨੂੰ ਪਿਛਲੇ ਸਾਲਾਂ ਵਾਂਗ ਹੀ ਇਥੋਂ ਦੀ ਸਬਰਬ ਐਲਕ ਗਰੂਵ ਵਿਲੇਜ ਦੇ ਬਸੀ ਵੁਡ ਫਾਰੈਸਟ ਪ੍ਰਿਜ਼ਰਵ (ਸਾਊਥ) ਵਿਖੇ ਹੋਵੇਗਾ। ਮੇਲੇ ਵਿਚ ਜਿਥੇ ਕਬੱਡੀ ਅਤੇ ਵਾਲੀਬਾਲ ਦੇ ਮੁਕਾਬਲੇ ਹੋਣਗੇ, ਉਥੇ ਗੀਤ-ਸੰਗੀਤ ਦਾ ਅਖਾੜਾ ਵੀ ਲੱਗੇਗਾ।

ਮੇਲੇ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਕਲੱਬ ਦੇ ਅਹੁਦੇਦਾਰਾਂ ਦੀ ਪਿਛਲੇ ਦਿਨੀਂ ਇਥੇ ਇਕ ਮੀਟਿੰਗ ਪ੍ਰਧਾਨ ਦਰਸ਼ਨ ਸਿੰਘ ਪੰਮਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਮੇਲੇ ਨੂੰ ਯਾਦਗਾਰੀ ਬਣਾਉਣ ਲਈ ਵੱਖ ਵੱਖ ਪੱਖਾਂ 'ਤੇ ਵਿਚਾਰ ਕੀਤੀ ਗਈ। ਹੋਰ ਜਾਣਕਾਰੀ ਪ੍ਰਧਾਨ ਦਰਸ਼ਨ ਸਿੰਘ ਪੰਮਾ ਫੋਨ: 847-561-7101 ਜਾਂ ਮੀਤ ਪ੍ਰਧਾਨ ਜਿੰਦਰ ਬੈਣੀਪਾਲ ਫੋਨ: 773-895-2041 ਪਾਸੋਂ ਲਈ ਜਾ ਸਕਦੀ ਹੈ।

# ਜਸਵੰਤ ਜ਼ਫਰ ਨਾਲ ਵਿਪਸਾ ਦੀ ਸਾਹਿਤਕ ਸ਼ਾਮ

**ਨਿਊਵਾਰਕ, ਕੈਲੀਫੋਰਨੀਆ (ਬਿਊਰੋ):** ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਵਿਪਸਾ) ਵਲੋਂ ਲੰਘੇ ਸ਼ੁਕਰਵਾਰ ਰਾਜਾ ਸਵੀਟਸ ਵਿਖੇ ਇਕ ਸਾਹਿਤਕ ਇਕੱਤਰਤਾ ਕੀਤੀ ਗਈ, ਜਿਸ ਵਿਚ ਪੰਜਾਬ ਤੋਂ ਆਏ ਪ੍ਰਸਿੱਧ ਸਾਹਿਤਕਾਰ ਜਸਵੰਤ ਜ਼ਫਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।

ਵਿਪਸਾ ਦੇ ਉਪ ਪ੍ਰਧਾਨ ਸੁਰਿੰਦਰ ਸੀਰਤ ਨੇ ਸ. ਜ਼ਫਰ ਅਤੇ ਆਏ ਸਾਹਿਤਕਾਰਾਂ ਤੇ ਮਹਿਮਾਨਾਂ ਨੂੰ ਜੀ ਆਇਆਂ ਕਿਹਾ।



ਇਸ ਮੌਕੇ ਬੋਲਦਿਆਂ ਸ. ਜ਼ਫਰ ਨੇ ਅਜੋਕੇ ਭਾਰਤ ਵਿਚਲੇ ਸਾਹਿਤਕ, ਸਿਆਸੀ ਅਤੇ ਸਮੂਹਿਕ ਵਰਤਾਰੇ ਪ੍ਰਤੀ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਆਮ ਆਦਮੀ ਨੂੰ ਸਿਆਸੀ ਤੇ ਧਾਰਮਕ ਸੱਤਾ ਅਤੇ ਮੀਡੀਆ ਵਲੋਂ ਗੁਮਰਾਹ ਕੀਤਾ ਜਾ ਰਿਹਾ ਹੈ ਅਤੇ ਜਿਸ ਨੇ ਉਨ੍ਹਾਂ ਨੂੰ ਨਿੱਕੀਆਂ ਨਿੱਕੀਆਂ ਖੁਸ਼ੀਆਂ ਤੀਕ ਹੀ ਸੀਮਤ ਕਰ ਦਿੱਤਾ ਹੈ। ਉਨ੍ਹਾਂ ਕਿਹਾ, ਪਰ ਜਿਵੇਂ ਕਿ ਹਰ ਹਨੇਰੇ ਦੌਰ ਵਿਚ ਹੁੰਦਾ ਹੈ, ਜਾਗਰੂਕਤਾ ਦੇ ਜੁਗਨੂੰ ਵੀ ਰਾਹ ਦਸੇਰੇ ਹੋ ਨਿਬੜਦੇ ਹਨ ਅਤੇ ਹੋ ਰਹੇ ਹਨ।

ਇਸ ਮੌਕੇ ਬੀਬੀ ਸਰਬਜੀਤ ਕੌਰ ਚੀਮਾ ਨੇ ਸ. ਜ਼ਫਰ ਦੇ ਵਿਚਾਰਾਂ ਨਾਲ ਸਹਿਮਤੀ ਪ੍ਰਗਟਾਉਂਦਿਆਂ ਵਿਰਸਾ ਸੰਭਾਲ ਸੂਝ ਦੀ ਪ੍ਰੋੜਤਾ ਕੀਤੀ। ਉਨ੍ਹਾਂ ਦੱਸਿਆ ਕਿ ਸਾਲ 2005 ਤੋਂ ਯੂਨੀਅਨ ਸਿਟੀ ਡਿਸਟ੍ਰਿਕਟ ਵਿਚ ਪੰਜਾਬੀ ਭਾਸ਼ਾ ਦਾ ਕੋਰਸ ਅਰੰਭ ਕਰਵਾਇਆ ਗਿਆ ਹੈ।

ਕਵਿਤਾ ਸੈਸ਼ਨ ਵਿਚ ਸਭ ਤੋਂ ਪਹਿਲਾਂ ਹਜ਼ੂਰਾ ਸਿੰਘ ਨੇ ਇਕ ਗਜ਼ਲ ਦਾ ਗਾਇਨ ਕਰ ਕੇ ਹਾਜ਼ਰੀਨ ਦੀ ਦਾਦ ਖੱਟੀ। ਜੋਤੀ ਸਿੰਘ ਨੇ ਅਧਿਆਤਮਕ ਪਰਿਪੇਖ ਵਿਚ ਰਚੀ ਇਕ ਕਵਿਤਾ ਸੁਰ ਵਿਚ ਪੇਸ਼ ਕੀਤੀ। ਸ਼ਾਇਰ ਗਗਨਦੀਪ ਨੇ ਵੀ ਆਪਣੀ ਸ਼ਾਇਰੀ ਪੇਸ਼ ਕੀਤੀ। ਆਜ਼ਾਦ ਖਿਆਲੀ ਅਤੇ ਜਾਗਰੂਕਤਾ ਦੀਆਂ ਮਿਸਾਲਾਂ ਉਸ ਦੀ ਸ਼ਾਇਰੀ 'ਚੋਂ ਡੁਲ੍ਹ ਡੁਲ੍ਹ ਪੈ ਰਹੀਆਂ ਸਨ। ਖਵਾਜਾ ਅਸ਼ਰਫ ਦੀ ਉਰਦੂ ਗਜ਼ਲ ਨੇ ਵੀ ਨਿਵੇਕਲਾ ਰੰਗ ਬਿਖੇਰਿਆ। ਗਜ਼ਲ ਦਾ ਮਤਲਾ ਸੀ:


ਤੂ ਖੁਦਾ ਹੈ, ਤੋ ਇਲਾਜ-ਏ-ਗਮ-ਏ-ਦੌਰਾਂ ਕਰ ਦੇ
ਅਪਨੇ ਬੰਦੋਂ ਪੈ, ਸ਼ਬ-ਏ-ਅਰੂਜ਼ ਤੋ ਆਸਾਂ ਕਰ ਦੇ।

ਹਰਭਜਨ ਢਿੱਲੋਂ ਨੇ ਬਾਦਸਤੂਰ 'ਅਜੇ ਵੀ ਹਨੇਰਾ ਚਿਰਾਗਾਂ ਦੇ ਥੱਲੇ' ਦਾ ਦਰਦ ਭਰੇ ਲਹਿਜੇ 'ਚ ਗਾਇਨ ਕੀਤਾ। ਸੁਰਿੰਦਰ ਸੀਰਤ ਨੇ ਇਕ ਗਜ਼ਲ ਪੇਸ਼ ਕੀਤੀ। ਤਾਰਾ ਸਾਗਰ ਨੇ ਦੋ ਕਵਿਤਾਵਾਂ ਦਾ ਪਾਠ ਕੀਤਾ। ਉਪਰੰਤ ਸ਼ਮ੍ਹਾਂ ਬੈਠਕ ਦੇ ਮੁੱਖ ਮਹਿਮਾਨ ਜਸਵੰਤ ਜ਼ਫਰ ਅੱਗੇ ਰੱਖੀ ਗਈ। ਸ. ਜ਼ਫਰ ਨੇ ਕੁਝ ਕਵਿਤਾਵਾਂ ਸਰੋਤਿਆਂ ਦੀ ਨਜ਼ਰ ਕੀਤੀਆਂ, ਜਿਨ੍ਹਾਂ ਵਿਚੋਂ 'ਭਾਈ ਘਨ੍ਹਈਆ' ਵਿਸ਼ੇਸ਼ ਰਹੀ। ਉਨ੍ਹਾਂ ਦਾ ਇਕ ਸ਼ਿਅਰ ਸੀ, 'ਕੱਢਣ ਵਾਲੇ ਕੱਢ ਲੈਂਦੇ ਨੇ, ਪੱਥਰਾਂ 'ਚੋਂ ਆਵਾਜ਼।' ਉਨ੍ਹਾਂ ਦੋ ਗਜ਼ਲਾਂ ਵੀ ਸੁਣਾਈਆਂ। ਮੰਚ ਸੰਚਾਲਨ ਜਗਜੀਤ ਨੌਸ਼ਹਿਰਵੀ ਨੇ ਬਾਖੂਬੀ ਕੀਤਾ।

ਮਹਿਫਿਲ 'ਚ ਹੋਰਨਾਂ ਤੋਂ ਇਲਾਵਾ ਗੁਲਸ਼ਨ ਦਿਆਲ, ਸੁਖਪਾਲ ਸੰਘੇੜਾ, ਬੀਬੀ ਬਲਵੀਰ ਕੌਰ ਜ਼ਫਰ, ਪ੍ਰੀਤਮ ਸਿੰਘ, ਪਰਦੀਪ ਕੌਰ, ਨਵਜੋਤ ਸਿੰਘ, ਰਾਜਿੰਦਰ ਸਿੰਘ, ਬਲਜੀਤ ਰੰਧਾਵਾ, ਕੀਰਤ ਕੌਰ ਪੰਧੇਰ, ਪ੍ਰੋ. ਬਲਜਿੰਦਰ ਸਿੰਘ, ਬਲਜਿੰਦਰ ਸਿੰਘ, ਸਤਿੰਦਰਜੀਤ ਕੌਰ, ਸੂਰਤ ਸ਼ੇਰਗਿੱਲ ਅਤੇ ਲਖਵਿੰਦਰ ਸ਼ੇਰਗਿੱਲ ਹਾਜ਼ਰ ਸਨ।

# ਰਾਠੇਸ਼ਵਰ ਸੂਰਾਪੁਰੀ ਦਾ ਕਾਵਿ ਸੰਗ੍ਰਿਹ 'ਦਿਲੀ ਵਲਵਲਿਆਂ ਦੀ ਦਾਸਤਾਂ' ਲੋਕ ਅਰਪਿਤ

**ਸੈਕਰਾਮੈਂਟੋ (ਬਿਊਰੋ):** ਪਰਵਾਸੀ ਲੇਖਕ ਤੇ ਸ਼ਾਇਰ ਰਾਠੇਸ਼ਵਰ ਸਿੰਘ ਸੂਰਾਪੁਰੀ ਦਾ ਕਾਵਿ ਸੰਗ੍ਰਿਹ 'ਦਿਲੀ ਵਲਵਲਿਆਂ ਦੀ



ਦਾਸਤਾਂ' ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਸੈਕਰਾਮੈਂਟੋ/ਯੂਬਾ ਸਿਟੀ ਇਕਾਈ ਦੀ ਇਥੇ ਮਾਊਨਟੇਨ ਮਾਈਕ ਪੀਜ਼ਾ ਵਿਚ ਹੋਈ ਮੀਟਿੰਗ ਦੌਰਾਨ ਲੋਕ ਅਰਪਿਤ ਕੀਤਾ ਗਿਆ। ਸ. ਸੂਰਾਪੁਰੀ ਦੀ ਇਹ ਤੀਜੀ ਪੁਸਤਕ ਹੈ।

ਇਸ ਮੌਕੇ ਸਾਹਿਤ ਸਭਾ ਦੇ ਮੈਂਬਰਾਂ ਨੇ ਇਸ ਕਾਵਿ ਸੰਗ੍ਰਿਹ 'ਤੇ ਚਰਚਾ ਕਰਦਿਆਂ ਸ. ਸੂਰਾਪੁਰੀ ਨੂੰ ਵਧਾਈ ਦਿੱਤੀ। ਹਾਜ਼ਰ ਸਾਹਿਤਕਾਰਾਂ ਨੇ ਪੁਸਤਕ ਵਿਚੋਂ ਕਵਿਤਾਵਾਂ ਵੀ ਪੜ੍ਹੀਆਂ। ਉਪਰੰਤ ਹਰਬੰਸ ਸਿੰਘ ਜਗਿਆਸੂ, ਰਾਠੇਸ਼ਵਰ ਸਿੰਘ ਸੂਰਾਪੁਰੀ, ਜਸਵੰਤ ਜੱਸੀ ਸ਼ੀਮਾਰ, ਜੀਵਨ ਰੱਤੂ, ਬਿੱਕਰ ਕੰਮੇਆਣਾ, ਜਤਿੰਦਰ ਢਿੱਲੋਂ, ਫਕੀਰ ਸਿੰਘ ਮੱਲ੍ਹੀ, ਦਿਆਲ ਰਾਮ ਸਰਪੰਚ ਤੇ ਅਜੈਬ ਸਿੰਘ ਚੀਮਾ ਨੇ ਆਪੋ-ਆਪਣੀਆਂ ਰਚਨਾਵਾਂ ਪੜ੍ਹੀਆਂ।

To Advertise with Punjab Times
Call: 847-359-0746

Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।

*We Accept Personal Injury (PI) Cases*





*Contact:*
Dr. Baljit Jammu
*Doctor of Chiropractic*
Ph: 510-940-8236
40000 Fremont Blvd., Suite H
Fremont, CA 94538

LOW PRICE AUTO GLASS
3459 Sunrise Blvd, Rancho Cordova Ca 95742



916.635.9296
NEW & USED
- WINDSHIELD
- BACK GLASS
- DOOR GLASS
- CHIPS REPAIR

WINDSHIELD $99 & UP
DOORGLASS $70 & UP
$10 OFF WITH A SERVICE OF $100 & MORE
$20 OFF WITH A SERVICE OF $200 & MORE

Drivers Wanted

For Ngl Out Of Clinton Township, Michigan
Pays 50c Single, 55c Team
Empty Loaded. from Calefornia to hook & drop in Joplin, MO or Des Monies, IA. Hook & Drop In Michigan & Joplin, MO or Des Monis, IA. Weakly Home.
Minimum 2 Years Experience Required. Automatic Trucks

Call, Ajay Parmar Ph: 440-334-7318 Or
Prince Parmar Ph:425-362-4592

Nataraj Gold Lines DBA NGL
44543 N Gratiot, Clinton Twp, MI 48038 Fax: 216-763-0496


# ਰਾਸ਼ਟਰਵਾਦ ਬਾਰੇ ਸਵਾਲਾਂ ਦੀ ਝੜੀ

## ਨਾਟਕ 'ਰਾਸ਼ਟਰਵਾਦ ਕਾ ਮਹਾਂਭੋਜ' ਉਠਾ ਰਿਹਾ ਹੈ ਸਵਾਲ

ਦੇਸ਼ ਭਗਤੀ, ਰਾਸ਼ਟਰਵਾਦ, ਮਨੁੱਖਤਾ ਅਤੇ ਪਰਿਵਾਰ ਕੀ ਹੈ? ਅਜਿਹੇ ਕਈ ਕਿਸਮ ਦੇ ਸਵਾਲ ਲੈ ਕੇ 'ਅਲੰਕਾਰ ਥੀਏਟਰ' ਦਾ ਨਵਾਂ ਹਿੰਦੀ ਨਾਟਕ 'ਰਾਸ਼ਟਰਵਾਦ ਕਾ ਮਹਾਂਭੋਜ' ਥਾਂ ਪੁਰ ਥਾਂ ਖੇਡਿਆ ਜਾ ਰਿਹਾ ਹੈ। ਇਹ ਅਸਲ ਵਿਚ ਮਸ਼ਹੂਰ ਹਿੰਦੀ ਲੇਖਿਕਾ ਮਨੂੰ ਭੰਡਾਰੀ ਦੇ ਨਾਵਲ 'ਮਹਾਂਭੋਜ' ਨੂੰ ਆਧਾਰ ਬਣਾ ਕੇ ਤਿਆਰ ਕੀਤਾ ਗਿਆ ਹੈ। ਇਸ ਨਾਟਕ ਦੀ ਤਿਆਰੀ ਲਈ ਇਸ ਦੇ ਨੌਜਵਾਨ ਨਿਰਦੇਸ਼ਕ ਨਿਖਿਲ ਮੋਦੀ ਨੇ ਰਾਸ਼ਟਰਵਾਦ ਬਾਰੇ ਬਹੁਤ ਡੂੰਘੀ ਛਾਣ-ਬੀਣ ਕੀਤੀ ਅਤੇ ਭਾਰਤ ਵਿਚ ਰਾਸ਼ਟਰਵਾਦ ਦੇ ਸੰਕਲਪ, ਇਤਿਹਾਸ ਅਤੇ ਚੜ੍ਹਤ ਬਾਰੇ ਆਪਣੀਆਂ ਕੁਝ ਧਾਰਨਾਵਾਂ ਇਸ ਨਾਟਕ ਵਿਚ ਲਿਆਂਦੀਆਂ ਹਨ। ਇਸ ਵਿਚ ਸੰਸਾਰ ਭਰ ਵਿਚ ਵੱਖ-ਵੱਖ ਮੌਕਿਆਂ 'ਤੇ ਰਾਸ਼ਟਰਵਾਦ ਵਿਚ ਆਉਂਦੀਆਂ ਰਹੀਆਂ ਤਬਦੀਲੀਆਂ ਬਾਰੇ ਵੀ ਗੱਲ ਕੀਤੀ ਗਈ ਹੈ।

ਇਹ ਨਾਟਕ ਦੋ ਸਿਆਸੀ ਪਾਰਟੀਆਂ ਦੇ ਮੁਖੀਆਂ ਵਿਚਕਾਰ ਚੱਲ ਰਹੀ ਲੜਾਈ ਨੂੰ ਰੂਪਮਾਨ ਕਰਦਾ ਹੈ। ਇਹ ਲੜਾਈ ਭਾਵੇਂ ਖਾਮੋਸ਼ ਰੂਪ ਵਿਚ ਚਲਦੀ ਹੈ ਪਰ ਇਸ ਦਾ ਆਮ ਜਨਤਾ 'ਤੇ ਬਹੁਤ ਜ਼ਿਆਦਾ ਅਸਰ ਪੈਂਦਾ ਹੈ। ਭ੍ਰਿਸ਼ਟਾਚਾਰ ਇਸ ਲੜਾਈ ਦਾ ਅਹਿਮ ਸਰੋਕਾਰ ਹੈ। ਇਸ ਨਾਟਕ ਦਾ ਕਥਾਨਕ ਉਤਰ ਪ੍ਰਦੇਸ਼ ਦਾ ਇਕ ਪਿੰਡ ਹੈ ਜਿਥੇ ਇਕ ਨੌਜਵਾਨ ਇਨਕਲਾਬੀ ਬਿਸੂ ਰਹਿੰਦਾ ਹੈ। ਇਸ ਨੌਜਵਾਨ ਦਾ ਕਤਲ ਹੋ ਜਾਂਦਾ ਹੈ ਅਤੇ ਉਸ ਦੇ ਮਿੱਤਰ ਬਿੰਦਾ ਨੂੰ ਲੱਗਦਾ ਹੈ ਕਿ ਬਿਸੂ ਨੂੰ ਪਿੰਡ ਵਿਚ ਹੋਏ ਕਤਲੇਆਮ ਬਾਰੇ ਜਾਣਕਾਰੀ ਸੀ ਅਤੇ ਉਹ ਇਸ ਬਾਰੇ ਗੱਲ ਕਰਨ ਲਈ ਦਿੱਲੀ ਜਾ ਰਿਹਾ ਸੀ, ਇਸੇ ਦੌਰਾਨ ਉਸ ਦਾ ਕਤਲ ਕਰ ਦਿੱਤਾ ਗਿਆ।

ਇਹ ਨਾਟਕ ਨਿਖਿਲ ਮੋਦੀ ਦਾ ਬਤੌਰ ਨਿਰਦੇਸ਼ਕ ਪਹਿਲਾ ਨਾਟਕ ਹੈ। ਉਹ ਅਸਲ ਵਿਚ ਅਲੰਕਾਰ ਗਰੁੱਪ ਨਾਲ ਕਈ ਸਾਲਾਂ ਤੋਂ ਅਦਾਕਾਰ ਵਜੋਂ ਕੰਮ ਕਰ ਰਿਹਾ ਹੈ। ਇਸ ਗਰੁੱਪ ਦੇ ਨਿਰਦੇਸ਼ਕ ਚਕਰੇਸ਼ ਕੁਮਾਰ ਹਨ। ਉਂਜ 'ਰਾਸ਼ਟਰਵਾਦ ਕਾ ਮਹਾਂਭੋਜ' ਨਾਟਕ ਨਾਲ ਦੋਹਾਂ ਦਾ ਰੋਲ ਬਦਲ ਗਿਆ ਹੈ। ਚਕਰੇਸ਼ ਕੁਮਾਰ ਨੇ ਇਸ ਨਾਟਕ ਵਿਚ ਮੁੱਖ ਅਦਾਕਾਰ ਦਾ ਰੋਲ ਅਦਾ ਕੀਤਾ ਹੈ ਅਤੇ ਨਿਖਿਲ ਮੋਦੀ ਨੇ ਨਿਰਦੇਸ਼ਕ ਵਜੋਂ ਕਮਾਨ ਸੰਭਾਲੀ ਹੈ। ਨਿਖਿਲ ਮੋਦੀ ਦੱਸਦਾ ਹੈ ਕਿ ਇਹ ਨਾਟਕ ਮੁੱਖ ਰੂਪ ਵਿਚ ਫਿਰਕੂ ਸਿਆਸਤ, ਮੀਡੀਆ ਅਤੇ ਸੱਚੀ-ਸੁੱਚੀ ਸਿਆਸਤ ਬਾਰੇ ਕੁਝ ਸਵਾਲ ਲੈ ਕੇ ਆਇਆ ਹੈ। ਮਨੁੱਖਤਾ ਇਸ ਨਾਟਕ ਦੀ ਮੁੱਖ ਚੂਲ ਅਤੇ ਕੇਂਦਰੀ ਵਿਚਾਰ ਹੈ। ਸਮਾਜ, ਭਾਈਚਾਰਾ, ਰਾਸ਼ਟਰ ਤੇ ਰਾਸ਼ਟਰਵਾਦ ਅਤੇ ਇਸ ਨਾਲ ਜੁੜੇ ਹੋਰ ਮਸਲਿਆਂ ਦੀਆਂ ਘੁੰਡੀਆਂ ਇਸ ਨਾਟਕ ਵਿਚ ਖੋਲ੍ਹੀਆਂ ਗਈਆਂ ਹਨ। ਨਿਖਿਲ ਮੋਦੀ ਨੇ ਬੀ.ਟੈੱਕ ਕੀਤੀ ਹੋਈ ਪਰ ਉਹ ਥੀਏਟਰ ਦੇ ਆਪਣੇ ਸ਼ੌਕ ਕਰ ਕੇ ਇਸ ਪਾਸੇ ਆ ਗਿਆ। ਉਹ ਦੱਸਦਾ ਹੈ ਕਿ ਅੱਜ ਕੱਲ੍ਹ ਰਾਸ਼ਟਰਵਾਦ ਨੂੰ ਹੋਰ ਢੰਗ ਨਾਲ ਪੇਸ਼ ਕਤਿਾ ਜਾ ਰਿਹਾ ਹੈ, ਜਾਂ ਕਹੋ ਕਿ ਲੋਕਾਂ ਉੱਤੇ ਥੋਪਿਆ ਜਾ ਰਿਹਾ ਹੈ। ਇਸ ਨਾਲ ਮਨੁੱਖਤਾ ਅਤੇ ਸਮਾਜ, ਦੋਹਾਂ ਦਾ ਘਾਣ ਹੋ ਰਿਹਾ ਹੈ। ਸਮਾਜ ਅੰਦਰ ਜਿਸ ਤਰ੍ਹਾਂ ਦੀ ਲੜਾਈ ਛੇੜ ਦਿੱਤੀ ਗਈ ਹੈ, ਉਹ ਅਗਲੀਆਂ ਪੀੜ੍ਹੀਆਂ ਨੂੰ




*ਮਨੂੰ ਭੰਡਾਰੀ ਦੇ ਨਾਵਲ 'ਮਹਾਂਭੋਜ' ਦਾ ਮੁਖੜਾ।*

ਤਬਾਹੀ ਵਾਲੇ ਰਾਹ ਉਤੇ ਤੋਰ ਦੇਵੇਗੀ। ਇਸ ਸੂਰਤ ਵਿਚ ਕਲਾਕਾਰਾਂ ਦਾ ਮੁੱਖ ਕਾਰਜ ਇਹ ਬਣਦਾ ਹੈ ਕਿ ਉਹ ਲੋਕਾਂ ਨੂੰ ਇਸ ਸਿਆਸਤ ਬਾਰੇ ਦੱਸੇ, ਕਿਉਂਕਿ ਸਿਆਸਤਦਾਨ ਤੇ ਉਨ੍ਹਾਂ ਦੇ ਪਿਆਦੇ, ਲੋਕਾਂ ਨੂੰ ਗੁੰਮਰਾਹ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡ ਰਹੇ ਹਨ।

ਇਸ ਨਾਟਕ ਵਿਚ ਤਿੰਨ ਕਹਾਣੀਆਂ ਨਾਲੋਂ ਨਾਲ ਚਲਦੀਆਂ ਹਨ। ਇਸ ਵਿਚ ਸ਼ਲੋਕਾਂ ਅਤੇ ਵੱਖ-ਵੱਖ ਗਾਇਕਾਂ ਦੇ ਭਜਨਾਂ ਲਈ ਵੀ ਥਾਂ



*ਨਿਖਿਲ ਮੋਦੀ*


ਬਣਾਈ ਗਈ ਹੈ। ਨਾਟਕ ਦਾ ਸੰਗੀਤ ਅਵੀਰ ਭਾਵ ਅਤੇ ਸਚਿਨ ਭੱਟ ਨੇ ਤਿਆਰ ਕੀਤਾ ਹੈ। ਇਸ ਬਾਰੇ ਅਲੰਕਾਰ ਗਰੁੱਪ ਦੇ ਮੁਖੀ ਚਕਰੇਸ਼ ਕੁਮਾਰ ਕਹਿੰਦੇ ਹਨ ਕਿ ਇਸ ਨਾਟਕ ਦਾ ਥੀਮ ਬਹੁਤ ਔਖਾ ਤੇ ਗੁੰਝਲਦਾਰ ਹੈ, ਇਸ ਲਈ ਸੰਗੀਤ ਦਾ ਸਹਾਰਾ ਲਿਆ ਗਿਆ ਹੈ। ਨਾਟਕ ਵਿਚ ਕੋਈ ਸਿੱਧੀ ਲੜੀ ਨਹੀਂ ਚਲਦੀ ਬਲਕਿ ਛੋਟੀਆਂ-ਛੋਟੀਆਂ ਲੜੀਆਂ ਜੁੜ ਕੇ ਇਹ ਨਾਟਕ ਬਣਿਆ ਹੈ। ਇਸ ਵਿਚ ਦਰਸਾਇਆ ਗਿਆ ਹੈ ਕਿ ਸਾਡੇ ਆਲੇ-ਦੁਆਲੇ ਦਾ ਮਾਹੌਲ ਕਿਸ ਤਰ੍ਹਾਂ ਬਣ-ਵਿਗਸ ਰਿਹਾ ਹੈ ਅਤੇ ਲੋਕਾਂ ਉਤੇ ਕਿਸ ਢੰਗ ਨਾਲ ਮਾਰੂ ਅਸਰ ਪਾ ਰਿਹਾ ਹੈ।

ਯਾਦ ਰਹੇ ਕਿ ਪਿਛਲੇ ਕੁਝ ਸਾਲਾਂ ਦੌਰਾਨ ਇਸ ਗਰੁੱਪ ਨੇ ਵੱਖ-ਵੱਖ ਸਮਾਜਿਕ ਮੁੱਦਿਆਂ 'ਤੇ ਲੋਕਾਂ ਨੂੰ ਜਾਗਰੂਕ ਕਰਨ ਲਈ ਆਪਣੇ ਨਾਟਕ ਪੇਸ਼ ਕੀਤੇ ਹਨ। ਚਕਰੇਸ਼ ਕੁਮਾਰ ਦਾ ਦਾਅਵਾ ਹੈ ਕਿ ਉਨ੍ਹਾਂ ਦੇ ਹੋਰ ਨਾਟਕਾਂ ਵਾਂਗ 'ਰਾਸ਼ਟਰਵਾਦ ਕਾ ਮਹਾਂਭੋਜ' ਦਾ ਮੁੱਖ ਮਸਲਾ ਵੀ ਸਮਾਜ ਦੀ ਬਿਹਤਰੀ ਹੈ ਅਤੇ ਜਿਹੜੇ ਲੋਕ ਇਸ ਸਮਾਜ ਨੂੰ ਤਹਿਸ-ਨਹਿਸ ਕਰਨਾ ਚਾਹੁੰਦੇ ਹਨ, ਉਨ੍ਹਾਂ ਦੀ ਨਿਸ਼ਾਨਦੇਹੀ ਇਸ ਨਾਟਕ ਵਿਚ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਨਾਟਕ ਵਿਚ ਭਾਰਤ ਦੀ ਸਿਆਸਤ 'ਤੇ ਸਿੱਧੀ ਚੋਟ ਕੀਤੀ ਗਈ ਹੈ।

ਇਸ ਤੋਂ ਪਹਿਲਾਂ 'ਅਲੰਕਾਰ' ਨੇ 'ਦਿ ਪੋਸਟਰ', 'ਦਿ ਫਸਟ ਟੀਚਰ', 'ਅੰਧਾ ਯੁਗ', 'ਏਕ ਲੜਕੀ ਪਾਂਚ ਦੀਵਾਨੇ' ਅਤੇ 'ਨਾਟਕ ਕਾ ਨਾਮ ਕਿਆ ਰੱਖੇਂ' ਵਰਗੇ ਨਾਟਕ ਪੇਸ਼ ਕੀਤੇ ਹਨ। 'ਦਿ ਪੋਸਟਰ' ਨਾਟਕ ਮਜ਼ਦੂਰਾਂ ਬਾਰੇ ਹੈ ਜਿਸ ਵਿਚ ਦਿਖਾਇਆ ਗਿਆ ਹੈ ਕਿ ਮਜ਼ਦੂਰਾਂ ਦਾ ਸ਼ੋਸ਼ਣ ਕਿੰਨੇ ਕਰੂਰ ਢੰਗ ਨਾਲ ਕੀਤਾ ਜਾਂਦਾ ਹੈ। ਇਸ ਨਾਟਕ ਦੇ ਅਖੀਰ ਵਿਚ ਆਸ ਦੀ ਲੜੀ ਫੜਦਿਆਂ ਨਿਰਦੇਸ਼ਕ ਨੇ ਮਜ਼ਦੂਰਾਂ ਦੀ ਸ਼ਕਤੀ ਅਤੇ ਉਨ੍ਹਾਂ ਦੀ ਸਮਾਜ ਲਈ ਅਹਿਮੀਅਤ ਬਾਰੇ ਸਵਾਲ ਛੱਡੇ ਹਨ। 'ਦਿ ਫਸਟ ਟੀਚਰ' ਨਾਟਕ ਔਰਤਾਂ ਦੇ ਸ਼ਕਤੀਕਰਨ ਦੀ ਗਾਥਾ ਪੇਸ਼ ਕਰਦਾ ਹੈ। ਇਸ ਵਿਚ ਮਾਵਾਂ ਨੂੰ ਬਹੁਤ ਵਡਿਆਇਆ ਗਿਆ ਹੈ ਜੋ ਬੱਚੇ ਦੀ ਪਹਿਲੀ ਅਧਿਆਪਕ ਹੁੰਦੀਆਂ ਹਨ। ਬੱਚੇ ਦੀ ਅਸਲ ਪੜ੍ਹਾਈ ਮਾਂ ਦੀ ਗੋਦ ਵਿਚ ਹੀ ਸ਼ੁਰੂ ਹੁੰਦੀ ਹੈ। 'ਅੰਧਾ ਯੁਗ' ਨਾਟਕ ਮਹਾਂਭਾਰਤ ਉਤੇ ਆਧਾਰਤ ਹੈ। ਇਸ ਵਿਚ ਨੇਕੀ ਉਤੇ ਬਦੀ ਦੀ ਜਿੱਤ ਨੂੰ ਬਹੁਤ ਖ਼ੂਬਸੂਰਤੀ ਨਾਲ ਦਿਖਾਇਆ ਗਿਆ। 'ਏਕ ਲੜਕੀ ਪਾਂਚ ਦੀਵਾਨੇ' ਨਾਟਕ ਅਸਲ ਵਿਚ ਸੰਗੀਤ ਕਾਮੇਡੀ ਹੈ। ਇਸ ਵਿਚ ਪੰਜ ਵੱਖ-ਵੱਖ ਮੁੰਡਿਆਂ ਦੀ ਕਹਾਣੀ ਹੈ ਜੋ ਇਕ ਹੀ ਕੁੜੀ ਨੂੰ ਮੁਹੱਬਤ ਕਰਦੇ ਹਨ। ਉਂਜ ਜਿਸ ਢੰਗ ਨਾਲ ਇਹ ਨਾਟਕ ਤਿਆਰ ਕੀਤਾ ਗਿਆ ਹੈ, ਉਹ ਆਪਣੇ ਆਪ ਵਿਚ ਮਿਸਾਲ ਹੈ ਅਤੇ ਮੁਹੱਬਤ ਦੀ ਦੁਨੀਆਂ ਲਈ ਸੁਚੱਜਾ ਸੁਨੇਹਾ ਵੀ ਇਹ ਨਾਟਕ ਦਿੰਦਾ ਹੈ। 'ਨਾਟਕ ਕਾ ਨਾਮ ਕਿਆ ਰੱਖੇਂ' ਵਿਚ 16 ਕਹਾਣੀਆਂ ਬੁਣੀਆਂ ਗਈਆਂ ਹਨ ਜੋ ਪਿਆਰ-ਮੁਹੱਬਤ ਤੇ ਨਫ਼ਰਤ, ਦੁਖ-ਦਰਦ ਤੇ ਖ਼ੁਸ਼ੀ ਅਤੇ ਅਮਨ ਅਮਾਨ ਤੇ ਮਰਿਆਦਾ ਨਾਲ ਸਬੰਧਤ ਹਨ। ਇਹ 16 ਕਹਾਣੀਆਂ ਇਕ-ਇਕ ਕਰ ਕੇ 16 ਮਸਲਿਆਂ ਨੂੰ ਦਰਸ਼ਕਾਂ ਦੇ ਸਾਹਮਣੇ ਪੇਸ਼ ਕਰਦੀਆਂ ਹਨ।

ਮਨੂੰ ਭੰਡਾਰੀ ਦਾ ਇਹ ਨਾਵਲ ਆਪਣੇ ਸਮੇਂ ਦਾ ਚਰਚਿਤ ਨਾਵਲ ਰਿਹਾ ਹੈ। ਨਾਵਲ ਦੀ ਕਹਾਣੀ ਇਉਂ ਹੈ: ਉਤਰ ਪ੍ਰਦੇਸ਼ ਦੇ ਪਿੰਡ ਸਰੋਹਾ ਵਿਚ ਹਰੀਜਨ ਬਸਤੀ ਵਿਚ ਅੱਗ ਲਾਉਣ ਦੀ ਘਟਨਾ ਵਾਪਰਦੀ ਹੈ ਅਤੇ ਇਸ ਘਟਨਾ ਵਿਚ ਕਈ ਦਰਜਨ ਬੰਦਿਆਂ ਦੀ ਮੌਤ ਹੋ ਜਾਂਦੀ ਹੈ। ਇਸ ਹੱਤਿਆ ਕਾਂਡ ਦੇ ਸਬੂਤ ਬਿਸੂ ਨਾਂ ਦੇ ਨੌਜਵਾਨ ਕੋਲ ਹਨ ਜੋ ਦਿੱਲੀ ਜਾ ਕੇ ਉਚ ਅਫ਼ਸਰਾਂ ਨੂੰ ਸੌਂਪਣਾ ਚਾਹੁੰਦਾ ਹੈ ਅਤੇ ਆਪਣੇ ਲੋਕਾਂ ਨੂੰ ਇਨਸਾਫ਼ ਦਿਵਾਉਣਾ ਚਾਹੁੰਦਾ ਹੈ ਪਰ ਸਿਆਸੀ ਸਾਜ਼ਿਸ਼ ਰਾਹੀਂ ਬਿਸੂ ਨੂੰ ਹੀ ਜੇਲ੍ਹ ਅੰਦਰ ਡੱਕ ਦਿੱਤਾ ਜਾਂਦਾ ਹੈ ਅਤੇ ਉਥੇ ਹੀ ਉਸ ਦੀ ਮੌਤ ਹੋ ਜਾਂਦੀ ਹੈ। ਉਸ ਦਾ ਮਿੱਤਰ ਬਿੰਦਾ ਉਸ ਦੀ ਲੜਾਈ ਜਾਰੀ ਰੱਖਦਾ ਹੈ। ਬਿੰਦਾ ਨੂੰ ਵੀ ਦੋਸ਼ ਲਾ ਕੇ ਸੀਖਾਂ ਪਿਛੇ ਡੱਕ ਦਿੱਤਾ ਜਾਂਦਾ ਹੈ। ਆਖ਼ਰਕਾਰ ਅਫ਼ਸਰਾਂ ਵਿਚੋਂ ਹੀ ਇਕ ਪੁਲਿਸ ਅਫ਼ਸਰ ਸਕਸੈਨਾ ਹਰੀਜਨਾਂ ਦੇ ਵਿਰੋਧ ਨੂੰ ਜਾਰੀ ਰੱਖਦਾ ਹੈ।

**-ਪਾਰੁਲ**



*ਨਾਟਕ 'ਰਾਸ਼ਟਰਵਾਦ ਕਾ ਮਹਾਂਭੋਜ' ਦੀ ਝਲਕ*

# ਆਖ ਤਸਵੀਰਾਂ ਬੋਲਦੀਆਂ

***ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 16 ਜੂਨ 2018 ਹੈ। -ਸੰਪਾਦਕ***

## ਕੈਪਸ਼ਨ ਮੁਕਾਬਲਾ-329



*ਵਿਚ ਰਸੋਈ ਜਾਗਰ ਤੇ ਬੰਤੋ ਗੱਲਾਂ ਕਰ ਕਰ ਹੱਸਣ।*
*ਇਹ ਸੁਨੇਹਾ ਦਿੰਦੇ ਜਾਪਣ ਹੱਸਦਿਆਂ ਦੇ ਘਰ ਵੱਸਣ।*

## ਕੈਪਸ਼ਨ ਮੁਕਾਬਲਾ-327



ਡਰਾਮੇਬਾਜ਼ ਨੇ ਨੇਤਾ ਸਾਡੇ
ਲੋਕਾਂ ਤਾਈਂ ਭਰਮਾਉਂਦੇ।
ਚਲਾਉਂਦੇ ਪਾਣੀ ਵਿਚ ਬੱਸਾਂ
ਮੋਟਰ ਬਾਈਕ ਘੁਮਾਉਂਦੇ।
ਹੁਣ ਲੋਕ ਸਿਆਣੇ ਹੋਏ
ਤੱਕਦੇ ਸੁਣਦੇ ਸਭ ਤਾਈਂ।
ਠਿੱਬੀ ਲਾ ਪੁੱਠਾ ਸੁੱਟਦੇ
ਸਮਝੇ ਨਾ ਫਿਰ ਕਾਈ।

***-ਸੇਵਾ ਸਿੰਘ ਨੂਰਪੁਰੀ***
***ਫੋਨ: 408-912-3438***

---

ਦਸ ਸਾਲ ਤਾਂ ਰਹੇ ਰੁਝੇਵੇਂ
ਵਿਚ ਹਵਾ ਦੇ ਤਾਰੀਆਂ ਲਾਈਆਂ।
ਵਿਹਲ ਮਿਲੀ ਤੋਂ ਥੱਲੇ ਆਏ
ਥੰਡਰ ਵਰਡ 'ਤੇ ਮੂਰਤਾਂ ਖਿਚਵਾਈਆਂ।

***-ਜਗਮੀਤ ਸਿੰਘ ਪੰਧੇਰ***
***ਪਿੰਡ ਕਲਾਹੜ, ਲੁਧਿਆਣਾ।***
***ਫੋਨ: 91-98783-37222***

---

ਨੀਲੀ ਪੱਗ ਬੰਨ੍ਹ ਅਕਾਲੀ ਪ੍ਰਧਾਨ ਜੀ
ਕਰਨੀ, ਕਥਨੀ ਭੁਲਾਈ ਜਾਵਣ।
ਜਲ-ਬੱਸ, ਕਦੇ ਮੋਟਰ-ਸਾਈਕਲ
ਚਲਾ ਕੇ, ਮਨ ਪਰਚਾਈ ਜਾਵਣ।
ਦਾਨਸ਼ਮੰਦੀ, ਫਰਜ਼ ਸਭ ਭੁੱਲ ਗਏ
ਨਵੇਂ ਹੀ ਨਾਚ ਨਚਾਈ ਜਾਵਣ।

***-ਦਵਿੰਦਰ ਕੌਰ***

---

ਧਰਮਾਂ ਜਾਤਾਂ ਦੇ ਪਾ ਮਖੌਟੇ
ਲੀਡਰ ਗੱਦੀਆਂ ਹਥਿਆਉਂਦੇ ਨੇ।
ਅਸਲੀ ਚਿਹਰਾ ਤਦ ਸਾਹਮਣੇ ਆਵੇ
ਅਰਸੋਂ ਜਦ ਫਰਸ 'ਤੇ ਆਉਂਦੇ ਨੇ।

***-ਗੁਰਦੇਵ ਸਿੰਘ ਢਪਾਲੀ, ਬਠਿੰਡਾ***
***ਫੋਨ: 91-94176-49275***

---

ਅੱਗੇ ਪਿੱਛੇ ਪਾਵਰ, ਲੈਣ ਸਵਾਦ
ਰੰਗ ਨੇ ਖ਼ੂਬ ਸਰਕਾਰਾਂ ਦੇ।
ਜਥੇਦਾਰੀ ਸ਼ਾਨ, ਰੱਬ ਨਾ ਯਾਦ
ਢੰਗ ਨੇ ਖ਼ੂਬ ਸਰਕਾਰਾਂ ਦੇ।

***-ਪੌਰਿੰਦਰ ਸਿੰਗਲਾ***

---

ਸੱਤਾ ਮਿਲਦਿਆਂ ਬੜੇ ਢਕੋਂਚ ਰਚੇ
ਨੀਲੀ ਠੋਕਵੀਂ ਪੱਗ, ਪੀਲੀ ਠਾਠੀ
ਕਿਰਪਾਨ, ਮੋਟਾ ਕੜਾ, ਬੀਬੀ ਦਾੜ੍ਹੀ
ਸਭ ਪੱਤੇ ਸਨ ਸਿਆਸਤ ਲਈ।
ਨਾਜਰ ਸਿੰਘ ਤਰਸ ਲਿਖਦਾ ਸੀ,
'ਕੌਣ ਭਲਾ ਗਰਮੀ ਦੀ ਰੁੱਤੇ
ਰੇਬ ਕਛਹਿਰਾ ਪਾਵੇ
ਇਕ ਪੌਂਚਾ ਪਾਵੇ ਤੇ ਇਕ ਲਾਹਵੇ।'

***-ਦਰਸ਼ਨਪਾਲ ਦੋਸਾਂਝ***

---

ਲੀਡਰ ਨੂੰ ਆਉਣੀ ਚਾਹੀਦੀ ਹੈ
ਝੂਠ ਨੂੰ ਸੱਚ ਬਣਾਉਣ ਦੀ ਕਲਾ।
ਪੈਸਾ ਡਕਾਰਨ ਦੇ ਰਸਤੇ 'ਚ
ਨਹੀਂ ਆਉਣੀ ਚਾਹੀਦੀ ਕੋਈ ਬਲਾ।
ਵਿਰਾਸਤ ਵਿਚ ਮਿਲੀ ਲੀਡਰੀ ਤਾਂ
ਹੋਰ ਵੀ ਹੁੰਦੀ ਸੋਨੇ 'ਤੇ ਸੁਹਾਗਾ।
ਪੁੱਤ ਜਦੋਂ ਚਾਰ ਚੰਨ ਲਾ ਕੇ
ਪਿਓ ਨਾਲੋਂ ਵੀ ਅੱਗੇ ਲੰਘ ਜਾਂਦਾ।

***-ਅਮਰਜੀਤ ਸਿੰਘ ਤੂਰ***
***ਪਿੰਡ ਕੁਲਬੁਰਛਾ, ਪਟਿਆਲਾ।***
***ਫੋਨ: 91-98784-69639***

---

ਜਾਤਾਂ, ਧਰਮਾਂ, ਗੋਤਾਂ ਦੇ ਨਾਂ 'ਤੇ
ਸਿਆਸਤ ਵੰਡੀਆਂ ਪਾਉਂਦੀ।
ਰਾਜ ਸੱਤਾ ਵਿਚ ਆਉਣ ਲਈ
ਗਧੇ ਨੂੰ ਵੀ ਬਾਪ ਬਣਾਉਂਦੀ।
ਲੋਕੋ ਸਿਆਣੇ ਬਣੋ, ਇਨ੍ਹਾਂ ਨੂੰ ਪਛਾਣੋ
ਕਿਸੇ ਨੂੰ ਵੀ ਨਾ ਦਿਓ ਬਹੁਮੱਤ।
ਲੀਡਰਾਂ ਦਾ ਪੂਰਾ ਫਾਇਦਾ ਲੈਣ ਲਈ
ਉਪਰ ਰਹੇਗਾ ਤੁਹਾਡਾ ਹੱਥ।

***-ਜਗਜੀਤ ਕੌਰ ਤੂਰ, ਚੰਡੀਗੜ੍ਹ***

**Punjab Times Ph: 847-359-0746**
*Fax:847-705-9388, e-mail:punjabtimes1@sbcglobal.net*
*Visit us on the web:wwwpunjabtimesusa.com*

# ਸਮਾਜਕ ਕਦਰਾਂ ਕੀਮਤਾਂ ਦਾ ਸੁਨੇਹਾ ਦੇਵੇਗੀ 'ਆਸੀਸ'

## ਪੰਜਾਬੀ ਫਿਲਮ ਜਗਤ



**ਸੁਰਜੀਤ ਜੱਸਲ**
ਫੋਨ: 91-98146-07737

ਕੁਝ ਫਿਲਮਾਂ ਅਜਿਹੀਆਂ ਹੁੰਦੀਆਂ ਹਨ ਜੋ ਵੇਖਦਿਆਂ ਤੁਹਾਡੀਆਂ ਅੱਖਾਂ 'ਚ ਅੱਥਰੂ ਆਪ ਮੁਹਾਰੇ ਵਗ ਤੁਰਦੇ ਹਨ, ਮਨ 'ਤੇ ਕਾਬੂ ਨਹੀਂ ਰਹਿੰਦਾ। ਫਿਲਮ ਦੇਖਦਿਆਂ ਤੁਸੀ ਐਨੇ ਭਾਵੁਕ ਹੋ ਜਾਂਦੇ ਹੋ ਕਿ ਇਹ ਵੀ ਭੁੱਲ ਜਾਂਦੇ ਹੋ ਕਿ ਤੁਸੀਂ ਸਿਨੇਮਾ ਹਾਲ ਵਿਚ ਫਿਲਮ ਵੇਖ ਰਹੇ ਹੋ। ਅਜਿਹੀਆਂ ਫਿਲਮਾਂ ਦੀ ਕਮਾਈ ਦਰਸ਼ਕਾਂ ਦੀਆਂ




*ਫਿਲਮ 'ਆਸੀਸ' ਦਾ ਪੋਸਟਰ*

ਭਾਵਨਾਵਾਂ 'ਤੇ ਖਰੇ ਉਤਰਨਾ ਹੀ ਹੁੰਦੀ ਹੈ, ਜੋ ਬਹੁਤ ਘੱਟ ਫਿਲਮਾਂ ਦੇ ਹਿੱਸੇ ਆਉਂਦੀ ਹੈ। 'ਆਸੀਸ' ਵੀ ਲੋਕ ਭਾਵਨਾਵਾਂ ਨਾਲ ਜੁੜੀ ਇੱਕ ਫਿਲਮ ਹੈ ਜੋ ਮਨੋਰੰਜਨ ਦੇ ਨਾਲ ਨਾਲ ਪਰਿਵਾਰਕ ਰਿਸ਼ਤਿਆਂ ਦੀ ਅਹਿਮੀਅਤ ਦਰਸਾਉਂਦੀ ਹੈ। ਪਿਛਲੇ ਦਿਨੀਂ ਰਿਲੀਜ਼ ਹੋਏ ਇਸ ਫਿਲਮ ਦੇ ਟਰੇਲਰ ਨੇ ਦਰਸ਼ਕਾਂ ਦੇ ਦਿਲਾਂ 'ਤੇ ਡੂੰਘਾ ਪ੍ਰਭਾਵ ਪਾਇਆ ਹੈ।

ਬਹੁਤੇ ਲੋਕਾਂ ਨੇ ਰਾਣਾ ਰਣਬੀਰ ਨੂੰ ਹੁਣ ਤੱਕ ਇੱਕ ਮਜਾਹੀਆ ਕਲਾਕਾਰ ਵਜੋਂ ਹੀ ਵੇਖਿਆ ਹੈ ਪਰ ਇਸ ਫਿਲਮ ਰਾਹੀਂ ਬਤੌਰ ਲੇਖਕ ਅਤੇ ਨਿਰਦੇਸ਼ਕ ਉਸ ਦੀ ਕਲਾ ਦਾ ਇੱਕ ਹੋਰ ਰੰਗ ਵੇਖਣਗੇ। ਸਮਾਜ ਨੂੰ ਕੋਈ ਚੰਗਾ ਸੁਨੇਹਾ ਦੇਣ ਵਾਲੀਆਂ ਅਜਿਹੀਆਂ ਫਿਲਮਾਂ ਬਹੁਤ ਘੱਟ ਬਣਦੀਆਂ ਹਨ। ਵਪਾਰਕ ਫਿਲਮਾਂ ਬਣਾਉਣ ਵਾਲੇ ਅਜਿਹੇ ਵਿਸ਼ਿਆਂ ਵੱਲ ਬਹੁਤ ਘੱਟ ਧਿਆਨ ਦਿੰਦੇ ਹਨ ਪਰ ਨਿਰਮਾਤਾ ਲੱਕੀ ਸੰਧੂ ਤੇ ਰਾਣਾ ਰਣਬੀਰ ਦੀ ਸੋਚ ਮਿਲੀ ਤਾਂ ਬਸੰਤ ਮੋਟਰਜ਼ ਵਾਲੇ ਬਲਦੇਵ ਸਿੰਘ ਬਾਠ ਵੀ ਇਸ ਫਿਲਮ ਲਈ ਆਪਣਾ ਯੋਗਦਾਨ ਪਾਉਣ ਲਈ ਅੱਗੇ ਆ ਗਏ। ਜਿਸ ਵੀ ਕਲਾਕਾਰ ਨੂੰ ਇਸ ਫਿਲਮ ਦੀ ਕਹਾਣੀ ਸੁਣਾਈ, ਉਹ ਬਿਨਾਂ ਕਿਸੇ ਸਮਝੌਤੇ ਇਸ ਫਿਲਮ ਦਾ ਹਿੱਸਾ ਬਣਦਾ ਗਿਆ।

ਲੱਕੀ ਸੰਧੂ ਦੀ ਸੋਚ ਸੀ ਕਿ ਵੱਡੇ ਕਲਾਕਾਰ ਲੈਣ ਦੀ ਥਾਂ ਫਿਲਮ ਦਾ ਵਿਸ਼ਾ ਵਸਤੂ ਹੀ ਵੱਡਾ ਤੇ ਜਾਨਦਾਰ ਹੋਵੇ ਜੋ ਸਿੱਧਾ ਦਰਸ਼ਕਾਂ ਦੇ ਦਿਲਾਂ ਵਿਚ ਉਤਰੇ। ਇਸ ਲਈ ਪੰਜਾਬੀ ਰੰਗਮੰਚ ਤੋਂ ਫਿਲਮਾਂ ਵੱਲ ਆਏ ਅਨੇਕਾਂ ਸਥਾਪਤ ਕਲਾਕਾਰਾਂ ਨੇ ਇਸ ਫਿਲਮ ਵਿਚ ਕੰਮ ਕੀਤਾ ਹੈ। ਰਾਣਾ ਰਣਬੀਰ ਇਸ ਫਿਲਮ ਦਾ ਮੁੱਖ ਸੂਤਰਧਾਰ ਹੈ ਜਿਸ ਨੂੰ ਦੁਨਿਆਵੀ ਚੀਜਾਂ ਨਾਲੋਂ ਵੱਧ ਆਪਣੀ ਮਾਂ ਦਾ ਮੋਹ ਹੈ।

ਨਵਰੋਜ਼ ਗੁਰਬਾਜ਼ ਐਂਟਰਟੇਨਮੈਂਟ, ਬਸੰਤ ਐਂਟਰਟੇਨਮੈਂਟ ਅਤੇ ਜ਼ਿੰਦਗੀ ਜ਼ਿੰਦਾਬਾਦ ਲਿਮਟਿਡ ਦੇ ਬੈਨਰ ਹੇਠ ਬਣੀ ਇਹ ਫਿਲਮ 22 ਜੂਨ ਨੂੰ ਰਿਲੀਜ਼ ਹੋ ਰਹੀ ਹੈ। ਰਾਣਾ ਰਣਬੀਰ ਨੇ ਦੱਸਿਆ ਕਿ ਇਹ ਫਿਲਮ ਇੱਕ ਸਮਾਜਕ, ਪਰਿਵਾਰਕ ਡਰਾਮਾ ਹੈ। 'ਆਸੀਸ' ਮਾਂ ਦੀਆਂ ਅਸੀਸਾਂ, ਦੁਆਵਾਂ ਜੋ ਇੱਕ ਮਾਂ ਆਪਣੇ ਪੁੱਤ-ਪੋਤਿਆਂ ਨੂੰ ਦਿੰਦੀ ਕਦੇ ਨਹੀਂ ਥੱਕਦੀ ਅਤੇ ਦੂਜੇ ਪਾਸੇ ਜਮੀਨਾਂ ਦੀ ਵੰਡ ਲਈ ਮਾਂ ਦੀਆਂ ਵੰਡੀਆਂ ਪਾਉਣਾ ਵੀ ਸਾਡੇ ਸਮਾਜ ਦੇ ਹਿੱਸੇ ਆਇਆ ਹੈ। ਇਸ ਵਿਚ ਮਨੁੱਖੀ ਜ਼ਿੰਦਗੀ ਦੇ ਕਈ ਰੰਗ ਹਨ। ਇਹ ਫਿਲਮ ਅਜੋਕੇ ਪੰਜਾਬ ਦੇ ਲੋਕਾਂ ਦੀ ਆਪਣੀ ਕਹਾਣੀ ਹੈ ਜੋ ਦੁਨਿਆਵੀ ਲਾਲਸਾਵਾਂ ਪਿੱਛੇ ਭੱਜ ਰਹੇ ਮਨੁੱਖ ਨੂੰ ਮੋਢੇ ਤੋਂ ਹਲੂਣਾ ਦੇ ਕੇ ਜਗਾਉਣ ਦਾ ਸੁਨੇਹਾ ਦਿੰਦੀ ਹੈ। ਫਿਲਮ ਦੀ ਕਹਾਣੀ ਵਿਚ ਕਈ ਭੇਦ ਹਨ ਜੋ ਦਰਸ਼ਕਾਂ ਲਈ ਦਿਲਚਸਪ ਬਣੇ ਰਹਿੰਦੇ ਹਨ।

ਕੈਨੇਡਾ ਰਹਿੰਦੇ ਨਿਰਮਾਤਾ ਬਲਦੇਵ ਸਿੰਘ



*ਅਦਾਕਾਰਾ ਰੁਪਿੰਦਰ ਰੂਪੀ*

ਬਾਠ ਦੀ ਪੰਜਾਬ ਅਤੇ ਵਿਦੇਸ਼ਾਂ ਦੇ ਪੰਜਾਬੀ ਭਾਈਚਾਰੇ ਵਿਚ ਇੱਕ ਖਾਸ ਥਾਂ ਹੈ। ਉਹ ਫਿਲਮ 'ਆਸੀਸ' ਲਈ ਬਤੌਰ ਨਿਰਮਾਤਾ ਆਪਣਾ ਯੋਗਦਾਨ ਪਾਉਣਾ ਮਾਂ ਦੀ ਅਸੀਸਾਂ-ਦੁਆਵਾਂ ਲੈਣ ਵਾਲਾ ਹੀ ਕਾਰਜ ਸਮਝਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਫਿਲਮ ਤੋਂ ਹੋਣ ਵਾਲਾ ਮੁਨਾਫਾ ਉਹ ਮਨੁੱਖਤਾ ਦੀ ਭਲਾਈ ਲਈ ਸਮਾਜਕ ਕਾਰਜਾਂ ਵਿਚ ਹੀ ਲਾਉਣਗੇ।

ਫਿਲਮ ਵਿਚ ਕੰਮ ਕਰਨ ਵਾਲੇ ਕਲਾਕਾਰਾਂ ਵਿਚ ਰਾਣਾ ਰਣਬੀਰ, ਨੇਹਾ ਪਵਾਰ, ਸਰਦਾਰ ਸੋਹੀ, ਰੁਪਿੰਦਰ ਰੂਪੀ, ਕੁਲਜਿੰਦਰ ਸਿੱਧੂ, ਸੀਮਾ ਕੌਸ਼ਲ, ਵਿਜੈ ਟੰਡਨ, ਸੈਵਿਨ ਰੇਖੀ, ਪਰਦੀਪ ਸਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਫਿਲਮ ਦਾ ਗੀਤ ਸੰਗੀਤ ਵੀ ਬਹੁਤ ਭਾਵੁਕਤਾ ਵਾਲਾ ਹੈ। ਸੰਗੀਤ ਤੇਜਵੰਤ ਕਿੱਟੂ ਦਾ ਹੈ। ਗਿੱਲ ਰੌਂਤਾ, ਅਮਰ ਕਵੀ ਤੇ ਰਾਣਾ ਰਣਬੀਰ ਦੇ ਲਿਖੇ ਗੀਤਾਂ ਨੂੰ ਕੰਵਰ ਗਰੇਵਾਲ, ਲਖਵਿੰਦਰ ਵਡਾਲੀ, ਫਿਰੋਜ ਖਾਨ, ਪਰਦੀਪ ਸਰਾਂ ਅਤੇ ਗੁਰਲੇਜ਼ ਅਖਤਰ ਤੇ ਕੁਲਵਿੰਦਰ ਕੈਲੀ ਦੀ ਜੋੜੀ ਨੇ ਗਾਇਆ ਹੈ। ਫਿਲਮ ਦੀ ਫੋਟੋਗ੍ਰਾਫੀ ਪੰਜਾਬ ਦੀਆਂ ਅਸਲ ਲੋਕੇਸ਼ਨਾਂ 'ਤੇ ਕੀਤੀ ਗਈ ਹੈ।

## ਪਰਦੀਪ ਸਰਾਂ

ਬਾਲੀਵੁੱਡ ਫਿਲਮਾਂ ਵਿਚ ਪਿੱਠਵਰਤੀ ਗਾਇਕ ਵਜੋਂ ਸਥਾਪਤ ਹੋਣਾ ਪੰਜਾਬੀ ਗਾਇਕਾਂ 'ਚੋਂ ਕਿਸੇ-ਕਿਸੇ ਦੇ ਹਿੱਸੇ ਆਇਆ ਹੈ। 'ਵਾਇਸ ਆਫ ਪੰਜਾਬ ਸ਼ੀਜਨ-2' ਦਾ ਜੇਤੂ ਪਰਦੀਪ ਸਰਾਂ ਮਾਲਵੇ ਦਾ ਪਹਿਲਾ ਗਾਇਕ ਹੈ, ਜਿਸ ਨੇ ਪੰਜਾਬੀ ਲੋਕ ਗਾਇਕੀ ਦੇ ਸਹਾਰੇ ਪੰਜਾਬ ਤੋਂ ਮੁੰਬਈ ਤੱਕ ਕਲਾਤਮਕ ਪੈੜਾਂ ਪਾਈਆਂ। ਸ਼ਾਹਰੁਖ ਖਾਨ, ਰਣਬੀਰ ਕਪੂਰ, ਅਨੁਸ਼ਕਾ ਸ਼ਰਮਾ ਵਰਗੇ ਬਾਲੀਵੁੱਡ ਸਟਾਰਾਂ ਨੂੰ ਆਪਣੇ ਗੀਤਾਂ 'ਤੇ ਨਚਾਉਣ ਵਾਲਾ ਪਰਦੀਪ ਸਰਾਂ ਹੁਣ ਪੰਜਾਬੀ ਫਿਲਮਾਂ ਵੱਲ ਵੀ ਆਇਆ ਹੈ।

ਬਤੌਰ ਅਦਾਕਾਰ ਉਸ ਦੀ ਪਲੇਠੀ ਪੰਜਾਬੀ ਫਿਲਮ 'ਆਸੀਸ' ਬਾਰੇ ਗੱਲ ਕਰਦਿਆਂ ਪਰਦੀਪ ਨੇ ਕਿਹਾ, ਉਸ ਲਈ ਮਾਣ ਵਾਲੀ ਗੱਲ ਹੈ ਕਿ ਨਿਰਮਾਤਾ ਲੱਕੀ ਸੰਧੂ ਤੇ ਨਿਰਦੇਸ਼ਕ ਰਾਣਾ ਰਣਬੀਰ ਨੇ ਇਸ ਫਿਲਮ ਨਾਲ ਜੋੜ ਕੇ ਉਸ ਦੀ ਕਲਾ ਜ਼ਿੰਦਗੀ ਨੂੰ ਇੱਕ ਨਵਾਂ ਮੋੜ ਦਿੱਤਾ ਹੈ। ਫਿਲਮ ਆਸੀਸ ਵਿਚ ਉਸ ਨੇ ਅਦਾਕਾਰੀ ਦੇ ਨਾਲ ਨਾਲ ਗਾਇਆ ਵੀ ਹੈ।

ਬਠਿੰਡਾ ਸ਼ਹਿਰ ਦੇ ਵਸਨੀਕ ਪਰਦੀਪ ਸਰਾਂ ਨੂੰ ਮਾਣ ਹੈ ਕਿ ਉਸ ਦਾ ਜਨਮ ਲੋਕ ਗਾਇਕੀ ਦੇ ਖੇਤਰ ਵਿਚ ਚੰਗੀ ਪਛਾਣ ਵਾਲੇ ਪਿਤਾ ਪ੍ਰਕਾਸ਼ ਸਰਾਂ ਦੇ ਘਰ ਹੋਇਆ। ਸੰਗੀਤ ਦੀ ਗੁੜ੍ਹਤੀ ਮਿਲੀ ਹੋਣ ਕਰਕੇ ਪਰਦੀਪ ਸਕੂਲ-ਕਾਲਜ ਦੇ ਦਿਨਾਂ ਵਿਚ ਹੀ ਗਾਇਕੀ ਮਾਰਗ 'ਤੇ ਤੁਰ ਪਿਆ। ਉਸ ਨੇ ਕੁਝ ਸਮਾਂ ਨਾਟਕਕਾਰ ਟੋਨੀ ਬਾਤਿਸ਼ ਨਾਲ ਰੰਗਮੰਚ ਵੀ ਕੀਤਾ। 2011 ਵਿਚ ਇੱਕ ਸੰਗੀਤ ਚੈਨਲ ਵਲੋਂ ਚਲਾਏ ਰਿਐਲਿਟੀ ਸ਼ੋਅ 'ਵਾਇਸ ਆਫ ਪੰਜਾਬ ਸ਼ੀਜਨ-2' ਵਿਚ ਪਰਦੀਪ ਸਰਾਂ ਦੀ ਗਾਇਕੀ ਦਾ ਜਾਦੂ ਦੁਨੀਆਂ ਭਰ ਦੇ ਪੰਜਾਬੀਆਂ ਦੇ ਸਿਰ ਚੜ੍ਹ ਬੋਲਿਆ। ਇਸ ਸੰਗੀਤ ਮੁਕਾਬਲੇ ਵਿਚ ਜੇਤੂ ਹੋਣ 'ਤੇ ਪਰਦੀਪ ਨੂੰ ਪੀ. ਟੀ. ਸੀ. ਤੇ ਵੰਝਲੀ ਰਿਕਾਰਡਜ਼ ਕੰਪਨੀ ਤੋਂ ਇੱਕ ਪੂਰੀ ਐਲਬਮ 'ਖਤ' ਰਿਕਾਰਡ ਕਰਵਾਉਣ ਦਾ ਮੌਕਾ ਮਿਲਿਆ।

2014 ਵਿਚ ਸਟਾਰ ਪਲੱਸ ਚੈਨਲ 'ਤੇ ਚੱਲੇ ਰਿਐਲਿਟੀ ਸ਼ੋਅ 'ਇੰਡੀਅਨਜ਼ ਰਾਅ ਸਟਾਰ' ਵਿਚ ਟਾਪ-5 ਪੁਜ਼ੀਸ਼ਨ ਹਾਸਲ ਕਰਨ ਪਿਛੋਂ ਪਰਦੀਪ ਨੂੰ ਬਾਲੀਵੁਡ ਜਾਣ ਦਾ ਮੌਕਾ ਮਿਲਿਆ। ਉਸ ਨੇ ਪਹਿਲੀ ਹਿੰਦੀ ਫਿਲਮ 'ਧਰਮ ਸੰਕਟ ਮੇਂ' ਲਈ ਪਲੇਅ ਬੈਕ ਗਾਇਕ ਵਜੋਂ ਇੱਕ ਗੀਤ 'ਅੱਲਾ ਹੂ' ਗਾਇਆ ਜੋ ਪਰਵੇਸ਼ ਰਾਵੂਲ 'ਤੇ ਫਿਲਮਾਇਆ ਗਿਆ। ਫਿਰ ਕਰਨ ਜੌਹਰ ਦੀ ਰਣਬੀਰ ਕਪੂਰ ਤੇ ਅਨੁਸ਼ਕਾ ਸ਼ਰਮਾ ਸਟਾਰ ਵਾਲੀ ਫਿਲਮ 'ਐ ਦਿਲ ਹੈ ਮੁਸ਼ਕਿਲ' ਵਿਚ ਪਰਦੀਪ ਦਾ ਗਾਇਆ ਗੀਤ 'ਕਿਊਟੀਪਾਈ' ਵਿਨਰ ਆਫ ਈਅਰ ਰਿਹਾ। ਫਿਰ ਸ਼ੁਸਾਂਤ ਰਾਜਪੂਤ ਦੀ ਫਿਲਮ 'ਰਾਬਤਾ' ਵਿਚ ਦਿਲਜੀਤ ਦੁਸਾਂਝ ਤੇ ਰੈਪਰ ਰਫਤਾਰ ਨਾਲ ਇੱਕ ਸਾਂਝਾ ਗੀਤ 'ਸਾਡਾ ਮੂਵ' ਪਲੇਅ ਬੈਕ ਗਾਇਆ। ਫਿਲਮ 'ਜਬ ਹੈਰੀ ਮੈਟ ਸੇਜਲ' ਵਿਚ ਗੀਤ 'ਪਰਿੰਦਾ' ਸ਼ਾਹਰੁਖ ਖਾਂ ਤੇ ਅਨੁਸ਼ਕਾ ਸ਼ਰਮਾ 'ਤੇ ਫਿਲਮਾਇਆ ਗਿਆ।



*ਪਰਦੀਪ ਸਰਾਂ*

ਪੰਜਾਬੀ ਗਾਇਕੀ ਦੀ ਗੱਲ ਕਰੀਏ ਤਾਂ ਪਰਦੀਪ ਪਿੰਕੀ ਧਾਲੀਵਾਲ ਦੀ ਅਮਰ ਆਡੀਓਜ਼ ਨਾਲ ਜੁੜਿਆ ਹੋਇਆ ਹੈ। ਪਿਛਲੇ ਸਾਲ ਆਏ 'ਦਾਦੇ ਦੀ ਦੁਨਾਲੀ' ਗੀਤ ਦੀ ਸਫਲਤਾ ਨੇ ਉਸ ਨੂੰ ਚੰਗੀ ਥਾਂ ਦਿੱਤੀ। ਭਵਿੱਖ ਵਿਚ ਵੀ ਉਹ ਪਿੰਕੀ ਧਾਲੀਵਾਲ ਨਾਲ ਕਈ ਹੋਰ ਗੀਤ ਕਰ ਰਿਹਾ ਹੈ। ਫਿਲਮ 'ਆਸੀਸ' ਬਾਰੇ ਪਰਦੀਪ ਕਾਫੀ ਉਤਸ਼ਾਹਿਤ ਹੈ। ਉਸ ਦਾ ਕਹਿਣਾ ਹੈ ਕਿ ਉਹ ਗਾਇਕੀ ਦੇ ਨਾਲ ਨਾਲ ਚੰਗੀਆਂ ਫਿਲਮਾਂ ਨਾਲ ਵੀ ਜੁੜਿਆ ਰਹੇਗਾ।

# ਸਮਾਜ ਲਈ ਕੁਝ ਚੰਗਾ ਲੈ ਕੇ ਆਏ ਹਾਂ: ਲਵਪ੍ਰੀਤ ਸੰਧੂ

ਜਦ ਤੋਂ ਪੰਜਾਬੀ ਸਿਨਮੇ ਨੇ ਸੁਰਤ ਸੰਭਾਲੀ ਹੈ, ਇਸ ਦੇ ਨਿਰਮਾਤਾ, ਨਿਰਦੇਸ਼ਕਾਂ ਕਲਾਕਾਰਾਂ ਵਿਚ ਸਮੇਂ-ਸਮੇਂ ਮੁਤਾਬਕ ਵਾਧਾ ਹੁੰਦਾ ਰਿਹਾ ਹੈ। ਮੌਜੂਦਾ ਦੌਰ ਵਿਚ ਪੰਜਾਬੀ ਸਿਨਮੇ ਦਾ ਆਪਣੇ ਪੈਰਾਂ-ਸਿਰ ਹੋਣ ਕਰਕੇ ਜਿੱਥੇ ਨਵੇਂ ਮੁੰਡੇ ਕੁੜੀਆਂ ਵਿਚ ਇੱਕ ਖਾਸ ਉਤਸ਼ਾਹ ਵੇਖਿਆ ਜਾ ਰਿਹਾ ਹੈ, ਉਥੇ ਵਪਾਰਕ ਸੋਚ ਨਾਲ ਮੁਨਾਫਾ ਖੱਟਣ ਵਾਲੇ ਫਿਲਮਕਾਰਾਂ ਵਿਚ ਵੀ ਇੱਕ ਦੌੜ ਜਿਹੀ ਲੱਗੀ ਹੋਈ ਹੈ। ਇਸ ਖੇਤਰ ਵਿਚ ਹਰ ਬੰਦੇ ਦੀ ਆਪਣੀ ਆਪਣੀ ਸੋਚ ਹੈ। ਕੁਝ ਲੋਕਾਂ ਦਾ ਨਾਂ ਬੋਲਦਾ ਹੈ ਤੇ ਕੁਝ ਲੋਕਾਂ ਦਾ ਕੰਮ...। ਕਿਸੇ ਦੀ ਸੋਚ ਜੇਬਾਂ ਭਰਨ ਤੱਕ ਸੀਮਤ ਹੁੰਦੀ ਹੈ ਤੇ ਕਿਸੇ ਦੀ ਦਰਸ਼ਕਾਂ ਨੂੰ ਚੰਗੀ ਸੇਧ ਵਾਲੀ ਮਨੋਰੰਜਕ ਫਿਲਮ ਦਿੰਦਿਆਂ ਚੰਗੀ ਥਾਂ ਬਣਾਉਣ ਦੀ। ਜੇਬਾਂ ਭਰਨ ਨਾਲੋਂ ਥਾਂ ਬਣਾਉਣਾ ਔਖਾ ਕੰਮ ਹੈ। ਅਜਿਹੀ ਨੇਕ ਤੇ ਉਸਾਰੂ ਸੋਚ ਵਾਲਿਆਂ 'ਚੋਂ ਇੱਕ ਨਾਂ ਹੈ, ਨਿਰਮਾਤਾ ਲਵਪ੍ਰੀਤ ਸਿੰਘ ਲੱਕੀ ਸੰਧੂ। ਲੱਕੀ ਸੰਧੂ ਪੰਜਾਬ ਦੇ ਜਿਲਾ ਸੰਗਰੂਰ ਦੇ ਪਿੰਡ ਟਿੱਬਾ ਦਾ ਜੰਮਪਲ ਹੈ ਤੇ ਪਿਛਲੇ ਕਈ ਸਾਲਾਂ ਤੋਂ ਕੈਨੇਡਾ ਰਹਿੰਦਾ ਹੈ। ਲੱਕੀ ਸੰਧੂ, ਉਹ ਨਾਂ ਹੈ ਜੋ ਸੱਤ ਸਮੁੰਦਰੋਂ ਪਾਰ ਰਹਿ ਕੇ ਵੀ ਆਪਣੀ ਮਾਂ ਬੋਲੀ, ਪੰਜਾਬੀ ਸੱਭਿਆਚਾਰ ਤੇ ਭਾਈਚਾਰਕ ਸਾਂਝ ਨਾਲ ਜੁੜਿਆ ਹੋਇਆ ਹੈ। ਸੋਹਣਾ ਸਨੁੱਖਾ, ਫੁੱਲਾਂ ਵਾਂਗੂੰ ਖਿੜੇ ਚਿਹਰੇ ਦਾ ਮਾਲਕ ਪਹਿਲੀ ਨਜ਼ਰੇ ਕੋਈ ਫਿਲਮੀ ਹੀਰੋ ਲੱਗਦਾ ਹੇ ਪਰ ਉਸ ਨੇ ਵੈਨਕੂਵਰ ਫਿਲਮ ਸਕੂਲ ਵਿਚ ਅਦਾਕਾਰੀ ਦੀ ਥਾਂ ਫਿਲਮ ਪ੍ਰੋਡਕਸ਼ਨ ਦਾ ਕੋਰਸ ਕੀਤਾ। ਕਈ ਸਾਲ ਵਿਦੇਸ਼ਾਂ ਵਿਚ ਫਿਲਮ ਡਿਸਟਰੀਬਿਊਸ਼ਨ, ਮਾਰਕੀਟਿੰਗ ਤੇ ਪਰਮੋਸ਼ਨ ਕਾਰਜਾਂ ਵਿਚ ਤਜਰਬਾ ਹਾਸਲ ਕੀਤਾ। ਫਿਲਮੀ ਖੇਤਰ ਨਾਲ ਆਪਣੀ ਸਾਂਝ ਹੋਰ ਗੂੜ੍ਹੀ ਕਰਦਿਆਂ ਲੱਕੀ ਸੰਧੂ ਨੇ ਮਾਂ-ਪੁੱਤ ਦੇ ਰਿਸ਼ਤੇ 'ਤੇ ਆਧਾਰਤ ਇੱਕ ਵਿਲੱਖਣ ਸੋਚ ਵਾਲੀ ਫਿਲਮ 'ਆਸੀਸ' ਦਾ ਨਿਰਮਾਣ ਕੀਤਾ ਹੈ।

ਫਿਲਮ ਬਾਰੇ ਗੱਲਬਾਤ ਕਰਦਿਆਂ ਲੱਕੀ ਸੰਧੂ ਨੇ ਕਿਹਾ ਕਿ ਬਹੁਤੇ ਲੋਕ ਫਿਲਮਾਂ ਪੈਸਾ ਕਮਾਉਣ ਲਈ ਬਣਾਉਂਦੇ ਹੋਣਗੇ ਪਰ ਮੇਰੀ ਸੋਚ ਸਿਨੇਮਾ ਦੇ ਮਾਧਿਅਮ ਰਾਹੀਂ ਲੋਕਾਂ ਨੂੰ ਕੋਈ ਚੰਗਾ ਸੁਨੇਹਾ ਦੇਣਾ ਹੈ। ਜੇ ਉਸ 'ਤੇ ਅਮਲ ਕਰਦਿਆਂ ਕਿਸੇ ਦੀ ਜ਼ਿੰਦਗੀ ਬਦਲਦੀ ਹੈ ਤਾਂ ਮੇਰੇ ਲਈ ਇਹ ਵੱਡੀ ਪ੍ਰਾਪਤੀ ਹੋਵੇਗੀ। ਮਾਰ ਧਾੜ, ਲੜਾਈ ਝਗੜਿਆਂ ਤੇ ਹਾਸੇ ਠੱਠੇ ਵਾਲੀਆਂ ਫਿਲਮਾਂ ਤਾਂ ਬਹੁਤ ਬਣਦੀਆਂ ਹਨ ਪਰ ਸਮਾਜ ਲਈ ਚਿੰਤਾ ਦੇ ਅਹਿਮ ਮੁੱਦਿਆਂ 'ਤੇ ਬਣਦੀਆਂ ਫਿਲਮਾਂ ਦੀ ਗਿਣਤੀ ਨਾਂਹ ਦੇ ਬਰਾਬਰ ਹੈ। ਸਮਾਜ ਨਾਲ ਜੁੜੀਆਂ ਫਿਲਮਾਂ ਹੀ ਸਾਡਾ ਅਸਲ ਸਿਨੇਮਾ ਹਨ। ਬਾਲੀਵੁੱਡ ਸਿਨਮੇ ਦੀ ਗੱਲ ਕਰੀਏ ਤਾਂ ਮਸਾਲਾ ਫਿਲਮਾਂ ਦੇ ਦੌਰ ਵਿਚ ਸਤਿਆਜੀਤ ਰੇਅ, ਬੀ ਸ਼ਾਂਤਾ ਕੁਮਾਰ, ਰਾਜ ਕਪੂਰ, ਗੁਰੂ ਦੱਤ ਤੇ ਗੁਲਜ਼ਾਰ ਵਰਗੇ ਵੱਡੇ ਫਿਲਮਕਾਰ ਦੀਆਂ ਫਿਲਮਾਂ ਮਨੋਰੰਜਨ ਦੇ ਨਾਲ ਨਾਲ ਸਮਾਜਿਕ ਮੁੱਦਿਆਂ ਦੀ ਗੱਲ ਕਰਦੀਆਂ ਸਨ। ਮੌਜੂਦਾ ਦੌਰ 'ਚ 'ਅਰਦਾਸ', 'ਰੱਬ ਦਾ ਰੇਡੀਓ', 'ਦਾਣਾ-ਪਾਣੀ' ਵਰਗੀਆਂ ਫਿਲਮਾਂ ਨੇ ਉਪਰੋਕਤ ਸਿਨਮੇ ਦੇ ਨਕਸ਼ੇ ਕਦਮ 'ਤੇ ਤੁਰਨ ਦਾ ਯਤਨ ਕੀਤਾ ਹੈ ਜੋ ਕਲਾਤਮਕ ਸਿਨਮੇ ਲਈ ਸੁਭ ਸ਼ਗਨ ਹੈ।



*ਲਵਪ੍ਰੀਤ ਸੰਧ*

'ਆਸੀਸ' ਫਿਲਮ ਬਾਰੇ ਗੱਲ ਨੂੰ ਅੱਗੇ ਤੋਰਦਿਆਂ ਲੱਕੀ ਸੰਧੂ ਨੇ ਕਿਹਾ ਕਿ 'ਆਸੀਸ' ਲੇਖਕ ਤੇ ਨਿਰਦੇਸ਼ਕ ਰਾਣਾ ਰਣਬੀਰ ਦੀ ਲਿਖੀ ਤੇ ਡਾਇਰੈਕਟ ਕੀਤੀ ਫਿਲਮ ਹੈ ਜੋ ਮਾਂ-ਪੁੱਤ ਦੇ ਪਿਆਰ 'ਤੇ ਆਧਾਰਤ ਹੈ ਜਿਸ ਵਿਚ ਭਾਵੁਕਤਾ ਹੈ, ਮਨੋਰੰਜਨ ਹੈ, ਨਸੀਹਤ ਹੈ ਤੇ ਰਿਸ਼ਤਿਆਂ ਦੀ ਤਿੜਕਣਬਾਜ਼ੀ ਵੀ ਹੈ। ਸਮਾਜ ਵਿਚ ਨਕਲੀ ਮਖੌਟੇ ਲਾ ਕੇ ਵਿਚਰਨ ਵਾਲੇ ਲੋਕਾਂ ਨੂੰ ਵੀ ਇਹ ਫਿਲਮ ਨੰਗਾ ਕਰਦੀ ਹੈ। ਸਾਡੀ ਇਸ ਫਿਲਮ ਵਿਚ ਕੋਈ ਵੱਡਾ ਹੀਰੋ ਨਹੀਂ, ਨਾ ਹੀ ਕੋਈ ਵੱਡੀ ਹੀਰੋਇਨ ਹੈ। ਸਾਰੇ ਹੀ ਥੀਏਟਰ ਦੇ ਪੈਦਾਇਸ਼ੀ ਕਲਾਕਾਰ ਹਨ, ਜਿਨ੍ਹਾਂ ਦੀ ਰਗ ਰਗ ਵਿਚ ਅਦਾਕਾਰੀ ਵਸੀ ਹੋਈ ਹੈ ਤੇ ਇਹ ਆਪਣੇ ਆਪਣੇ ਕਿਰਦਾਰ ਵਿਚ ਸਾਰੇ ਹੀ ਹੀਰੋ ਹਨ। ਸਾਡੀ ਕੋਸ਼ਿਸ ਹੈ ਕਿ ਜਿਹੜੀ ਪੰਜਾਬੀ ਫਿਲਮ ਇੰਡਸਟਰੀ ਅੱਜ ਪੰਜਾਬੀ ਗਾਇਕਾਂ ਦੇ ਸਿਰ 'ਤੇ ਖੜ੍ਹੀ ਹੈ, ਉਹ ਕਲਾਕਾਰਾਂ ਦੇ ਆਸਰੇ ਅੱਗੇ ਵਧੇ।


ਇਕ ਸਵਾਲ ਦੇ ਜਵਾਬ ਵਿਚ ਲੱਕੀ ਸੰਧੂ ਨੇ ਕਿਹਾ, ਫਿਲਮ ਦੀ ਚੋਣ ਕਰਦਿਆਂ ਮੈਂ ਭਾਵੁਕਤਾ ਦੇ ਰੌਅ ਵਿਚ ਸੀ। ਅਨੇਕਾਂ ਜੱਗ-ਬੀਤੀਆਂ ਮੇਰੀਆਂ ਅੱਖਾਂ ਸਾਹਮਣੇ ਸਨ। ਅਕਸਰ ਵੇਖਦੇ ਹਾਂ ਕਿ ਅਸੀਂ ਮਾਂ ਪਿਓ ਦੀਆਂ ਭਾਵਨਾਵਾਂ ਦੀ ਪ੍ਰਵਾਹ ਕੀਤੇ ਬਿਨਾ ਉਨ੍ਹਾਂ ਦੇ ਜਿਉਂਦੇ ਜੀਅ ਹੀ ਘਰਾਂ ਦੀਆਂ ਵੰਡੀਆਂ ਪਾਉਣ ਲੱਗਦੇ ਹਾਂ। ਕਈ ਵਾਰ ਤਾਂ ਘਰਾਂ ਦੇ ਨਾਲ ਨਾਲ ਜਨਮ-ਜਨਮ ਦੇ ਸਾਥ ਦੀਆਂ ਕਸਮਾਂ ਖਾਣ ਵਾਲੇ ਮਾਪਿਆਂ ਨੂੰ ਵੀ ਵੰਡ ਦਿੰਦੇ ਹਾਂ, ਮਾਂ ਵੱਡੇ ਪੁੱਤ ਨਾਲ ਤੇ ਬਾਪੂ ਛੋਟੇ ਨਾਲ। ਅਜਿਹੇ ਵਿਸ਼ੇ ਭਾਵੁਕਤਾ ਭਰੇ ਹੁੰਦੇ ਹਨ ਪਰ ਸਿਨਮੇ ਦੀ ਭਾਸ਼ਾ ਰਾਹੀਂ ਇਸ ਨੂੰ ਲੋਕਾਂ ਤੱਕ ਪੁੱਜਦਾ ਕਰਨ ਲਈ ਇੱਕ ਖਾਸ ਸਕਰੀਨ ਪਲੇਅ ਦੀ ਲੋੜ ਸੀ ਜੋ ਮਨੋਰੰਜਨ ਦੇ ਨਾਲ ਨਾਲ ਇਸ ਸਮਾਜਕ ਮੁੱਦੇ 'ਤੇ ਦਰਸ਼ਕ ਨੂੰ ਸੋਚਣ ਲਈ ਮਜਬੂਰ ਕਰ ਸਕੇ।

ਲੱਕੀ ਸੰਧੂ ਨੇ ਦੱਸਿਆ ਕਿ ਫਿਲਮ ਦੇ ਨਿਰਦੇਸ਼ਕ ਰਾਣਾ ਰਣਬੀਰ ਹਨ ਜਦਕਿ ਨਵਤੇਜ ਸੰਧੂ ਤਕਨੀਕੀ ਨਿਰਦੇਸ਼ਨ ਕਾਰਜਾਂ ਵਿਚ ਆਪਣੀਆਂ ਵਿਸ਼ੇਸ਼ ਸੇਵਾਵਾਂ ਦੇ ਰਹੇ ਹਨ। ਅਦਾਕਾਰੀ ਦੇ ਇਲਾਵਾ ਸਰਦਾਰ ਸੋਹੀ ਨੇ ਵੀ ਆਪਣੇ ਜੱਦੀ ਪਿੰਡ ਟਿੱਬਾ ਵਿਚ ਸੂਟਿੰਗ ਸਮੇਂ ਖਾਸ ਸਹਿਯੋਗ ਦਿੱਤਾ। ਪ੍ਰੋਡਕਸ਼ਨ ਹਾਊਸ ਨਵਰੋਜ਼ ਗੁਰਬਾਜ਼ ਐਂਟਰਟੇਨਮੈਂਟ ਲਿਮਟਿਡ ਦੇ ਕਾਰਜਕਾਰੀ ਨਿਰਮਾਤਾ ਪਰਦੀਪ ਸਿੰਘ ਸੰਧੂ ਨੇ ਬਹੁਤ ਹੀ ਯੋਜਨਾਬੱਧ ਤਰੀਕੇ ਨਾਲ ਪ੍ਰੋਡਕਸ਼ਨ ਹਾਊਸ ਚਲਾਉਂਦਿਆਂ ਸਿਰਫ ਵੀਹ ਦਿਨਾਂ ਵਿਚ ਫਿਲਮ ਦੀ ਸੂਟਿੰਗ ਦਾ ਕੰਮ ਨੇਪਰੇ ਚਾੜ੍ਹਿਆ।

ਉਨ੍ਹਾਂ ਕਿਹਾ ਕਿ ਮੈਂ ਭਵਿੱਖ ਵਿਚ ਵੀ ਉਹੀ ਫਿਲਮਾਂ ਬਣਾਵਾਂਗਾ ਜੋ ਮੇਰੀ ਸੋਚ ਹੈ। ਇਹ ਬਹਾਨਾ ਕਦੇ ਨਹੀਂ ਹੋਵੇਗਾ ਕਿ ਇਹੋ ਕੁਝ ਚੱਲਦਾ ਹੈ। ਚਾਲੀ ਫਿਲਮਾਂ ਵਿਚੋਂ ਮਸਾਂ ਚਾਰ ਫਿਲਮਾਂ ਆਪਣੀ ਲਾਗਤ ਪੂਰੀ ਕਰਦੀਆਂ ਹਨ ਪਰ ਅਸੀਂ 'ਚਾਰ-ਚਾਲੀ' ਦੇ ਚੱਕਰ ਵਿਚ ਨਹੀਂ ਪੈਂਦੇ ਬਲਕਿ ਸਾਡੀ ਸੋਚ ਇਹ ਹੈ ਕਿ ਜਦੋਂ ਦਰਸ਼ਕ ਫਿਲਮ ਵੇਖ ਕੇ ਬਾਹਰ ਆਵੇ ਤਾਂ ਫਿਲਮ ਦਾ ਅਸਰ ਉਸ ਦੇ ਚਿਹਰੇ 'ਤੇ ਸਾਫ ਨਜ਼ਰ ਆਵੇ ਤੇ ਉਸ ਦੇ ਮੂੰਹੋਂ ਨਿਕਲੇ, 'ਯਾਰ ਚੰਗਾ ਕੰਮ ਕੀਤਾ।' ਦਿਲ ਦੀ ਤਸੱਲੀ ਲਈ ਬਸ ਇਹੋ ਕਾਫੀ ਹੈ।

# ਜ਼ਿਮਨੀ ਚੋਣਾਂ ਦੇ ਝਟਕਿਆਂ ਨੇ ਡਰਾਈ ਭਾਜਪਾ

**ਨਵੀਂ ਦਿੱਲੀ:** ਵਿਧਾਨ ਸਭਾ ਦੀਆਂ 10 ਸੀਟਾਂ ਉਤੇ ਹੋਈਆਂ ਜ਼ਿਮਨੀ ਚੋਣਾਂ 'ਚ ਭਾਜਪਾ ਨੂੰ ਕਰਾਰੇ ਝਟਕੇ ਲੱਗੇ। ਕੈਰਾਨਾ ਲੋਕ ਸਭਾ ਹਲਕੇ ਤੇ ਨੂਰਪੁਰ ਵਿਧਾਨ ਸਭਾ ਸੀਟ ਦੀਆਂ ਜ਼ਿਮਨੀ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਦੀ ਹਾਰ ਨੇ ਦਰਸਾ ਦਿੱਤਾ ਕਿ ਉਤਰ ਪ੍ਰਦੇਸ਼ ਵਿਚ ਵੋਟਰਾਂ ਦਾ ਭਾਜਪਾ ਨਾਲੋਂ ਮੋਹ ਭੰਗ ਹੋ ਚੁੱਕਾ ਹੈ। ਪਹਿਲਾਂ ਭਾਜਪਾ ਗੋਰਖਪੁਰ ਤੇ ਫੂਲਪੁਰ ਲੋਕ ਸਭਾ ਹਲਕਿਆਂ ਦੀ ਜ਼ਿਮਨੀ ਚੋਣ ਹਾਰੀ ਸੀ। ਇਹ ਦੋਵੇਂ ਹਲਕੇ ਕ੍ਰਮਵਾਰ ਯੂ.ਪੀ. ਦੇ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਨੇ ਖਾਲੀ ਕੀਤੇ ਸਨ।



ਹੁਣ ਤੀਜੇ ਲੋਕ ਸਭਾ ਹਲਕੇ ਵਿਚ ਵੀ ਹਾਰ ਤੋਂ ਭਾਜਪਾ ਦੀਆਂ ਸਫਾਂ ਵਿਚ ਮਾਯੂਸੀ ਫੈਲਣੀ ਸੁਭਾਵਿਕ ਹੈ। ਨਾ ਸਿਰਫ ਉਤਰ ਪ੍ਰਦੇਸ਼ ਸਗੋਂ ਝਾਰਖੰਡ ਵਿਚ ਵੀ ਦੋ ਵਿਧਾਨ ਸਭਾ ਸੀਟਾਂ ਦੀ ਜ਼ਿਮਨੀ ਚੋਣ ਵਿਚ ਜਿੱਤਾਂ ਦੇ ਬਾਵਜੂਦ ਇਸ ਪਾਰਟੀ ਦੀਆਂ ਵੋਟਾਂ ਦਾ ਹਿੱਸਾ ਘਟਿਆ। ਮਹਾਰਾਸ਼ਟਰ ਵਿਚ ਇਹ ਪਾਲਘਰ ਲੋਕ ਸਭਾ ਸੀਟ ਭਾਵੇਂ ਜਿੱਤ ਗਈ, ਪਰ ਭੰਡਾਰਾ ਗੋਂਦੀਆਂ ਵਿਚ ਇਹ ਕਾਰਗੁਜ਼ਾਰੀ ਨਾ ਦੁਹਰਾ ਸਕੀ। ਕਰਨਾਟਕ ਦੇ ਰਾਜਾ ਰਾਜੇਸ਼ਵਰੀ ਨਗਰ ਵਿਚ ਇਸ ਨੂੰ ਕਾਂਗਰਸ ਪਾਸੋਂ ਕਰਾਰੀ ਹਾਰ ਹੋਈ। ਸਾਲ 2017 ਵਿਚ ਹੋਈਆਂ ਉਪ ਚੋਣਾਂ ਬੀ.ਜੇ.ਪੀ. ਲਈ ਸਭ ਤੋਂ ਜ਼ਿਆਦਾ ਖਰਾਬ ਸਾਬਤ ਹੋਈਆਂ। ਇਸ ਵਿਚ ਬੀ.ਜੇ.ਪੀ. ਨੂੰ ਪੰਜਾਬ ਦੀ ਅੰਮ੍ਰਿਤਸਰ ਤੇ ਗੁਰਦਾਸਪੁਰ ਸੀਟ ਉਤੇ ਕਾਂਗਰਸ ਹੱਥੋਂ ਕਰਾਰੀ ਮਾਤ ਪਈ। ਇਸ ਤੋਂ ਪਹਿਲਾਂ ਗੁਰਦਾਸਪੁਰ ਸੀਟ ਉਤੇ 4 ਵਾਰ ਬੀ.ਜੇ.ਪੀ. ਦੀ ਜਿੱਤ ਹੋਈ ਸੀ। ਇਸ ਦੇ ਇਲਾਵਾ ਕੇਰਲ ਦੀ ਮਲਾਪੁਰਮ ਤੇ ਸ੍ਰੀਨਗਰ ਦੀ ਸੀਟ ਤੋਂ ਵੀ ਬੀ.ਜੇ.ਪੀ. ਨੂੰ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ ਸੀ।

10 ਵਿਧਾਨ ਸਭਾ ਦੀਆਂ ਸੀਟਾਂ 'ਤੇ ਹੋਈਆਂ ਜ਼ਿਮਨੀ ਚੋਣਾਂ 'ਚ ਭਾਜਪਾ ਨੂੰ ਸਿਰਫ ਇਕ ਸੀਟ (ਉੱਤਰਾਖੰਡ) ਉਤੇ ਹੀ ਜਿੱਤ ਮਿਲੀ। ਜਦੋਂ ਕਿ ਕਾਂਗਰਸ ਨੂੰ 3 ਸੀਟਾਂ (ਮੇਘਾਲਿਆ, ਕਰਨਾਟਕ ਅਤੇ ਪੰਜਾਬ ਦੇ ਸ਼ਾਹਕੋਟ 'ਚ) ਮਿਲੀਆਂ ਅਤੇ ਹੋਰਨਾਂ ਪਾਰਟੀਆਂ ਨੂੰ ਛੇ ਸੀਟਾਂ ਜਿਨ੍ਹਾਂ 'ਚ ਝਾਰਖੰਡ ਵਿਚ ਜੇ.ਐਮ.ਐਮ. ਨੂੰ 2 ਸੀਟਾਂ ਜਦਕਿ ਸੀ.ਪੀ.ਆਈ. (ਐਮ), ਸਮਾਜਵਾਦੀ ਪਾਰਟੀ, ਆਰ.ਜੇ.ਡੀ. ਅਤੇ ਤ੍ਰਿਣਮੂਲ ਨੂੰ ਕ੍ਰਮਵਾਰ ਕੇਰਲ, ਯੂ.ਪੀ., ਬਿਹਾਰ ਅਤੇ ਪੱਛਮੀ ਬੰਗਾਲ 'ਚ ਇਕ-ਇਕ ਸੀਟ ਮਿਲੀ ਹੈ। ਜਦਕਿ ਭਾਜਪਾ ਦੀਆਂ ਸਹਿਯੋਗੀ ਪਾਰਟੀਆਂ ਦੋ ਲੋਕ ਸਭਾ ਸੀਟਾਂ ਉਤੇ ਜਿੱਤ ਦਰਜ ਕਰ ਸਕੀਆਂ ਇਕ ਮਹਾਰਾਸ਼ਟਰ 'ਚ ਅਤੇ ਇਕ ਨਾਗਾਲੈਂਡ 'ਚ, ਜਦਕਿ ਦੋ ਹੋਰ ਸੀਟਾਂ ਯੂ.ਪੀ. ਦੇ ਕੈਰਾਨਾ ਅਤੇ ਮਹਾਰਾਸ਼ਟਰ ਉਤੇ ਪਾਲਘਰ 'ਚ ਹਾਰ ਗਈਆਂ।

# ਹਿੰਦ-ਪਾਕਿ ਸਰਹੱਦ 'ਤੇ ਜੰਗਬੰਦੀ ਦੀ ਉਲੰਘਣਾ ਜਾਰੀ

**ਸ੍ਰੀਨਗਰ:** ਪਿਛਲੇ ਹਫਤੇ ਜੰਮੂ ਕਸ਼ਮੀਰ ਦੀਆਂ ਸਰਹੱਦਾਂ ਉਤੇ ਭਾਰਤ-ਪਾਕਿ ਡੀ.ਜੀ.ਐਮ.ਓ. ਵੱਲੋਂ ਜੰਗਬੰਦੀ ਰੋਕਣ ਉਤੇ ਬਣੀ ਸਹਿਮਤੀ ਦੇ ਸਿਰਫ 5 ਦਿਨ ਬਾਅਦ ਹੀ ਪਾਕਿਸਤਾਨ ਨੇ ਜੰਮੂ ਖੇਤਰ ਦੇ ਅਖਨੂਰ ਅਤੇ ਕਾਨਾਚੱਕ ਸੈਕਟਰਾਂ ਵਿਚ ਬੀ.ਐਸ.ਐਫ਼ ਦੀਆਂ ਚੌਕੀਆਂ ਅਤੇ ਰਿਹਾਇਸ਼ੀ ਇਲਾਕਿਆਂ ਉਤੇ ਜੰਗਬੰਦੀ ਦੀ ਉਲੰਘਣਾ ਕਰਦਿਆਂ ਭਾਰੀ ਗੋਲਾਬਾਰੀ ਕੀਤੀ ਅਤੇ ਮੋਰਟਾਰ ਦਾਗੇ, ਜਿਸ 'ਚ ਬੀ.ਐਸ.ਐਫ. ਦੇ ਦੋ ਜਵਾਨ ਸ਼ਹੀਦ ਹੋ ਗਏ ਅਤੇ ਦੋ ਹੋਰ ਬੀ. ਐਸ.ਐਫ਼. ਜਵਾਨਾਂ, ਇਕ ਪੁਲਿਸ ਜਵਾਨ ਅਤੇ ਦੋ ਔਰਤਾਂ ਸਮੇਤ 14 ਲੋਕ ਜ਼ਖ਼ਮੀ ਹੋ ਗਏ।

ਪਾਕਿ ਰੇਂਜਰਾਂ ਨੇ ਅਖਨੂਰ ਦੇ ਪਾਰਗਵਾਲ ਅਤੇ ਕਾਨਚਕ ਸੈਕਟਰਾਂ 'ਚ ਸਥਿਤ 10 ਬੀ.ਐਸ.ਐਫ. ਦੀਆਂ ਚੌਕੀਆਂ ਅਤੇ 35 ਪਿੰਡਾਂ ਨੂੰ ਨਿਸ਼ਾਨਾ ਬਣਾਇਆ। ਗੋਲੀਬਾਰੀ ਦੇ ਚਲਦਿਆਂ ਸਰਹੱਦ ਨੇੜੇ ਰਹਿ ਰਹੇ ਲੋਕਾਂ 'ਚ ਡਰ ਦੀ ਲਹਿਰ ਦੌੜ ਗਈ ਤੇ ਉਹ ਸੁਰੱਖਿਅਤ ਸਥਾਨਾਂ ਵੱਲ ਹਿਜਰਤ ਕਰਨ ਉਤੇ ਮਜਬੂਰ ਹੋ ਗਏ।

ਬੀ. ਐਸ. ਐਫ. ਦੇ ਇਕ ਉਚ ਅਧਿਕਾਰੀ ਅਨੁਸਾਰ ਪਾਰਗਵਾਲ ਸੈਕਟਰ 'ਚ ਬੀ. ਐਸ. ਐਫ. ਦਾ ਇਕ ਸਹਾਇਕ ਸਬ ਇੰਸਪੈਕਟਰ ਐਸ. ਐਨ. ਯਾਦਵ (48 ) ਤੇ ਕਾਂਸਟੇਬਲ ਵਿਜੇ ਕੁਮਾਰ ਪਾਂਡੇ (27) ਨੂੰ ਜ਼ਖ਼ਮੀ ਹਾਲਤ 'ਚ ਹਸਪਤਾਲ ਤਬਦੀਲ ਕੀਤਾ ਗਿਆ ਪਰ ਉਹ ਜ਼ਖ਼ਮਾਂ ਦੀ ਤਾਬ ਨਾ ਝੱਲਦੇ ਦਮ ਤੋੜ ਗਏ। ਗੋਲੀਬਾਰੀ ਦਾ ਇਹ ਸਿਲਸਿਲਾ ਪਾਰਗਵਾਲ, ਖੌਰ ਤੇ ਕਾਨਾਚਕ ਖੇਤਰਾਂ ਸ਼ੁਰੂ ਹੋਇਆ ਤੇ ਰੁਕ ਰੁਕ ਕੇ ਜਾਰੀ ਰਿਹਾ।


ਗੋਲੀਬਾਰੀ ਦੌਰਾਨ ਜ਼ਖ਼ਮੀਆਂ 'ਚ ਕਾਂਸਟੇਬਲ ਮੁਹੰਮਦ ਜ਼ਾਕਿਰ, ਕਾਂਸਟੇਬਲ ਜੇ.ਪੀ. ਡੇਕਾ ਬੀ.ਐਸ.ਐਫ, ਸੁਧਾਕਰ ਸਿੰਘ, ਵਿਕਰਮ ਸਿੰਘ, ਪੂਜਾ ਦੇਵੀ, ਪਾਲਾ ਰਾਮ, ਵਿਸ਼ਾਲ ਕੁਮਾਰ, ਰਾਜਿੰਦਰ ਸਿੰਘ, ਬੰਸੀ ਲਾਲ, ਬਲਵਿੰਦਰ ਸਿੰਘ ਤੇ ਸੁਲਕਸ਼ਨਾ ਦੇਵਾ ਸ਼ਾਮਲ ਹਨ।

ਦੱਸਣਯੋਗ ਹੈ ਕਿ 29 ਮਈ ਨੂੰ ਭਾਰਤ-ਪਾਕਿ ਦੇ ਡੀ. ਜੀ. ਐਮ. ਓ. ਨੇ 2003 ਦੇ ਜੰਮੂ-ਕਸ਼ਮੀਰ ਦੀਆਂ ਸਰਹੱਦਾਂ ਉਤੇ ਜੰਗਬੰਦੀ ਦੇ ਸਮਝੌਤੇ ਨੂੰ ਮੁੜ ਅਮਲਾਉਣ ਬਾਰੇ ਹਾਟ ਲਾਇਨ ਉਤੇ ਜੰਮੂ-ਕਸ਼ਮੀਰ ਦੇ ਨਾਲ ਲੱਗਦੀ ਕੰਟਰੋਲ ਰੇਖਾ ਅਤੇ ਅੰਤਰਰਾਸ਼ਟਰੀ ਸਰਹੱਦ ਉਤੇ ਜੰਗਬੰਦੀ ਦੀ ਉਲੰਘਣਾ ਬਾਰੇ ਵਿਚਾਰ ਕਰ ਕੇ ਇਸ ਉਤੇ ਰੋਕ ਲਗਾਉਣ ਲਈ ਸਹਿਮਤੀ ਬਣਾਈ ਸੀ।

ਇਸ ਪਹਿਲ ਲਈ ਪਾਕਿਸਤਾਨ ਵੱਲੋਂ ਪਹਿਲਾਂ ਹਾਟ ਲਾਇਨ ਉਤੇ ਸੰਪਰਕ ਕੀਤਾ ਸੀ, ਹਾਲਾਂਕਿ ਭਾਰਤ-ਪਾਕਿ ਦੇ ਡੀ.ਜੀ.ਐਮ.ਓ. ਵੱਲੋਂ ਜੰਗਬੰਦੀ ਉਤੇ ਰੋਕ ਲਗਾਉਣ ਦੇ ਬਾਅਦ ਸਰਹੱਦ ਨੇੜੇ ਰਹਿਣ ਵਾਲੇ ਇਨ੍ਹਾਂ ਲੋਕਾਂ 'ਚ ਇਕ ਆਸ ਦੀ ਕਿਰਨ ਜਾਗੀ ਸੀ ਤੇ ਉਹ ਵਾਪਸ ਆਪਣੇ ਘਰ ਨੂੰ ਪਰਤ ਗਏ ਸਨ, ਪਰ ਤਾਜ਼ਾ ਗੋਲੀਬਾਰੀ ਨੇ ਇਨ੍ਹਾਂ ਦੀ ਚਿੰਤਾ ਨੂੰ ਮੁੜ ਵਧਾ ਦਿਤਾ ਹੈ ਤੇ ਇਹ ਮੁੜ ਹਿਜਰਤ ਕਰਨ ਉਤੇ ਮਜਬੂਰ ਹੋ ਗਏ ਹਨ।

# ਅਰਬਾਜ਼ ਖਾਨ ਨੇ ਕ੍ਰਿਕਟ ਮੈਚ 'ਤੇ ਸੱਟੇ ਦੀ ਗੱਲ ਕਬੂਲੀ

**ਠਾਣੇ (ਮਹਾਰਾਸ਼ਟਰ):** ਇਕ ਪੁਲਿਸ ਅਫਸਰ ਨੇ ਦਾਅਵਾ ਕੀਤਾ ਕਿ ਬਾਲੀਵੁਡ ਅਦਾਕਾਰ ਤੇ ਫਿਲਮਸਾਜ਼ ਅਰਬਾਜ਼ ਖਾਨ ਨੇ



ਪੁਲਿਸ ਕੋਲ ਮੰਨਿਆ ਹੈ ਕਿ ਉਹ ਪੰਜ-ਛੇ ਸਾਲਾਂ ਤੋਂ ਕ੍ਰਿਕਟ ਮੈਚਾਂ ਉਤੇ ਸੱਟਾ ਲਾਉਂਦਾ ਰਿਹਾ ਸੀ। ਪੁਲਿਸ ਨੇ ਇਹ ਵੀ ਕਿਹਾ ਕਿ ਬੁਕੀ ਸੋਨੂ ਜਲਾਨ ਉਰਫ ਸੋਨੂ ਮਲਾਡ ਨੇ ਖੁਲਾਸਾ ਕੀਤਾ ਸੀ ਕਿ ਬਾਲੀਵੁੱਡ ਦਾ ਇਕ ਉਘਾ ਫਿਲਮਸਾਜ਼ ਵੀ ਸੱਟੇਬਾਜ਼ੀ ਵਿਚ ਸ਼ਾਮਲ ਹੈ।

ਅਰਬਾਜ਼ ਖਾਨ ਠਾਣੇ ਪੁਲਿਸ ਦੇ ਫਿਰੌਤੀ ਵਿਰੋਧੀ ਸੈੱਲ (ਏ.ਈ.ਸੀ.) ਸਾਹਮਣੇ ਪੇਸ਼ ਹੋਇਆ ਤੇ ਉਸ ਨੇ ਦਾਅਵਾ ਕੀਤਾ ਕਿ ਉਸ ਨੇ 2018 ਦੇ ਲੰਘੀ 27 ਮਈ ਨੂੰ ਖਤਮ ਹੋਏ ਆਈ.ਪੀ.ਐਲ. ਸੀਜ਼ਨ ਦੇ ਕਿਸੇ ਵੀ ਮੈਚ ਉਤੇ ਸੱਟਾ ਨਹੀਂ ਲਾਇਆ ਸੀ।

ਪੁਲਿਸ ਅਫਸਰ ਨੇ ਆਪਣਾ ਨਾਂ ਨਾ ਛਾਪਣ ਦੀ ਸ਼ਰਤ ਉਤੇ ਦੱਸਿਆ ਕਿ ਅਦਾਕਾਰ ਨੇ ਪੁਲਿਸ ਅੱਗੇ ਮੰਨਿਆ ਕਿ ਉਹ ਪਿਛਲੇ 5-6 ਸਾਲਾਂ ਤੋਂ ਕ੍ਰਿਕਟ ਮੈਚਾਂ ਉਤੇ ਸੱਟਾ ਲਾਉਂਦਾ ਰਿਹਾ ਸੀ। ਸੋਨੂ ਜਲਾਨ ਨੇ ਵੀ ਤਫਤੀਸ਼ਕਾਰਾਂ ਨੂੰ ਦੱਸਿਆ ਸੀ ਕਿ ਬਾਲੀਵੁਡ ਦਾ ਇਕ ਫਿਲਮਸਾਜ਼ ਜੋ ਮੁੰਬਈ ਵਿਚ ਇਕ ਫਿਲਮ ਪ੍ਰੋਡਕਸ਼ਨ-ਡਿਸਟ੍ਰੀਬਿਊਸ਼ਨ ਕੰਪਨੀ ਦਾ ਸੀ.ਈ.ਓ. ਹੈ, ਸੱਟੇਬਾਜ਼ੀ ਵਿਚ ਉਸ ਦਾ ਭਿਆਲ ਸੀ। ਲੰਘੀ 15 ਮਈ ਨੂੰ ਏ.ਈ.ਸੀ. ਨੇ ਜਲਾਨ ਸਮੇਤ ਚਾਰ ਜਣਿਆਂ ਨੂੰ ਕਾਬੂ ਕੀਤਾ ਸੀ।

# ਕਾਲੇ ਧਨ ਦੀ ਜਾਣਕਾਰੀ ਦੇਣ ਵਾਲੇ ਲਈ ਇਨਾਮੀ ਯੋਜਨਾ

**ਨਵੀਂ ਦਿੱਲੀ:** ਬੇਨਾਮੀ ਜਾਇਦਾਦਾਂ ਅਤੇ ਵਿਦੇਸ਼ਾਂ 'ਚ ਰੱਖੇ ਕਾਲੇ ਧਨ ਉਤੇ ਲਗਾਮ ਕੱਸਣ ਲਈ ਸਰਕਾਰ ਨੇ 'ਇਨਾਮੀ' ਯੋਜਨਾ ਸ਼ੁਰੂ ਕੀਤੀ ਹੈ, ਜਿਸ ਤਹਿਤ ਵਿਦੇਸ਼ਾਂ 'ਚ ਕਾਲੇ ਧਨ ਦੀ ਜਾਣਕਾਰੀ ਦੇਣ ਉਤੇ ਆਮਦਨ ਟੈਕਸ ਵਿਭਾਗ 5 ਕਰੋੜ ਅਤੇ ਬੇਨਾਮੀ ਜਾਇਦਾਦ ਦੀ ਜਾਣਕਾਰੀ ਦੇਣ ਉਤੇ 1 ਕਰੋੜ ਰੁਪਏ ਤੱਕ ਦਾ ਇਨਾਮ ਦੇਵੇਗਾ।

ਇਸ ਯੋਜਨਾ ਤਹਿਤ ਦੇਸ਼-ਵਿਦੇਸ਼ ਦਾ ਕੋਈ ਵੀ ਨਾਗਰਿਕ ਅਧਿਕਾਰੀਆਂ ਨੂੰ ਜਾਣਕਾਰੀ ਦੇ ਸਕਦਾ ਹੈ। ਲੋਕਾਂ ਦੀ ਭਾਗੀਦਾਰੀ ਵਧਾਉਣ ਲਈ ਜਾਰੀ ਕੀਤੀ ਇਸ ਸਕੀਮ ਤਹਿਤ ਸੂਚਨਾ ਦੇਣ ਵਾਲੇ ਨੂੰ ਬੇਨਾਮੀ ਪ੍ਰੋਹਿਬਸ਼ਨ ਯੂਨਿਟ ਦੇ ਜੁਆਇੰਟ ਵਧੀਕ ਕਮਿਸ਼ਨਰ ਨੂੰ ਇਹ ਜਾਣਕਾਰੀ ਦੇਣੀ ਹੋਵੇਗੀ, ਜਿਸ 'ਚ ਵਿਦੇਸ਼ ਵਿਚ ਕਾਲੇ ਧਨ ਉਤੇ 5 ਕਰੋੜ ਰੁਪਏ ਅਤੇ ਬੇਨਾਮੀ ਲੈਣ-ਦੇਣ ਉਤੇ 1 ਕਰੋੜ ਦੇ ਇਨਾਮ ਤੋਂ ਇਲਾਵਾ ਭਾਰਤ 'ਚ ਟੈਕਸ ਚੋਰੀ ਦੀ ਪੁਖਤਾ ਜਾਣਕਾਰੀ ਦੇਣ ਵਾਲੇ ਵਿਅਕਤੀ ਨੂੰ 50 ਲੱਖ ਰੁਪਏ ਦਾ ਇਨਾਮ ਦਿੱਤਾ ਜਾਵੇਗਾ।

ਹਾਲ ਹੀ 'ਚ ਸਰਕਾਰ ਨੇ 1988 'ਚ ਬੇਨਾਮੀ ਕਾਨੂੰਨ ਵਿਚ ਤਰਮੀਮ ਕਰ ਕੇ ਬੇਨਾਮੀ ਲੈਣ-ਦੇਣ ਕਾਨੂੰਨ 2016 ਪਾਸ ਕੀਤਾ ਹੈ। ਇਸ ਕਾਨੂੰਨ ਨੂੰ ਹੋਰ ਪ੍ਰਭਾਵੀ ਬਣਾਉਣ ਅਤੇ ਲੋਕਾਂ ਦੀ ਹਿੱਸੇਦਾਰੀ ਵਧਾਉਣ ਲਈ ਸ਼ੁਰੂ ਕੀਤੀ ਇਸ ਸਕੀਮ ਦੀ ਪੂਰੀ ਜਾਣਕਾਰੀ ਵੈੱਬਸਾਈਟ ਉਤੇ ਵੀ ਮੁਹੱਈਆ ਕਰਵਾਈ ਗਈ ਹੈ। ਜਾਣਕਾਰੀ ਦੇਣ ਵਾਲੇ ਦੀ ਪਛਾਣ ਗੁਪਤ ਰੱਖੀ ਜਾਵੇਗੀ।


## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

# ਕਰਨਾਟਕ ਚੋਣਾਂ ਦਾ ਲੇਖਾ-ਜੋਖਾ

ਇਸ ਵਾਰ ਦੀਆਂ ਕਰਨਾਟਕ ਵਿਧਾਨ ਸਭਾ ਚੋਣਾਂ ਨੇ ਦੇਸ਼ ਦੀ ਰਾਜਨੀਤੀ ਦੇ ਕਈ ਪਰਦੇ ਫਾਸ਼ ਕੀਤੇ ਹਨ। ਵੱਡੀ ਗੱਲ ਇਹ ਕਿ ਸੱਤਾਧਾਰੀ ਪਾਰਟੀ ਕੋਈ ਵੀ ਗਲਤ ਕੰਮ ਕਰਨ ਸਮੇਂ ਸ਼ਰਮ ਨਹੀਂ ਕਰਦੀ। ਕਰਨਾਟਕ ਦੇ ਰਾਜਪਾਲ ਦਾ ਭਾਜਪਾ ਦੇ ਲੀਡਰ ਨੂੰ ਸਰਕਾਰ ਬਣਾਉਣ ਦਾ ਸੱਦਾ ਅਣਉਚਿੱਤ ਹੀ ਨਹੀਂ ਧੱਕੇਸ਼ਾਹੀ ਵਾਲਾ ਵੀ ਸੀ। ਨਿਸ਼ਚੇ ਹੀ ਰਾਜਪਾਲ ਦਾ ਇਹ ਅਮਲਾ ਕੇਂਦਰ ਦੀ




ਸੱਤਾਧਾਰੀ ਸਰਕਾਰ ਦੀ ਸ਼ਹਿ ਤੋਂ ਬਿਨਾਂ ਨਹੀਂ ਸੀ ਹੋਇਆ। ਬੀ. ਐਸ. ਯੈਦੀਉਰੱਪਾ ਦਾ ਫਲੋਰ ਟੈਸਟ ਤੋਂ ਪਹਿਲਾਂ ਹੀ ਪਿਛਲ ਪੈਰੀਂ ਮੁੜਨਾ ਤਾਂ ਸਮਝ ਆਉਂਦਾ ਹੈ, ਐਲਾਨ ਕਰਦੇ ਸਮੇਂ ਬੇਹੱਦ ਭਾਵੁਕ ਭਾਸ਼ਣ ਦੇਣਾ ਉਕਾ ਹੀ ਨਹੀਂ। ਜਾਪਦਾ ਹੈ, ਉਸ ਨੂੰ ਭਰੋਸਾ ਦਿੱਤਾ ਗਿਆ ਸੀ ਕਿ ਸੱਤਾਧਾਰੀ ਪਾਰਟੀ ਉਸ ਦੀ ਪਿੱਠ ਉਤੇ ਹੈ ਤੇ ਲੋੜੀਂਦਾ ਵਿਧਾਇਕ ਖਰੀਦਣ ਦੇ ਯੋਗ ਹੈ। ਖਰੀਦਣ ਲਈ ਮਾਇਆ ਦਾ ਕੋਈ ਮਸਲਾ ਨਹੀਂ ਸੀ। ਜੇ ਸੁਪਰੀਮ ਕੋਰਟ ਦਖਲ ਦੇ ਕੇ ਭਰੋਸੇ ਦਾ ਵੋਟ ਹਾਸਲ ਕਰਨ ਦੀ ਸਮਾਂ ਸੀਮਾ ਨਿਯਤ ਨਾ ਕਰਦੀ।

ਕੁਮਾਰਸਵਾਮੀ ਦੇ ਸਹੁੰ ਚੁੱਕ ਸਮਾਗਮ ਉਤੇ ਵਿਰੋਧੀ ਪਾਰਟੀਆਂ ਦੇ ਹੁਮ ਹੁਮਾ ਕੇ ਇਕੱਠੇ ਹੋਣ ਨੇ ਮਾਰਕਸਵਾਦੀ ਪਾਰਟੀ ਦੇ ਸਵਰਗੀ ਨੇਤਾ ਹਰਕਿਸ਼ਨ ਸਿੰਘ ਸੁਰਜੀਤ ਚੇਤੇ ਕਰਵਾ ਦਿੱਤਾ।

ਉਸ ਦੇ ਚੇਲੇ ਤੇ ਵਰਤਮਾਨ ਜਨਰਲ ਸਕੱਤਰ ਸੀਤਾ ਰਾਮ ਯੇਚੁਰੀ ਨੇ ਕੁਝ ਹੀ ਦਿਨ ਪਹਿਲਾਂ ਇਸ ਤਰ੍ਹਾਂ ਮਿਲ ਕੇ ਚੱਲਣ ਦਾ ਸੱਦਾ ਦਿੱਤਾ ਸੀ, ਜਿਸ ਨੂੰ ਵਿਰੋਧੀ ਧਿਰਾਂ ਨੇ ਪ੍ਰਵਾਨ ਕਰ ਲਿਆ ਜਾਪਦਾ ਹੈ।

ਕਰਨਾਟਕ ਦੇ ਚੋਣ ਨਤੀਜਿਆਂ ਨੇ ਸਰਕਾਰੀ ਮੀਡੀਆ ਨੂੰ ਵੀ ਨੰਗਾ ਕਰਨ ਦੀ ਕੋਈ ਕਸਰ ਨਹੀਂ ਛੱਡੀ। ਦੂਰਦਰਸ਼ਨ ਵਲੋਂ ਐਚ. ਡੀ. ਕੁਮਾਰਸਵਾਮੀ ਦੇ ਸਹੁੰ ਚੁੱਕ ਸਮਾਗਮ ਨੂੰ ਕੇਂਦਰ ਬਿੰਦੂ ਬਣਾ ਕੇ ਵਿਰੋਧੀ ਪਾਰਟੀਆਂ ਦੇ ਮਿਲ ਕੇ ਖੜ੍ਹੇ ਹੋਣ ਨੂੰ ਨਜ਼ਰਅੰਦਾਜ਼ ਕਰਨਾ ਇਸ ਦੀ




ਪੁਸ਼ਟੀ ਕਰਦਾ ਹੈ। ਮੀਡੀਏ ਦੇ ਮਾਹਰ ਜਾਣਦੇ ਹਨ ਕਿ ਉਨ੍ਹਾਂ ਦੇ ਇਕ ਮੁੱਠ ਹੋਣ ਦੀ ਤਸਵੀਰ ਅਗਲੇ ਦਿਨ ਦੇਸ਼ ਭਰ ਦੇ ਅਖਬਾਰਾਂ ਦੀ ਵੱਡੀ ਸੁਰਖੀ ਹੀ ਨਹੀਂ, ਮੁੱਖ ਪੰਨੇ ਦਾ ਸ਼ਿੰਗਾਰ ਵੀ ਬਣੀ। ਦੂਰਦਰਸ਼ਨ ਵਾਲਿਆਂ ਨੂੰ ਇਹ ਵੇਖ ਕੇ ਸੰਗ ਆਈ ਕਿ ਨਹੀਂ, ਉਹੀਓ ਜਾਣਨ।

**ਪੰਡਿਤ ਨਹਿਰੂ ਬਨਾਮ ਵੀਰ ਸਾਵਰਕਰ**

27 ਮਈ ਵਾਲੇ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 'ਮਨ ਕੀ ਬਾਤ' ਵੀ ਧਿਆਨ ਮੰਗਦੀ ਹੈ। ਇਸ ਦਿਨ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੂੰ ਸਵਰਗਵਾਸ ਹੋਇਆਂ 54 ਸਾਲ ਹੋਏ ਸਨ। ਮੋਦੀ ਨੇ 'ਪੰਡਿਤ ਜੀ ਨੂੰ ਪ੍ਰਣਾਮ' ਤਾਂ ਕਹੀ ਪਰ ਆਪਣੇ ਮਨ ਦੀ ਬਾਕੀ ਸਾਰੀ ਬਾਤ ਵੀਰ ਸਾਵਰਕਰ ਦੇ ਗੁਣਗਾਇਨ ਉਤੇ ਲਾਈ ਤੇ ਜਾਂ ਫੇਰ ਪੰਜ ਜੂਨ ਦੇ ਵਿਸ਼ਵ ਵਾਤਾਵਰਣ ਦਿਵਸ ਮੌਕੇ ਦੇਸ਼ ਵਾਸੀਆਂ ਨੂੰ ਪਲਾਸਟਿਕ ਦੀ ਵਰਤੋਂ ਤੋਂ ਵਰਜਣ ਉਤੇ।

**ਪੰਜਾਬੀਆਂ ਪਿਆਰਿਆਂ ਦਾ ਤਿੰਨ ਜੂਨ:** ਮੈਂ ਆਪਣੀ ਸਵੈ-ਜੀਵਨੀ ਦਾ ਦੇਸ਼ ਵੰਡ ਵਾਲਾ ਕਾਂਡ ਲਿਖ ਰਿਹਾ ਸਾਂ ਕਿ ਤਿੰਨ ਜੂਨ ਦਾ ਜ਼ਿਕਰ ਆ ਗਿਆ। ਇਸ ਦਿਨ ਬਰਤਾਨਵੀ ਸਰਕਾਰ ਨੇ ਹਿੰਦੁਸਤਾਨ ਨੂੰ ਦੋ ਟੁਕੜਿਆਂ ਵਿਚ ਵੰਡਣ ਦਾ ਐਲਾਨ ਕੀਤਾ ਸੀ। 15 ਅਗਸਤ 1947 ਨੂੰ ਇਸ ਉਤੇ ਅਮਲ ਹੋਇਆ ਤਾਂ ਪੰਜਾਬ ਅਤੇ ਬੰਗਾਲ ਦੇ ਟੁਕੜੇ-ਟੁਕੜੇ ਹੋ ਗਏ। ਦੋਹਾਂ ਰਾਜਾਂ ਦੀ ਜਿਹੜੀ ਜਾਨੀ ਤੇ ਮਾਲੀ ਤਬਾਹੀ ਹੋਈ, ਉਹ ਇਤਿਹਾਸ ਦਾ ਹਿੱਸਾ ਬਣ ਚੁਕੀ ਹੈ। ਮੈਨੂੰ ਇਹ ਵੀ ਚੇਤੇ ਆਇਆ ਕਿ ਇਸ ਦਿਨ 1986 ਵਿਚ ਪੰਜਾਬ ਦੇ ਉਘੇ ਪ੍ਰਸ਼ਾਸਕ ਮਹਿੰਦਰ ਸਿੰਘ ਰੰਧਾਵਾ ਦਾ ਦੇਹਾਂਤ ਹੋਇਆ ਸੀ। ਮੈਂ ਦਿੱਲੀ ਛੱਡ ਕੇ ਚੰਡੀਗੜ੍ਹ ਤੋਂ ਛਪਣ ਵਾਲੀ ਪੰਜਾਬੀ ਟ੍ਰਿਬਿਊਨ ਦੀ ਸੰਪਾਦਕੀ ਸੰਭਾਲ ਚੁਕਾ ਸਾਂ। ਪੰਜਾਬ ਕਾਲੇ ਦਿਨਾਂ ਵਿਚੋਂ ਲੰਘ ਰਿਹਾ ਸੀ। ਇਕ ਫਿਰਕੇ ਦੇ ਲੋਕ ਦੂਜੇ ਫਿਰਕੇ ਵਾਲਿਆਂ ਨੂੰ ਬੱਸਾਂ ਵਿਚੋਂ ਉਤਾਰ ਕੇ ਗੋਲੀ ਦਾ ਨਿਸ਼ਾਨਾ ਬਣਾ ਰਹੇ ਸਨ, ਜਿਸ ਦਾ ਐਮ. ਐਸ. ਰੰਧਾਵਾ ਦੇ ਮਨ ਉਤੇ ਅੰਤਾਂ ਦਾ ਬੋਝ ਸੀ। ਉਹ ਪੰਜਾਬ ਦੇ ਹੋਰ ਟੁਕੜੇ ਹੁੰਦੇ ਨਹੀਂ ਸੀ ਤੱਕਣਾ ਚਾਹੁੰਦੇ। ਚੇਤੇ ਰਹੇ, ਪੰਜਾਬੀ ਸੂਬੇ ਦੇ ਨਾਅਰੇ ਦਾ ਵਿਰੋਧ ਕਰਨ ਵਾਲਿਆਂ ਵਿਚ ਉਸ ਸਮੇਂ ਦਾ ਸ਼ਕਤੀਸ਼ਾਲੀ ਨੇਤਾ ਪ੍ਰਤਾਪ ਸਿੰਘ ਕੈਰੋਂ ਹੀ ਨਹੀਂ, ਮਹਿੰਦਰ ਸਿੰਘ ਰੰਧਾਵਾ ਵੀ ਸੀ। ਹੋਵੇ ਨਾ ਕਿ 1986 ਦੇ ਇਸ ਦਿਨ ਐਮ. ਐਸ. ਰੰਧਾਵਾ ਦੇ ਮਨ ਉਤੇ ਪੰਜਾਬ ਦੇ ਹੋਰ ਟੁਕੜੇ ਹੋਣ ਵਾਲਾ ਭਵਿੱਖ ਭਾਰੂ ਹੋਵੇ, ਜੋ ਉਸ ਨੂੰ ਲੈ ਬੈਠਿਆ।

**ਅੰਤਿਕਾ: ਹਰਿਭਜਨ ਸਿੰਘ**

ਮੈਂ ਗਮ ਦੇ ਸਮੁੰਦਰ 'ਚ ਡੁੱਬਦਾ ਨਹੀਂ ਹਾਂ
ਤੇਰੇ ਗਮ ਦੇ ਮੈਨੂੰ ਸਹਾਰੇ ਬੜੇ ਨੇ।
ਤੁਸਾਂ ਚੁਣ ਲਏ ਨੈਣਾਂ ਕੇਰੇ ਜੋ ਹੰਝੂ
ਜੋ ਕਹਿ ਨਾ ਸਕੇ ਗਮ ਦੇ ਮਾਰੇ ਬੜੇ ਨੇ।
ਮੈਂ ਚੁੰਮ ਹੀ ਲਿਆ ਜਾ ਕੇ ਲਹਿਰਾਂ ਦਾ ਜੋਬਨ
ਅਤੇ ਮੇਰੇ ਪੈਰੀਂ ਕਿਨਾਰੇ ਬੜੇ ਨੇ।

# ਵਿਦਿਆ ਦਾਨੀ ਤੇ ਬ੍ਰਹਮ ਗਿਆਨੀ ਸੰਤ ਪ੍ਰੇਮ ਸਿੰਘ ਮੁਰਾਲੇ ਵਾਲੇ

ਬ੍ਰਹਮ ਗਿਆਨੀ ਸੰਤ ਪ੍ਰੇਮ ਸਿੰਘ ਜੀ ਦਾ ਜਨਮ 16 ਅਕਤੂਬਰ 1882 ਨੂੰ ਕੱਤਕ ਦੀ ਸੰਗਰਾਂਦ ਵਾਲੇ ਦਿਨ ਖੇੜੀ ਦੂਨਾ ਸਿੰਘ ਜ਼ਿਲਾ ਗੁਜਰਾਤ (ਪਾਕਿਸਤਾਨ) ਵਿਖੇ ਪਿਤਾ ਸ. ਵਸਾਵਾ ਸਿੰਘ ਅਤੇ ਮਾਤਾ ਨਿਹਾਲ ਕੌਰ ਦੇ ਗ੍ਰਹਿ ਵਿਖੇ ਹੋਇਆ। ਜਦੋਂ ਉਹ 11 ਵਰ੍ਹਿਆਂ ਦੇ ਸਨ ਤਾਂ ਉਨ੍ਹਾਂ ਦੇ ਮਾਤਾ ਜੀ ਅਕਾਲ ਚਲਾਣਾ ਕਰ ਗਏ।

**ਅਮਰਜੀਤ ਸਿੰਘ ਮੁਲਤਾਨੀ**
multaniny@gmail.com

ਪਿਤਾ ਵਸਾਵਾ ਸਿੰਘ ਨੇ ਦੂਜਾ ਵਿਆਹ ਕਰਵਾ ਲਿਆ। ਮਤਰੇਈ ਮਾਂ ਵਲੋਂ ਚੰਗਾ ਵਿਹਾਰ ਨਾ ਕੀਤੇ ਜਾਣ ਕਰਕੇ ਬਾਲਕ ਪ੍ਰੇਮ ਸਿੰਘ ਦੀ ਪਾਲਨਾ ਉਨ੍ਹਾਂ ਦੇ ਦਾਦਾ ਬਾਬਾ ਅਰੂੜ ਸਿੰਘ ਨੇ ਕੀਤੀ। ਬਚਪਨ ਵਿਚ ਬਾਲਕ ਪ੍ਰੇਮ ਸਿੰਘ ਨੂੰ ਬਹੁਤ ਔਕੜਾਂ ਦਾ ਸਾਹਮਣਾ ਕਰਨਾ ਪਿਆ।

ਕੁਝ ਅਰਸੇ ਬਾਅਦ ਬਾਬਾ ਅਰੂੜ ਸਿੰਘ ਵੀ ਅਕਾਲ ਚਲਾਣਾ ਕਰ ਗਏ। ਕਿਸੇ ਜਾਣ ਪਛਾਣ ਵਾਲੇ ਨੇ ਬਾਲਕ ਪ੍ਰੇਮ ਸਿੰਘ ਨੂੰ ਪਿੰਡ ਬੂਰਿਆਂ ਵਾਲੀ ਦੇ ਕੱਪੜਾ ਵਪਾਰੀ ਸ. ਰਾਮ ਸਿੰਘ ਨਾਲ ਮਿਲਵਾ ਦਿੱਤਾ। ਅਸਲ ਵਿਚ ਸ. ਰਾਮ ਸਿੰਘ ਨੂੰ ਇਕ ਸਹਾਇਕ ਦੀ ਲੋੜ ਸੀ। ਬਾਲਕ ਪ੍ਰੇਮ ਸਿੰਘ ਰਾਮ ਸਿੰਘ ਨਾਲ ਕੱਪੜੇ ਦੇ ਕਾਰੋਬਾਰ ਵਿਚ ਸਹਾਇਤਾ ਕਰਨ ਲੱਗ ਪਏ। ਰਾਮ ਸਿੰਘ ਪਾਕਿਸਤਾਨ ਜ਼ਿਲਾ ਗੁਜਰਾਤ ਦੀ ਤਹਿਸੀਲ ਖਾਰੀਆਂ ਵਿਚ ਪੈਂਦੇ ਪਿੰਡ ਮੁਰਾਲਾ ਸਥਿਤ ਸੰਤ ਹਮੀਰ ਸਿੰਘ ਜੀ ਦੇ ਡੇਰੇ 'ਤੇ ਵੀ ਜਾਇਆ ਕਰਦੇ ਸੀ। ਬਾਲਕ ਪ੍ਰੇਮ ਸਿੰਘ ਨੂੰ ਡੇਰੇ ਦਾ ਮਾਹੌਲ ਇੰਨਾ ਭਾਇਆ ਕਿ ਉਹ ਰਾਮ ਸਿੰਘ ਦੇ ਸਹਾਇਕ ਦਾ ਕੰਮ ਛੱਡ ਕੇ ਡੇਰੇ ਵਿਚ ਹੀ ਸੇਵਾ ਕਰਨ ਲੱਗ ਪਏ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਸੰਤ ਸੁੰਦਰ ਸਿੰਘ ਜੋ ਕਿ ਬਾਅਦ ਵਿਚ ਜਥਾ ਭਿੰਡਰਾਂ ਦੇ ਮੁਖੀ ਬਣੇ, ਵੀ ਇਸੇ ਸਮੇਂ ਇਥੇ ਸੰਤ ਬਿਸ਼ਨ ਸਿੰਘ ਜੀ ਪਾਸ ਵਿਦਿਆ ਪ੍ਰਾਪਤ ਕਰ ਰਹੇ ਸਨ। ਇਸੇ ਨਾਤੇ ਉਹ ਸੰਤ ਪ੍ਰੇਮ ਸਿੰਘ ਦੇ ਗੁਰੂ ਭਾਈ ਸਨ। ਬਾਲਕ ਪ੍ਰੇਮ ਸਿੰਘ ਨੇ ਤਨ ਤੇ ਮਨ ਨਾਲ ਡੇਰੇ ਵਿਚ ਸੇਵਾ ਦੀ ਅਜਿਹੀ ਛਹਿਬਰ ਲਾਈ ਕਿ ਸੰਤ ਬਿਸ਼ਨ ਸਿੰਘ ਜੀ ਨੇ ਆਪਣੀ ਹਯਾਤੀ ਵਿਚ ਹੀ 23 ਸਾਲਾਂ ਦੇ ਬਾਲਕ ਪ੍ਰੇਮ ਸਿੰਘ ਨੂੰ ਆਪਣਾ ਵਾਰਸ ਬਣਾ ਦਿੱਤਾ।

ਸੰਤ ਪ੍ਰੇਮ ਸਿੰਘ ਸਿੱਖੀ ਅਤੇ ਗੁਰਬਾਣੀ ਦੇ ਇੰਨੇ ਪਰਪੱਕ ਸਨ ਕਿ ਉਨ੍ਹਾਂ ਨੇ ਲੁਬਾਣਾ ਬਰਾਦਰੀ ਨੂੰ ਸਿੱਖੀ ਦੇ ਰੰਗ ਵਿਚ ਅਜਿਹਾ ਰੰਗਿਆ ਕਿ ਉਨ੍ਹਾਂ ਦੀ ਵਰੋਸਾਈ ਲੁਬਾਣਾ ਬਰਾਦਰੀ ਪੰਜਾਬ ਹੀ ਨਹੀਂ, ਸੱਤ ਸਮੁੰਦਰ ਪਾਰ ਅਮਰੀਕਾ, ਇੰਗਲੈਂਡ, ਕੈਨੇਡਾ ਅਤੇ ਸਾਰੇ ਯੂਰਪੀ ਦੇਸ਼ਾਂ ਵਿਚ ਕਾਮਯਾਬੀ ਦੇ ਨਿੱਤ ਨਵੇਂ ਝੰਡੇ ਗੱਡ ਰਹੀ ਹੈ।

ਪਾਕਿਸਤਾਨ ਬਣਨ ਤੋਂ ਬਾਅਦ ਸੰਤ ਪ੍ਰੇਮ ਸਿੰਘ ਜੀ ਨੇ ਬੇਗੋਵਾਲ ਵਿਖੇ ਪੱਕਾ ਮੁਕਾਮ ਬਣਾਇਆ। ਰੀਅਲਾਟਮੈਂਟ ਵੇਲੇ ਖਿੰਡ ਗਈ ਬਰਾਦਰੀ ਨੂੰ ਕਪੂਰਥਲਾ ਅਤੇ ਹੁਸ਼ਿਆਰਪੁਰ ਜ਼ਿਲਿਆਂ ਵਿਚ ਅਜਿਹੀ ਤਰਤੀਬੀ ਨਾਲ ਵਸਾਇਆ ਕਿ ਉਹ ਰਾਜਨੀਤਕ ਪੱਧਰ 'ਤੇ ਮਜਬੂਤ ਰਹਿਣ। ਪੰਜਾਬ ਵਿਧਾਨ ਸਭਾ ਦੇ ਹਲਕਾ ਭੁਲੱਥ, ਟਾਂਡਾ, ਦਸੂਹਾ ਅਤੇ ਮੁਕੇਰੀਆਂ ਵਿਚ ਜਿੱਤ-ਹਾਰ ਵਿਚ ਇਨ੍ਹਾਂ ਦੀ ਭੂਮਿਕਾ ਅਹਿਮ ਹੁੰਦੀ ਏ। ਇਹ ਵੀ ਉਨ੍ਹਾਂ ਦੀ ਦੂਰ ਦ੍ਰਿਸ਼ਟੀ ਹੀ ਸੀ ਕਿ ਉਨ੍ਹਾਂ ਨੇ ਆਪਣਾ ਰਸੂਖ ਵਰਤ ਕੇ ਲੁਬਾਣਾ ਬਰਾਦਰੀ ਨੂੰ ਦੇਸ਼ ਦੀ ਵੰਡ ਤੋਂ ਬਾਅਦ ਪੱਛੜੀਆਂ ਸ਼੍ਰੇਣੀਆਂ ਵਿਚ ਪੁਆ ਦਿੱਤਾ।

ਸੰਤ ਮੁਰਾਲੇਵਾਲਿਆਂ ਨੇ ਪੱਛੜੇ ਲੋਕਾਂ ਨੂੰ ਸਮਰੱਥ ਬਣਾਉਣ ਲਈ ਵਿਦਿਆ ਪ੍ਰਾਪਤ ਕਰਨ ਵਾਸਤੇ ਸਕੂਲਾਂ ਦੀ ਸਥਾਪਨਾ ਕੀਤੀ। ਉਹ ਵਿਦਿਆ ਦੇ ਪਸਾਰ ਨਾਲ ਇਸ ਕਦਰ ਜੁੜੇ ਹੋਏ ਸਨ ਕਿ ਚੀਫ ਖਾਲਸਾ ਦੀਵਾਨ ਨੇ 12ਵੀਂ ਸਿੱਖ ਐਜੁਕੇਸ਼ਨ ਕਾਨਫਰੰਸ ਦੀ ਸਵਾਗਤੀ ਕਮੇਟੀ ਦਾ ਚੇਅਰਮੈਨ ਉਨ੍ਹਾਂ ਨੂੰ ਥਾਪਿਆ। 1925 ਵਿਚ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਈ ਤਾਂ 1926 ਦੀਆਂ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਉਨ੍ਹਾਂ ਆਪਣੇ ਹਲਕਾ ਟਾਂਡਾ (ਗੁਜਰਾਤ) ਤੋਂ ਜਿੱਤ ਪ੍ਰਾਪਤ ਕੀਤੀ। 28 ਨਵੰਬਰ 1937 ਅਤੇ 28 ਮਈ 1948 ਨੂੰ ਸੰਤ ਪ੍ਰੇਮ ਸਿੰਘ ਸ਼੍ਰੋਮਣੀ ਕਮੇਟੀ ਦੀ ਅੰਤ੍ਰਿਗ ਕਮੇਟੀ ਦੇ ਮੈਂਬਰ ਚੁਣੇ ਗਏ। ਉਹ ਸੰਤ ਪ੍ਰੇਮ ਸਿੰਘ ਸਿਆਸੀ ਤੌਰ 'ਤੇ ਵੀ ਪੂਰੇ ਸਰਗਰਮ ਰਹੇ। ਉਹ ਦੋ ਵਾਰ 1937 ਅਤੇ 1945 ਵਿਚ ਪੰਜਾਬ ਅਸੈਂਬਲੀ ਲਈ ਐਮ. ਐਲ. ਏ. ਚੁਣੇ ਗਏ।



ਵੰਡ ਤੋਂ ਬਾਅਦ ਜਦੋਂ ਸੰਤ ਪ੍ਰੇਮ ਸਿੰਘ ਜੀ ਨੇ ਬੇਗੋਵਾਲ ਵਿਖੇ ਡੇਰਾ ਸਥਾਪਤ ਕੀਤਾ ਤਾਂ ਸਭ ਤੋਂ ਪਹਿਲਾਂ ਲੰਗਰ ਦੀ ਸ਼ੁਰੂਆਤ ਕੀਤੀ। ਉਨ੍ਹਾਂ ਨੇ ਲੁਬਾਣਾ ਬਰਾਦਰੀ ਨੂੰ ਸਿੱਖੀ ਵਿਚ ਇੰਨਾ ਪਰਪੱਕ ਕੀਤਾ ਕਿ ਉਹ ਜਿੱਥੇ ਕਿਤੇ ਵੀ ਹਨ, ਸਿੱਖੀ ਦੀ ਮੁੱਖ ਧਾਰਾ ਨਾਲ ਜੁੜੇ ਹੋਏ ਹਨ। ਸੰਤ ਪ੍ਰੇਮ ਸਿੰਘ ਨੇ ਅਜੇ ਤੱਕ ਪਤਾ ਨਹੀਂ ਕਿੰਨੇ ਕੰਮ ਹੋਰ ਕਰਨੇ ਸਨ ਕਿ ਅਚਾਨਕ 2 ਜੂਨ 1950 ਵਾਲੇ ਦਿਨ ਉਨ੍ਹਾਂ ਨੂੰ ਦਿਲ ਦਾ ਦੌਰਾ ਪਿਆ ਜਿਸ ਕਾਰਨ ਉਹ ਇਸ ਫਾਨੀ ਸੰਸਾਰ ਨੂੰ ਹਮੇਸ਼ਾ ਲਈ ਅਲਵਿਦਾ ਆਖ ਗਏ।

ਸੰਤ ਪ੍ਰੇਮ ਸਿੰਘ ਜੀ ਦੇ ਆਸ਼ੀਰਵਾਦ ਸਦਕਾ ਉਨ੍ਹਾਂ ਦੀ ਵਰੋਸਾਈ ਲੁਬਾਣਾ ਬਰਾਦਰੀ ਤਾਂ ਹਰ ਦਿਸ਼ਾ, ਹਰ ਖੇਤਰ ਵਿਚ ਮੱਲਾਂ ਮਾਰ ਰਹੀ ਹੈ ਪਰ ਉਨ੍ਹਾਂ ਦੇ ਉਤਰਾਧਿਕਾਰੀਆਂ ਨੇ ਸੰਤ ਜੀ ਨੂੰ ਵਿਸਾਰ ਕੇ ਆਪਣੀਆਂ ਨਿਜੀ ਮੰਜ਼ਿਲਾਂ ਤੈਅ ਕਰ ਲਈਆਂ ਹਨ। ਸਭ ਸਾਧਨ ਹੋਣ ਦੇ ਬਾਵਜੂਦ ਸੰਤ ਜੀ ਦੇ ਵਿਅਕਤੀਤਵ ਨਾਲ ਮੇਲ ਖਾਂਦੀ ਇਕ ਵੀ ਯਾਦਗਾਰ ਕਿਤੇ ਨਜ਼ਰ ਨਹੀਂ ਆਉਂਦੀ। ਵਿਦੇਸ਼ਾਂ ਵਿਚ ਵਿਸ਼ੇਸ਼ ਤੌਰ 'ਤੇ ਨਿਊ ਯਾਰਕ ਵਿਚ ਹਰ ਸਾਲ ਉਨ੍ਹਾਂ ਦੀ ਬਰਸੀ 'ਤੇ ਲੁਬਾਣਾ ਬਰਾਦਰੀ ਆਪਣੀ ਆਰਥਕ ਸ਼ਕਤੀ ਦਾ ਦਿਖਾਵਾ ਕਰਦਿਆਂ ਲੱਖਾਂ ਡਾਲਰ ਖਰਚ ਕੇ ਸ਼ਾਨਦਾਰ ਲੰਗਰਾਂ ਦਾ ਤੇ ਮੇਲਿਆਂ ਦਾ ਆਯੋਜਨ ਕਰਦੇ ਹਨ। ਅਮਰੀਕਾ ਦੀਆਂ ਹੋਰ ਸਟੇਟਾਂ ਇੰਡੀਆਨਾ, ਨਿਊ ਜਰਸੀ, ਕਨੈਕਟੀਕਟ, ਮਿਸ਼ੀਗਨ ਕੈਲੀਫੋਰਨੀਆ ਤੋਂ ਇਲਾਵਾ ਕੈਨੇਡਾ, ਇੰਗਲੈਂਡ, ਇਟਲੀ, ਜਰਮਨੀ, ਪੁਰਤਗਾਲ, ਬੈਲਜੀਅਮ ਅਤੇ ਹੋਰ ਅਨੇਕਾਂ ਦੇਸ਼ਾਂ ਵਿਚ ਸੰਤ ਜੀ ਦੀ ਬਰਸੀ ਬੜੇ ਵੱਡੇ ਪੱਧਰ 'ਤੇ ਮਨਾਈਆਂ ਜਾਂਦੀਆਂ ਹਨ।

ਸੰਤ ਪ੍ਰੇਮ ਸਿੰਘ ਦੇ ਜੀਵਨ ਅਤੇ ਉਨ੍ਹਾਂ ਦੀ ਸ਼ਖਸੀਅਤ ਤੋਂ ਪ੍ਰੇਰਨਾ ਲੈਣ ਦੀ ਥਾਂ ਅਸੀਂ ਸਿਰਫ ਉਨ੍ਹਾਂ ਦੀ ਬਰਸੀ ਮਨਾਉਣ ਤੱਕ ਹੀ ਕਿਉਂ ਸੀਮਤ ਰਹਿ ਗਏ ਹਾਂ। ਉਨ੍ਹਾਂ ਦੇ ਵਿਚਾਰਾਂ ਨੂੰ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਦੇ ਕਰਨ ਲਈ ਅਸੀਂ ਕੋਈ ਉਚੇਚੇ ਯਤਨ ਕਿਉਂ ਨਹੀਂ ਕਰ ਰਹੇ? ਉਨ੍ਹਾਂ ਦੀ ਯਾਦ ਵਿਚ ਕੋਈ ਵਿਦਿਅਕ ਅਦਾਰਾ, ਕਾਲਜ, ਯੂਨੀਵਰਸਿਟੀ ਜਾਂ ਘਟੋ ਘਟ ਇਕ ਕਮਿਊਨਿਟੀ ਹਾਲ ਹੀ ਬਣ ਜਾਵੇ ਤਾਂ ਸੰਤ ਜੀ ਦੀ ਆਤਮਾ ਕਿੰਨੀ ਪ੍ਰਸੰਨ ਹੋਵੇਗੀ।

# ਅਣਗੌਲਿਆ ਸ਼ਹੀਦ ਗਦਰੀ ਬਾਬਾ ਜਿੰਦਰ ਸਿੰਘ ਦੁਧਾਧਾਰੀ

**ਆਜ਼ਾਦੀ ਦੇ ਪਰਵਾਨੇ**

ਭਾਰਤ ਨੂੰ ਅੰਗਰੇਜ਼ੀ ਰਾਜ ਤੋਂ ਆਜ਼ਾਦ ਕਰਵਾਉਣ ਖਾਤਰ ਅਨੇਕਾਂ ਹੀ ਸੂਰਬੀਰ ਦੇਸ਼ ਭਗਤਾਂ ਨੇ ਅਸਹਿ ਕਸ਼ਟ ਝੱਲੇ ਤੇ ਕੁਰਬਾਨੀਆਂ ਦਿੱਤੀਆਂ। ਇਨ੍ਹਾਂ ਵਿਚ ਬਹੁਗਿਣਤੀ ਪੰਜਾਬੀਆਂ ਦੀ ਸੀ, ਜਿਨ੍ਹਾਂ ਕਾਲੇ ਪਾਣੀ, ਉਮਰ ਕੈਦ, ਪੁੱਠੀ ਹੱਥਕੜੀ, ਡੰਡਾ ਬੇੜੀ, ਬੈਂਤਾਂ ਦੀ ਮਾਰ, ਕੋਠੀ ਬੰਦ ਆਦਿ ਸਜ਼ਾਵਾਂ ਝੱਲੀਆਂ।

ਗਦਰੀ ਦੇਸ਼ ਭਗਤ ਬਾਬਾ ਜਿੰਦਰ ਸਿੰਘ ਚੌਧਰੀਵਾਲ, ਜ਼ਿਲਾ ਤਰਨ ਤਾਰਨ ਨੇ ਆਪਣੀ ਜਵਾਨੀ ਦੇ 16 ਵਰ੍ਹੇ ਅੰਗਰੇਜ਼ਾਂ ਦੀਆਂ ਵੱਖ-ਵੱਖ ਕਾਲੇ ਪਾਣੀ ਵਰਗੀਆਂ ਜੇਲ੍ਹਾਂ ਵਿਚ ਬਿਨਾ ਰੋਟੀ

**ਕੰਵਲਬੀਰ ਸਿੰਘ ਪੰਨੂੰ**
ਚੌਧਰੀਵਾਲਾ, ਨੌਸ਼ਹਿਰਾ ਪੰਨੂਆਂ।
ਫੋਨ: 91-98766-98068

ਖਾਧੇ ਸਿਰਫ ਦੁੱਧ ਦੇ ਆਸਰੇ ਹੀ ਕੱਟੇ ਅਤੇ ਅੰਤ 1932 ਵਿਚ ਮਦਰਾਸ ਦੀ ਅਮਰਾਵਤੀ ਜੇਲ੍ਹ ਵਿਚ ਹੀ ਦੇਸ਼ ਕੌਮ ਖਾਤਰ ਆਪਾ ਕੁਰਬਾਨ ਕਰ ਗਏ।

ਉਹ ਉਨ੍ਹਾਂ ਕੌਮੀ ਹੀਰਿਆਂ ਤੇ ਦੇਸ਼ ਦੁਲਾਰਿਆਂ ਵਿਚੋਂ ਸਨ, ਜੋ ਗਦਰ ਲਹਿਰ ਦੇ ਪਹਿਲੇ ਲਾਹੌਰ ਸਪਲੀਮੈਂਟਰੀ ਸਾਜਿਸ਼ ਕੇਸ ਵਿਚ ਸ਼ਾਮਿਲ ਸਨ। ਇਸ ਕੇਸ ਵਿਚ ਸਪੈਸ਼ਲ ਟ੍ਰਿਬਿਊਨਲ ਨੇ 30 ਮਈ 1916 ਦੇ ਫੈਸਲੇ ਮੁਤਾਬਕ 5 ਜਣਿਆਂ ਨੂੰ ਫਾਂਸੀ ਦੀ ਸਜ਼ਾ ਅਤੇ 45 ਦੇਸ਼ ਭਗਤਾਂ, ਸਣੇ ਬਾਬਾ ਜਿੰਦਰ ਸਿੰਘ, ਨੂੰ ਉਮਰ ਕੈਦ ਕਾਲੇ ਪਾਣੀ ਦੀ ਸਜ਼ਾ ਦਿੱਤੀ। ਇਸ ਤੋਂ ਇਲਾਵਾ 8 ਨੂੰ ਛੇ ਮਹੀਨੇ ਤੋਂ ਲੈ ਕੇ 4 ਸਾਲ ਦੀ ਬਾਮੁਸ਼ੱਕਤ ਕੈਦ ਦੀਆਂ ਸਜ਼ਾਵਾਂ ਦਿੱਤੀਆਂ। ਫਾਂਸੀ ਲੱਗਣ ਵਾਲੇ ਸਨ-ਭਾਈ ਬੀਰ ਸਿੰਘ ਬਾਹੋਵਾਲ, ਭਾਈ ਈਸ਼ਰ ਸਿੰਘ ਢੁਡੀਕੇ, ਭਾਈ ਰੰਗਾ ਸਿੰਘ ਖੁਰਦਪੁਰ, ਭਾਈ ਰੂੜ ਸਿੰਘ ਤਲਵੰਡੀ ਦੁਸਾਂਝ ਤੇ ਭਾਈ ਉੱਤਮ ਸਿੰਘ ਹਾਂਸ।

ਬਾਬਾ ਜਿੰਦਰ ਸਿੰਘ ਦਾ ਜਨਮ 1888 ਵਿਚ ਜ਼ਿਲਾ ਤਰਨ ਤਾਰਨ ਦੇ ਪਿੰਡ ਚੌਧਰੀਵਾਲਾ ਵਿਚ ਪਿਤਾ ਸ. ਮੰਗਲ ਸਿੰਘ ਦੇ ਘਰ ਹੋਇਆ। ਉਹ 1909-10 ਦੌਰਾਨ ਰੋਜ਼ੀ ਰੋਟੀ ਦੀ ਭਾਲ ਵਿਚ ਚੀਨ ਚਲੇ ਗਏ ਤੇ ਉਥੇ ਜਾ ਕੇ ਸ਼ੰਘਈ ਪੁਲਿਸ ਵਿਚ ਸਿਪਾਹੀ ਭਰਤੀ ਹੋ ਗਏ। ਉਹ ਰੰਗ ਦੇ ਗੋਰੇ, 6 ਫੁੱਟ ਲੰਮੇ ਤੇ ਚੌੜੀ ਛਾਤੀ ਵਾਲੇ ਦਰਸ਼ਨੀ ਜਵਾਨ ਸਨ। 1914 ਦੇ ਸ਼ੁਰੂ ਵਿਚ ਉਨ੍ਹਾਂ ਦਾ ਸੰਪਰਕ ਬਾਬਾ ਗੁੱਜਰ ਸਿੰਘ ਭਕਨਾ ਨਾਲ ਹੋਇਆ ਜਿਸ ਦੇ ਸਬੰਧ ਅਮਰੀਕਾ ਰਹਿੰਦੇ ਗਦਰੀ ਆਗੂਆਂ ਬਾਬਾ ਸੋਹਣ ਸਿੰਘ ਭਕਨਾ, ਕਰਤਾਰ ਸਿੰਘ ਸਰਾਭਾ ਆਦਿ ਨਾਲ ਪਹਿਲਾਂ ਹੀ ਬਣ ਚੁਕੇ ਸਨ। ਗੁੱਜਰ ਸਿੰਘ ਭਕਨਾ ਵੀ ਸ਼ੰਘਈ ਪੁਲਿਸ ਵਿਚ ਸੀ। ਇਸ ਤਰ੍ਹਾਂ ਉਸ ਨੇ ਵੀ ਗਦਰੀ ਸਰਗਰਮੀਆਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ।

ਜੁਲਾਈ 1914 ਵਿਚ ਬਾਬਾ ਜਿੰਦਰ ਸਿੰਘ ਨੇ 20 ਡਾਲਰ ਗਦਰ ਲਹਿਰ ਫੰਡ ਵਿਚ ਜਮਾਂ ਕਰਵਾਏ। ਪਹਿਲਾ ਵਿਸ਼ਵ ਯੁੱਧ ਸ਼ੁਰੂ ਹੋਣ 'ਤੇ ਅੰਗਰੇਜ਼ਾਂ ਖਿਲਾਫ ਗਦਰ ਦਾ ਵਧੀਆ ਮੌਕਾ ਜਾਣਦਿਆਂ ਗਦਰੀ ਆਗੂਆਂ ਨੇ ਦੇਸ਼ ਭਗਤਾਂ ਨੂੰ ਭਾਰਤ ਜਾਣ ਲਈ ਕਿਹਾ ਤਾਂ ਉਹ ਵੀ ਨੌਕਰੀ ਛੱਡ ਕੇ ਸਾਥੀਆਂ ਨਾਲ ਮਾਸ਼ੀਮਾ ਮਾਰੂ ਸਮੁੰਦਰੀ ਜਹਾਜ਼ ਰਾਹੀਂ ਕੋਲੰਬੋ ਹੁੰਦਿਆਂ ਅਕਤੂਬਰ 1914 ਵਿਚ ਮਦਰਾਸ ਪਹੁੰਚੇ। ਮਦਰਾਸ ਤੋਂ ਉਹ ਬਾਬਾ ਨਿਧਾਨ ਸਿੰਘ ਤੇ ਸਾਥੀਆਂ ਸਮੇਤ ਹਜ਼ੂਰ ਸਾਹਿਬ ਦੇ ਦਰਸ਼ਨ ਕਰਕੇ ਪੰਜਾਬ ਪਹੁੰਚੇ।

ਵਤਨ ਪਹੁੰਚ ਕੇ ਗਦਰ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ। ਉਹ 23 ਤੋਂ 26 ਨਵੰਬਰ 1914 ਦੀ ਗਦਰੀ ਦੇਸ਼ ਭਗਤਾਂ ਦੀਆਂ ਝਾੜ ਸਾਹਿਬ, ਤਰਨ ਤਾਰਨ ਵਿਚ ਗਦਰ ਸਬੰਧੀ ਹੋਈਆਂ ਮੀਟਿੰਗਾਂ ਵਿਚ ਸ਼ਾਮਿਲ ਸਨ। ਗਦਰੀਆਂ ਵਲੋਂ ਹਥਿਆਰ ਲੈਣ ਲਈ ਸਰਹਾਲੀ ਥਾਣੇ 'ਤੇ ਹਮਲਾ ਕਰਨ ਵਾਲੇ 50-60 ਗਦਰੀਆਂ ਦੇ ਜਥੇ ਵਿਚ ਬਾਬਾ ਜਿੰਦਰ ਸਿੰਘ ਮੋਹਰੀ ਸਨ। ਕੁਝ ਕਾਰਨਾਂ ਕਰਕੇ ਗਦਰੀ ਇਸ ਮਿਸ਼ਨ 'ਚ ਕਾਮਯਾਬ ਨਾ ਹੋ ਸਕੇ। ਬਾਬਾ ਸੁੱਚਾ ਸਿੰਘ ਚੋਹਲਾ ਸਾਹਿਬ ਤੇ ਦਦੇਹਰ ਸਾਹਿਬ ਦੇ ਗਦਰੀ ਨਾਲ ਸਨ। ਬਾਬਾ ਜਿੰਦਰ ਸਿੰਘ ਨੇ ਲਾਹੌਰ ਦੀ ਮੀਆਂਮੀਰ ਛਾਉਣੀ ਦੇ 23 ਨੰਬਰ ਰਸਾਲੇ ਨਾਲ ਵੀ ਦਫੇਦਾਰ ਵਧਾਵਾ ਸਿੰਘ ਰੁੜੀਵਾਲਾ (23 ਨੰ. ਰਸਾਲੇ ਡਗਸ਼ਈ 'ਚ ਫਾਂਸੀ ਲੱਗੇ 12 ਫੌਜੀਆਂ ਵਿਚ ਸ਼ਾਮਲ ਸਨ) ਰਾਹੀਂ ਸੰਪਰਕ ਕਾਇਮ ਕੀਤਾ ਤਾਂ ਕਿ ਲਾਹੌਰ ਛਾਉਣੀ ਦੇ ਦੇਸ਼ ਭਗਤ ਫੌਜੀਆਂ ਦੀ ਮਦਦ ਨਾਲ ਯੋਜਨਾ ਤਹਿਤ ਲਾਹੌਰ 'ਤੇ ਕਬਜਾ ਕਰ ਕੇ ਅੰਗਰੇਜ਼ਾਂ ਖਿਲਾਫ ਗਦਰ ਦੀ ਸ਼ੁਰੂਆਤ ਕੀਤੀ ਜਾਵੇ।

ਆਖਰ 12 ਜੁਲਾਈ 1914 ਵਿਚ ਉਨ੍ਹਾਂ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਤੇ ਸ਼ਿਮਲਾ ਲੈ ਜਾ ਕੇ ਸਖਤੀ ਨਾਲ ਵਾਅਦਾ ਮੁਆਫ ਬਣਾਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਸਮੇਤ 102 ਗਦਰੀਆਂ 'ਤੇ ਬਗਾਵਤ ਦੇ ਦੋਸ਼ ਹੇਠ ਪਹਿਲਾਂ ਸਪਲੀਮੈਂਟਰੀ ਲਾਹੌਰ ਸਾਜਿਸ਼ ਮੁਕੱਦਮਾ ਪਾਇਆ ਗਿਆ, ਜਿਸ ਦੀ ਸੁਣਵਾਈ ਵਿਸ਼ੇਸ਼ ਟ੍ਰਿਬਿਊਨਲ ਨੇ ਲਾਹੌਰ ਸੈਂਟਰਲ ਜੇਲ੍ਹ ਵਿਚ ਹੀ 24 ਅਕਤੂਬਰ 1915 ਨੂੰ ਸ਼ੁਰੂ ਕੀਤੀ। ਜਦੋਂ ਉਨ੍ਹਾਂ ਦੇ ਮੁਕੱਦਮੇ ਦੀ ਸੁਣਵਾਈ ਚੱਲ ਹੀ ਰਹੀ ਸੀ ਤਾਂ ਉਥੇ ਜੇਲ੍ਹ ਦੀ ਰੋਟੀ ਵਿਚ ਮਿੱਟੀ ਰਲੀ ਹੋਣ ਕਰਕੇ ਉਨ੍ਹਾਂ ਦਾ ਜੇਲ੍ਹ ਦੇ ਦਰੋਗੇ ਨਾਲ ਝਗੜਾ ਹੋ ਗਿਆ। ਉਨ੍ਹਾਂ ਇਸ ਦੀ ਸ਼ਿਕਾਇਤ ਕੀਤੀ, ਪਰ ਦਰੋਗਾ ਤਾਂ ਜੇਲ੍ਹ ਦਾ ਬਾਦਸ਼ਾਹ ਸੀ, ਕੌਣ ਅਜਿਹੀਆਂ ਬੇਨਤੀਆਂ ਵੱਲ ਧਿਆਨ ਦਿੰਦਾ? ਉਲਟਾ ਜੇਲ੍ਹ ਦਰੋਗਾ ਤੇ ਸਟਾਫ ਤਾਹਨੇ ਮਿਹਣੇ ਮਾਰਦਾ ਕਹਿਣ ਲੱਗਾ, ਲੈਣੇ ਸਰਕਾਰਾਂ ਨਾਲ ਪੰਗੇ ਤੇ...! ਅਣਖੀ ਸਰਦਾਰ ਨੇ ਉਸ ਦਿਨ ਤੋਂ ਬਾਅਦ ਜੇਲ੍ਹ ਦੀ ਰੋਟੀ ਖਾਣੀ ਛੱਡ ਦਿੱਤੀ ਤੇ ਆਪਣੇ ਜੀਵਨ ਦੇ ਮਗਰਲੇ ਲਗਭਗ 16 ਸਾਲ ਵੱਖ-ਵੱਖ ਜੇਲ੍ਹਾਂ ਵਿਚ ਅਨੇਕਾਂ ਕਸ਼ਟ ਸਹਾਰਦਿਆਂ ਬਿਨਾ ਰੋਟੀ ਖਾਧਿਆਂ ਗੁਜਾਰੇ। ਜੇਲ੍ਹ ਅਫਸਰ ਕਦੇ ਕੁਝ ਦੁੱਧ ਦਿੰਦੇ ਤੇ ਕਦੇ ਲੱਸੀ ਹੀ। ਉਸ ਦਿਨ ਤੋਂ ਉਨ੍ਹਾਂ ਨੇ ਬੋਲਣਾ ਵੀ ਘੱਟ ਕਰ ਦਿਤਾ। ਇਸ ਕੇਸ ਦੇ ਉਮਰ ਕੈਦ ਵਾਲੇ ਗਦਰੀਆਂ ਨੂੰ ਅੰਡੇਮਾਨ ਦੀ ਕਾਲੇ ਪਾਣੀ ਜੇਲ੍ਹ ਭੇਜਣ ਦੀ ਯੋਜਨਾ ਬਣੀ ਤਾਂ ਉਥੋਂ ਦੇ ਜੇਲ੍ਹ ਪ੍ਰਸ਼ਾਸਨ ਨੇ ਹੋਰ ਗਦਰੀ ਦੇਸ਼ ਭਗਤ ਕੈਦੀਆਂ ਨੂੰ ਲੈਣ ਤੋਂ ਨਾਂਹ ਕਰ ਦਿੱਤੀ ਤਾਂ ਇਨ੍ਹਾਂ ਨੂੰ ਕੈਦ ਰੱਖਣ ਲਈ ਦੇਸ਼ ਦੇ ਅੰਦਰ ਹੀ ਹੋਰ ਕਾਲੇ ਪਾਣੀ ਵਰਗੀਆਂ ਜੇਲ੍ਹਾਂ ਚੁਣੀਆਂ ਗਈਆਂ, ਜਿਨ੍ਹਾਂ 'ਚ ਮੁਲਤਾਨ ਦੀ ਸੈਂਟਰਲ ਤੇ ਡਿਸਟ੍ਰਿਕਟ ਜੇਲ੍ਹ, ਬਿਹਾਰ ਦੀ ਹਜ਼ਾਰੀ ਬਾਗ ਜੇਲ੍ਹ ਤੇ ਮਦਰਾਸ ਦੀਆਂ ਜੇਲ੍ਹਾਂ ਸ਼ਾਮਲ ਸਨ। ਮੁਕੱਦਮੇ ਦਾ ਫੈਸਲਾ ਆਉਣ ਦੇ ਤੁਰੰਤ ਬਾਅਦ ਭਾਈ ਜਿੰਦਰ ਸਿੰਘ ਨੂੰ ਕੁਝ ਸਾਥੀਆਂ ਸਮੇਤ ਮੁਲਤਾਨ ਸੈਂਟਰਲ ਜੇਲ੍ਹ ਬਦਲ ਦਿੱਤਾ ਗਿਆ। ਇਥੇ ਉਨ੍ਹਾਂ ਦੇ ਸਾਥੀ ਗਦਰੀ ਦੇਸ਼ ਭਗਤਾਂ ਵਿਚ ਜ਼ਿਲਾ ਅੰਮ੍ਰਿਤਸਰ ਦੇ ਭਾਈ ਗੰਡਾ ਸਿੰਘ ਖਾਪੜਖੇੜੀ, ਭਾਈ ਹਰੀ ਸਿੰਘ ਕੱਕੜ, ਭਾਈ ਸੁੱਚਾ ਸਿੰਘ ਚੋਹਲਾ ਸਾਹਿਬ ਅਤੇ ਭਾਈ ਪਾਖਰ ਸਿੰਘ ਢੁੱਡੀਕੇ ਸ਼ਾਮਲ ਸਨ।

ਜੁਲਾਈ 1917 ਵਿਚ ਇਸ ਜੇਲ੍ਹ ਤੋਂ ਬਾਬਾ ਜਿੰਦਰ ਸਿੰਘ ਨੂੰ ਮੁਲਤਾਨ ਡਿਸਟ੍ਰਿਕਟ ਜੇਲ੍ਹ ਅਤੇ ਮਿੰਟਗੁਮਰੀ ਜੇਲ੍ਹ ਵਿਚਲੇ 32 ਗਦਰੀ ਸਾਥੀਆਂ ਨੂੰ ਬਿਹਾਰ ਦੀ ਹਜ਼ਾਰੀ ਬਾਗ ਜੇਲ੍ਹ ਬਦਲ ਦਿੱਤਾ ਗਿਆ। ਇਨ੍ਹਾਂ ਵਿਚ ਭਾਈ ਰਣਧੀਰ ਸਿੰਘ ਵੀ ਸ਼ਾਮਲ ਸਨ। ਇਸ ਜੇਲ੍ਹ ਵਿਚ ਉਨ੍ਹਾਂ 4 ਸਾਲ ਕਸ਼ਟ ਝੱਲੇ। ਅਕਤੂਬਰ 1921 ਵਿਚ ਹਜ਼ਾਰੀ ਬਾਗ ਜੇਲ੍ਹ ਵਿਚਲੇ ਭਾਈ ਜਿੰਦਰ ਸਿੰਘ ਸਮੇਤ ਕੈਦ 23 ਗਦਰੀਆਂ ਨੂੰ ਮਦਰਾਸ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬਦਲ ਦਿੱਤਾ ਗਿਆ। ਉਨ੍ਹਾਂ ਤੇ ਹੋਰ ਚਾਰ ਸਾਥੀਆਂ ਭਾਈ ਪਾਖਰ ਸਿੰਘ ਢੁਢੀਕੇ, ਭਾਈ ਕੇਸਰ ਸਿੰਘ ਠੱਠਗੜ, ਭਾਈ ਲਾਲ ਸਿੰਘ ਨਾਰੰਗਵਾਲ, ਭਾਈ ਕਿਰਪਾ ਸਿੰਘ ਲੰਗਮਾਜਰੀ ਨੂੰ ਮਦਰਾਸ ਦੀ ਬੁਲਾਰੀ ਜੇਲ੍ਹ ਭੇਜ ਦਿੱਤਾ ਗਿਆ। ਥੋੜੇ-ਥੋੜੇ ਸਮੇਂ ਬਾਅਦ ਮਦਰਾਸ ਵਿਚ ਹੀ ਜੇਲ੍ਹਾਂ ਦੀ ਅਦਲਾ ਬਦਲੀ ਕੀਤੀ ਜਾਂਦੀ ਰਹੀ। ਆਖਰ ਇਹ ਕੌਮੀ ਯੋਧਾ 1932 ਵਿਚ ਦੇਸ਼ ਖਾਤਰ ਆਪਣੀ ਜਵਾਨੀ ਦੇ 16 ਸਾਲ ਅਨੇਕਾਂ ਕਸ਼ਟ ਸਹਾਰਦਿਆਂ ਮਦਰਾਸ ਦੀ ਅਮਰਾਵਤੀ ਸੈਂਟਰਲ ਜੇਲ੍ਹ ਵਿਚ ਸ਼ਹੀਦ ਹੋ ਗਿਆ।

ਉਨ੍ਹਾਂ ਨੂੰ ਕੈਦ ਦੌਰਾਨ ਵੱਖ-ਵੱਖ ਜੇਲ੍ਹਾਂ ਵਿਚ ਕਸ਼ਟਾਂ ਦੀ ਉਹ ਭਰਮਾਰ ਝੱਲਣੀ ਪਈ, ਜਿਸ ਦਾ ਬਿਆਨ ਕਰਨਾ ਔਖਾ ਹੈ। ਡੰਡਾ ਬੇੜੀ, ਟਾਟ ਵਰਦੀ, ਖੜੀ ਹੱਥਕੜੀ, ਪੁੱਠੀ ਹੱਥਕੜੀ-ਗੱਲ ਕੀ ਜੇਲ੍ਹ ਦੀ ਕੋਈ ਸਜ਼ਾ ਨਹੀਂ ਜੋ ਉਨ੍ਹਾਂ ਨੂੰ ਝੱਲਣੀ ਨਾ ਪਈ ਹੋਵੇ। ਹੌਲੀ ਹੌਲੀ ਉਨ੍ਹਾਂ ਦਾ ਪਹਿਲਵਾਨ ਸਰੀਰ ਸੁੱਕ ਕੇ ਤੀਲੇ ਵਰਗਾ ਹੋ ਗਿਆ ਤੇ ਕੇਸ ਵੀ ਜਟਾ ਜੂਟ ਹੋ ਗਏ ਪਰ ਉਹ ਆਪਣੇ ਬਚਨਾਂ 'ਤੇ ਅਖੀਰ ਤੱਕ ਡਟੇ ਰਹੇ। 26-27 ਮਾਰਚ 1918 ਦੀ ਰਾਤ ਨੂੰ ਸ਼ਖਤ ਪਹਿਰਿਆਂ ਵਾਲੀ ਹਜ਼ਾਰੀ ਬਾਗ ਤੋਂ ਹਰਨ ਹੋਣ ਵਾਲੇ ਗਦਰੀ ਸੂਰਬੀਰਾਂ 'ਚ ਉਹ ਵੀ ਸ਼ਾਮਲ ਸਨ। ਜੇਲ੍ਹ ਦੀ ਕੰਧ ਟੱਪਦਿਆਂ ਉਨ੍ਹਾਂ ਸਮੇਤ 7 ਜਣਿਆਂ ਦੇ ਪੈਰ ਜ਼ਖਮੀ ਹੋਣ ਕਾਰਨ ਉਹ ਦੂਰ ਤੱਕ ਨਾ ਜਾ ਸਕੇ। ਫਰਾਰੀ ਤੋਂ ਦੂਜੇ ਦਿਨ ਉਨ੍ਹਾਂ ਤੇ ਹੋਰ ਜ਼ਖਮੀ ਸਾਥੀਆਂ ਨੂੰ ਜੇਲ੍ਹ ਪ੍ਰਸ਼ਾਸਨ ਨੇ ਫੜ ਲਿਆ ਤੇ ਮੁੜ ਜੇਲ੍ਹ 'ਚ ਲਿਆ ਕੇ ਬੁਰੀ ਤਰ੍ਹਾਂ ਕੁਟ ਮਾਰ ਕੀਤੀ। ਕਈ ਦਿਨ ਭੁੱਖ ਤਿਹਾਏ ਰੱਖਿਆ। ਜੇਲ੍ਹ ਫਰਾਰੀ ਕਾਂਡ ਦਾ ਪੂਰਾ ਵੇਰਵਾ ਭਾਈ ਰਣਧੀਰ ਸਿੰਘ ਨੇ ਆਪਣੀਆਂ ਜੇਲ੍ਹ ਚਿੱਠੀਆਂ ਵਿਚ ਦਿੱਤਾ ਹੈ।

ਗਦਰੀ ਭਾਈ ਮਨਸ਼ਾ ਸਿੰਘ ਦੁਖੀ ਬਾਬਾ ਜਿੰਦਰ ਸਿੰਘ ਦੇ ਪਰਉਪਕਾਰੀ ਸੁਭਾਅ ਬਾਰੇ ਬਿਆਨ ਕਰਦਿਆਂ ਲਿਖਦੇ ਹਨ, "ਜਦੋਂ ਮੈਂ ਹਜ਼ਾਰੀ ਬਾਗ ਜੇਲ੍ਹ ਵਿਚ ਕੈਦ ਸੀ ਤਾਂ ਉਥੇ ਹੋਰ ਗਦਰੀ ਦੇਸ਼ ਭਗਤਾਂ ਦੇ ਨਾਲ ਬਾਬਾ ਜਿੰਦਰ ਸਿੰਘ ਜੀ ਵੀ ਮੇਰੇ ਨਾਲ ਕੈਦ ਸਨ। ਕੈਦ ਦੌਰਾਨ ਇੱਕ ਵਾਰ ਦਾਸ ਨੂੰ ਸਖਤ ਬੁਖਾਰ ਸੀ। ਜਿੰਦਰ ਸਿੰਘ ਜੀ ਦੇ ਉਪਕਾਰੀ ਹਿਰਦੇ ਨੂੰ ਜਦੋਂ ਇਸ ਦੀ ਖਬਰ ਮਿਲੀ ਤਾਂ ਆਪ ਨੂੰ ਜੋ ਅੱਧ ਸੇਰ ਦੁੱਧ ਇੱਕ ਵੇਲੇ ਮਿਲਦਾ ਸੀ, ਆਪ ਨੇ ਸਾਰੇ ਦਾ ਸਾਰਾ ਮੇਰੀ ਵੱਲ ਭੇਜ ਦਿੱਤਾ ਤੇ ਦੂਜੇ ਡੰਗ ਵਿਚੋਂ ਵੀ ਇੱਕ ਪਾ ਮੇਰੇ ਵੱਲ ਭੇਜ ਕੇ ਕੇਵਲ ਇੱਕ ਪਾ ਨਾਲ ਹੀ ਆਪਣਾ ਡੰਗ ਟਪਾਇਆ। ਦੂਜੇ ਦਿਨ ਵੀ ਇਸੇ ਤਰ੍ਹਾਂ ਹੀ ਕੀਤਾ ਤੇ ਮੈਨੂੰ ਉਨ੍ਹਾਂ ਦੇ ਇਸ ਉਪਕਾਰ ਦਾ ਪਤਾ ਲੱਗਾ ਤਾਂ ਮੇਰਾ ਕਠੋਰ ਹਿਰਦਾ ਇਹ ਸਹਾਰ ਨਾ ਸਕਿਆ। ਭਾਈ ਸਾਹਿਬ ਦੀ ਉਦਾਰਤਾ ਦਾ ਨਕਸ਼ਾ ਮੇਰੀਆਂ ਅੱਖਾਂ ਅੱਗੇ ਬੱਝ ਗਿਆ ਤੇ ਆਪਣਾ ਜੀਵਨ ਮਨਹੂਸ ਨਜ਼ਰ ਆਉਣ ਲੱਗਾ। ਉਪਰੰਤ ਭਾਈ ਸਾਹਿਬ ਨੂੰ ਸਤਿਕਾਰ ਸਹਿਤ ਦੁੱਧ ਨਾ ਭੇਜਣ ਦੀ ਬੇਨਤੀ ਕੀਤੀ।"

ਤ੍ਰਾਸਦੀ ਹੈ ਕਿ ਇਸ ਮਹਾਨ ਪਰਉਪਕਾਰੀ ਦੇਸ਼ ਭਗਤ ਯੋਧੇ ਦੀ ਕਿਤੇ ਵੀ ਕੋਈ ਯਾਦਗਾਰ ਨਹੀਂ ਹੈ। ਦੇਸ਼ ਕੌਮ ਦੀ ਖਾਤਰ ਕੁਰਬਾਨ ਹੋਣ ਵਾਲੇ ਭਾਈ ਜਿੰਦਰ ਸਿੰਘ ਵਰਗੇ ਹੋਰ ਅਨੇਕਾਂ ਅਣਗੌਲੇ ਸੂਰਬੀਰ ਹਨ ਜਿਨ੍ਹਾਂ ਦੀਆਂ ਕੁਰਬਾਨੀਆਂ ਦਾ ਇਤਿਹਾਸ ਸਾਹਮਣੇ ਲਿਆਉਣ ਦੀ ਲੋੜ ਹੈ ਤਾਂ ਕਿ ਸਾਡੇ ਨੌਜਵਾਨਾਂ ਨੂੰ ਪਤਾ ਲੱਗ ਸਕੇ ਕਿ ਸਾਡੇ ਵੱਡਿਆਂ ਨੇ ਭਾਰਤ ਦੀ ਆਜ਼ਾਦੀ ਲਈ ਕਿੰਨੇ ਜਫਰ ਜਾਲਦਿਆਂ ਆਪਣਾ ਸਾਰਾ ਕੁਝ ਕੁਰਬਾਨ ਕਰ ਦਿੱਤਾ।

# ਕੁਦਰਤ, ਮਨੁੱਖ, ਰਾਜਨੀਤੀ, ਪੰਜਾਬ ਤੇ ਸਾਮਰਾਜੀ ਪੂੰਜੀਵਾਦ

***ਕੁਦਰਤ ਅਤੇ ਮਨੁਖ ਦੇ ਆਪਸੀ ਅਟੁਟ ਰਿਸ਼ਤੇ ਬਾਰੇ ਤੇ ਪੂੰਜੀਵਾਦ ਵਲੋਂ ਇਸ ਰਿਸ਼ਤੇ ਨੂੰ ਅਣਗੌਲਿਆ ਕਰਨ ਕਰਕੇ ਮਨੁਖੀ ਸਮਾਜ ਤੇ ਕੁਦਰਤ ਸੋਮਿਆਂ ਦੀ ਹੋ ਰਹੀ ਬਰਬਾਦੀ ਬਾਰੇ ਮਾਰਕਸ-ਏਂਗਲਜ ਦੀਆਂ ਧਾਰਨਾਵਾਂ ਪੜ੍ਹਨ ਬਾਅਦ ਹੀ ਸਮਝ ਆਉਂਦਾ ਹੈ ਕਿ ਅੱਜ ਪੰਜਾਬ ਦਾ ਇਹ ਹਸ਼ਰ ਕਿਉਂ ਹੋ ਰਿਹਾ ਹੈ? ਕਿ ਪੰਜਾਬ ਦੀ ਧਰਤੀ ਬੰਜਰ ਬਣ ਰਹੀ ਹੈ। ਧਰਤੀ ਹੇਠਲਾ ਪਾਣੀ ਮਨੁਖੀ ਪਹੁੰਚ ਤੋਂ ਦੂਰ ਹੋ ਰਿਹਾ ਹੈ। ਪਾਣੀ ਜੋ ਮਿਲਦਾ ਹੈ, ਉਹ ਵੀ ਜ਼ਹਿਰੀਲਾ ਹੋ ਗਿਆ ਹੈ। ਪੰਜਾਬ ਦਾ ਚੌਗਿਰਦਾ ਲਗਾਤਾਰ ਪਲੀਤ ਹੋ ਰਿਹਾ ਹੈ।***

ਕਾਰਲ ਮਾਰਕਸ ਦਾ ਕਥਨ ਹੈ, "ਫਿਊਰਬਾਖ ਦੀ ਵਿਆਖਿਆ ਮੈਨੂੰ ਸਿਰਫ ਇਕ ਪੱਖ ਤੋਂ ਗਲਤ ਜਾਪਦੀ ਹੈ ਕਿ ਉਹ ਕੁਦਰਤ ਦਾ ਜ਼ਿਆਦਾ ਪਰ ਰਾਜਨੀਤੀ ਦਾ ਜ਼ਿਕਰ ਬਹੁਤ ਘਟ ਕਰਦਾ ਹੈ। ਜਦੋਂ ਕਿ ਕੁਦਰਤ ਅਤੇ ਰਾਜਨੀਤੀ ਦੀ ਸਿਰਫ ਸਾਂਝ ਹੀ ਅਜੋਕੀ ਫਿਲਾਸਫੀ ਨੂੰ ਅਮਲ ਵਿਚ ਢਾਲ ਸਕਦੀ ਹੈ।"

17ਵੀਂ ਅਤੇ 18ਵੀਂ ਸਦੀ ਵਿਚ ਯੂਰਪ ਅੰਦਰ ਬੜੀਆਂ ਵਡੀਆਂ ਤਬਦੀਲੀਆਂ ਵਾਪਰ ਰਹੀਆਂ ਸਨ। ਸਾਰੇ ਯੂਰਪ ਅੰਦਰ ਉਥਲ-ਪੁਥਲ ਮਚੀ ਹੋਈ ਸੀ। ਪੁਰਾਣਾ ਸਮਾਜ ਟੁਟ ਰਿਹਾ ਸੀ ਅਤੇ ਨਵਾਂ ਸਮਾਜ ਹੋਂਦ ਵਿਚ ਆ ਰਿਹਾ ਸੀ। ਯੂਰਪੀ ਸਮਾਜ ਵਿਚ ਹੋਈ ਇਸ ਹਲਚਲ ਨੇ ਸਮੁਚੇ ਸੰਸਾਰ ਭਾਈਚਾਰੇ ਨੂੰ ਇਕ ਨਵੇਂ ਆਰਥਿਕ-

**ਗੁਰਬਚਨ ਸਿੰਘ, ਜਲੰਧਰ**
**ਫੋਨ: 91-98156-98451**

ਰਾਜਸੀ ਤੇ ਸਮਾਜੀ ਦੌਰ ਵਿਚ ਦਾਖਲ ਕਰ ਦਿਤਾ।

19ਵੀਂ ਸਦੀ ਦੇ ਮਹਾਨ ਫਿਲਾਸਫਰ ਕਾਰਲ ਮਾਰਕਸ ਅਤੇ ਫ੍ਰੈਡਰਿਕ ਏਂਗਲਜ਼ ਨੇ ਇਸ ਤਬਦੀਲੀ ਦੇ ਦੌਰ ਦੀ ਬੜੀ ਭਰਵੀਂ ਵਿਆਖਿਆ ਕੀਤੀ। ਦੋਵੇਂ ਮਿਲ ਕੇ ਪਛਮੀ ਯੂਰਪ ਵਿਚਲੀ ਫਿਲਾਸਫੀ ਦੇ ਗਿਆਨ ਨੂੰ ਨਵੀਆਂ ਉਚਾਈਆਂ ਉਤੇ ਲੈ ਗਏ। ਉਨ੍ਹਾਂ ਨੇ ਕੁਦਰਤੀ ਸਾਇੰਸ ਦੇ ਖੇਤਰ ਵਿਚ ਹੋਈਆਂ ਨਵੀਆਂ ਖੋਜਾਂ ਅਤੇ ਅਨੁਭਵੀ ਫਿਲਾਸਫੀ ਦੀ ਸਾਂਝ ਨਾਲ ਇਕ ਬਿਲਕੁਲ ਨਵੇਂ ਮਨੁਖੀ ਸਮਾਜ ਦੇ ਨਕਸ਼ ਘੜੇ। ਆਪਣੇ ਤੋਂ ਪਹਿਲਾਂ ਤੁਰੇ ਆਉਂਦੇ ਖਿਆਲੀ ਕਮਿਊਨਿਜ਼ਮ ਦੇ ਸੰਕਲਪ ਨੂੰ ਉਨ੍ਹਾਂ ਨੇ ਕੁਦਰਤੀ ਨੇਮਾਂ (ਸਾਇੰਸ) ਅਤੇ ਮਨੁਖ ਜਾਤੀ ਦੇ ਇਤਿਹਾਸਕ ਸਮਾਜੀ ਵਿਕਾਸ ਨਾਲ ਜੋੜਿਆ। ਚੇਤੰਨ ਮਨੁਖ ਦੇ ਅਨੁਭਵੀ ਮਨ ਵਿਚ ਬਣਦੇ ਕਮਿਊਨਿਜ਼ਮ (ਸਰਬਸਾਂਝੀਵਾਲਤਾ ਤੇ ਸਰਬਤ ਦੇ ਭਲੇ) ਦੇ ਸੰਕਲਪ ਉਤੇ ਆਧਾਰਤ ਸਮਾਜਵਾਦੀ ਸਮਾਜ ਦੀ ਰਾਜਸੀ ਚੇਤਨਾ ਨੂੰ ਸਪਸ਼ਟ ਕੀਤਾ। ਮਨੁਖੀ ਚੇਤਨਾ ਅਤੇ ਭੌਤਿਕ (ਪਦਾਰਥਕ) ਵਿਕਾਸ ਦੀ ਇਸ ਪੱਧਰ ਉਤੇ ਪਹੁੰਚ ਕੇ, ਸਮਾਜਵਾਦੀ ਸਮਾਜ ਸਮੁਚੀ ਮਨੁਖ ਜਾਤੀ ਦੀ ਮਹਿਜ ਇੱਛਾ ਨਹੀਂ, ਸਗੋਂ ਉਸ ਦੀ ਲੋੜ ਹੈ। ਇਸ ਤੋਂ ਬਿਨਾ ਮਨੁਖੀ ਸਮਾਜ ਨੂੰ ਜਮਹੂਰੀ ਢੰਗ ਨਾਲ ਜਥੇਬੰਦ ਨਹੀਂ ਕੀਤਾ ਜਾ ਸਕਦਾ।

ਭੌਤਿਕਵਾਦੀ ਫਿਲਾਸਫੀ ਦੇ ਪਿਤਾਮਾ ਕਾਰਲ ਮਾਰਕਸ ਤੇ ਫ੍ਰੈਡਰਿਕ ਏਂਗਲਜ਼ ਨੇ ਮਿਲ ਕੇ ਇਸ ਫਿਲਾਸਫੀ ਨੂੰ ਵਿਕਸਿਤ ਕੀਤਾ ਅਤੇ ਇਸ ਦਾ ਰਾਜਸੀ ਸਰੂਪ ਉਘਾੜਿਆ ਹੈ। ਫ੍ਰੈਡਰਿਕ ਏਂਗਲਜ਼ ਦਾ ਇਹ ਵਡੱਪਣ ਸੀ ਕਿ ਉਸ ਨੇ ਇਸ ਫਿਲਾਸਫੀ ਦੇ ਵਿਕਾਸ ਦਾ ਸਾਰਾ ਸਿਹਰਾ ਮਾਰਕਸ ਦੇ ਸਿਰ ਬੰਨ੍ਹਿਆ, ਕਿਉਂਕਿ ਉਹ ਏਂਗਲਜ਼ ਤੋਂ ਪਹਿਲਾਂ ਫਿਲਾਸਫੀ ਦੇ ਇਸ ਸੱਚ ਨੂੰ ਪਛਾਣਨ ਦੇ ਯੋਗ ਹੋਇਆ ਸੀ। ਇਹ ਫਿਲਾਸਫੀ ਮਾਰਕਸ-ਏਂਗਲਜ਼ ਦੇ ਮਨ ਦੀ ਕਲਪਨਾ ਨਹੀਂ, ਸਗੋਂ ਸਮੁਚੀ ਮਨੁਖ ਜਾਤੀ ਦੀ ਹਾਸਲ ਕੀਤੀ ਸਮੁਚੀ ਸਿਆਣਪ ਦਾ ਤੱਤਸਾਰ ਹੈ, ਮਨੁਖ ਜਾਤੀ ਦੀ ਸਮੁਚੀ ਸਮਾਜੀ ਚੇਤਨਾ ਦਾ ਨਿਚੋੜ। ਮਨੁਖ ਜਾਤੀ ਦੀ ਹੁਣ ਇਹ ਲੋੜ ਹੈ ਕਿ ਉਹ ਆਪਣੇ ਖੂਬਸੂਰਤ ਤੇ ਕੁਦਰਤ ਨਾਲ ਇਕਸੁਰ ਭਵਿਖ ਸਿਰਜਣ ਲਈ, ਇਸ ਸਿਆਣਪ ਨੂੰ ਆਪਣੇ ਜੀਵਨ ਦਾ ਮੂਲ ਆਧਾਰ ਬਣਾਏ। ਇਸ ਸਿਆਣਪ ਨੂੰ ਸਵੈ-ਚੇਤਨਾ, ਚੇਤੰਨ ਸੋਚ ਅਤੇ ਆਪਣੇ ਸਰੀਰੀ ਮਨ ਦੇ ਅਨੁਭਵੀ ਸੰਸਾਰ ਦਾ ਅੰਗ ਬਣਾ ਕੇ ਹੀ, ਨਵਾਂ ਮਨੁਖੀ ਸਮਾਜ ਸਿਰਜਿਆ ਜਾ ਸਕਦਾ ਹੈ।

ਭੌਤਿਕਵਾਦੀ ਕੌਣ ਹੈ, ਬਾਰੇ ਏਂਗਲਜ਼ ਦਾ ਕਹਿਣਾ ਹੈ ਕਿ ਆਦਿ ਕਾਲ ਤੋਂ ਇਹ ਸੁਆਲ ਮਨੁਖੀ ਮਨ ਨੂੰ ਪ੍ਰੇਸ਼ਾਨ ਕਰਦਾ ਰਿਹਾ ਹੈ, ਕਿ ਕੀ ਇਸ ਸੰਸਾਰ ਦੀ ਰਚਨਾ ਰਬ ਨੇ ਕੀਤੀ ਹੈ ਜਾਂ ਅੰਤਹੀਣ ਆਦਿਕਾਲ ਤੋਂ ਇਸ ਸੰਸਾਰ ਦੀ ਹੋਂਦ ਇਸੇ ਤਰ੍ਹਾਂ ਹੈ? ਇਸ ਸੁਆਲ ਦਾ ਜੁਆਬ ਦੇਣ ਵਾਲੇ ਫਿਲਾਸਫਰ ਦੋ ਵੱਡੇ ਧੜਿਆਂ ਵਿਚ ਵੰਡੇ ਹੋਏ ਸਨ। ਜੋ ਕੁਦਰਤ ਨਾਲੋਂ ਮਨੁਖੀ ਮਨ ਨੂੰ ਸਿਰਮੌਰ ਮੰਨਦੇ ਸਨ ਤੇ ਸੰਸਾਰ ਦੀ (ਮਨ-ਕਲਪਿਤ) ਰਚਨਾ ਹੋਈ ਮੰਨਦੇ ਸਨ, ਉਹ ਆਦਰਸ਼ਵਾਦੀ ਧੜਾ ਬਣੇ ਅਤੇ ਕੁਦਰਤ ਨੂੰ ਸਿਰਮੌਰ ਮੰਨਣ ਵਾਲੇ ਭੌਤਿਕਵਾਦੀਆਂ ਦੀਆਂ ਅਡ-ਅਡ ਧਿਰਾਂ ਵਿਚ ਸ਼ੁਮਾਰ ਹੁੰਦੇ ਸਨ। ਆਦਰਸ਼ਵਾਦ ਅਤੇ ਭੌਤਿਕਵਾਦ, ਇਹ ਦੋ ਪਰਿਪਾਟੀਆਂ ਮੌਲਿਕ ਰੂਪ ਵਿਚ ਇਸ ਵੰਡ ਨੂੰ ਹੀ ਦਰਸਾਉਂਦੀਆਂ ਸਨ। ਇਸ ਲਈ ਕੁਦਰਤ ਦੀ ਹੋਂਦ ਨੂੰ ਸਦੀਵੀ ਅਤੇ ਸਿਰਮੌਰ ਮੰਨਣ ਵਾਲੇ ਸਾਰੇ ਭੌਤਿਕਵਾਦੀ ਹਨ ਅਤੇ ਮਨ (ਵਿਚਾਰ) ਨੂੰ ਮੁਖ ਮੰਨਣ ਵਾਲੇ ਭਾਵ ਇਸ ਸੰਸਾਰ ਦੀ ਮਨੋ ਕਲਪਿਤ ਰਚਨਾ ਨੂੰ ਮੰਨਣ ਵਾਲੇ, ਆਦਰਸ਼ਵਾਦੀ ਹਨ। ਏਂਗਲਜ਼ ਮੁਤਾਬਕ ਸੋਚ ਵਿਚ ਉਲਝਣਾਂ ਉਦੋਂ ਪੈਦਾ ਹੁੰਦੀਆਂ ਹਨ, ਜਦੋਂ ਇਨ੍ਹਾਂ ਪਰਿਪਾਟੀਆਂ ਨੂੰ ਕੁਝ ਹੋਰ ਅਰਥ ਦਿਤੇ ਜਾਂਦੇ ਹਨ।

ਮਾਰਕਸ ਨੇ ਆਪਣੀ ਫਿਲਾਸਫੀ ਦੀ ਖੋਜ ਦਾ ਅਰੰਭ ਕੁਦਰਤ ਤੇ ਮਨੁਖ ਦੇ ਆਪਸੀ ਰਿਸ਼ਤੇ ਦੇ ਗਿਆਨ ਤੋਂ ਕੀਤਾ ਹੈ। ਉਸ ਦੀਆਂ ਅੰਗਰੇਜ਼ੀ ਲਿਖਤਾਂ ਵਿਚ ਕੁਦਰਤ ਸ਼ਬਦ ਲਈ ਅੰਗਰੇਜ਼ੀ ਸ਼ਬਦ ਨੇਚਰ (ਅਟੁਰਏ) ਦੀ ਵਰਤੋਂ ਕੀਤੀ ਗਈ ਹੈ। 'ਨੇਚਰ' ਦਾ ਪੰਜਾਬੀ ਵਿਚ ਅਨੁਵਾਦ ਕੁਦਰਤ ਕੀਤਾ ਜਾਂਦਾ ਹੈ, ਜਦੋਂ ਕਿ ਨੇਚਰ ਦਾ ਭਾਵਅਰਥ ਅੰਗਰੇਜ਼ੀ ਸ਼ਬਦ ਕੋਸ਼ਾਂ ਵਿਚ ਅਸੀਮ ਬ੍ਰਹਿਮੰਡ ਅਤੇ ਸਗਲ ਜੀਆ-ਜੰਤ ਹੈ। ਉਂਜ ਵੀ ਪੰਜਾਬੀ ਦਾ ਸ਼ਬਦ ਕੁਦਰਤ ਅਕਸਰ ਦ੍ਰਿਸ਼ਟਮਾਨ ਨੂੰ ਦਰਸਾਉਂਦਾ ਹੈ, ਜਦੋਂ ਕਿ ਬ੍ਰਹਿਮੰਡ (ਬ੍ਰਹਮ) ਦ੍ਰਿਸ਼ਟ ਅਤੇ ਅਸੀਮ ਅਦ੍ਰਿਸ਼ਟ-ਦੋਹਾਂ ਨੂੰ ਦਰਸਾਉਂਦਾ ਹੈ। ਨੇਚਰ ਸ਼ਬਦ ਦਾ ਪੰਜਾਬੀ 'ਚ ਭਾਵਅਰਥ ਬ੍ਰਹਮ ਵੀ ਕੀਤਾ ਜਾ ਸਕਦਾ ਹੈ। ਜਦੋਂ ਅਸੀਂ 'ਨੇਚਰ' ਦਾ ਭਾਵਅਰਥ ਬ੍ਰਹਮ ਜਾਂ ਬ੍ਰਹਿਮੰਡ ਕਰਦੇ ਹਾਂ, ਤਾਂ ਮਾਰਕਸ ਦੀ ਸਮੁਚੀ ਫਿਲਾਸਫੀ ਵੈਦਿਕ ਗਿਆਨ ਦੇ ਘੇਰੇ ਵਿਚ ਆ ਜਾਂਦੀ ਹੈ। ਗੁਰਮਤਿ ਨੇ ਵੈਦਿਕ ਫਿਲਾਸਫੀ ਦੇ 'ਬ੍ਰਹਮ' ਗਿਆਨ ਨੂੰ ਹੋਰ ਵੀ ਵੱਧ ਸਪਸ਼ਟ ਕੀਤਾ ਹੈ।

ਮਾਰਕਸਵਾਦੀ ਗਿਆਨ, ਜਿਸ ਨੂੰ ਦਵੰਦਵਾਦੀ ਭੌਤਿਕਵਾਦ ਦਾ ਨਾਂ ਦਿਤਾ ਗਿਆ, ਅਨੁਸਾਰ ਕੁਦਰਤ ਸਿਰਮੌਰ ਹੈ। ਇਸ ਦੀ ਕਿਸੇ ਨੇ ਸਿਰਜਣਾ ਨਹੀਂ ਕੀਤੀ। ਇਹ ਸਦਾ ਸੀ ਅਤੇ ਇਸ ਨੇ ਸਦਾ ਹੀ ਰਹਿਣਾ ਹੈ। ਇਸ ਦੀ ਹੋਂਦ ਸਦੀਵੀ ਹੈ। ਬੇਸ਼ਕ ਮਨੁਖ ਵੀ ਹੋਰਨਾਂ ਜੀਵਾਂ ਵਾਂਗ ਇਕ ਕੁਦਰਤੀ ਜੀਵ ਹੈ ਅਤੇ ਕੁਦਰਤ ਦਾ ਇਕ ਅਟੁਟ ਅੰਗ ਹੈ। ਜਿੰਨਾ ਚਿਰ ਮਨੁਖ ਨੇ ਜਿਉਂਦੇ ਰਹਿਣਾ ਹੈ, ਓਨਾ ਚਿਰ ਉਸ ਨੇ ਕੁਦਰਤ ਨਾਲ ਨਿਰੰਤਰ ਲੈਣ-ਦੇਣ ਕਰਨਾ ਹੈ। ਇਨ੍ਹਾਂ ਦੋਹਾਂ ਦਾ ਇਹੀ ਆਪਸੀ ਅਟੁਟ ਰਿਸ਼ਤਾ ਹੈ।

ਮਾਰਕਸ ਦਾ ਕਹਿਣਾ ਹੈ, ਜਦੋਂ ਮਨੁਖ ਕੁਦਰਤ ਦੇ ਅਡ-ਅਡ ਤੱਤਾਂ ਬਾਰੇ ਆਪਣੇ ਮੁਢਲੇ ਇੰਦ੍ਰਿਆਵੀ ਅਨੁਭਵ ਤੋਂ ਉਸ ਦੇ ਚੇਤੰਨ ਵਜੂਦ ਦੇ ਤਰਕਸੰਗਤ ਅਨੁਭਵ ਤਕ ਉਤੇ ਉਠਦਾ ਹੈ ਤਾਂ ਉਹ ਇਕ ਬੇਤਰਤੀਬੀ ਏਕਤਾ ਦੇ ਭੂਤ ਦੀ ਥਾਂ ਕੁਦਰਤੀ ਏਕਤਾ ਦੀ ਇਕ ਜੀਵੰਤ ਆਤਮਾ ਦੇ ਸਨਮੁਖ ਹੁੰਦਾ ਹੈ। ਇਥੋਂ ਤਕ ਕਿ ਕੁਦਰਤ ਦੇ ਇਹ ਅਡ-ਅਡ ਤੱਤ ਵੀ ਨਿਰਜੀਵ ਭਿੰਨਤਾ ਵਿਚ ਹੋਂਦ ਨਹੀਂ ਰਖਦੇ, ਸਗੋਂ ਨਿਰੰਤਰ ਇਕ-ਦੂਜੇ ਵਿਚ ਬਦਲ ਰਹੇ ਹਨ ਅਤੇ ਸਿਰਫ ਇਹ ਤਬਦੀਲੀ ਹੀ ਧਰਤੀ ਦੀ ਭੌਤਿਕ ਜ਼ਿੰਦਗੀ, ਉਸ ਦੀ ਆਬੋ-ਹਵਾ ਦੇ ਵਰਤਾਰੇ ਭਾਵ ਚੌਗਿਰਦੇ ਦੇ ਮੁਢਲੇ ਰੂਪਾਂ ਨੂੰ ਸਾਕਾਰ ਕਰਦੀ ਹੈ। ਕੁਦਰਤ ਦੀ ਜੀਵੰਤ ਹੋਂਦ ਵਿਚ ਅਡ-ਅਡ ਤੱਤਾਂ ਦੇ ਅਜਿਹੇ ਸਾਰੇ ਚਿੰਨ੍ਹ ਅਲੋਪ ਹੋ ਜਾਂਦੇ ਹਨ। ਹੁਣ ਇਹ ਭਿੰਨਤਾ ਅਡ-ਅਡ ਤੱਤਾਂ ਦੇ ਵਖਰੇਵੇਂ ਵਿਚ ਨਹੀਂ, ਸਗੋਂ ਅਡ-ਅਡ ਵਰਤਾਰਿਆਂ ਦੀ ਗਤੀਸ਼ੀਲਤਾ ਵਿਚ ਹੋਂਦ ਰਖਦੀ ਹੈ। ਇਹ ਸਾਰੇ ਤੱਤ ਇਕੋ (ਏਕੋ) ਹੋਂਦ ਤੋਂ ਪ੍ਰੇਰਿਤ ਹੋ ਰਹੇ ਹਨ। ਉਨ੍ਹਾਂ ਵਿਚਲੇ ਸਾਰੇ ਵਖਰੇਵੇਂ ਇਸ ਹੋਂਦ ਤੋਂ ਪਹਿਲਾਂ ਤਿਆਰ ਨਹੀਂ ਮਿਲਦੇ, ਸਗੋਂ ਇਸ ਦੇ ਉਲਟ ਨਿਰੰਤਰ ਇਸ ਹੋਂਦ ਵਿਚੋਂ ਪ੍ਰਗਟ ਹੁੰਦੇ ਅਤੇ ਅਲੋਪ ਹੁੰਦੇ ਰਹਿੰਦੇ ਹਨ। ਕੁਦਰਤ ਆਪਣੇ-ਆਪ ਨੂੰ ਮੌਜੂਦ ਪਹਿਲੇ ਤੱਤਾਂ ਤਕ ਸੀਮਤ ਨਹੀਂ ਰਖਦੀ। ਇਥੋਂ ਤਕ ਕਿ ਜ਼ਿੰਦਗੀ ਦੇ ਹੇਠਲੇ ਪਧਰ ਉਤੇ ਵੀ ਇਹ ਭਿੰਨਤਾ ਸਿਰਫ ਇਕ ਅਨੁਭਵੀ ਵਰਤਾਰਾ ਹੈ, ਪਰ ਆਤਮਿਕ ਸੱਚ ਨਹੀਂ।

ਮਾਰਕਸ ਪੱਛਮ ਦਾ ਪਹਿਲਾ ਫਿਲਾਸਫਰ ਸੀ, ਜਿਸ ਨੇ ਕੁਦਰਤ ਅਤੇ ਮਨੁਖ ਦੇ ਸਿਧੇ ਅਨੁਭਵੀ ਰਿਸ਼ਤੇ ਦੀ ਥਾਹ ਪਾਈ ਅਤੇ ਇਸ ਰਿਸ਼ਤੇ ਨੂੰ 'ਸਵੈਚੇਤਨਾ' ਅਤੇ 'ਚੇਤੰਨ ਮਨ' ਦੇ ਆਪਸੀ ਅਨੁਭਵੀ ਸਬੰਧਾਂ ਰਾਹੀਂ ਸਪਸ਼ਟ ਕੀਤਾ। ਉਸ ਦਾ ਕਹਿਣਾ ਹੈ, ਜਦੋਂ ਤੁਸੀਂ ਮੈਨੂੰ ਕੁਦਰਤ ਅਤੇ ਮਨੁਖ ਦੀ ਰਚਨਾ ਬਾਰੇ ਪੁਛਦੇ ਹੋ, ਤਾਂ ਤੁਸੀਂ ਆਪਣੇ ਆਪ ਨੂੰ ਕੁਦਰਤ ਅਤੇ ਮਨੁਖ ਨਾਲੋਂ ਤੋੜ ਲੈਂਦੇ ਹੋ। ਤੁਸੀਂ ਉਨ੍ਹਾਂ ਦੀ ਨਿਰਜੀਵ ਹੋਂਦ ਵਜੋਂ ਧਾਰਨਾ ਬਣਾਉਂਦੇ ਹੋ ਅਤੇ ਫਿਰ ਵੀ ਚਾਹੁੰਦੇ ਹੋ ਕਿ ਮੈਂ ਇਨ੍ਹਾਂ ਦੀ ਸਜੀਵ ਹੋਂਦ ਸਾਬਤ ਕਰਾਂ। ਹੁਣ ਮੈਂ ਤੁਹਾਨੂੰ ਕਹਿੰਦਾ ਹਾਂ, ਤੁਸੀਂ ਇਨ੍ਹਾਂ ਦੋਹਾਂ ਨੂੰ ਇਕ-ਦੂਜੇ ਤੋਂ ਤੋੜ ਕੇ ਵੇਖਣ ਦੀ ਆਪਣੀ ਧਾਰਨਾ ਛਡ ਦਿਉ। ਇਨ੍ਹਾਂ ਦੋਹਾਂ ਦੀ ਆਪਸੀ ਜੀਵੰਤ ਹੋਂਦ ਨੂੰ ਅਨੁਭਵ ਕਰੋ ਤਾਂ ਤੁਸੀਂ ਆਪਣਾ ਸੁਆਲ ਵੀ ਛੱਡ ਦਿਉਗੇ। ਫਿਰ ਵੀ ਜੇ ਤੁਸੀਂ ਆਪਣੇ ਇਸ ਵਖਰੇਵੇਂ ਪ੍ਰਤੀ ਬਜ਼ਿਦ ਹੋ ਤਾਂ ਤੁਸੀਂ ਦ੍ਰਿੜ੍ਹ ਰਹੋ। ਜੇ ਤੁਸੀਂ ਮਨੁਖ ਅਤੇ ਕੁਦਰਤ ਬਾਰੇ ਨਿਰਜੀਵ ਹੋਂਦ ਵਜੋਂ ਸੋਚਦੇ ਹੋ ਤਾਂ ਆਪਣੇ ਬਾਰੇ ਵੀ ਨਿਰਜੀਵ ਹੋਂਦ ਵਜੋਂ ਸੋਚੋ, ਕਿਉਂਕਿ ਤੁਸੀਂ ਵੀ ਤਾਂ ਯਕੀਨਨ ਕੁਦਰਤ ਅਤੇ ਮਨੁਖ ਹੀ ਹੋ। ਨਾ ਤੁਸੀਂ ਸੋਚੋ ਅਤੇ ਨਾ ਮੈਨੂੰ ਪੁਛੋ। ਕਿਉਂਕਿ ਜਦੋਂ ਹੀ ਤੁਸੀਂ ਸੋਚਦੇ ਅਤੇ ਪੁਛਦੇ ਹੋ, ਤਾਂ ਕੁਦਰਤ ਅਤੇ ਮਨੁਖ ਦੀ ਹੋਂਦ ਬਾਰੇ ਤੁਹਾਡੇ ਵਖਰੇਵੇਂ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਜਾਂ ਫਿਰ ਤੁਸੀਂ ਏਨੇ ਹਉਮੈਗ੍ਰਸਤ ਹੋ ਕਿ ਤੁਸੀਂ ਸਰਬਤ ਨੂੰ ਕੁਝ ਨਹੀਂ ਸਮਝਦੇ ਅਤੇ ਫਿਰ ਵੀ ਆਪਣੀ ਹੋਂਦ ਨੂੰ ਮੰਨਣਾ ਚਾਹੁੰਦੇ ਹੋ। ... ਤੁਸੀਂ ਇਸ ਦਾ ਜੁਆਬ ਦੇ ਸਕਦੇ ਹੋ ਕਿ ਮੈਂ ਕੁਦਰਤ ਦੀ ਹੋਂਦ ਜਾਂ ਅਣਹੋਂਦ ਆਦਿ ਬਾਰੇ ਧਾਰਨਾ ਨਹੀਂ ਬਣਾਉਣੀ ਚਾਹੁੰਦਾ, ਮੈਂ ਤਾਂ ਤੁਹਾਨੂੰ ਉਸ ਦੀ ਉਤਪਤੀ ਬਾਰੇ ਪੁਛ ਰਿਹਾ ਹਾਂ। ਜਿਵੇਂ ਮੈਂ ਕਿਸੇ ਡਾਕਟਰ ਤੋਂ ਹੱਡੀਆਂ ਦੀ ਬਣਤਰ ਆਦਿ ਬਾਰੇ ਪੁਛਦਾ ਹਾਂ। ਪਰ ਭੌਤਿਕਵਾਦੀ ਫਿਲਾਸਫੀ ਦੇ ਧਾਰਨੀ ਇਕ ਕਮਿਊਨਿਸਟ ਮਨੁਖ ਲਈ ਸੰਸਾਰ ਦਾ ਸਮੁਚਾ ਅਖੌਤੀ ਇਤਿਹਾਸ ਹੋਰ ਕੁਝ ਨਹੀਂ, ਸਗੋਂ ਮਨੁਖੀ ਕਿਰਤ ਰਾਹੀਂ ਮਨੁਖ ਦੀ ਸਿਰਜਣਾ ਹੀ ਹੈ। ਹੋਰ ਕੁਝ ਨਹੀਂ ਸਗੋਂ ਮਨੁਖ ਲਈ ਕੁਦਰਤ ਦਾ ਪ੍ਰਗਟ ਹੋਣਾ ਹੀ ਹੈ। ਇਸ ਲਈ ਉਸ ਦੇ ਕੋਲ ਖੁਦ ਰਾਹੀਂ ਆਪਣੇ ਜਨਮ ਦਾ, ਆਪਣੀ ਉਤਪਤੀ ਦਾ ਨਾ ਝੁਠਲਾਇਆ ਜਾ ਸਕਣ ਵਾਲਾ ਸਪਸ਼ਟ ਸਬੂਤ ਮੌਜੂਦ ਹੈ, ਕਿਉਂਕਿ ਕੁਦਰਤ ਅਤੇ ਮਨੁਖ ਦੀ ਅਸਲੀ ਹੋਂਦ ਮਨੁਖ ਦੇ ਆਪਣੇ ਇੰਦ੍ਰਿਆਵੀ ਅਨੁਭਵ (ਮਨ) ਰਾਹੀਂ ਅਮਲ ਵਿਚ ਮਨੁਖ ਦੀ ਸਵੈਚੇਤਨਾ ਵਜੋਂ ਪ੍ਰਗਟ ਹੋ ਰਹੀ ਹੈ। ਮਨੁਖ ਲਈ ਕੁਦਰਤ ਦੀ ਹੋਂਦ ਵਜੋਂ ਮਨੁਖ ਅਤੇ ਮਨੁਖ ਦੀ ਹੋਂਦ ਵਜੋਂ ਕੁਦਰਤ ਪ੍ਰਤੱਖ ਹੋ ਰਹੀ ਹੈ।

ਪ੍ਰਤੱਖ ਹੈ ਕਿ ਮਨੁਖ ਕੁਦਰਤ ਦੀ ਹੋਂਦ ਵਜੋਂ ਹੀ ਹੈ ਅਤੇ ਕੁਦਰਤ ਮਨੁਖ ਦੀ ਹੋਂਦ ਵਜੋਂ ਹੀ ਹੈ। ਦੋਹਾਂ ਤੋਂ ਕਿਸੇ ਵਖਰੀ ਹੋਂਦ ਦਾ ਸੁਆਲ, ਕੁਦਰਤ ਅਤੇ ਮਨੁਖ ਤੋਂ ਪਰ੍ਹਾਂ ਕਿਸੇ ਹੋਰ ਨਿਵੇਕਲੀ ਹੋਂਦ ਦੇ ਸੁਆਲ ਦਾ ਮਤਲਬ ਮਨੁਖ ਅਤੇ ਕੁਦਰਤ ਦੀ ਕਿਸੇ ਕਲਪਿਤ ਹੋਂਦ ਨੂੰ ਮੰਨਣਾ, ਅਮਲ ਵਿਚ ਹੀ ਅਸੰਭਵ ਹੋ ਗਿਆ ਹੈ ਕਿਉਂਕਿ ਕੁਦਰਤ ਮਨੁਖ ਦਾ ਅਜੀਵ ਸਰੀਰ ਹੈ। ਕੁਦਰਤ ਮਨੁਖ ਦਾ ਅਜੀਵ ਸਰੀਰ ਹੀ ਨਹੀਂ, ਸਗੋਂ ਮਨੁਖ ਕੁਦਰਤ ਉਤੇ ਜਿਉਂਦਾ ਹੈ। ਕੁਦਰਤ ਮਨੁਖ ਦੇ ਸਰੀਰ ਦੇ ਅੰਦਰ ਹੈ। ਆਪਣੇ ਜਿਉਂਦੇ ਰਹਿਣ ਲਈ ਮਨੁਖ ਕੁਦਰਤ ਨਾਲ ਲਗਾਤਾਰ ਲੈਣ-ਦੇਣ ਕਰਦਾ ਹੈ। ਮਨੁਖ ਦੀ ਸਰੀਰਕ ਅਤੇ ਆਤਮਿਕ ਜ਼ਿੰਦਗੀ ਦਾ ਕੁਦਰਤ ਨਾਲ ਸਿਧਾ ਰਿਸ਼ਤਾ ਹੈ, ਦਾ ਭਾਵਅਰਥ ਵੀ ਇਹੀ ਹੈ ਕਿ ਕੁਦਰਤ ਦਾ ਖੁਦ ਨਾਲ ਰਿਸ਼ਤਾ ਹੈ ਕਿਉਂਕਿ ਮਨੁਖ ਵੀ ਕੁਦਰਤ ਦਾ ਹੀ ਇਕ ਅਟੁਟ ਅੰਗ ਹੈ।

ਇਹ ਇਕ ਅਨੰਤ ਚਕਰ ਹੈ, ਜਿਸ ਵਿਚ ਮਾਦਾ (ਅਟਟਏਰ) ਗਤੀਸ਼ੀਲ ਰਹਿੰਦਾ ਹੈ। ਨਿਸ਼ਚੇ ਹੀ ਇਹ ਚੱਕਰ ਆਪਣੇ ਧੁਰੇ ਦੁਆਲੇ ਪਰਿਕਰਮਾ ਲਈ ਜਿੰਨਾ ਸਮਾਂ ਲੈਂਦਾ ਹੈ, ਉਸ ਨੂੰ ਮਾਪਣ ਲਈ ਸਾਡਾ ਧਰਤ-ਵਰ੍ਹਾ ਕਾਫੀ ਨਹੀਂ। ਇਸ ਚੱਕਰ ਵਿਚ ਉਚਤਮ ਵਿਕਾਸ ਦਾ ਸਮਾਂ, ਜੈਵਿਕ ਜੀਵਨ ਦਾ ਸਮਾਂ ਅਤੇ ਇਸ ਤੋਂ ਵੀ ਵਧ, ਕੁਦਰਤ ਅਤੇ ਖੁਦ ਆਪਣੀ ਹੋਂਦ ਪ੍ਰਤੀ ਚੇਤੰਨ ਜੀਵਾਂ ਦਾ ਸਮਾਂ, ਇਸ ਹਦ ਤਕ ਥੋੜ੍ਹ ਚਿਰਾ ਅਤੇ ਸੀਮਤ ਹੁੰਦਾ ਹੈ, ਜਿੰਨਾ ਕਿ ਉਹ ਪੁਲਾੜ, ਜਿਸ ਵਿਚ ਇਹ ਜੀਵਨ ਅਤੇ ਸਵੈਚੇਤਨਾ ਕਾਰਜਸ਼ੀਲ ਹੁੰਦੇ ਹਨ। ਇਕ ਅਜਿਹੇ ਚੱਕਰ ਵਿਚ ਮਾਦੇ ਦੀ ਹੋਂਦ ਦਾ ਹਰ ਅੰਤਿਮ ਰੂਪ, ਭਾਵੇਂ ਇਹ ਸੂਰਜ ਹੈ ਜਾਂ ਧੁੰਦੂਕਾਰ ਪੁੰਜ, ਇਕ ਪਸੂ ਹੈ ਜਾਂ ਪਸੂਆਂ ਦਾ ਵਗ, ਰਸਾਇਣਿਕ ਸੰਜੋਗ ਜਾਂ ਵਿਜੋਗ, ਇਕੋ ਜਿੰਨਾ ਹੀ ਛਿਣ ਭੰਗਰੀ ਹੈ ਅਤੇ ਜਿਸ ਵਿਚ ਸਦੀਵੀ ਬਦਲ ਰਿਹਾ, ਸਦੀਵੀ ਗਤੀਸ਼ੀਲ ਮਾਦਾ ਤੇ ਉਨ੍ਹਾਂ ਨੇਮਾਂ (ਹੁਕਮ), ਜਿਨ੍ਹਾਂ ਵਿਚ ਇਹ ਮਾਦਾ ਬਦਲ ਰਿਹਾ ਅਤੇ ਗਤੀਸ਼ੀਲ ਹੈ, ਤੋਂ ਬਿਨਾ ਹੋਰ ਕੁਝ ਵੀ ਸਦੀਵੀ ਨਹੀਂ।

ਕੁਦਰਤ ਅਤੇ ਮਨੁਖ ਦੇ ਆਪਸੀ ਅਟੁਟ ਰਿਸ਼ਤੇ ਬਾਰੇ ਏਂਗਲਜ਼ ਦਾ ਕਹਿਣਾ ਹੈ, ਹਰ ਕਦਮ ਉਤੇ ਸਾਨੂੰ ਚੇਤੇ ਕਰਵਾਇਆ ਜਾਂਦਾ ਹੈ ਕਿ ਅਸੀਂ ਕਿਸੇ ਵੀ ਤਰ੍ਹਾਂ ਕੁਦਰਤ ਤੋਂ ਬਾਹਰ ਖੜ੍ਹੇ ਕਿਸੇ ਅਜਨਬੀ ਵਾਂਗ ਕੁਦਰਤ ਉਤੇ ਰਾਜ ਨਹੀਂ ਕਰ ਸਕਦੇ, ਕਿਉਂਕਿ ਅਸੀਂ ਵੀ ਖੂਨ ਮਾਸ ਤੇ ਦਿਮਾਗ ਸਮੇਤ, ਕੁਦਰਤ ਦਾ ਹੀ ਇਕ ਅਟੁਟ ਅੰਗ ਹਾਂ ਅਤੇ ਸਾਡੀ ਹੋਂਦ ਇਸ ਦੇ ਅੰਦਰ ਹੀ ਹੈ। ਸਾਡੀ ਮੁਹਾਰਤ ਇਸ ਹਕੀਕਤ ਵਿਚ ਮੌਜੂਦ ਹੈ ਕਿ ਸਾਡੇ ਕੋਲ ਬਾਕੀ ਸਾਰੇ ਜੀਵਾਂ ਨਾਲੋਂ ਇਕ ਵਾਧੂ ਗੁਣ ਹੈ ਕਿ ਅਸੀਂ ਕੁਦਰਤ ਦੇ ਨੇਮਾਂ ਨੂੰ ਜਾਣਨ ਅਤੇ ਉਨ੍ਹਾਂ ਨੂੰ ਠੀਕ ਤਰ੍ਹਾਂ ਲਾਗੂ ਕਰਨ ਦੇ ਯੋਗ ਹਾਂ। ਹਰ ਲੰਘੇ ਦਿਨ ਅਸੀਂ ਇਨ੍ਹਾਂ ਨੇਮਾਂ ਨੂੰ ਹੋਰ ਚੰਗੀ ਤਰ੍ਹਾਂ ਸਮਝਣ ਅਤੇ ਕੁਦਰਤ ਦੀ ਰਵਾਇਤੀ ਤੋਰ ਵਿਚ ਆਪਣੀ ਦਖਲਅੰਦਾਜ਼ੀ ਪੱਖੋਂ, ਦੋਵੇਂ ਤਰ੍ਹਾਂ ਦੇ, ਵਧੇਰੇ ਫੌਰੀ ਅਤੇ ਦੀਰਘਕਾਲੀ ਸਿਟਿਆਂ ਨੂੰ ਅਨੁਭਵ ਕਰਨ ਲੱਗੇ ਹਾਂ। ਖਾਸ ਕਰਕੇ 19ਵੀਂ ਸਦੀ 'ਚ ਕੁਦਰਤੀ ਵਿਗਿਆਨ ਵਿਚ ਮਿਲੀ ਤਗੜੀ ਸਫਲਤਾ ਤੋਂ ਬਾਅਦ ਅਸੀਂ ਘਟੋ-ਘਟ ਆਪਣੀਆਂ ਰੋਜ਼ਾਨਾ ਪੈਦਾਵਾਰੀ ਸਰਗਰਮੀਆਂ ਦੇ ਪਹਿਲਾਂ ਨਾਲੋਂ ਵਧੇਰੇ ਦੂਰ-ਰਸੀ ਕੁਦਰਤੀ ਸਿਟਿਆਂ ਨੂੰ ਮਹਿਸੂਸ ਕਰਨ ਅਤੇ ਇਸ ਤਰ੍ਹਾਂ ਉਨ੍ਹਾਂ ਨੂੰ ਕਾਬੂ ਕਰਨ ਦੀ ਹਾਲਤ ਵਿਚ ਹਾਂ। ਜਿੰਨਾ ਹੀ ਮਨੁਖ ਹੋਰ ਅੱਗੇ ਵਧੇਗਾ, ਨਾ ਸਿਰਫ ਓਨਾ ਹੀ ਉਹ ਇਸ ਨੇੜਤਾ ਨੂੰ ਹੋਰ ਮਹਿਸੂਸ ਕਰੇਗਾ ਸਗੋਂ ਉਹ ਕੁਦਰਤ ਨਾਲ ਆਪਣੀ ਏਕਤਾ ਨੂੰ ਵੀ ਵਧੇਰੇ ਜਾਣੇਗਾ।

ਕੁਦਰਤ ਉਤੇ ਮਨੁਖੀ ਜਿੱਤਾਂ ਦੀ ਗਿਣਤੀ-ਮਿਣਤੀ ਨਾਲ ਸਾਨੂੰ ਕਦੇ ਵੀ ਖੁਸ਼ਫਹਿਮੀ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ। ਇਹੋ ਜਿਹੀ ਹਰ ਜਿੱਤ ਦਾ ਕੁਦਰਤ ਸਾਡੇ ਕੋਲੋਂ ਬਦਲਾ ਲੈਂਦੀ ਹੈ। ਇਹ ਸੱਚ ਹੈ ਕਿ ਅਜਿਹੀ ਹਰ ਜਿੱਤ ਦੇ ਨਿਕਲੇ ਪਹਿਲੇ ਸਿਟੇ ਸਾਡੀ ਆਸ ਮੁਤਾਬਕ ਹੀ ਹੁੰਦੇ ਹਨ, ਪਰ ਦੂਜੀ ਤੇ ਤੀਜੀ ਥਾਂ ਬਿਲਕੁਲ ਵਖਰੇ ਅਤੇ ਅਣਕਿਆਸੇ ਸਿਟੇ ਨਿਕਲਦੇ ਹਨ, ਜੋ ਅਕਸਰ ਪਹਿਲੇ ਨਿਕਲੇ ਸਿਟਿਆਂ ਨੂੰ ਨਕਾਰ ਦਿੰਦੇ ਹਨ। ਜਿਨ੍ਹਾਂ ਲੋਕਾਂ ਨੇ ਮੈਸੋਪੋਟਾਮੀਆ, ਯੂਨਾਨ, ਏਸ਼ੀਆ ਮਾਈਨਰ ਅਤੇ ਹੋਰਨੀਂ ਥਾਂਈਂ ਵਾਹੀਯੋਗ ਜਮੀਨ ਪ੍ਰਾਪਤ ਕਰਨ ਲਈ ਜੰਗਲ ਤਬਾਹ ਕੀਤੇ ਸਨ, ਉਨ੍ਹਾਂ ਨੇ ਕਦੇ ਸੁਪਨੇ ਵਿਚ ਵੀ ਨਹੀਂ ਸੋਚਿਆ ਹੋਣਾ ਕਿ ਜੰਗਲਾਂ ਦੇ ਨਾਲ ਹੀ ਨਮੀ ਦੇ ਸੰਗ੍ਰਿਹ ਕੇਂਦਰਾਂ ਅਤੇ ਭੰਡਾਰਾਂ ਨੂੰ ਖਤਮ ਕਰਕੇ, ਉਹ ਉਨ੍ਹਾਂ ਦੇਸ਼ਾਂ ਦੀ ਮੌਜੂਦਾ ਉਜਾੜੇ ਵਾਲੀ ਹਾਲਤ ਦੀ ਨੀਂਹ ਰੱਖ ਰਹੇ ਹਨ।

ਜਦੋਂ (ਐਲਪਸ) ਪਹਾੜਾਂ ਉਤੇ ਰਹਿੰਦੇ ਇਤਾਲਵੀਆਂ ਨੇ ਦੱਖਣੀ ਢਲਾਣਾਂ ਦੇ ਨਾਲ-ਨਾਲ ਬੜੀ ਸਾਂਭ-ਸੰਭਾਲ ਕੇ ਪਾਲੇ ਗਏ ਉਤਰੀ ਢਲਾਣਾਂ ਉਤਲੇ ਚੀੜ੍ਹ ਦੇ ਜੰਗਲ ਵੀ ਵਰਤ ਲਏ ਤਾਂ ਉਨ੍ਹਾਂ ਨੂੰ ਕਦੇ ਚਿਤ-ਚੇਤਾ ਵੀ ਨਹੀਂ ਸੀ ਕਿ ਉਹ ਆਪਣੇ ਖੇਤਰ ਵਿਚਲੀ ਡੇਅਰੀ ਸਨਅਤ ਦੀਆਂ ਜੜ੍ਹਾਂ ਵਢ ਰਹੇ ਹਨ। ਇਸ ਹਕੀਕਤ ਦਾ ਤਾਂ ਉਨ੍ਹਾਂ ਨੂੰ ਹੋਰ ਵੀ ਘਟ ਗਿਆਨ ਸੀ ਕਿ ਇੰਜ ਕਰ ਕੇ ਅਤੇ ਸਾਲ ਦਾ ਵਧੇਰੇ ਸਮਾਂ ਆਪਣੇ ਪਹਾੜੀ ਚਸ਼ਮਿਆਂ ਨੂੰ ਪਾਣੀ ਤੋਂ ਵਾਂਝਾ ਰਖ ਕੇ ਉਹ ਇਹ ਸੰਭਵ ਬਣਾ ਰਹੇ ਹਨ ਕਿ ਬਰਸਾਤਾਂ ਸਮੇਂ ਪਹਾੜੀ ਢਲਾਣਾਂ, ਮੈਦਾਨਾਂ ਉਤੇ ਹੋਰ ਵਧੇਰੇ ਝਲਿਆਏ ਹੜ੍ਹ ਸੁਟਣ।

ਜਿਨ੍ਹਾਂ ਸਪੇਨੀ ਬਾਗਬਾਨਾਂ ਨੇ ਕਿਊਬਾ ਵਿਚਲੇ ਪਹਾੜਾਂ ਦੀਆਂ ਢਲਾਣਾਂ ਉਤਲੇ ਜੰਗਲਾਂ ਨੂੰ ਸਿਰਫ ਇਸ ਕਰਕੇ ਸਾੜ ਦਿਤਾ ਸੀ ਕਿ ਇਕ ਪੀੜ੍ਹੀ ਵਾਸਤੇ ਉਚੇ ਮੁਨਾਫੇ ਵਾਲੇ ਕਾਫੀ ਦੇ ਦਰਖਤਾਂ ਲਈ ਉਨ੍ਹਾਂ ਦੀ ਸੁਆਹ ਤੋਂ ਲੋੜੀਂਦੀ ਖਾਦ ਪ੍ਰਾਪਤ ਕੀਤੀ ਜਾ ਸਕੇ, ਉਨ੍ਹਾਂ ਨੂੰ ਕੀ ਪ੍ਰਵਾਹ ਸੀ ਕਿ ਬਾਅਦ ਵਿਚ ਤਪਤ ਖੰਡਾਂ ਦੇ ਭਾਰੀ ਮੀਂਹ ਉਨ੍ਹਾਂ ਢਲਾਣਾਂ ਦੀ ਮਿਟੀ ਉਤਲੀ ਅਣਸੁਰਖਿਅਤ ਤਹਿ ਨੂੰ ਵਹਾ ਕੇ ਲੈ ਜਾਣਗੇ ਅਤੇ ਪਿਛੇ ਸਿਰਫ ਨੰਗੀਆਂ ਸਖਤ ਚੱਟਾਨਾਂ ਹੀ ਰਹਿ ਜਾਣਗੀਆਂ।

ਸਮਾਜੀ ਪ੍ਰਭਾਵਾਂ ਵਾਂਗ ਹੀ ਕੁਦਰਤ ਉਤੇ ਪੈਣ ਵਾਲੇ ਪ੍ਰਭਾਵਾਂ ਦੇ ਪ੍ਰਸੰਗ ਵਿਚ ਵੀ ਮੌਜੂਦਾ ਪੈਦਾਵਾਰੀ ਢੰਗ (ਪੂੰਜੀਵਾਦ) ਦੀ ਭਾਰੂ ਚਿੰਤਾ ਸਿਰਫ ਫੌਰੀ ਸਿਟੇ (ਮੁਨਾਫਾ) ਪ੍ਰਾਪਤ ਕਰਨਾ ਹੀ ਹੈ ਅਤੇ ਫਿਰ ਵੀ ਹੈਰਾਨੀ ਪ੍ਰਗਟਾਈ ਜਾਂਦੀ ਹੈ ਕਿ ਇਨ੍ਹਾਂ ਅਮਲਾਂ ਦੇ ਦੂਰਰਸੀ ਪ੍ਰਭਾਵ ਅਸਲੋਂ ਹੀ ਵਖਰੇ ਅਤੇ ਜ਼ਿਆਦਾਤਰ ਉਲਟੀ ਖਾਸੀਅਤ ਵਾਲੇ ਹੁੰਦੇ ਹਨ।

ਕੋਲੰਬਸ ਨੇ ਜਦੋਂ ਅਮਰੀਕਾ ਲੱਭਾ ਤਾਂ ਉਸ ਨੂੰ ਨਹੀਂ ਸੀ ਪਤਾ ਕਿ ਇਸ ਤਰ੍ਹਾਂ ਕਰਕੇ ਉਹ ਨੀਗਰੋ ਗੁਲਾਮੀ ਦੇ ਵਪਾਰ ਦੀ ਨੀਂਹ ਰਖ ਰਿਹਾ ਹੈ ਅਤੇ ਯੂਰਪ ਵਿਚ ਪਹਿਲਾਂ ਹੀ ਖਤਮ ਹੋ ਚੁਕੀ ਗੁਲਾਮੀ ਦੀ ਪ੍ਰਥਾ ਨੂੰ ਇਕ ਨਵੀਂ ਜ਼ਿੰਦਗੀ ਦੇ ਰਿਹਾ ਹੈ। 17ਵੀਂ ਤੇ 18ਵੀਂ ਸਦੀ ਵਿਚ ਭਾਫ ਦਾ ਇੰਜਣ ਬਣਾਉਣ ਲਈ ਮਿਹਨਤ ਕਰਨ ਵਾਲੇ ਲੋਕਾਂ ਨੂੰ ਇਹ ਖਿਆਲ ਤਕ ਨਹੀਂ ਸੀ ਆਇਆ ਕਿ ਉਹ ਇਕ ਅਜਿਹਾ ਯੰਤਰ ਤਿਆਰ ਕਰ ਰਹੇ ਹਨ, ਜੋ ਸੰਸਾਰ ਭਰ ਵਿਚਲੇ ਸਮਾਜੀ ਰਿਸ਼ਤਿਆਂ ਦੇ ਇਨਕਲਾਬੀਕਰਣ ਵਿਚ ਕਿਸੇ ਵੀ ਹੋਰ ਸੰਦ ਨਾਲੋਂ ਵਧੇਰੇ ਹਿੱਸਾ ਪਾਵੇਗਾ। ਖਾਸ ਕਰਕੇ ਯੂਰਪ ਵਿਚ ਕੁਝ ਹੱਥਾਂ ਵਿਚ ਦੌਲਤ ਕੇਂਦਰਿਤ ਕਰਕੇ ਅਤੇ ਭਾਰੀ ਬਹੁਗਿਣਤੀ ਨੂੰ ਇਸ ਦੌਲਤ ਤੋਂ ਵਿਰਵਾ ਕਰਕੇ ਇਹ ਯੰਤਰ ਪਹਿਲਾਂ ਪੂੰਜੀਵਾਦ ਨੂੰ ਸਮਾਜੀ ਅਤੇ ਰਾਜਨੀਤਕ ਗਲਬਾ ਪਾਉਣ ਦਾ ਅਖਤਿਆਰ ਦੇਵੇਗਾ, ਪਰ ਬਾਅਦ ਵਿਚ ਪੂੰਜੀਵਾਦ ਅਤੇ ਕਿਰਤੀਆਂ ਵਿਚਕਾਰ ਜਮਾਤੀ ਸੰਘਰਸ਼ ਨੂੰ ਜਨਮ ਦੇਵੇਗਾ, ਜਿਸ ਦਾ ਅੰਤ ਸਿਰਫ ਪੂੰਜੀਵਾਦ ਦਾ ਤਖਤਾ ਪਲਟਣ ਅਤੇ ਸਾਰੇ ਜਮਾਤੀ ਵਿਰੋਧਾਂ ਦੇ ਅੰਤ ਵਿਚ ਨਿਕਲੇਗਾ।

ਪੂੰਜੀਵਾਦ ਦਾ ਸਮਾਜੀ ਵਿਗਿਆਨ-ਟਕਸਾਲੀ ਰਾਜਨੀਤਕ ਆਰਥਿਕਤਾ ਮੁਖ ਤੌਰ 'ਤੇ ਪੈਦਾਵਾਰ ਅਤੇ ਵਟਾਂਦਰੇ ਦੇ ਖੇਤਰ ਵਿਚ ਮਨੁਖੀ ਅਮਲਾਂ ਦੇ ਪੈਣ ਵਾਲੇ ਸਮਾਜੀ ਪ੍ਰਭਾਵਾਂ ਦੇ ਸਿਰਫ ਫੌਰੀ ਮੰਤਵਾਂ ਨੂੰ ਹੀ ਧਿਆਨ ਵਿਚ ਰਖਦਾ ਹੈ ਜੋ ਇਸ ਦੀ ਸਮਾਜੀ ਬਣਤਰ ਦੇ ਪੂਰੀ ਤਰ੍ਹਾਂ ਅਨੁਕੂਲ ਹੈ ਤੇ ਇਸ ਦਾ ਸਿਧਾਂਤਕ ਪ੍ਰਗਟਾਵਾ ਹੈ, ਕਿਉਂਕਿ ਨਿਜੀ ਪੂੰਜੀਵਾਦੀ ਪੈਦਾਵਾਰ ਅਤੇ ਵਟਾਂਦਰੇ ਦਾ ਫੌਰੀ ਮੰਤਵ ਸਿਰਫ ਮੁਨਾਫਾ ਕਮਾਉਣਾ ਹੈ। ਇਸ ਲਈ ਅਤਿਅੰਤ ਨੇੜਲਾ, ਸਿਰਫ ਸਭ ਤੋਂ ਵਧ ਫੌਰੀ ਸਿੱਟਾ ਹੀ ਧਿਆਨ ਵਿਚ ਰਖਿਆ ਜਾਣਾ ਜ਼ਰੂਰੀ ਹੈ। ਜਿੰਨਾ ਚਿਰ ਨਿਜੀ ਕਾਰਖਾਨੇਦਾਰ ਜਾਂ ਵਪਾਰੀ, ਬਣਾਈ ਜਾਂ ਖਰੀਦੀ ਵਸਤੂ ਨੂੰ ਪ੍ਰਚਲਿਤ ਲਾਲਚੀ ਮੁਨਾਫੇ ਉਤੇ ਵੇਚਦਾ ਹੈ, ਉਹ ਸੰਤੁਸ਼ਟ ਰਹਿੰਦਾ ਹੈ ਅਤੇ ਬਿਲਕੁਲ ਚਿੰਤਾ ਨਹੀਂ ਕਰਦਾ ਕਿ ਬਾਅਦ ਵਿਚ ਵੇਚੀ ਗਈ ਵਸਤੂ ਦਾ ਕੀ ਬਣਦਾ ਹੈ ਜਾਂ ਇਸ ਦੇ ਖਰੀਦਦਾਰ ਕੌਣ ਹਨ। ਇਹੀ ਤਰਕ ਉਸ ਦੇ ਪੈਦਾਵਾਰੀ ਅਮਲਾਂ ਦੇ ਪੈਣ ਵਾਲੇ ਕੁਦਰਤੀ ਪ੍ਰਭਾਵਾਂ ਉਤੇ ਲਾਗੂ ਹੁੰਦਾ ਹੈ। ਪੂੰਜੀਵਾਦ ਦੀ ਮੁਨਾਫੇ ਦੀ ਹਵਸ ਕੁਦਰਤੀ ਸੋਮਿਆਂ ਦੀ ਬਰਬਾਦੀ ਬਾਰੇ ਉਕਾ ਗੌਰ ਨਹੀਂ ਕਰਦੀ।

ਕੁਦਰਤ ਅਤੇ ਮਨੁਖ ਦੇ ਇਸ ਆਪਸੀ ਅਟੁਟ ਰਿਸ਼ਤੇ ਬਾਰੇ ਤੇ ਪੂੰਜੀਵਾਦ ਵਲੋਂ ਇਸ ਰਿਸ਼ਤੇ ਨੂੰ ਅਣਗੌਲਿਆ ਕਰਨ ਕਰਕੇ ਮਨੁਖੀ ਸਮਾਜ ਤੇ ਕੁਦਰਤ ਸੋਮਿਆਂ ਦੀ ਹੋ ਰਹੀ ਬਰਬਾਦੀ ਬਾਰੇ ਮਾਰਕਸ-ਏਂਗਲਜ ਦੀਆਂ ਉਕਤ ਧਾਰਨਾਵਾਂ ਪੜ੍ਹਨ ਤੋਂ ਬਾਅਦ ਹੀ ਇਹ ਸਮਝ ਆਉਂਦਾ ਹੈ ਕਿ ਅੱਜ ਪੰਜਾਬ ਦਾ ਇਹ ਹਸ਼ਰ ਕਿਉਂ ਹੋ ਰਿਹਾ ਹੈ? ਕਿ ਪੰਜਾਬ ਦੀ ਧਰਤੀ ਬੰਜਰ ਬਣ ਰਹੀ ਹੈ। ਧਰਤੀ ਹੇਠਲਾ ਪਾਣੀ ਮਨੁਖੀ ਪਹੁੰਚ ਤੋਂ ਦੂਰ ਹੋ ਰਿਹਾ ਹੈ। ਪਾਣੀ ਜੋ ਮਿਲਦਾ ਹੈ, ਉਹ ਵੀ ਜ਼ਹਿਰੀਲਾ ਹੋ ਗਿਆ ਹੈ। ਪੰਜਾਬ ਦਾ ਚੌਗਿਰਦਾ ਲਗਾਤਾਰ ਪਲੀਤ ਹੋ ਰਿਹਾ ਹੈ। ਜ਼ਹਿਰੀਲੀਆਂ ਦਵਾਈਆ ਦੇ ਅੰਸ਼ ਭੋਜਨ ਲੜੀ ਵਿਚ ਸ਼ਾਮਿਲ ਹੋ ਕੇ ਪੰਜਾਬੀਆਂ ਦੇ ਸਰੀਰਾਂ ਵਿਚ ਵੜ ਗਏ ਹਨ। ਪੰਜਾਬ ਦਾ ਹਰ ਸ਼ਖਸ ਕਿਸੇ ਨਾ ਕਿਸੇ ਬਿਮਾਰੀ ਦਾ ਸ਼ਿਕਾਰ ਹੈ। ਜਾਨਲੇਵਾ ਰੋਗ ਹਮਲਾਵਰ ਹਨ। ਪੰਜਾਬ ਦੀ ਜਵਾਨੀ ਦਾ ਮਨ ਉਚਾਟ ਹੈ ਤੇ ਨਿਰੰਤਰ ਤਣਾਅ ਦਾ ਸ਼ਿਕਾਰ ਹੈ। ਕਿਸਾਨੀ ਖੁਦਕਸ਼ੀਆਂ ਕਰ ਰਹੀ ਹੈ। ਕੈਪਟਨ ਅਮਰਿੰਦਰ ਸਿੰਘ ਤੇ ਸੁਖਬੀਰ ਸਿੰਘ ਬਾਦਲ ਵਰਗੇ ਦਲਾਲ ਰਾਜਸੀ ਆਗੂਆਂ ਦੀ ਵਧ ਤੋਂ ਵਧ ਪੈਸਾ ਇਕੱਠਾ ਕਰਨ ਦੀ ਦੌੜ ਤੇ ਸਾਮਰਾਜੀ ਕਾਰਪੋਰੇਸ਼ਨਾਂ ਦੀ ਮੁਨਾਫੇ ਦੀ ਹਵਸ ਦਾ ਸ਼ਿਕਾਰ ਹੋਇਆ ਹਰਾ ਇਨਕਲਾਬ, ਅੱਜ ਪੰਜਾਬ ਲਈ ਸਰਾਪ ਬਣ ਗਿਆ ਹੈ। ਪੰਜਾਬ ਦੀ ਜਰਖੇਜ ਭੋਂਇ ਉਤੇ ਇਮਾਰਤਾਂ ਦਾ ਜੰਗਲ ਉਗ ਆਇਆ ਹੈ। ਇਸ ਪ੍ਰਸੰਗ ਵਿਚ ਹੀ ਮਾਰਕਸ ਦੀ ਉਕਤ ਧਾਰਨਾ ਸਮਝ ਆਉਂਦੀ ਹੈ ਕਿ ਕੁਦਰਤ ਅਤੇ ਰਾਜਨੀਤੀ ਦੀ ਸਿਰਫ ਸਾਂਝ ਹੀ ਅਜੋਕੀ ਫਿਲਾਸਫੀ ਭਾਵ ਸਮੁਚੀ ਸਿਆਣਪ ਨੂੰ ਅਮਲ ਵਿਚ ਢਾਲ ਸਕਦੀ ਹੈ। ਇਹ ਸਾਂਝ ਕਿਵੇਂ ਬਣੇ, ਇਹ ਇਕ ਵਖਰੀ ਲਿਖਤ ਦਾ ਵਿਸ਼ਾ ਹੈ।

ਨਿਆਮਤਾਂ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

# ਸ਼ਾਇਸਤਗੀ ਦੀ ਸੁਰ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਹ ਹੈ ਤਾਂ ਫਿਜ਼ਿਕਸ ਜਿਹੇ ਖੁਸ਼ਕ ਵਿਸ਼ੇ ਦੇ ਅਧਿਆਪਕ, ਪਰ ਉਨ੍ਹਾਂ ਦੀ ਵਾਰਤਕ ਵਿਚ ਕਵਿਤਾ ਦੀ ਰਵਾਨਗੀ ਹੈ। ਉਹ ਸ਼ਬਦਾਂ ਦੀ ਅਜਿਹੀ ਜੁਗਤ ਬੰਨਦੇ ਹਨ ਕਿ ਪਾਠਕ ਦੇ ਮੂੰਹੋਂ ਸੁਤੇ ਸਿਧ ਨਿਕਲ ਜਾਂਦਾ ਹੈ, ਕਿਆ ਬਾਤ ਹੈ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਮੁਹੱਬਤ ਦੀਆਂ ਪਰਤਾਂ ਖੋਲ੍ਹਦਿਆਂ ਕਿਹਾ ਸੀ, "ਮੁਹੱਬਤ, ਜ਼ਿੰਦਗੀ ਦਾ ਗੀਤ, ਸਾਹਾਂ ਵਿਚਲਾ ਸੰਗੀਤ, ਚਾਵਾਂ ਭਿੰਨੀ ਰੀਤ ਅਤੇ ਕਦਮਾਂ ਵਿਚ ਰਾਹਾਂ ਨੂੰ ਨਵੀਆਂ ਮੰਜ਼ਲਾਂ ਮਿੱਥਣ ਵਾਲਾ ਮੀਤ।" ਪਰ ਨਾਲ ਹੀ ਉਨ੍ਹਾਂ ਸ਼ਿਕਵਾ ਕੀਤਾ ਸੀ, "ਮੁਹੱਬਤ, ਅਜੋਕੇ ਮਨੁੱਖ ਲਈ ਮਖੌਟਾ। ਸਤਹੀ ਮੁਹੱਬਤ ਨੇ ਮਨੁੱਖੀ ਰਿਸ਼ਤਿਆਂ, ਸਬੰਧਾਂ ਅਤੇ ਦੋਸਤੀਆਂ ਨੂੰ ਕੀਤਾ ਏ ਤਾਰ ਤਾਰ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਮਨੁੱਖੀ ਸ਼ਖਸੀਅਤ ਸ਼ਾਇਸਤਗੀ ਦੀ ਅਹਿਮੀਅਤ ਅਤੇ ਇਸ ਦੀ ਸ਼ਾਨ ਦੀ ਗੱਲ ਕਰਦਿਆਂ ਕਿਹਾ ਹੈ, "ਸ਼ਾਇਸਤਗੀ, ਕਦੇ ਨਹੀਂ ਜ਼ਰਖਰੀਦ, ਮਾਨਸਿਕ ਗੁਲਾਮੀ ਤੋਂ ਆਜ਼ਾਦ ਸ਼ਬਦੀ ਉਪਮਾ ਤੋਂ ਉਪਰ, ਬੋਲਾਂ ਦੀ ਮੁਥਾਜ਼ੀ ਤੋਂ ਨਿਰਲੇਪ ਅਤੇ ਹਰਫ-ਦਾਇਰਿਆਂ ਤੋਂ ਬਾਹਰ।" ਉਹ ਸਪਸ਼ਟ ਕਰਦੇ ਹਨ, "ਸ਼ਾਇਸਤਗੀ ਦਾ ਕਾਇਰਤਾ, ਕਮੀਨਗੀ, ਕੁਹਜ, ਕੁਕਰਮ, ਕੁਲੱਛਣਾ ਅਤੇ ਕੁਲਹਿਣੇਪਣ ਨੂੰ ਬੇਦਾਵਾ।" -ਸੰਪਾਦਕ*

ਸ਼ਾਇਸਤਗੀ, ਸੁੰਦਰਤਾ, ਸੀਰਤ, ਸਾਦਗੀ, ਸਲੀਕਾ, ਸੂਹਜ, ਸਹਿਜ ਅਤੇ ਸੂਖਮਤਾ ਦਾ ਸੁੰਦਰ ਸੁਮੇਲ।

ਸ਼ਾਇਸਤਗੀ, ਸਮਦਰਸ਼ੀ ਸੋਚ, ਸੁਹੱਪਣੀ ਸੁਪਨੇ, ਸਾਹਾਂ ਜਿਹੀਆਂ ਸਫਲਤਾਵਾਂ ਅਤੇ ਜੀਵਨੀ ਸ਼ਿਲਾਲੇਖਾਂ ਦੀ ਸੰਦਲੀ ਤਸ਼ਬੀਹ।

ਸ਼ਾਇਸਤਗੀ, ਜੀਵਨੀ ਮੁੱਲਾਂ ਦਾ ਸਮਤੋਲ, ਸੂਖਮਭਾਵੀ ਬੋਲ, ਫੁੱਲਾਂ ਜਿਹੀ ਝੋਲ ਅਤੇ ਹਰ ਕਰਮ ਵਿਚ ਗੁਟਕਦੀ ਕਿਰਤ-ਅਨਮੋਲ।

ਸ਼ਾਇਸਤਗੀ, ਖੁਦ ਨਾਲ ਸੰਗੀਤਕ ਸੰਵਾਦ, ਹੁੰਗਾਰਿਆਂ ਨੂੰ ਨਿੱਜ ਦੀ ਤੱਕੜੀ ਸੰਗ ਤੋਲਦਾ ਮੁਫਾਦ ਅਤੇ ਸਵੈ ਤੋਂ ਸਵੈ ਦਾ ਜਗਦਾ ਚਿਰਾਗ।

ਸ਼ਾਇਸਤਗੀ, ਨਿਰਮਾਣਤਾ ਦਾ ਬਿੰਬ, ਸਿਦਕੀ ਕਦਮਾਂ ਦੀ ਤਾਲ, ਪਾਕੀਜ਼ਗੀ ਦਾ ਪ੍ਰਤੀਬਿੰਬ ਅਤੇ ਕਦਰਾਂ ਕੀਮਤਾਂ ਦੀ ਤੱਕੜੀ 'ਚ ਤੁਲਦੀ ਜਿੰਦ।

ਸ਼ਾਇਸਤਗੀ, ਖੁਦ 'ਚੋਂ ਖੁਦ ਨੂੰ ਮਨਫੀ ਕਰਨਾ, ਕਿਸੇ ਲੋੜਵੰਦ ਦੀ ਜਿੱਤ ਲਈ ਆਪ ਹਾਰਨਾ, ਕਿਸੇ ਦੇ ਹੱਕ-ਹਕੂਕ ਲਈ ਖੁਦ ਨਾਲ ਲੜਨਾ ਅਤੇ ਕਿਸੇ ਦੀ ਬੁਲੰਦਗੀ ਲਈ ਸਵੈ-ਸੂਲੀ 'ਤੇ ਚੜ੍ਹਨਾ।

ਸ਼ਾਇਸਤਗੀ, ਮਨੁੱਖਤਾ ਦਾ ਮਾਣ, ਮਾਨਵ-ਜਾਤ ਦਾ ਸੁੰਦਰ ਹਾਣ, ਸਾਹ ਰਵਾਨਗੀ ਦੀ ਜਾਨ ਅਤੇ ਮਾਨਵੀ ਫਿਤਰਤ ਦਾ ਸਭ ਤੋਂ ਵੱਡਾ ਇਨਾਮ।

ਸ਼ਾਇਸਤਗੀ, ਵਿਅਕਤੀਤਵ ਦਾ ਪਹਿਲਾ ਪ੍ਰਭਾਵ, ਕਰਮ-ਜਾਚਨਾ ਨਾਲ ਅਸਰ-ਅੰਦਾਜ਼ ਹੁੰਦੇ ਭਾਵ, ਮਨੁੱਖੀ ਕਿਰਦਾਰ ਦੀ ਛਾਪ ਅਤੇ ਤੁਹਾਡੇ ਰਾਹਾਂ ਨੂੰ ਮੋਕਲੇਪਣ ਦੇ ਤਖੱਲਸ।

ਸ਼ਾਇਸਤਗੀ, ਅਨਮੋਲ ਕਿਸਮ, ਵਿਰਲੀ ਮਾਨਸਿਕਤਾ ਤੇ ਕਰਮ ਸ਼ੈਲੀ ਵਿਚ ਥਿਆਉਂਦੀ ਅਤੇ ਮਨ ਦੇ ਚਿੱਤਰਪਟ 'ਤੇ ਅਮਿੱਟ ਪ੍ਰਭਾਵ ਪਾਉਂਦੀ। ਪਰ ਅਜੋਕੇ ਯੁੱਗ ਵਿਚ ਮਰਨ ਹਾਰੀ ਰੁੱਤ ਹੰਢਾਉਂਦੀ।

ਸ਼ਾਇਸਤਗੀ, ਬਹੁਰੂਪਾਂ, ਅਨੇਕ ਰੰਗਾਂ, ਕਈ ਪ੍ਰਕਾਰਾਂ ਅਤੇ ਵੰਨਗੀਆਂ ਨਾਲ ਜੀਵਨ-ਮੁਹਾਂਦਰੇ ਨੂੰ ਸ਼ਿੰਗਾਰਦੀ। ਕਿਹੜੀ ਸ਼ਾਇਸਤਗੀ, ਕਿਸ ਰੂਪ 'ਚ ਅਤੇ ਕਿਸ ਮੋੜ 'ਤੇ ਤੁਹਾਡੀ ਮਾਣਮੱਤੀ ਹਾਜ਼ਰੀ ਦਾ ਅਲੰਬਰਦਾਰ ਬਣਦੀ, ਇਹ ਮੌਕਾ ਅਤੇ ਸਥਾਨ 'ਤੇ ਨਿਰਭਰ।

ਸ਼ਾਇਸਤਗੀ, ਕਦੇ ਨਹੀਂ ਜ਼ਰਖਰੀਦ, ਮਾਨਸਿਕ ਗੁਲਾਮੀ ਤੋਂ ਆਜ਼ਾਦ ਸ਼ਬਦੀ ਉਪਮਾ ਤੋਂ ਉਪਰ, ਬੋਲਾਂ ਦੀ ਮੁਥਾਜ਼ੀ ਤੋਂ ਨਿਰਲੇਪ ਅਤੇ ਹਰਫ-ਦਾਇਰਿਆਂ ਤੋਂ ਬਾਹਰ।

ਸ਼ਾਇਸਤਗੀ, ਜਦ ਬੋਲਾਂ ਦੀ ਜੂਹ 'ਚ ਪੈਰ ਧਰਦੀ ਤਾਂ ਧੀਮੇ ਤੇ ਮਿੱਠੇ ਬੋਲਾਂ ਦੀ ਆਬਸ਼ਾਰ ਕੰਨਾਂ ਵਿਚ ਰਸ ਘੋਲਦੀ, ਬੋਲ ਰੂਹ ਨੂੰ ਧੂਹ ਪਾਉਂਦੇ ਅਤੇ ਜ਼ੁਬਾਨ ਰਸ ਅਤੇ ਅੰਦਾਜ਼-ਏ-ਬਿਆਂ ਤੋਂ ਸਦਕੇ। ਅਜਿਹੀ ਬੋਲ-ਬਾਣੀ ਨਾਲ ਅਜਿਹਾ ਮੰਜ਼ਰ ਸਿਰਜਦੀ ਜਿਸ ਤੋਂ ਸਮੁੱਚੇ ਮਾਣ-ਸਨਮਾਨ ਨੀਂਵੇਂ। ਬੋਲਾਂ ਵਿਚਲਾ ਅਪਣੱਤ ਤੇ ਮੋਹ ਦਾ ਚਸ਼ਮਾ, ਮਨ ਦੀਆਂ ਖੁਸ਼ਕ ਥਾਂਵਾਂ ਸਿੰਜਦਾ, ਜੀਵਨੀ-ਧਰਾਤਲ 'ਤੇ ਸੰਧੂਰੀ ਰੰਗਾਂ ਦੀ ਖੇਤੀ ਹੁੰਦੀ।

ਸ਼ਾਇਸਤਗੀ ਜਦ ਹਰਫਾਂ ਦਾ ਹਾਣ ਮਾਣਦੀ ਤਾਂ ਹਰਫ, ਕਲਮ-ਫੁੱਲਝੜੀ ਬਣਦੇ। ਝਰਦਾ ਹੋਇਆ ਚਾਨਣ ਤੇ ਨਿੱਘੇ ਸਬੰਧਾਂ, ਰਿਸ਼ਤਿਆਂ ਅਤੇ ਸਾਂਝਾਂ ਨੂੰ ਪਕੇਰਾ ਕਰਦਾ। ਸ਼ਬਦਾਂ ਵਿਚਲੀ ਪਾਕੀਜ਼ਗੀ, ਈਰਖਾ, ਨਫਰਤ, ਕੋਝਾਪਣ ਅਤੇ ਕੁਰੱਖਤਪੁਣੇ ਨਾਲ ਭਰੇ ਵਰਕਿਆਂ ਨੂੰ ਟੁਕੜੇ ਟੁਕੜੇ ਹੋਣ ਦਾ ਸਰਾਪ ਦਿੰਦੀ।

ਸ਼ਾਇਸਤਗੀ ਨੂੰ ਪਰਦਾਦਾਰੀ ਤੋਂ ਪਰਹੇਜ, ਗਲੀਜ਼ਤਾ ਤੋਂ ਕੋਫਤ, ਕਮੀਨਗੀ ਤੋਂ ਕਚਿਆਣ ਅਤੇ ਕੂੜ ਤੋਂ ਕੁਰਹਿਤ।

ਸ਼ਾਇਸਤਗੀ ਦਾ ਕਾਇਰਤਾ, ਕਮੀਨਗੀ, ਕੁਹਜ, ਕੁਕਰਮ, ਕੁਲੱਛਣਾ ਅਤੇ ਕੁਲਹਿਣੇਪਣ ਨੂੰ ਬੇਦਾਵਾ।

ਸ਼ਾਇਸਤਗੀ, ਗੁਮਾਨ, ਗੰਧਲੇਪਣ, ਗੁਨਾਹ, ਗੱਦਾਰੀ, ਗਪੌੜ ਅਤੇ ਮਗਰੂਰੀ ਤੋਂ ਨਿਰਲੇਪ।

ਸ਼ਾਇਸਤਗੀ, ਸਾਹਾਂ ਤੋਂ ਉਤਮ, ਜੀਵਨ ਤੋਂ ਸੁੱਚੀ, ਕਿਰਦਾਰ ਤੋਂ ਉਚੀ ਅਤੇ ਜ਼ਿੰਦਗੀ ਦੇ ਰਾਹਾਂ ਸੰਗ ਮਹਿਕ-ਪਰੁੱਚੀ।

ਸ਼ਾਇਸਗਤੀ, ਨੈਣਾਂ ਵਿਚਲਾ ਅਕਸ, ਕੰਨਾਂ ਵਿਚ ਸੁੱਚੇ ਬੋਲਾਂ ਦਾ ਹੁੰਗਾਰਾ, ਸੋਚ-ਮਸਤਕ ਦੀ ਕਰਮਸ਼ੀਲਤਾ 'ਤੇ ਦਸਤਕ, ਪੈਰਾਂ ਵਿਚ ਮੰਜ਼ਲਾਂ ਦਾ ਹਰਫਨਾਮਾ, ਹਰਫਾਂ ਵਿਚ ਅਰਥਾਂ ਦੀਆਂ ਬਦਲੋਟੀਆਂ ਅਤੇ ਮਨ-ਅੰਬਰ ਵਿਚ ਟਿਮਟਿਮਾਉਂਦੇ ਤਾਰਿਆਂ ਦੀ ਅਕਾਸ਼-ਗੰਗਾ।

ਸ਼ਾਇਸਤਗੀ ਕਲਮ ਵਿਚ ਉਗਮਦੀ ਤਾਂ ਹਰ ਹਰਫ ਜ਼ਖਮ ਲਈ ਮਰਹਮ ਬਣਦਾ, ਵਾਕ-ਵਹਿੰਗੀ ਰਾਹਾਂ 'ਚ ਤਰੌਂਕੀ ਚਾਨਣੀ ਬਣਦੇ, ਅਰਥ-ਅਰਦਾਸ ਵਿਚ ਸਰਬੱਤ ਦੇ ਭਲੇ ਦਾ ਨਾਦ ਗੂੰਜਦਾ।

ਸ਼ਾਇਸਤਗੀ ਜਦ ਸੂਰਤ ਅਤੇ ਸੀਰਤ ਦਾ ਸੁਮੇਲ ਬਣ, ਸਮਾਜੀ ਦਾਇਰੇ ਵਿਚ ਆਪਣੀ ਵਿਲੱਖਣ ਅਤੇ ਨਿਵੇਕਲੀ ਨੁਹਾਰ ਨੂੰ ਜੱਗ-ਜਾਹਰ ਕਰਦੀ ਤਾਂ ਹਰ ਹੋਠ ਸਦਕੇ ਜਾਂਦਾ।

ਸ਼ਾਇਸਤਗੀ, ਸਾਦਗੀ 'ਚ ਲਪੇਟੀ ਜਦ ਕਾਦਰ ਦੀ ਇਨਾਇਤ ਬਣਦੀ ਤਾਂ ਇਹ ਆਲੇ-ਦੁਆਲੇ ਵਿਚ ਮਾਨਵੀ ਰੰਗਣ ਦੀ ਚਮਕੀਲੀ ਇਬਾਦਤ ਬਣ, ਅਮਾਨਤੀ-ਸ਼ਗਨ ਹਰ ਜੀਵ ਦੀ ਝੋਲੀ ਪਾਉਂਦੀ।

ਸ਼ਾਇਸਤਗੀ ਜਦ ਕਿਸੇ ਕਿਰਤ ਦਾ ਨਸੀਬ ਹੁੰਦੀ ਤਾਂ ਇਸ ਦੀ ਮੌਲਿਕਤਾ ਅਤੇ ਮੌਖਤਾ ਵਿਚੋਂ ਆਦਮੀਅਤ ਦਾ ਅਜਿਹਾ ਝਲਕਾਰਾ ਪੈਂਦਾ ਕਿ ਕਈ ਨਸਲਾਂ ਇਸ ਸ਼ਾਇਸਤਗੀ ਵਿਚੋਂ ਹੀ ਆਪਣੀ ਪਛਾਣ ਦਾ ਆਹਰ ਕਰਦੀਆਂ ਰਹਿੰਦੀਆਂ।

ਸ਼ਾਇਸਤਗੀ, ਬਾਹਰੀ ਸਜਾਵਟ ਤੋਂ ਉਚਾਟ, ਲਿਪਾ ਪੋਚੀ ਤੋਂ ਮਹਿਰੂਮ, ਹਾਰ-ਸ਼ਿੰਗਾਰ ਦੀਆਂ ਬੰਦਿਸ਼ਾਂ ਤੋਂ ਬਾਗੀ ਅਤੇ ਨਿਜ ਦੁਆਲੇ ਉਸਾਰੀਆਂ ਵਲਗਣਾਂ ਤੋਂ ਆਕੀ।

ਸ਼ਾਇਸਤਗੀ, ਸਧਾਰਨ ਲਿਬਾਸ, ਆਮ ਸ਼ਬਦਾਂ, ਪਾਕੀਜ਼ ਕਾਰਜਾਂ ਅਤੇ ਸਧਾਰਨਤਾ ਵਿਚੋਂ ਨਵੀਨਤਮ ਦਿਸਹੱਦਿਆਂ ਦਾ ਸਿਰਨਾਵਾਂ ਸਿਰਜਦੀ।

ਸ਼ਾਇਸਤਗੀ, ਅਦਬ, ਆਦਰ, ਅਦਾਇਗੀ, ਆਪਣਾਪਨ, ਅਨੰਦ ਅਤੇ ਇਲਾਹੀ-ਅਵਸਥਾ ਦਾ ਆਵੇਗ।

ਸ਼ਾਇਸਤਗੀ, ਦੌਲਤ, ਰੁਤਬੇ, ਪਰਿਵਾਰਕ ਪਿਛੋਕੜ, ਪਹਿਰਾਵੇ, ਸਮਾਜਕ ਪਛਾਣ ਅਤੇ ਸਰੀਰਕ ਸੁੰਦਰਤਾ ਤੋਂ ਕੋਹਾਂ ਦੂਰ।

ਸ਼ਾਇਸਤਗੀ, ਸ਼ਾਇਸਤਗੀ ਨਾਲ ਭਰਪੂਰ ਲੋਕਾਂ ਦਾ ਸੁੰਦਰ ਅੰਤਰੀਵ ਜਿਸ ਦੀ ਸਦੀਵ ਸੁੰਦਰਤਾ ਦਾ ਕੋਈ ਨਹੀਂ ਕਰ ਸਕਦਾ ਸਾਹਮਣਾ।

ਸ਼ਾਇਸਤਗੀ, ਸਾਹਾਂ ਵਰਗੀ ਸੰਵੇਦਨਾ, ਪੱਤਿਆਂ 'ਤੇ ਡਲਕਦੀ ਤਰੇਲ 'ਚੋਂ ਰੰਗਾਂ ਦੀ ਲਿਸ਼ਕੋਰ, ਟਾਹਣੀਆਂ ਨਾਲ ਖਹਿੰਦੀ ਹਵਾ ਦੀ ਸੰਗੀਤਕ ਰੁਮਕਣੀ ਅਤੇ ਕੰਧਾਂ ਨੂੰ ਘਰ ਬਣਾਉਣ ਦੀ ਤੌਫੀਕ ਦਾ ਨਾਮਕਰਨ।

ਸ਼ਾਇਸਤਗੀ ਨੂੰ ਸਿਰਫ ਮਾਣਿਆ ਜਾ ਸਕਦਾ। ਇਸ ਦੀ ਗੁਣਵੰਤੀ ਚੁੱਪ ਵਿਚੋਂ ਨਵੇਂ ਅਰਥਾਂ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ। ਇਸ ਦੀ ਹੋਂਦ ਦੇ ਅਹਿਸਾਸ ਨਾਲ ਰੂਹ-ਦਹਿਲੀਜ਼ ਨੂੰ ਸਰਸ਼ਾਰਿਆ ਜਾ ਸਕਦਾ। ਹਰਫਾਂ ਦੇ ਪਿੰਡੇ 'ਤੇ ਮੋਮਬੱਤੀਆਂ ਦੀ ਡਾਰ ਜਗਾਈ ਜਾ ਸਕਦੀ ਜਾਂ ਬੋਲਾਂ ਦੀ ਅੰਤਰ-ਆਤਮਾ ਨੂੰ ਅੰਮ੍ਰਿਤ-ਸਰੋਵਰ ਦਾ ਲਕਬ ਦਿਤਾ ਜਾ ਸਕਦਾ।

ਸ਼ਾਇਸਤਗੀ, ਅਬੋਲ ਦਾਸਤਾਨ ਦਾ ਪਹਿਲਾ ਹਰਫ, ਮੁਖੜੇ ਦੀ ਮੁਸਕਰਾਹਟ ਦਾ ਮਾਣਮੱਤਾ ਸ਼ਰਫ, ਸਹਿਜ ਵਿਚ ਰੰਗੀ ਲੱਜ਼ਤ, ਸੂਖਮਤਾ ਵਿਚ ਲਬਰੇਜ਼ ਰੰਗਤ ਅਤੇ ਸਕੂਨ ਦੀ ਭਰੀ-ਭਕੁੰਨੀ ਮੰਨਤ।

ਸ਼ਾਇਸਤਗੀ ਦੇ ਵਿਹੜੇ ਪਖੰਡ, ਪਾਪ, ਪਤਿੱਤਪੁਣੇ, ਪਲੀਤਪੁਣੇ ਅਤੇ ਪਾਜੀਪੁਣੇ ਲਈ ਕੋਈ ਨਹੀਂ ਥਾਂ, ਨਹੀਂ ਇਨ੍ਹਾਂ ਦੀ ਬਾਂਹ ਫੜ੍ਹਦਾ ਕੋਈ ਵੀ ਗਰਾਂ ਅਤੇ ਖਾਰੇ ਪਾਣੀਆਂ ਨਾਲ ਖੁਦ ਨੂੰ ਖੋਰਦੇ ਨੇ ਅਜਿਹੀ ਰਹਿਤਲ ਦੇ ਝਨਾਂ।

ਸ਼ਾਇਸਤਗੀ ਮਰ ਜਾਵੇ ਤਾਂ ਮਨੁੱਖ ਬਣਦਾ ਜਾਹਲ, ਜ਼ੁਲਮ ਦੀ ਇੰਤਹਾ ਅਤੇ ਲੀਰਾਂ ਲੀਰਾਂ ਅਜ਼ਮਤ। ਸਾਲੂਆਂ ਨੂੰ ਚਿੱਟੀਆਂ ਚੁੰਨੀਆਂ ਬਣਨ ਦਾ ਸਰਾਪ ਅਤੇ ਲਿਬਾਸ ਨੂੰ ਕਿੱਕਰ 'ਤੇ ਟੰਗੀ ਲੀਰ ਬਣਨ ਦਾ ਦਰਦ ਹੰਢਾਉਣਾ ਪੈਂਦਾ।

ਸ਼ਾਇਸਤਗੀ ਗੁੰਮ ਹੋ ਜਾਵੇ ਤਾਂ ਮਨੁੱਖ, ਵਰਤਣ ਦੀ ਵਸਤ। ਰਿਸ਼ਤੇ, ਲੋੜ ਪੂਰੀ ਕਰਨ ਦਾ ਸਬੱਬ। ਜਾਣ-ਪਛਾਣ, ਪ੍ਰਗਤੀ-ਪੌੜੀ ਦੇ ਡੰਡੇ। ਗਿਆਨ, ਹਉਮੈ ਨੂੰ ਪੱਠੇ ਪਾਉਣਾ। ਰੁਤਬਾ, ਕਿਸੇ ਦੀ ਕਬਰ 'ਤੇ ਖੁਦ ਦੀ ਬੁਲੰਦਗੀ ਦਾ ਪ੍ਰਚਮ। ਲਾਸ਼ਾਂ, ਕੁਰਸੀ ਦੇ ਪਾਵੇ। ਮੁਫਾਦ, ਖੁਦ ਦੀ ਇੱਜਤ-ਨਿਲਾਮੀ।

ਸ਼ਾਇਸਤਗੀ, ਕਫਨ ਬਣ ਜਾਵੇ ਤਾਂ ਹਉਕੇ ਗੁੰਮ ਹੋ ਜਾਂਦੇ, ਸਿਸਕੀਆਂ ਮੂਕ ਹੋ ਜਾਂਦੀਆਂ, ਵਿਰਲਾਪ ਮੌਤ ਨੂੰ ਲਾਹਨਤਾਂ ਪਾਉਂਦੇ, ਕਦਰਾਂ-ਕੀਮਤਾਂ ਦੀ ਨਿਲਾਮੀ ਨਾਲ ਕੰਧਾਂ ਦੀ ਤਾਮੀਰਦਾਰੀ ਹੁੰਦੀ ਅਤੇ ਚੁੱਪ-ਚੀਖ ਨਾਲ ਕਮਰੇ ਘਰ ਬਣਦੇ।

ਸ਼ਾਇਸਤਗੀ ਗੁੰਮ ਹੁੰਦੀ ਤਾਂ ਨਿੱਕੇ ਨਿੱਕੇ ਨਿਰਦੋਸ਼ ਬੱਚਿਆਂ ਨੂੰ ਕੰਧਾਂ 'ਚ ਚਿਣਵਾਇਆ ਜਾਂਦਾ, ਦੁੱਧ ਚੁੰਘਦੇ ਬਾਲ ਨੂੰ ਮਾਰੂਥਲ ਵਿਚ ਮਰਨ ਲਈ ਛੱਡ ਦਿਤਾ ਜਾਂਦਾ ਅਤੇ ਜੇਲ੍ਹ ਵਿਚ ਬੰਦ, ਮਾਂ-ਮਛੋਰ ਬੱਚੀ, ਫਰਸ਼ 'ਤੇ ਮਰੀ ਮਾਂ ਦਾ ਖਾਕਾ ਵਾਹ, ਉਸ 'ਤੇ ਸੌਂ ਜਾਂਦੀ ਤਾਂ ਮਮਤਾ ਨੂੰ ਕਿਸੇ ਰੂਪ ਵਿਚ ਤਾਂ ਮਾਣ ਸਕੇ। ਸ਼ਾਇਸਤਗੀ ਵਿਹੂਣੇ ਚੌਧਰੀ, ਸ਼ਾਸਕ, ਤਾਨਾਸ਼ਾਹ ਅਤੇ ਹਾਕਮ ਕੇਹੇ ਨਿਰਲੱਜ ਕਿ ਸ਼ਰਮਸ਼ਾਰ ਹੋ ਰਹੀ ਮਨੁੱਖਤਾ ਵੀ ਉਨ੍ਹਾਂ ਦੇ ਮੱਥੇ 'ਤੇ ਸ਼ਿਕਨ ਨਹੀਂ ਪੈਦਾ ਕਰਦੀ।

ਸ਼ਾਇਸਤਗੀ ਜਦ ਕਿਸੇ ਜੀਵਨ-ਮੋੜ 'ਤੇ ਕਾਮ, ਕਰੋਧ, ਕੁਮੱਤ, ਕਲਹਾ ਅਤੇ ਕਾਲੇ ਪਹਿਰਾਂ ਵਿਚ ਓਤਪੋਤ ਵਿਅਕਤੀ ਦਾ ਦਰ ਠਕੋਰਦੀ ਤਾਂ ਸੂਰਜ ਉਸ ਮੋੜ ਨੂੰ ਨਮਸਕਾਰਦਾ।

ਸ਼ਾਇਸਤਗੀ ਦੀ ਆਮਦ ਨਾਲ ਕਾਫੂਰ ਹੋ ਜਾਂਦੀ ਪੀਲੇ ਪੱਤਿਆਂ ਦੀ ਦਾਸਤਾਨ, ਬੁੱਢੇ-ਬਿਰਖਾਂ ਦੇ ਪਿੰਡੇ 'ਤੇ ਉਕਰੀ ਪੀੜ 'ਤੇ ਰੱਖੇ ਜਾਂਦੇ ਫੇਹੇ ਅਤੇ ਬਗੀਚੀ 'ਚ ਉਤਰੀ ਉਦਾਸ ਸ਼ਾਮ 'ਤੇ ਚੰਦ-ਚੰਦੋਇਆ ਲਹਿਰਾਉਂਦਾ।

ਸ਼ਾਇਸਤਗੀ ਹੈ ਤਾਂ ਮਨੁੱਖ ਜਿਉਂਦਾ ਹੈ, ਮਾਨਵਤਾ ਹੁੰਗਾਰੇ ਭਰਦੀ ਹੈ, ਆਦਮੀਅਤ ਦਾ ਸਫਰ ਜਾਰੀ ਹੈ, ਬੰਦਿਆਈ ਦੀ ਬੰਦਗੀ ਚੌਗਿਰਦੇ 'ਚ ਫੈਲ ਰਹੀ ਏ, ਨਿਰ-ਆਸਰਿਆਂ ਦੀ ਆਸ ਜੀਵੰਤ ਹੈ, ਨਿਓਟਿਆਂ ਦੇ ਸਿਰਾਂ ਦੀ ਛੱਤ ਸਲਾਮਤ ਹੈ ਅਤੇ ਚਿਰ-ਵਿਛੁੰਨਿਆਂ ਦੇ ਨੈਣਾਂ 'ਚ ਮਿਲਾਪ ਦੀ ਆਸ ਦਾ ਦੀਵਾ ਟਿਮਟਮਾਉਂਦਾ ਹੈ।

ਸ਼ਾਇਸਤਗੀ, ਬਰਾਬਰੀ ਦਾ ਪੈਗਾਮ, ਮਨੁੱਖ ਨੂੰ ਮਨੁੱਖ ਸਮਝਣ ਦਾ ਐਲਾਨ ਅਤੇ ਮਨੁੱਖ ਵਿਚੋਂ ਮਾਨਵਤਾ ਦੇ ਦਰਸ਼-ਦੀਦਾਰੇ ਦਾ ਸਰਗਮ-ਸੈਲਾਬ।

ਸ਼ਾਇਸਤਗੀ, ਕਰਮ , ਸੋਚ, ਪੈੜਚਾਲ, ਬੋਲਣ, ਵਿਚਰਨ, ਲਿਖਣ ਆਦਿ ਵਿਚ ਸੁਕਿਰਿਆਤਮਕ ਰੂਪ ਵਿਚ ਪ੍ਰਗਟ ਹੋਵੇ ਤਾਂ ਸ਼ਾਇਸਤਗੀ ਨੂੰ ਖੁਦ 'ਤੇ ਨਾਜ਼ ਅਤੇ ਖੁਦ ਹੀ ਖੁਦ ਦੀ ਬਣਦੀ ਆਵਾਜ਼।

**ਸ਼ਾਇਸਤਗੀ ਗੁੰਮ ਹੁੰਦੀ ਤਾਂ ਨਿੱਕੇ ਨਿੱਕੇ ਨਿਰਦੋਸ਼ ਬੱਚਿਆਂ ਨੂੰ ਕੰਧਾਂ 'ਚ ਚਿਣਵਾਇਆ ਜਾਂਦਾ, ਦੁੱਧ ਚੁੰਘਦੇ ਬਾਲ ਨੂੰ ਮਾਰੂਥਲ ਵਿਚ ਮਰਨ ਲਈ ਛੱਡ ਦਿਤਾ ਜਾਂਦਾ ਅਤੇ ਜੇਲ੍ਹ ਵਿਚ ਬੰਦ, ਮਾਂ-ਮਛੋਰ ਬੱਚੀ, ਫਰਸ਼ 'ਤੇ ਮਰੀ ਮਾਂ ਦਾ ਖਾਕਾ ਵਾਹ, ਉਸ 'ਤੇ ਸੌਂ ਜਾਂਦੀ ਤਾਂ ਮਮਤਾ ਨੂੰ ਕਿਸੇ ਰੂਪ ਵਿਚ ਤਾਂ ਮਾਣ ਸਕੇ। ਸ਼ਾਇਸਤਗੀ ਵਿਹੂਣੇ ਚੌਧਰੀ, ਸ਼ਾਸਕ, ਤਾਨਾਸ਼ਾਹ ਅਤੇ ਹਾਕਮ ਕੇਹੇ ਨਿਰਲੱਜ ਕਿ ਸ਼ਰਮਸ਼ਾਰ ਹੋ ਰਹੀ ਮਨੁੱਖਤਾ ਵੀ ਉਨ੍ਹਾਂ ਦੇ ਮੱਥੇ 'ਤੇ ਸ਼ਿਕਨ ਨਹੀਂ ਪੈਦਾ ਕਰਦੀ।**

ਸ਼ਾਇਸਤਗੀ, ਬੱਚੇ ਦੀ ਬਚਪਨੀ ਅਦਾ, ਨੌਜਵਾਨ ਦਾ ਅਦਬੀ ਪ੍ਰਗਟਾਅ, ਨੱਢੀ ਦੀ ਸੁਹੱਪਣ+ਸਾਦਗੀ+ਸਮਰਪਣ ਭਰਪੂਰ ਸਦਾਅ, ਔਰਤ ਦਾ ਸਮਾਜਕ ਫਰਜਾਂ ਪ੍ਰਤੀ ਉਤਸ਼ਾਹ, ਮਰਦ ਦਾ ਹੋਣੀ ਦੇ ਮੱਥੇ 'ਤੇ ਇਲਾਹੀ-ਪਦ ਲਿਖਣ ਦਾ ਹੰਭਲਾ ਜਾਂ ਬਜ਼ੁਰਗ ਦਾ ਹਲੀਮੀ, ਹੁਲਾਸਮਈ, ਹੁੰਗਾਰਾ-ਰੂਪ, ਹਿਤੈਸ਼ੀ ਅਤੇ ਹਮਦਰਦੀ ਭਰਪੂਰ ਵਰਤਾਅ।

ਸ਼ਾਇਸਤਗੀ, ਹਰ ਰੂਪ ਵਿਚ ਨਿਵੇਕਲੀ ਤੇ ਅੱਡਰੀ, ਹਰ ਅਦਾ ਵਿਚ ਵਿਲੱਖਣ, ਹਰ ਮੋੜ 'ਤੇ ਸਮਰੂਪ ਅਤੇ ਹਰ ਪਲ ਨਵੀਂ ਨੁਹਾਰ ਦਾ ਸਗਵਾਂ-ਸਰੂਪ।

ਸ਼ਾਇਸਤਗੀ ਭਰੇ ਹਰ ਉਦਮ ਦਾ, ਹਰ ਕੋਈ ਦਮ ਭਰਦਾ। ਪਰ ਖੁਦ ਉਹ ਸ਼ਾਇਸਤਗੀ ਦਾ ਪੱਲਾ ਫੜ੍ਹਨ ਤੋਂ ਡਰਦਾ। ਸ਼ਾਇਸਤਗੀ ਦੇ ਮੱਥੇ ਲਿਸ਼ਕੇ, ਕਿਰਨਾਂ ਦੀ ਖੁਸ਼ਬੋਈ। ਜਿਸ ਦੇ ਵਿਹੜੇ ਬਹਿ ਕੇ ਜਿੰਦ ਸੁਹਾਗਣ ਹੋਈ। ਸ਼ਾਇਸਤਗੀ ਜੇ ਬਣਜੇ ਕਿਧਰੇ ਸਾਹਾਂ ਸੰਦੜਾਂ ਸਾਜ਼। ਤਾਂ ਹਰ ਬੀਹੀ ਦੀ ਦਸਤਕ ਹੋਵੇ, ਅਲਾਹੀ-ਅਜ਼ਲ ਆਵਾਜ਼। ਸ਼ਾਇਸਤਗੀ ਭਰੀ ਫਿਜ਼ਾ ਜੇ ਬੰਦਗੀ ਦਾ ਹੋਵੇ ਨਾਮ। ਤਾਂ ਕਿਰਤ ਦੇ ਖੇਤੀਂ ਉਗੇ ਕਰਮ-ਧਰਮ ਇਲਹਾਮ। ਸ਼ਾਇਸਤਗੀ ਸਾਡੀ ਸੋਚ 'ਚੋਂ ਮਨਫੀ, ਜਿਹਨ 'ਚ ਕੀਕਣ ਆਵੇ। ਤਾਹੀਉਂ ਸਾਡੇ ਦਰਾਂ 'ਚ ਆ ਸਾਨੂੰ ਕੂੜ-ਕਪਟ ਭਰਮਾਵੇ। ਸ਼ਾਇਸਤਗੀ ਇਕ ਸੂਖਮ ਅਹਿਸਾਸ ਤੇ ਭਾਵੀਂ ਪਈ ਤਰੇਲ। ਸੂਹੀ ਸਰਘੀ ਨਤਮਸਤਕ ਹੋਵੇ, ਬਣ ਸੂਰਜ-ਕਿਰਨ ਸੁਮੇਲ। ਸ਼ਾਇਸਤਗੀ ਦੇ ਬੂਹੀਂ ਬਾਲੋ ਦੇਸੀ ਘਿਉ ਦੇ ਚਿਰਾਗ। ਸੁੱਚਮ ਦੀ ਸਰਜ਼ਮੀਂ ਵਿਚ ਉਗਮੇ ਸੁੱਚੜਾ-ਸਗਵਾਂ ਭਾਗ।

ਸ਼ਾਇਸਤਗੀ, ਸੁੰਦਰਤਾ ਨਾਲੋਂ ਤਾਕਤਵਰ। ਸੁੰਦਰਤਾ ਕੁਝ ਨਹੀਂ ਬਦਲ ਸਕਦੀ। ਪਰ ਸ਼ਾਇਸਤਗੀ ਚੁਫੇਰੇ ਨੂੰ ਆਪਣੀ ਹੋਂਦ ਨਾਲ ਭਾਗ ਲਾਉਂਦੀ।

ਸ਼ਾਇਸਤਗੀ, ਕਿਸੇ ਦੀ ਦਾਸੀ ਨਹੀਂ, ਜ਼ਰ-ਖਰੀਦ ਨਹੀਂ ਅਤੇ ਨਾ ਹੀ ਇਸ ਨੂੰ ਬੰਦੀ ਬਣਾਇਆ ਜਾ ਸਕਦਾ ਪਰ ਇਸ ਨੂੰ ਕਮਾਇਆ ਜਾ ਸਕਦਾ। ਹੋਠਾਂ 'ਤੇ ਤਰਦੀ ਮਿਠਾਸ, ਬੋਲਾਂ 'ਚ ਸਿਆਣਪ ਅਤੇ ਠਰੰਮੇ ਭਰੀ ਤੇ ਧੀਮੀ ਆਵਾਜ਼ ਨੂੰ ਜੀਵਨ-ਜੁਗਤ ਬਣਾਉਣ ਅਤੇ ਚੁਫੇਰੇ ਨੂੰ ਸ਼ਾਇਸਤਗੀ ਨਾਲ ਸਜਾਉਣ ਤੋਂ ਕੌਣ ਹੋੜ ਸਕਦਾ?

ਸ਼ਾਇਸਤਗੀ, ਕੂੜ-ਕਬਾੜ, ਲਾਚਾਰਗੀ, ਨੀਚਤਾ, ਨਿਲੱਜਤਾ, ਨਿਰਮੋਹੇਪਨ ਅਤੇ ਨਾ-ਅਹਿਲੀਅਤ ਲਈ ਸਭ ਤੋਂ ਕਾਰਗਰ ਹਥਿਆਰ ਅਤੇ ਇਸ ਦੇ ਵਾਰ ਦਾ ਕੌਣ ਕਰੇਗਾ ਉਪਚਾਰ?

ਸ਼ਾਇਸਤਗੀ ਹਰੇਕ ਦੀ ਚਹੇਤੀ, ਹਰ ਕੋਈ ਇਸ ਨੂੰ ਪਾਉਣ ਲਈ ਉਤਸੁਕ। ਪਰ ਸ਼ਾਇਸਤਗੀ ਦਾ ਹੱਕ-ਹਾਸਲ ਕਰਨ ਅਤੇ ਇਸ ਨੂੰ ਜੀਵਨ-ਜਾਚ ਬਣਾਉਣ ਲਈ ਖੁਦ ਨੂੰ ਬਦਲਨਾ ਪੈਂਦਾ। ਸਿਰਫ ਚੰਗੇਰਾ ਬਦਲਾਅ ਹੀ ਤੁਹਾਨੂੰ ਸ਼ਾਇਸਤਗੀ ਦੇ ਸਫਰ ਵੰਨੀਂ ਤੋਰਦਾ।

ਸ਼ਾਇਸਤਗੀ, ਸੇਵਾ, ਨਿਰਮਾਣਤਾ, ਪਿਆਰ, ਦੁਲਾਰ, ਦਿਆਲਤਾ, ਦਰਿਆਦਿਲੀ, ਹਮਦਰਦੀ, ਬੇਲਾਗਤਾ, ਸੰਜੀਦਗੀ, ਸਮਰਪਣ ਅਤੇ ਸਿਦਕਦਿਲੀ ਦਾ ਸੰਯੋਗ। ਇਸ ਰਾਹੀਂ ਮਨੁੱਖ ਵੀ ਬਣਦਾ ਸਦੀਆਂ ਦਾ ਸਿਪਾਹ-ਸਾਲਾਰ।

ਸ਼ਾਇਸਤਗੀ, ਮਸਤਕ-ਰੇਖਾਵਾਂ ਦਾ ਚਾਨਣ, ਹੱਥ ਦੀਆਂ ਲਕੀਰਾਂ ਵਿਚਲੀ ਕਰਮਯੋਗਤਾ ਅਤੇ ਉਘੜੀ ਤਕਦੀਰ ਦਾ ਪਲੇਠਾ ਕਦਮ। ਕਿਸਮਤ ਵੀ ਸ਼ਾਇਸਤਗੀ ਨੂੰ ਪੁੱਛ ਕੇ ਕਲਮ ਪਕੜਦੀ।

ਸ਼ਾਇਸਤਗੀ, ਖੁਸ਼ੀ ਵਿਚ ਸੰਜਮ, ਅਸਫਲਤਾ ਨੂੰ ਨਿਗਰ ਕਦਮਾਂ ਦਾ ਦਾਨ, ਉਦਾਸੀ 'ਤੇ ਸਹਿਜ ਤੇ ਸੰਤੋਖ ਦੇ ਫੇਹੇ, ਗਲਤੀ ਮੰਨਣ ਦਾ ਵਰਦਾਨ, ਗੁਨਾਹਾਂ ਨੂੰ ਕਰਮ-ਧਰਮ ਵਿਚ ਬਦਲਨ ਦਾ ਪੈਗਾਮ ਅਤੇ ਰੋੜਿਆਂ ਭਰੇ ਉਭੜ-ਖਾਭੜ ਰਾਹਾਂ ਵਿਚ ਤੁਰਨ ਦਾ ਵਿਸਮਾਦ ਅਤੇ ਫਕੀਰੀ।

ਸ਼ਾਇਸਤਗੀ ਦੇ ਲੜ ਨੂੰ ਹਰ ਮੌਸਮ, ਹਰ ਪਲ, ਹਰ ਔਕੜ ਅਤੇ ਹਰੇਕ ਮੌੜ 'ਤੇ ਘੁੱਟ ਕੇ ਫੜ੍ਹਨ ਵਾਲੇ ਹੀ ਇਸ ਦੇ ਸੱਚੇ ਮੁਰੀਦ ਜਿਨ੍ਹਾਂ ਦੇ ਦੀਦਿਆਂ ਵਿਚ ਅਜ਼ੀਮ ਪ੍ਰਾਪਤੀ ਦਾ ਚੰਦਰਮਾ ਚੜ੍ਹਦਾ।

ਸ਼ਾਇਸਤਗੀ ਕਦੇ ਵੀ ਸੰਪੂਰਨ ਨਹੀਂ ਹੁੰਦੀ। ਤੁਸੀਂ ਹਰ ਅਦਾ, ਕਰਮ, ਬੋਲ, ਹਰਫ, ਝਲਕਾਰੇ, ਦ੍ਰਿਸ਼ ਅਤੇ ਆਹਟ ਵਿਚੋਂ ਇਸ ਦੀ ਪਰਪੱਕਤਾ ਵੰਨੀ ਇਕ ਹੋਰ ਕਦਮ ਪੁੱਟਦੇ। ਇਸ ਦੀ ਪੂਰਨਤਾ ਵੰਨੀਂ ਲਗਨ ਰੱਖਣ ਵਾਲੇ ਸਮਿਆਂ ਦਾ ਸੁੱਚਾ ਹਾਸਲ।

ਸ਼ਾਇਸਤਗੀ ਦਾ ਕਿਸੇ ਨਾਲ ਕੋਈ ਮੁਕਾਬਲਾ ਨਹੀਂ। ਖੁਦ ਦੇ ਮੁਕਾਬਲੇ ਵਿਚੋਂ ਖੁਦ ਨੂੰ ਪਰਿਭਾਸ਼ਤ ਕਰਦੀ, ਵਿਸਥਾਰਦੀ ਅਤੇ ਨਵੇਂ ਧਰਾਤਲ ਤਲਾਸ਼ਦੀ।

ਸ਼ਾਇਸਤਗੀ ਤੇ ਸਨਮਾਨ ਵਿਚੋਂ ਸ਼ਾਇਸਤਗੀ ਉਤਮ। ਇਕ ਸਨਮਾਨ ਤੋਂ ਬਾਅਦ ਅਸੀਂ ਦੂਸਰੇ ਸਨਮਾਨ ਵੱਲ ਝਾਕ ਰੱਖਦੇ ਹਾਂ ਪਰ ਸ਼ਾਇਸਤਗੀ ਤਾਂ ਖੁਦ ਦਾ ਹੀ ਸਨਮਾਨ ਅਤੇ ਸੰਪੂਰਨਤਾ ਹੈ।

ਸ਼ਾਇਸਤਗੀ ਦੇ ਰੰਗਾਂ 'ਚ ਕੁਦਰਤ ਰੰਗੀ। ਕਦੇ ਦਿਨ ਅਤੇ ਰਾਤ ਦੀ ਸ਼ਾਇਸਤਗੀ ਨੂੰ ਰੂਹ 'ਚ ਉਤਾਰਨਾ। ਪੁੰਨਿਆਂ ਦੀ ਰਾਤ ਨੂੰ ਚੰਦਰਮਾ ਨਿਹਾਰਨਾ, ਅੱਧੀ ਰਾਤ ਨੂੰ ਤਾਰਿਆਂ ਦੀ ਗੁਫਤਗੂ ਵਿਚ ਖੁਦ ਨੂੰ ਵਿਸਥਾਰਨਾ, ਪੱਤਿਆਂ ਅਤੇ 'ਵਾ ਦਰਮਿਆਨ ਗੱਲਬਾਤ ਨੂੰ ਅੰਤਰੀਵ ਵਿਚ ਉਤਾਰਨਾ, ਤੁਹਾਨੂੰ ਅਜਿਹੀ ਸ਼ਾਇਸਤਗੀ ਦੇ ਦੀਦਾਰੇ ਹੋਣਗੇ ਜਿਸ ਨੂੰ ਨਤਮਸਤਕ ਹੋਣਾ ਮਨ ਵਿਚ ਲੋਚੋਗੇ।

ਸ਼ਾਇਸਤਗੀ, ਸਾਹ-ਸਤਹੀਣ ਲਈ ਪ੍ਰੇਰਨਾ, ਕਮਦਿਲਿਆਂ ਲਈ ਹੌਂਸਲਾ-ਅਫਜ਼ਾਈ, ਕਮਅਕਲਾਂ ਲਈ ਗਿਆਨ-ਗੋਸ਼ਟ, ਕਠੋਰ ਵਿਅਕਤੀ ਲਈ ਨਰਮਾਈ ਦਾ ਨਗਮਾ ਅਤੇ ਬੇਗੈਰਤਾਂ ਲਈ ਅਣਖ ਦਾ ਅਦਬਨਾਮਾ।

ਸ਼ਾਇਸਤਗੀ ਦਾ ਸਾਥ ਮਾਣਨ ਦੀ ਤਮੰਨਾ ਮਨ ਵਿਚ ਜਰੂਰ ਪੈਦਾ ਕਰਨੀ, ਤੁਹਾਡੇ ਰਾਹਾਂ ਵਿਚ ਫੁੱਲਪੱਤੀਆਂ ਦੀ ਕਿਣਮਿਣ ਹੋਵੇਗੀ ਅਤੇ ਮੱਥੇ 'ਤੇ ਲਟਕੀਆਂ ਬਾਰਸ਼-ਬੂੰਦਾਂ, ਹੀਰਿਆਂ ਦੇ ਹਾਰ ਦਾ ਰੁਤਬਾ ਪ੍ਰਾਪਤ ਕਰਨਗੀਆਂ।

## ਨਿੱਕੀ ਪਰ ਵੱਡੀ ਕਵਿਤਾ

ਸਟੋਰ 'ਤੇ ਗੋਲੀ, ਕੰਮ 'ਤੇ ਗੋਲੀ
ਸਿਨਮਿਆਂ 'ਚ ਗੋਲੀ
ਸਕੂਲ 'ਚ ਗੋਲੀ
ਪਿਆਰ 'ਚ ਗੋਲੀ, ਨਫ਼ਰਤ 'ਚ ਗੋਲੀ
ਕਿਉਂ ਘਬਰਾਉਂਦੇ ਹੋ ਹੁਣ?
ਜੋ ਬੀਜਿਆ ਹੈ
ਧਰਤੀ ਉਹੀ ਤਾਂ ਉਗਾਉਂਦੀ ਹੈ...।

*-ਸੁਖਵਿੰਦਰ ਕੰਬੋਜ*

---

## ਕਾਂ-ਹੰਸ

ਨਹੀਂ ਮਿਲਦੀਆਂ ਹੁਣ ਛਪੜੀਆਂ,
ਮਨ ਅੰਤਰ ਨਹਾਉਣ ਵਾਲੀਆਂ,
ਕਾਂ ਨੂੰ ਹੰਸ ਬਣਾਉਣ ਵਾਲੀਆਂ।
ਹੁਣ ਕਾਂ ਫਸ ਜਾਂਦਾ ਹੈ ਵਿਚਾਰਾ,
ਨਕਲੀ ਸਾਧਾਂ ਦੇ ਤੰਤਰ ਮੰਤਰ,
ਆਕਰਸ਼ਕ ਡੇਰਿਆਂ ਦੇ
ਚਿੱਕੜ-ਗਾਰੇ ਵਿਚ ਲਥਪਥ,
ਡੁੱਬ ਜਾਂਦਾ ਹੈ,
ਗੋਤੇ ਖਾਂਦਾ ਕੋਹ ਕੋਹ ਕੇ ਮਰਦਾ,
ਗੁਆ ਬੈਠਦਾ ਆਪਣੀ ਦ੍ਰਿਸ਼ਟੀ,
ਆਪਣਾ ਮੂਲ, ਆਪਣਾ ਵਜੂਦ।

*-ਚਰਨਜੀਤ ਸਿੰਘ ਪੰਨੂ*


## ਸਾਡਾ ਵਿਰਸਾ ਸਾਡਾ ਮਾਣ

# ਧਰਮ ਕੀ ਹੈ?

***ਗਦਰ ਲਹਿਰ ਦਾ ਇਤਿਹਾਸ ਆਪਣੇ ਨਾਵਲਾਂ ਅੰਦਰ ਸਮੋ ਕੇ ਪਾਠਕਾਂ ਅੱਗੇ ਪੇਸ਼ ਕਰਨ ਵਾਲੇ ਉਘੇ ਲੇਖਕ ਕੇਸਰ ਸਿੰਘ ਨਾਵਲਿਸਟ ਨੇ ਬਹੁਤ ਮਿਹਨਤ ਨਾਲ ਗਦਰ ਲਹਿਰ ਦੀ ਵਾਰਤਕ ਲੱਭਣ ਅਤੇ ਸੰਭਾਲਣ ਦਾ ਔਖੇਰਾ ਕਾਰਜ ਵੀ ਨੇਪਰੇ ਚਾੜ੍ਹਿਆ ਸੀ। ਇਸ ਵਿਚ ਗਦਰ ਲਹਿਰ ਸ਼ੁਰੂ ਹੋਣ ਤੋਂ ਪਹਿਲਾਂ ਕੈਨੇਡਾ ਵਿਚੋਂ ਨਿਕਲੇ ਦੋ ਪਰਚਿਆਂ 'ਸੁਦੇਸ਼ ਸੇਵਕ' ਅਤੇ 'ਸੰਸਾਰ' ਦਾ ਜ਼ਿਕਰ ਕੀਤਾ ਮਿਲਦਾ ਹੈ। ਪਾਠਕ 'ਸੁਦੇਸ਼ ਸੇਵਕ' (ਜੋ 1909 ਤੋਂ 1911 ਤੱਕ ਛਪਦਾ ਰਿਹਾ) ਅਤੇ 'ਸੰਸਾਰ' (ਜੋ ਸਤੰਬਰ 1912 ਤੋਂ ਜੁਲਾਈ 1914 ਤੱਕ ਛਪਦਾ ਰਿਹਾ) ਵਿਚ ਛਪੀਆਂ ਤਿੰਨ-ਤਿੰਨ ਲਿਖਤਾਂ ਪੜ੍ਹ ਚੁਕੇ ਹਨ। ਇਨ੍ਹਾਂ ਲਿਖਤਾਂ ਵਿਚ ਉਸ ਵਕਤ ਪਰਦੇਸ ਪੁੱਜੇ ਜਿਉੜਿਆਂ ਵੱਲੋਂ ਹੰਢਾਈਆਂ ਮੁਸੀਬਤਾਂ ਦਾ ਪਤਾ ਲਗਦਾ ਹੈ। ਇਨ੍ਹਾਂ ਲਿਖਤਾਂ ਦੇ ਸ਼ਬਦ-ਜੋੜ ਜਿਉਂ ਦੇ ਤਿਉਂ ਰੱਖੇ ਗਏ ਹਨ ਤਾਂ ਕਿ ਉਸ ਵਕਤ ਦੀ ਪੰਜਾਬੀ ਦੇ ਦਰਸ਼ਨ-ਦੀਦਾਰੇ ਹੋ ਸਕਣ। 'ਸੰਸਾਰ' ਦੇ ਸੰਪਾਦਕ ਕਰਤਾਰ ਸਿੰਘ ਹੁੰਦਲ ਸਨ। ਐਤਕੀਂ 'ਸੰਸਾਰ' ਵਿਚ ਛਪੀਆਂ ਚਾਰ ਲਿਖਤਾਂ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ***

ਅਸੀਂ ਹਿੰਦੁਸਤਾਨੀ ਅੱਜ ਕੱਲ੍ਹ ਤਿੰਨ ਤੇ ਢਾਈ ਹਜ਼ਾਰ ਦੇ ਵਿਚਕਾਰ ਇਸ ਦੇਸ਼ ਵਿਚ ਰਹਿ ਗਏ ਹਾਂ। ਬਾਕੀ ਭਰਾ ਸਹਿਜ ਸਹਿਜ ਵਿਛੜ ਗਏ ਹਨ ਤੇ ਵਿਛੜ ਰਹੇ ਹਨ। ਜੋ ਕੰਮ ਤੇ ਜ਼ਿੰਮੇਵਾਰੀਆਂ ਸਾਡੇ ਸਾਹਮਣੇ ਪਈਆਂ ਹਨ, ਉਹ ਬੜੀਆਂ ਬੜੀਆਂ ਪਹਾੜ ਹਨ ਤੇ ਦੁਨੀਆਂ ਵਿਚ ਇਕ ਕੌਮ ਬਣ ਕੇ ਜੀਵਨ ਲਈ ਸਾਡੇ ਵਾਸਤੇ ਉਨ੍ਹਾਂ ਦਾ ਕਰਨਾ ਸਾਡਾ ਧਰਮ ਹੈ। ਇੰਡੀਆ ਦੇ ਤੀਹ ਕਰੋੜ ਵਸਨੀਕਾਂ ਦੇ ਹੱਕਾਂ ਲਈ ਝਗੜਨ ਦਾ ਕੰਮ ਸਾਡੇ ਸਪੁਰਦ ਹੈ। ਜੇ ਅਸੀਂ ਤਿੰਨ ਹਜ਼ਾਰ ਭੀ ਸਹਿਜ ਸਹਿਜ ਇਸ ਦੇਸ਼ ਤੋਂ ਵਿਛੜ ਗਏ ਤਾਂ ਵੈਰੀਆਂ ਦਾ ਮੰਤਵ ਪੂਰਾ ਉਤਰੇਗਾ ਤੇ ਆਉਣ ਵਾਲੀਆਂ ਇੰਡੀਆ ਦੀਆਂ ਨਸਲਾਂ ਕਹਿਣਗੀਆਂ ਕਿ ਪੰਜ ਛੇ ਹਜ਼ਾਰ ਨਾਮਰਦ ਤੇ ਨਕਾਰੇ ਹਿੰਦੁਸਤਾਨੀ ਕੈਨੇਡਾ ਵਿਚ ਗਏ ਸਨ ਤੇ ਉਨ੍ਹਾਂ ਲਈ ਦੇਸ਼ ਬੰਦ ਕੀਤਾ ਗਿਆ। ਉਹ ਭੈੜੇ ਬੇਅਣਖੇ ਬੇਹਯਾ ਗਿੱਦੜਾਂ ਵਾਂਗ ਦੌੜ ਆਏ ਤੇ ਆਪਣੇ ਹੱਕਾਂ ਲਈ ਉਥੇ ਹੀ ਝਗੜਦੇ ਦੱਪਣ ਨਹੀਂ ਹੋ ਗਏ। ਬੇਇਨਸਾਫੀ ਜ਼ੁਲਮ ਤੇ ਅਧਰਮ ਨੂੰ ਹੁੰਦਾ ਦੇਖ ਕੇ ਘਰ ਨੂੰ ਦੌੜ ਆਉਣਾ ਨਾਮਰਦਾਂ ਤੇ ਨਕਾਰਿਆਂ ਦਾ ਕੰਮ ਹੈ। ਮਰਦ ਕਦੀ ਸੱਚਾਈ ਤੋਂ ਨਹੀਂ ਟਲਿਆ ਕਰਦੇ। ਉਹ ਸੱਚ ਲਈ ਚਰਖੀਆਂ ਪੁਰ ਚਾੜ੍ਹੇ ਜਾਂਦੇ ਹਨ। ਪਰ ਮੈਦਾਨ ਨਹੀਂ ਛੱਡਦੇ। ਉਹ ਤੱਤੇ ਤਵਿਆਂ ਉਤੇ ਬੈਠਾਲੇ ਤੇ ਕੜਾਹਿਆਂ ਵਿਚ ਉਬਾਲੇ ਜਾਂਦੇ ਹਨ, ਪਰ ਸਿਰੜ ਤੋਂ ਨਹੀਂ ਟਲਦੇ।

ਹੱਕ ਲਈ ਝਗੜ ਰਹੇ ਮਰਦਾਂ ਨੂੰ ਇਕ ਆਪਣੇ ਸਿਰੜ ਤੋਂ ਵੱਧ ਹੋਰ ਕੋਈ ਚੀਜ਼ ਪਿਆਰੀ ਨਹੀਂ ਹੁੰਦੀ। ਸਾਰਾ ਸਿਰੜ ਹੀ ਉਨ੍ਹਾਂ ਦੀ ਜਾਨ, ਸਿਰੜ ਹੀ ਮਾਲ, ਸਿਰੜ ਹੀ ਧਰਮ ਤੇ ਸਿਰੜ ਹੀ ਈਮਾਨ ਹੁੰਦਾ ਹੈ। ਉਨ੍ਹਾਂ ਦੇ ਭਾਗ ਭੀ ਹੁੰਦੇ ਹਨ, ਜਿਨ੍ਹਾਂ ਨੂੰ ਸਿਰੜ ਦੇ ਪ੍ਰਤਾਵੇ ਦਾ ਮੌਕਾ ਮਿਲੇ ਤੇ ਪੂਰੇ ਉਤਰਨ ਦਾ। ਇਸ ਵਕਤ ਕੈਨੇਡਾ ਵਿਚ ਸਾਡੇ ਸਾਹਮਣੇ ਇਕ ਵੱਡਾ ਭਾਰਾ ਧਰਮ ਪਿਆ ਹੈ ਜਿਸ ਨਾਲੋਂ ਵੱਡਾ ਕੰਮ ਇਨਸਾਨ ਲਈ ਹੋਰ ਕੋਈ ਨਹੀਂ ਹੋ ਸਕਦਾ ਤੇ ਇਸ ਤੋਂ ਵੱਡਾ ਧਰਮ ਕੀ ਦੁਨੀਆਂ ਵਿਚ ਕੋਈ ਨਹੀਂ ਹੈ? ਉਹ ਧਰਮ ਆਪਣੀ ਕੌਮ ਦੀ ਖੋਹੀ ਜਾ ਰਹੀ ਖੁੱਲ੍ਹ ਨੂੰ ਕਾਇਮ ਰੱਖਣ ਲਈ ਝਗੜਨ ਦਾ ਹੈ। ਬੇਇਨਸਾਫੀ ਤੇ ਜ਼ੁਲਮ ਵਾਲਾ ਕਾਨੂੰਨ ਕਹਿੰਦਾ ਹੈ ਕਿ ਹਿੰਦੁਸਤਾਨੀ ਕੈਨੇਡਾ ਵਿਚ ਨਹੀਂ ਵੜ ਸਕਦਾ ਅਤੇ ਇਸਤਰੀ ਤਕ ਨਹੀਂ ਲਿਆ ਸਕਦਾ ਤੇ ਜੇ ਇਸ ਕਾਨੂੰਨ ਨੂੰ ਦੇਖ ਕੇ ਅਸੀਂ ਮੁੜ ਦੇਸ਼ ਚਲੇ ਜਾਈਏ ਤਾਂ ਸਾਡੇ ਵਰਗਾ ਪਾਪੀ, ਕਮੀਨਾ, ਨਕਾਰਾ ਤੇ ਬੇਸ਼ਰਮ ਹੋਰ ਕੋਈ ਨਹੀਂ ਹੋ ਸਕਦਾ ਕਿਉਂਕਿ ਅਸੀਂ ਹੀ ਸਿਰਫ ਨਹੀਂ ਮੁੜਦੇ ਬਲਕਿ ਤੀਹ ਕਰੋੜ ਦੇਸ਼ ਵਾਸੀਆਂ ਨੂੰ ਆਉਣ ਵਾਲੀਆਂ ਸਾਰੀਆਂ ਨਸਲਾਂ ਨੂੰ ਇਸ ਮੁਲਕ ਵਿਚੋਂ ਆਪ ਕੱਢਦੇ ਹਾਂ।



*ਪਹਿਲੇ ਵੇਲਿਆਂ ਵਿਚ ਕੈਨੇਡਾ ਪੁੱਜੇ ਸਿੱਖ ਕਾਮੇ*

ਬਸ ਸਾਡਾ ਇਹੋ ਤੇ ਕੇਵਲ ਇਹ ਹੀ ਧਰਮ ਹੈ ਕਿ ਦੀਵਾ ਵੇਖਣ ਗਏ ਭੰਬਕੜ ਦੀ ਤਰ੍ਹਾਂ ਇਸ ਬੇਇਨਸਾਫੇ ਕਾਨੂੰਨ ਦੇ ਤੋੜਨ ਵਿਚ ਹੀ ਆਪਣੇ ਆਪ ਨੂੰ ਲਗਾ ਦੇਈਏ, ਉਸ ਵਕਤ ਦੇਸ਼ ਨੂੰ ਮੁੜੀਏ ਜਦ ਇਹ ਬੇਇਨਸਾਫੀ ਉਡ ਜਾਏ। ਭਾਵੇਂ ਸਾਡੀ ਸਾਰੀ ਉਮਰ ਹੀ ਕਿਉਂ ਨਾ ਲੱਗ ਜਾਏ। ਜਿਹੜਾ ਆਦਮੀ ਇਸ ਬੇਇਨਸਾਫੀ ਤੇ ਜ਼ੁਲਮ ਨੂੰ ਜਾਣ ਕੇ ਦੇਖ ਕੇ ਛੱਡ ਕੇ ਜਾ ਰਿਹਾ ਹੈ ਤੇ ਫੇਰ ਪੂਜਾ ਪਾਠ ਜਾਂ ਨਮਾਜ਼ ਪੜ੍ਹ ਕੇ ਆਪਣੇ ਆਪ ਨੂੰ ਧਰਮੀ ਕਹਾਉਂਦਾ ਹੈ, ਉਹ ਨੀਚ ਹੈ, ਧੋਖੇਬਾਜ਼ ਤੇ ਅਪਰਾਧੀ ਹੈ। ਧਰਮ ਦੇ ਕਰੜੇ ਕੰਮ ਨੂੰ ਤਕ ਕੇ ਦੌੜ ਜਾਣਾ ਧਰਮੀਆਂ ਦਾ ਕੰਮ ਨਹੀਂ ਹੈ। ਇਸ ਲਈ ਤੁਸੀਂ ਭੀ ਜੇ ਦੁਨੀਆਂ ਵਿਚ ਧਰਮੀ ਸਦਾ ਕੇ ਮੁਖ ਉਜਲਾ ਲੈ ਕੇ ਜਾਣਾ ਚਾਹੁੰਦੇ ਹੋ ਤਾਂ ਅੱਜ ਤੋਂ ਇਹ ਅਤਿ ਜ਼ਰੂਰੀ ਨਸੀਹਤ ਲੜ ਬੰਨ੍ਹ ਲਵੋ ਕਿ ਉਸ ਵਕਤ ਤਾਂਈ ਕੈਨੇਡੇ ਤੋਂ ਇੰਡੀਆ ਵਾਪਸ ਨਹੀਂ ਜਾਵਾਂਗੇ ਜਦ ਤਕ ਕਿ ਸਾਡੀ ਕੌਮ ਲਈ ਇਹ ਜ਼ੁਲਮ ਭਰੇ ਕਾਨੂੰਨ ਨਾ ਹਟ ਜਾਣ ਤੇ ਉਸ ਵਕਤ ਤਾਂਈ ਆਪਣ ਤਨ ਮਨ ਧਨ ਇਸ ਦੀ ਸੇਵਾ ਲਈ ਪੇਸ਼ ਕਰੋ ਤੇ ਆਪਣੇ ਧੰਨ ਭਾਗ ਸਮਝੋ। ਜੇ ਤੁਸੀਂ ਕੋਈ ਦੇਸ਼ ਮੁੜਨ ਦਾ ਇਰਾਦਾ ਕੀਤਾ ਹੈ ਤਾਂ ਜ਼ਰਾ ਸੋਚੋ, ਜੇ ਧਰਮੀ ਬਣਨਾ ਚਾਹੁੰਦੇ ਹੋ, ਜੇ ਚਾਹੁੰਦੇ ਹੋ ਕਿ ਲੋਕ ਸਾਨੂੰ ਮਰਦ ਕਹਿਣ, ਪਸ਼ੂ ਨਾ ਸੱਦਣ ਤਾਂ ਠਹਿਰ ਜਾਓ। ਉਸ ਇਰਾਦੇ ਨੂੰ ਤੋੜ ਦਿਓ। ਜਦ ਤਕ ਇਹ ਕਾਨੂੰਨ ਨਾ ਟੁੱਟੇ, ਇਸ ਦੇ ਤੋੜਨ ਵਿਚ ਹੀ ਆਪਣੀ ਕਮਾਈ ਅਕਲ ਅਤੇ ਜ਼ੋਰ ਲਗਾਵੋ। ਇਹ ਪ੍ਰਵਾਹ ਨਾ ਕਰੋ ਕਿ ਹੋਰ ਕਿਤਨੇ ਆਦਮੀ ਆਪ ਦੇ ਖਿਆਲ ਦੇ ਹਨ ਪਰ ਤੁਸੀਂ ਪਹਾੜ ਦੀ ਤਰ੍ਹਾਂ ਇਸ ਧਰਮ ਨੂੰ ਲੈ ਕੇ ਖੜੇ ਹੋ ਜਾਵੋ ਤੇ ਹੇਠ ਲਿਖੀਆਂ ਗੱਲਾਂ ਲਈ ਆਪਣਾ ਪੂਰਾ ਜ਼ੋਰ ਲਗਾਉਣਾ ਸ਼ੁਰੂ ਕਰ ਦਿਓ।

(ੳ) ਹਰ ਇਕ ਭਰਾ ਨੂੰ ਦ੍ਰਿੜ੍ਹ ਕਰਵਾ ਦੇਣ ਦਾ ਯਤਨ ਕਰੋ, ਇਸ ਸੇਵਾ ਤੋਂ ਛੁੱਟ ਹੋਰ ਸਭ ਬੇਫਾਇਦਾ ਹਨ। ਘੱਟ ਤੋਂ ਘੱਟ ਦਸ ਭਰਾਵਾਂ ਨੂੰ ਤਾਂ ਇਸ ਵਕਤ ਇਸ ਸੇਵਾ ਦੇ ਪੱਕੇ ਖਿਆਲ ਦੀ ਧੁਨ ਲਗਾਉਣ ਦਾ ਪ੍ਰਣ ਕਰੋ।

(ਅ) ਇਸ ਸੇਵਾ ਦੇ ਪ੍ਰਚਾਰ ਲਈ 'ਸੰਸਾਰ' ਦੇ ਸੇਵਕਾਂ ਨਾਲ ਝਟਪਟ ਜੁਟ ਪਵੋ ਤੇ ਤਨ ਮਨ ਧਨ ਦੁਆਰਾ ਮਦਦ ਕਰਕੇ ਇਸ ਜ਼ਰੂਰੀ ਧਰਮ ਦੀ ਸੇਵਾ ਦਾ ਪ੍ਰਚਾਰ ਕਰੋ।

(ੲ) ਤੁਸੀਂ ਆਪਣੀ ਪੂਰੀ ਵਾਹ ਲਾਉ ਕਿ ਜੋੜ ਮੇਲਾ ਕਮੇਟੀਆਂ ਤੇ ਭਰਾਵਾਂ ਵਿਚ ਕੋਈ ਵਿਰੋਧ ਨਾ ਹੋਵੇ ਤੇ ਸਭ ਨੂੰ ਇਸ ਔਖੇ ਵਕਤ ਦਾ ਇਹ ਨਿਸ਼ਾਨਾ ਨਜ਼ਰ ਆਵੇ ਤੇ ਇਕ ਜਥੇਬੰਦੀ ਹੋਵੇ।

(ਸ) ਇਸ ਸੇਵਾ ਨੂੰ ਕਮਜ਼ੋਰ ਕਰਨ ਵਾਲੇ ਕੌਮ ਘਾਤਕ ਟੋਲੇ ਵਿਚ ਜਿਸ ਪਾਪੀ ਨੂੰ ਦੇਖੋ, ਉਸ ਨੂੰ ਸਮਝਾਵੋ, ਫੇਰ ਸਮਝਾਵੋ ਤੇ ਅਖੀਰ ਉਸ ਨੂੰ ਹਰ ਤਰ੍ਹਾਂ ਸੋਧਣ ਦਾ ਬੰਦੋਬਸਤ ਕਰੋ। ਚੁਗਲਖੋਰਾਂ, ਬਦਮਾਸ਼ਾਂ ਤੇ ਸ਼ਰਾਰਤੀਆਂ ਦਾ ਪੂਰਾ ਧਿਆਨ ਰੱਖੋ।

(ਹ) ਇਸ ਕੰਮ ਦੇ ਫਤਿਹ ਕਰਨ ਲਈ ਮਜ਼ਹਬ ਦੇ ਫਰਕ ਨੂੰ ਇਕ ਪਾਸੇ ਰੱਖ ਦਿਉ, ਸਿਰਫ ਹਿੰਦੁਸਤਾਨ ਦੇ ਜਾਏ ਨੂੰ ਆਪਣਾ ਅੰਗ ਸਮਝ ਕੇ ਪਿਆਰ ਕਰੋ। ਹਿੰਦੂ, ਮੁਸਲਮਾਨ ਤੇ ਸਿੱਖਪੁਣੇ ਦਾ ਫਰਕ ਭੁੱਲ ਜਾਵੋ ਤੇ ਆਪਣੇ ਸੇਵਕਾਂ ਪੁਰ ਪੂਰਾ ਭਰੋਸਾ ਤੇ ਵਿਸ਼ਵਾਸ ਕਰੋ। ਜੇ ਕੋਈ ਸੇਵਕ ਕਹਾ ਕੇ ਖੁਦਗਰਜ਼ ਜਾਂ ਸੁਸਤ ਸਾਬਤ ਹੋ ਜਾਵੇ, ਉਸ ਨੂੰ ਪੂਰੀ ਸਜ਼ਾ ਦਿਉ।

### ਸਾਡੇ 'ਤੇ ਮੌਤ ਦੇ ਘਾਉਘਪ ਹਨ

ਹੇ ਮੌਤ ਦੁਨੀਆਂ ਵਿਚ ਅਸਲ ਤੇਰਾ ਰਾਜ ਹੈ। ਗਰੀਬ, ਅਮੀਰ, ਰਾਜੇ, ਰਾਏ, ਸ਼ਾਹ, ਬਾਦਸ਼ਾਹ, ਮੂਰਖ, ਸਿਆਣੇ ਅੰਤ ਸਭ ਨੇ ਤੇਰੀ ਹੀ ਸ਼ਰਨ ਫੜੀ ਹੈ ਤੇ ਫੜਨਗੇ। ਜਿਤਨੀ ਬੇਇਨਸਾਫੀ ਨਾਲ ਤੂੰ ਪਹਿਲਾਂ ਰੱਜਿਆਂ ਦਾ ਸ਼ਿਕਾਰ ਖੇਡਦੀ ਸੀ, ਅੱਜ ਉਸ ਵਿਚ ਕੁਝ ਫਰਕ ਹੈ। ਤੇਰਾ ਜ਼ੋਰ ਤੇਰੀ ਮੜਕ ਤੇ ਤੇਰਾ ਹੰਕਾਰ ਭਾਵੇਂ ਅੱਗੇ ਵਰਗਾ ਹੀ ਹੈ, ਪਰ ਅੱਜ ਤੂੰ ਅਣਭੋਲ, ਮੂੜ, ਬੇਸਮਝ ਤੇ ਗੁਲਾਮ ਕੌਮਾਂ ਦੇ ਹੱਲ ਪੁਰ ਤਾਂ ਲਕ ਬੰਨ੍ਹ ਲਿਆ ਹੈ, ਪਰ ਚਤੁਰ, ਚਲਾਕ, ਇਲਮਦਾਰ ਕੌਮਾਂ ਤੋਂ ਡਰਦੀ ਹੀ ਨਹੀਂ, ਸਗੋਂ ਤੂੰ ਚੁਤਰ ਕੌਮਾਂ ਦੀ ਤਾਂ ਦਾਸੀ ਬਣ ਗਈ ਤੇ ਉਨ੍ਹਾਂ ਦੇ ਇਸ਼ਾਰੇ ਪਰ ਖੇਲਦੀ ਹੈਂ। ਕੈਨੇਡੇ ਘੁੜਚੂਆਂ ਦਾ ਤੂੰ ਨਾਸ ਕੀਤਾ, ਸਾਡੀ ਜਨਮ ਭੂਮੀ ਵਿਚ ਤੇਰਾ ਪੱਕਾ ਡੇਰਾ ਹੈ। ਤੂੰ ਗਰੀਬ ਹਿੰਦੁਸਤਾਨੀਆਂ ਦੇ ਕਰੋੜਾਂ ਦੀ ਗਿਣਤੀ ਵਿਚ ਆਹੂ ਲਾਹ ਚੁੱਕੀ ਹੈ। ਪਲੇਗ ਤੇਰਾ ਜਰਨੈਲ ਹੈ, ਕਾਲ ਤੇਰਾ ਕਰਨੈਲ ਹੈ। ਹੈਜ਼ਾ ਤੇਰਾ ਕਪਤਾਨ ਹੈ, ਮੂਰਖਤਾ ਤੇ ਖੁਦਗਰਜ਼ੀ ਕੌਮ ਦਾ ਨਾਸ ਕਰਨ ਵਾਲੀਆਂ ਦੋ ਕਠਪੁਤਲੀਆਂ ਤੇਰੇ ਹੱਥ ਵਿਚ ਹਨ। ਗਰੀਬੀ ਦਾ ਕੜਾਕਾ ਤੇਰੀ ਤਿੱਖੀ ਤਲਵਾਰ ਹੈ ਜੋ ਤੀਹ ਕਰੋੜ ਜਾਨ ਦੇ ਸਿਰ ਪੁਰ ਹਰ ਮਿੰਟ ਕੜਕਦੀ ਹੈ। ਹੋਰ ਤਾਪ, ਖੰਘ, ਦਮਾ ਹਜ਼ਾਰਾਂ ਹੀ ਰੋਗ ਤੇਰੇ ਸਿਪਾਹੀ ਹਨ। ਬੇਤਰਸ ਮੌਤ! ਜਾਨ ਤੋਂ ਪਿਆਰੀ, ਪ੍ਰਾਣਾਂ ਤੋਂ ਮਹਿੰਗੀ, ਸਾਡੀ ਅੱਖੀਆਂ ਦੀ ਜੋਤ ਆਪਣੀ ਜਨਮ ਭੂਮੀ ਨੂੰ ਛੱਡ ਕੇ ਗਰੀਬੀ ਦੇ ਸਤਾਏ ਹੋਏ ਕੈਨੇਡਾ ਵਿਚ ਆਏ ਸਾਂ, ਪਰ ਤੂੰ ਸਾਡੇ ਨਾਲ ਕੁਝ ਐਸਾ ਪ੍ਰੇਮ ਪਾ ਲਿਆ ਕਿ ਇਥੇ ਭੀ ਸਾਨੂੰ ਚੈਨ ਨਹੀਂ ਲੈਣ ਦਿੱਤਾ। ਤੂੰ ਗੋਰਿਆਂ, ਚੀਨੀਆਂ ਤੇ ਜਾਪਾਨੀਆਂ ਦਾ ਇਤਨਾ ਪਿੱਛਾ ਨਹੀਂ ਕੀਤਾ ਜਿਤਨੀ ਸਾਡੇ ਵੱਲ ਕਰੜੀ ਨਜ਼ਰ ਹੈ। ਪਰ ਫੇਰ ਭੀ ਕਿਸ ਤਰ੍ਹਾਂ ਉਹ ਤੇਰੇ ਟਾਕਰੇ ਪੁਰ ਖੜੇ ਹਨ। ਸਾਡੇ ਸੈਂਕੜੇ ਭਰਾਵਾਂ ਨੂੰ ਤੂੰ ਰੋਲ ਰੋਲ ਕੇ ਚਿਤ ਕਰ ਚੁੱਕੀ ਹੈ। ਅਨੇਕਾਂ ਜਵਾਨ ਭਰਾਵਾਂ ਦੇ ਤੂੰ ਇਸ ਦੇਸ਼ ਵਿਚ ਪ੍ਰਾਣ ਲਏ ਹਨ। ਤੂੰ ਆਪਣੀਆਂ ਗੋਲੀਆਂ- ਬੇਸਮਝੀ ਤੇ ਖੁਦਗਰਜ਼ੀ ਨੂੰ ਸਾਡੇ ਮਗਰ ਪਾ ਛਡਿਆ ਹੈ। ਉਹ ਸਾਨੂੰ ਤੇਰੇ ਦਰਵਾਜ਼ੇ ਪੁਰ ਜਾ ਖੜਾ ਕਰਦੀਆਂ ਹਨ।

### ਪਾਪਣ ਮੌਤ

ਆ ਹੁਣ ਟਲ ਜਾਹ। ਅਸੀਂ ਥੋੜ੍ਹੇ ਰਹਿ ਗਏ ਹਾਂ। ਅਸੀਂ ਬੜੇ-ਬੜੇ ਕੰਮ ਕਰਨੇ ਹਨ। ਕੈਨੇਡਾ ਦਾ ਸਾਡੇ ਲਈ ਕਾਨੂੰਨ ਹੀ ਕਾਫੀ ਕਰੜਾ ਹੈ। ਸਾਡੀ ਗਿਣਤੀ ਨੂੰ ਨਾ ਭੋਰ। ਖੁਦਗਰਜ਼ੀ ਤੇ ਮੂਰਖਤਾ ਨੂੰ ਪਰੇ ਸੱਦ ਲੈ। ਹੁਣ ਸਾਨੂੰ ਸਮਝ ਆ ਗਈ ਹੈ। ਹੁਣ ਅਸੀਂ ਆਪਣੇ ਭਰਾਵਾਂ ਨੂੰ ਤੇਰੇ ਜ਼ਾਲਮ ਹੱਥ ਤੋਂ ਕੁਝ ਨਾ ਕੁਝ ਬਚਾਉਣ ਲਈ ਜ਼ਰੂਰ ਮੋਰਚੇ ਬਣਾਵਾਂਗੇ। ਕੁਰਬਾਨੀ ਤੇ ਸੇਵਾ ਨੂੰ ਤੇਰੇ ਟਾਕਰੇ ਪੁਰ ਖੜ੍ਹਾ ਕਰਾਂਗੇ। ਪਿਆਰੇ ਭਰਾਵੋ! ਕੀ ਆਪ ਮੌਤ ਦੇ ਸਤੇ ਹੋਏ ਨਹੀਂ ਹੋ? ਜ਼ਰਾ ਇਕ ਖੂੰਜੇ ਬਹਿ ਕੇ ਸੋਚੋ ਕਿ ਇਸ ਅਮਰੀਕਾ ਤੇ ਕੈਨੇਡਾ ਦੇਸ਼ ਵਿਚ ਕਿਤਨੇ ਕੁ ਸੌ ਭਰਾ ਮਰ ਚੁੱਕੇ ਹਨ। ਇਸ ਦੇਸ਼ ਵਿਚ ਹਿੰਦੁਸਤਾਨੀ ਦਾ ਮਰਨਾ ਕੁੱਤੇ ਦੇ ਬਰਾਬਰ ਹੋ ਰਿਹਾ ਹੈ। ਇਕ ਭਰਾ ਬੀਮਾਰ ਹੁੰਦਾ ਹੈ। ਸਭ ਦੁਨੀਆਂ ਆਪਣੇ-ਆਪਣੇ ਕੰਮਾਂ ਵਿਚ ਰੁਝੀ ਹੋਈ ਹੈ। ਇਸ ਨੂੰ ਕੋਈ ਪਾਣੀ ਦੇਣ ਵਾਲਾ ਨਹੀਂ ਹੈ। ਕੋਈ ਸਾਰ ਪੁੱਛਦਾ ਨਹੀਂ। ਰਾਤ ਦਿਨ ਡਾਲਰਾਂ ਦਾ ਲਾਲਚ ਸਾਨੂੰ ਕੀ ਬਣਾ ਦੇਵੇਗਾ। ਜਦ ਕਿ ਸੇਵਾ ਤੇ ਕੁਰਬਾਨੀ ਵਰਗੇ ਅਨਮੋਲ ਮੋਤੀ ਸਾਡੇ ਹੱਥੋਂ ਇਸ ਕੜਕੀ ਵਿਚ ਖੁਸ ਰਹੇ ਹਨ। ਸਾਡੇ ਬੀਮਾਰ ਭਰਾ ਵਿਲੂੰ-ਵਿਲੂੰ ਕਰਦੇ ਫਿਰਦੇ ਹਨ ਤੇ ਆਪ ਜ਼ਰਾ ਸੋਚੋ, ਜੇ ਤੁਸੀਂ ਬੀਮਾਰ ਹੋ ਗਏ ਤਾਂ ਇਸੇ ਤਰ੍ਹਾਂ ਫਿਰੋਗੇ।

ਜਿਸਮ ਕਮਜ਼ੋਰ ਹੈ, ਬੀਮਾਰੀ ਦਾ ਜ਼ੋਰ ਹੈ, ਦਵਾ ਦਾਰੂ ਦੀ ਕੋਈ ਆਸ ਨਹੀਂ, ਭਾਈਬੰਦ ਪਾਸ ਨਹੀਂ, ਆਪ ਦਸੋ ਇਸ ਹਾਲਤ ਵਿਚ ਅੰਤਮ ਕੀ ਹੋਵੇ- ਬਸ ਮੌਤ ਹੀ ਮੌਤ ਹੈ। ਮਰਨ ਤੋਂ ਮਗਰੋਂ ਅਸੀਂ ਆਪਣੇ ਦੇਸ਼ ਜਾਇਆਂ ਨੂੰ ਜਾ ਕੇ ਫੂਕ ਆਏ। ਆਪ ਕਦ ਤਾਈਂ ਫੂਕੀ ਜਾਓਗੇ। ਹੁਣ ਤਾਂ ਗਿਣਤੀ ਭੀ ਘਟ ਰਹੀ ਹੈ। ਇਹ ਸੱਚ ਹੈ ਤੇ ਨਿਰੋਲ ਸੱਚ ਹੈ ਕਿ ਹਿੰਦੁਸਤਾਨੀ ਇਸ ਦੇਸ਼ ਵਿਚ ਹੱਡ ਗੋਡੇ ਰਗੜਦੇ ਬਹੁਤ ਬੇਖਬਰੇ ਹੀ ਮਰ ਰਹੇ ਹਨ। ਗੁਰੂ ਸਾਹਿਬ ਕਹਿੰਦੇ ਹਨ, 'ਬਿਖਤ ਪੜੀ ਸਭ ਹੀ ਸੰਗਤ ਛਾਡਤ ਕੋਈ ਨਾ ਆਵਤ ਨੇੜੇ।'

ਹਿੰਦੁਸਤਾਨ ਦੀ ਜਨਤਾ ਇਸ ਦੇਸ਼ ਵਿਚ ਇਥੋਂ ਤਕ ਖੱਜਲ ਹੋ ਰਹੀ ਹੈ ਕਿ ਹਸਪਤਾਲਾਂ ਵਿਚ ਵੀ ਉਸ ਨੂੰ ਨੱਕ ਵੱਟ ਕੇ ਹੀ ਦੇਖਿਆ ਜਾਂਦਾ ਹੈ। ਦਵਾਈ ਦਾ ਵਕਤ ਟੱਪ ਜਾਂਦਾ ਹੈ, ਖਾਣੇ ਦਾ ਵਕਤ ਲੰਘ ਜਾਂਦਾ ਹੈ। ਸਾਡੇ ਬੀਮਾਰ ਭਰਾ ਹਸਪਤਾਲਾਂ ਵਿਚ ਪਏ ਭੀ ਖੁਆਰ ਹੋ-ਹੋ ਮਰ ਰਹੇ ਹਨ। ਕਈ ਪਾਗਲਖਾਨਿਆਂ ਵਿਚ ਬੰਦ ਹਨ। ਕਈ ਥਾਂ-ਥਾਂ ਰੁਲ ਰਹੇ ਹਨ। ਉਨ੍ਹਾਂ ਦੀ ਕੌਣ ਸਾਰ ਲਵੇ ਤੇ ਕੌਣ ਇਸ ਸੇਵਾ ਨੂੰ ਉਠਾਵੇ। ਚਾਰ ਦਿਨਾਂ ਦੀ ਗੱਲ ਹੈ ਕਿ ਭਾਈ ਹਰੀ ਸਿੰਘ ਗ੍ਰੰਥੀ ਮਿਲ ਸਾਈਡ ਸਖਤ ਬੀਮਾਰੀ ਦੀ ਹਾਲਤ ਵਿਚ ਵਿਕਟੋਰੀਏ ਪੁੱਜੇ, ਖੰਘ ਦਾ ਜ਼ੋਰ, ਲਹੂ ਆ ਰਿਹਾ ਹੈ ਤੇ ਬਹੁਤ ਨਤਾਕਤ ਹੋ ਚੁੱਕੇ ਸਨ। ਕਹਿਣ ਲੱਗੇ ਕਿ ਵੈਨਕੂਵਰ ਹਸਪਤਾਲ ਗਿਆ, ਅੱਗੇ ਆ ਕੇ ਪੰਡਤ ਰਾਮ ਚੰਦ ਨੂੰ ਤਪਦਿਕ ਨਾਲ ਬੀਮਾਰ ਪਏ ਡਿੱਠਾ। ਉਸ ਨੂੰ ਪੁੱਛਿਆ ਕਿ ਇਥੇ ਕੇਹੀ ਕੁ ਖਬਰ ਲਈ ਜਾਂਦੀ ਹੈ ਤਾਂ ਉਸ ਨੇ ਦੱਸਿਆ ਕਿ ਰਾਤ ਮੈਨੂੰ ਕਿਸੇ ਨੇ ਦਵਾਈ ਤਕ ਨਹੀਂ ਪਿਲਾਈ ਤੇ ਨਾ ਹੀ ਖਾਣ ਨੂੰ ਕੁਝ ਮਿਲਿਆ ਹੈ।

ਬੀਮਾਰ ਦਿਲ ਇਹ ਸੁਣ ਕੇ ਘਬਰਾ ਉਠਿਆ ਤੇ ਇਥੇ ਵਿਕਟੋਰੀਏ ਆਏ ਭਾਈ ਹੋਰਾਂ ਨੂੰ ਦੇਖ ਕੇ ਸਾਡਾ ਮਨ ਬੜਾ ਹੀ ਦੁਖੀ ਹੋਇਆ। ਕੋਈ ਖਾਸ ਆਪਣੀ ਜਗ੍ਹਾ ਹੋਵੇ, ਆਪਣੇ ਸੇਵਕ ਹੋਣਗੇ, ਆਪਣਾ ਦਿਲ ਜਾਨ ਬੀਮਾਰ ਭਰਾ ਦੇ ਅੱਗੇ ਰੱਖ ਕੇ ਸੇਵਾ ਕਰਨ ਤਾਂ ਕਿਉਂ ਨਾ ਬੀਮਾਰੀ ਤੋਂ ਮੋੜ ਪਵੇ। ਭਾਈ ਹੋਰਾਂ ਨੂੰ ਇਕ ਖਾਸ ਇੰਤਜ਼ਾਮ ਕਰਕੇ ਇਥੇ ਹਸਪਤਾਲ ਛੱਡਿਆ ਗਿਆ ਹੈ ਤੇ ਅਸੀਂ ਉਨ੍ਹਾਂ ਦੀ ਖਬਰ ਰਖਾਂਗੇ, ਪਰ ਸਾਡਾ ਦਿਨ ਤਾਂ ਦੂਜੇ ਦਰਜਨਾਂ ਹੀ ਰੁਲ ਰਹੇ ਭਰਾਵਾਂ ਦੇ ਦੁੱਖਾਂ ਨੂੰ ਸੋਚ ਕੇ ਸੜ ਰਿਹਾ ਹੈ। ਅਸੀਂ ਆਪ ਦੇ ਪੰਜ ਸੇਵਕਾਂ ਨੇ ਪਰ ਸਾਲ ਆਪਣੇ-ਆਪਣੇ ਕੰਮਾਂ ਨੂੰ ਇਕ ਪਾਸੇ ਰੱਖ ਕੇ ਅਖਬਾਰ ਦਾ ਤੇ ਕੌਮੀ ਸੇਵਾ ਦਾ ਬੀੜਾ ਚੁੱਕਿਆ ਸੀ। ਅੱਜ ਅਖਬਾਰ ਦੀ ਸੇਵਾ ਨੂੰ ਪੂਰੀ ਕਰਕੇ ਆਪ ਦੇ ਅੱਗੇ ਰੱਖ ਦਿੱਤਾ ਹੈ। ਅਨੇਕ ਸੇਵਾ ਪਈਆਂ ਹਨ ਜਿਨ੍ਹਾਂ ਵਿਚੋਂ ਇਸ ਵਕਤ ਬਹੁਤ ਦੁੱਖ ਦੇਣ ਵਾਲੀ ਇਕ ਬੀਮਾਰ ਤੇ ਦੁਖੀ ਭਰਾਵਾਂ ਨੂੰ ਸਾਂਭਣ ਦੀ ਸੇਵਾ ਜੋ ਅਸੀਂ ਬੜੀ ਅਧੀਨਗੀ ਨਾਲ ਕੁਲ ਕੈਨੇਡਾ ਤੇ ਅਮਰੀਕਾ ਦੇ ਭਰਾਵਾਂ ਦੇ ਅੱਗੇ ਬੇਨਤੀ ਕਰਦੇ ਹਾਂ ਕਿ ਆਓ ਮਰਦਾਂ ਦੇ ਬੱਚਿਓ, ਕੁਝ ਭਰਾ ਤਾਂ ਨਿਤਾਰੋ, ਆਪਣੀਆਂ ਗਰਜ਼ਾਂ ਨੂੰ ਛੱਡ ਕੇ ਸੇਵਾ ਦਾ ਦਿਲ ਲੈ ਕੇ ਅੱਗੇ ਆ ਗੱਜੋ, ਜਿਸ ਤਰ੍ਹਾਂ ਅਖਬਾਰ ਦੀ ਸੇਵਾ ਪੂਰੀ ਹੋ ਗਈ ਹੈ, ਇਸੇ ਤਰ੍ਹਾਂ ਸਾਡਾ ਭਰੋਸਾ ਹੈ ਕਿ ਆਪਣਾ ਇਕ ਹਸਪਤਾਲ ਭੀ ਇਸ ਸਾਲ ਬਣਾ ਕੇ ਦੱਸੀਏ, ਪਰ ਇਸ ਵਾਸਤੇ ਸਾਨੂੰ ਪੰਜ ਬੇਗਰਜ਼ ਸੇਵਕਾਂ ਦੀ ਲੋੜ ਹੈ। ਇਹ ਤਜਵੀਜ਼ ਹੈ ਕਿ ਵਿਕਟੋਰੀਏ ਦੇ ਨੇੜੇ ਹੀ ਪੰਜ ਏਕੜ ਜ਼ਮੀਨ ਲੈ ਕੇ ਉਥੇ ਇਕ ਖੁੱਲ੍ਹਾ ਮਕਾਨ ਬੀਮਾਰਾਂ ਲਈ ਬਣਾਇਆ ਜਾਵੇ। ਦੋ ਸੇਵਕ ਉਥੇ ਹਾਜ਼ਰ ਰਹਿਣ, ਕੁਝ ਦਵਾਈਆਂ ਰੱਖਣ। ਬੀਮਾਰ ਭਰਾਵਾਂ ਨੂੰ ਹਰ ਥਾਂ ਤੋਂ ਲਿਆ ਕੇ ਉਥੇ ਰਖਿਆ ਜਾਵੇ। ਦਵਾ ਦਿੱਤੀ



***ਵੈਨਕੂਵਰ ਵਿਚ ਫੌਤ ਹੋਏ ਪਹਿਲੇ ਸਿੱਖ ਦਾ ਸਸਕਾਰ ਕਰ ਰਹੇ ਉਸ ਦੇ ਸਾਥੀ। ਮੇਅਰ ਨੇ ਸਸਕਾਰ ਦੀ ਆਗਿਆ ਨਹੀਂ ਦਿੱਤੀ। ਉਸ ਦੇ ਸਾਥੀ ਰਾਤ ਨੂੰ ਦੇਹ ਲਾਗਲੇ ਜੰਗਲ ਵਿਚ ਲੈ ਗਏ ਅਤੇ ਸਵੇਰੇ ਸਸਕਾਰ ਕੀਤਾ ਗਿਆ। ਇਹ ਵਾਕਿਆ 1907 ਦਾ ਹੈ***

*(ਬਾਕੀ ਅਗਲੇ ਸਫੇ 'ਤੇ)*

# ਪੁਸਤਕ 'ਪੀੜ ਪਰਵਾਸੀਆਂ ਦੀ' ਪੜ੍ਹਦਿਆਂ

**ਪੁਸਤਕ ਪੜਚੋਲ**

ਪ੍ਰਿੰ. ਬਲਕਾਰ ਸਿੰਘ ਬਾਜਵਾ ਦੀ ਨਵੀਂ ਪੁਸਤਕ 'ਪੀੜ ਪਰਵਾਸੀਆਂ ਦੀ' ਪੜ੍ਹਦਿਆਂ ਮੈਨੂੰ ਕਿਹਰਾ ਕੈਨੇਡੀਅਨ ਯਾਦ ਆ ਗਿਆ। ਕੁਝ ਸਾਲ ਪਹਿਲਾਂ ਮੈਂ ਕਹਾਣੀ ਲਿਖੀ ਸੀ, ਕਿਹਰਾ ਕੈਨੇਡੀਅਨ। ਬਜ਼ੁਰਗ ਕਿਹਰ ਸਿਓਂ ਨੂੰ ਨੂੰਹ-ਪੁੱਤ ਨੇ ਨਿਆਣੇ ਸੰਭਾਲਣ ਲਈ ਕੈਨੇਡਾ ਸੱਦਿਆ ਸੀ। ਟੋਰਾਂਟੋ ਦੇ ਬਰਫੀਲੇ ਮੌਸਮ ਵਿਚ ਉਹਦਾ ਜੀਅ ਨਾ ਲੱਗਾ ਤੇ ਉਹ ਕੁਝ ਮਹੀਨਿਆਂ ਪਿੱਛੋਂ ਹੀ ਪਿੰਡ ਪਰਤ ਆਇਆ ਸੀ।

ਸੱਥ 'ਚ ਬੈਠਾ ਉਹ ਕੈਨੇਡਾ ਨੂੰ ਮਿੱਠੀ ਜੇਲ੍ਹ ਕਹਿੰਦਾ ਅਤੇ ਗੱਲਾਂ ਸੁਣਾਉਂਦਾ ਰਹਿੰਦਾ, "ਮੈਂ ਤਾਂ ਬਈ ਓਥੇ ਭੀੜੇ ਜਿਹੇ ਘਰ 'ਚ ਈ ਬੰਦ ਰਿਹਾ।

ਪ੍ਰਿੰ. ਸਰਵਣ ਸਿੰਘ

ਜਦੋਂ ਮੁੰਡਾ ਤੇ ਬਹੂ ਕੰਮ 'ਤੇ ਚਲੇ ਜਾਂਦੇ ਤਾਂ ਮੈਂ ਨਿਆਣਿਆਂ ਨੂੰ ਉਰਾ ਪਰਾ ਖੁਆ ਕੇ ਖੇਡਾਂ ਦੇ ਲਾਲਚ ਲਾ ਦਿੰਦਾ ਤੇ ਆਪ ਬਾਰੀ ਥਾਣੀ ਬਾਹਰ ਦੇਖਦਾ ਰਹਿੰਦਾ।"

ਕੋਈ ਮੁੰਡਾ ਖੁੰਡਾ ਪੁੱਛ ਬਹਿੰਦਾ, "ਬਾਹਰ ਬਾਬਾ ਤੂੰ ਕੀ ਦੇਖਦਾ ਸੀ?"

ਕਿਹਰਾ ਦੱਸਦਾ, "ਬਾਹਰ ਕੀ ਦੇਖਣਾ ਸੀ? ਸਾਹਮਣੇ ਸਟੋਰ ਸੀ ਨਾਲੇ ਵੱਡਾ ਸਾਰਾ ਦਫਤਰ। ਬੱਸ ਮੇਮਾਂ ਦੇਖੀ ਜਾਣੀਆਂ। ਉਹ ਕਾਰਾਂ 'ਚੋਂ ਉਤਰਦੀਆਂ ਤੇ ਭੱਜ ਕੇ ਅੰਦਰ ਵੜ ਜਾਂਦੀਆਂ। ਅੰਦਰੋਂ ਨਿਕਲਦੀਆਂ ਤਾਂ ਭੱਜ ਕੇ ਕਾਰਾਂ 'ਤੇ ਚੜ੍ਹ ਜਾਂਦੀਆਂ।"

ਸਰੋਤੇ ਪੁੱਛਦੇ, "ਭੱਜੀਆਂ ਕਿਉਂ ਫਿਰਦੀਆਂ ਸੀ ਭਲਾ ਉਹ?"


ਕਿਹਰਾ ਕਹਿੰਦਾ, "ਕੀ ਪਤਾ? ਮੈਂ ਓਥੇ ਕੋਈ ਮੇਮ ਹੌਲੀ ਤੁਰਦੀ ਨ੍ਹੀਂ ਦੇਖੀ। ਪਤਾ ਨ੍ਹੀਂ ਕੀ ਖਾਧਾ ਹੁੰਦਾ ਸੀ ਸਹੁਰੀਆਂ ਨੇ? ਸਿਰ ਦੇ ਪਟੇ ਜੇ ਬੜ੍ਹਕਾਉਂਦੀਆਂ ਫਿਟਕ-ਫਿਟਕ ਕਰਦੀਆਂ ਬਹਿੰਦੇ ਔਹ ਜਾਂਦੀਆਂ! ਲੱਤਾਂ ਬਾਹਾਂ ਨੰਗੀਆਂ ਰੱਖਦੀਆਂ। ਠੰਢ ਤਾਂ ਉਹ ਮੰਨਦੀਆਂ ਈ ਨ੍ਹੀਂ ਸੀ। ਆਪਣੇ ਅਰਗੇ ਤਾਂ ਐਨੀ ਠੰਢ 'ਚ ਊਈਂ ਜੰਮ ਜਾਣ।"

ਇਹੋ ਜਿਹੀਆਂ ਗੱਲਾਂ ਕਰਦਾ ਕਿਹਰਾ ਸੱਥ ਵਿਚ ਰੌਣਕ ਲਾਈ ਰੱਖਦਾ। ਕੋਈ ਕਬੀਲਦਾਰ ਪੁੱਛਦਾ, "ਕਿਹਰ ਸਿਆਂ ਅਏਂ ਦੱਸ ਬਈ ਸਾਰਾ ਦਿਨ ਤੂੰ ਨਿਆਣਿਆਂ ਨੂੰ ਸੰਭਾਲਦਾ ਕਿਵੇਂ ਸੀ? ਨਿਆਣੇ ਤਾਂ ਦੋ ਘੰਟਿਆਂ 'ਚ ਮੱਤ ਮਾਰ ਦਿੰਦੇ ਆ।"

ਕਿਹਰਾ ਦੱਸਦਾ, "ਬਹੂ ਕੰਮ 'ਤੇ ਜਾਂਦੀ ਹੋਈ ਚੁੰਘਣੀਆਂ ਜੀਆਂ ਭਰ ਕੇ ਦੇ ਜਾਂਦੀ ਸੀ ਤੇ ਦੱਸ ਜਾਂਦੀ ਸੀ ਬਈ ਐਸ ਐਸ ਟੈਮ 'ਤੇ ਚੁੰਘੌਣੀਆਂ। ਖਾਣ ਨੂੰ ਕੂਕੀਆਂ ਜੀਆਂ ਦੇ ਜਾਂਦੀ ਸੀ। ਨਾਲੇ ਬੱਕਰੀ ਦੇ ਥਣਾਂ ਉਤੇ ਝੋਲਾ ਚਾੜ੍ਹਨ ਅੰਗੂੰ ਉਹ ਨਿਆਣਿਆਂ ਦੇ ਚਿੱਤੜਾਂ 'ਤੇ ਡੈਪਰ ਚਾੜ੍ਹ ਜਾਂਦੀ। ਉਨ੍ਹਾਂ ਦਾ ਟੱਟੀ ਪਿਸ਼ਾਬ ਅੱਲੋਂ ਵਿਚੇ ਸਰੀ ਜਾਂਦਾ। ਜਦੋਂ ਉਹ ਸੌਂ ਜਾਂਦੇ, ਮੈਂ ਟੀ. ਵੀ. ਲਾ ਲੈਂਦਾ। ਟੀ. ਵੀ. 'ਤੇ ਮੇਮਾਂ ਚੀਕਾਂ ਜੀਆਂ ਮਾਰੀ ਜਾਂਦੀਆਂ।"

"ਓਧਰਲੀ ਟੀ. ਵੀ. ਦੀ ਸਮਝ ਆ ਜਾਂਦੀ ਸੀ?" ਕੋਈ ਪੁੱਛਦਾ।

ਕਿਹਰਾ ਨਿਝੱਕ ਦੱਸਦਾ, "ਸਮਝ ਤਾਂ



ਪ੍ਰਿੰ. ਬਲਕਾਰ ਸਿੰਘ ਬਾਜਵਾ

ਓਧਰਲੀ ਬੋਲੀ ਦੀ ਆਪਾਂ ਨੂੰ ਕਾਹਦੀ ਆਉਣੀ ਸੀ? ਊਂ ਗੋਰੇ-ਗੋਰੀਆਂ 'ਇਲਤਾਂ ਜੀਆਂ' ਕਰਦੇ ਦਿਸੀ ਜਾਂਦੇ ਸੀ, ਜੀਹਦੇ ਨਾਲ ਜੀਅ ਲੱਗਿਆ ਰਹਿੰਦਾ ਸੀ। ਜੁਆਕ ਜਾਗਣ ਤਕ ਇਉਂ ਈ ਟੈਮ ਨੰਘੀ ਜਾਂਦਾ।"

"ਬਾਬਾ ਸੰਗ ਨ੍ਹੀਂ ਸੀ ਆਉਂਦੀ ਗੋਰੇ-ਗੋਰੀਆਂ ਨੂੰ 'ਇਲਤਾਂ ਜੀਆਂ ਕਰਦੇ ਦੇਖ ਕੇ?" ਕੋਈ ਟਿੱਚਰੀ ਪੁੱਛ ਬਹਿੰਦਾ।

"ਸੰਗ? ਸੰਗ-ਸੁੰਗ ਨ੍ਹੀਂ ਭਾਈ ਓਥੇ ਕੋਈ ਮੰਨਦਾ। ਸੰਗ ਤਾਂ ਹੁਣ ਆਪਣੇ ਐਥੋਂ ਆਲੇ ਵੀ ਲਾਹੀ ਜਾਂਦੇ ਆ। ਨਾਲੇ ਮੈਂ ਕਿਹੜਾ ਕਿਸੇ ਦੇ ਸਾਹਮਣੇ ਗੋਰੀਆਂ ਦੇਖਦਾ ਸੀ?"

---


ਫਿਰ ਮੈਨੂੰ ਕੈਨੇਡਾ ਦੀ ਦੂਜੀ ਝਾਕੀ ਯਾਦ ਆਈ ਜੋ ਮੈਂ 1990 ਦੀ ਅਮਰੀਕਾ ਫੇਰੀ ਦੌਰਾਨ ਐਬਟਸਫੋਰਡ 'ਬਾਬਿਆਂ ਦੀ ਸੱਥ' ਵਿਚ ਵੇਖੀ ਸੀ। ਉਥੇ ਇਕ ਬਜ਼ੁਰਗ ਕਹਿਣ ਲੱਗਾ, "ਏਥੇ ਅਸੀਂ ਖੁਸ਼ੀ ਨਾਲ ਨ੍ਹੀਂ ਰਹਿ ਰਹੇ। ਬੱਚਿਆਂ ਕਰਕੇ ਪਰਦੇਸ ਰਹਿਣਾ ਸਾਡੀ ਮਜਬੂਰੀ ਐ। ਮੇਰਾ ਵੱਸ ਚੱਲੇ ਤਾਂ ਮੈਂ ਭਲਕੇ ਈ ਜਹਾਜੇ ਚੜ੍ਹ ਕੇ ਪਿੰਡ ਜਾ ਵੱਜਾਂ। ਇਹ ਚੰਦਰਾ ਮੁਲਕ ਐ, ਏਥੇ ਕਿਸੇ ਨੂੰ ਕਿਸੇ ਨਾਲ ਤਿਹੁ ਨੀ, ਤਪਾਕ ਨੀ। ਸਾਰੇ ਡਾਲਿਆਂ ਮਗਰ ਭੱਜੇ ਫਿਰਦੇ ਆ। ਮਾਂ-ਪਿਉ ਨੂੰ ਤਾਂ ਇਹ ਕੁਛ ਸਮਝਦੇ ਈ ਨ੍ਹੀਂ। ਏਥੇ ਬਣਦੀ ਤਾਂ ਬਹੂ ਤੇ ਮੁੰਡੇ ਦੀ ਆਵਦੀ ਨ੍ਹੀਂ ਹੁੰਦੀ ਤੇ ਟੁੱਟ-ਟੁੱਟ ਪੈਂਦੇ ਆ ਬੁੜ੍ਹੇ-ਬੁੜ੍ਹੀਆਂ ਨੂੰ। ਇਹ ਨੀ ਦੇਖਦੇ ਬਈ ਕੋਈ ਕੀ ਕਹੂ?"

ਉਹਦੀ ਗੱਲ ਅਜੇ ਮੁੱਕੀ ਨਹੀਂ ਸੀ ਕਿ ਵਿਚੋਂ ਹੀ ਇਕ ਹੋਰ ਬਾਬਾ ਬੋਲ ਪਿਆ, "ਮੈਂ ਜਾਣਦਾਂ ਤੈਨੂੰ ਵੱਡੇ ਮਾਂ-ਪਿਉ ਨੂੰ। ਸੌ ਵਾਰ ਕਿਹਾ ਬਈ ਨਾ ਦਖਲ ਦਿਆ ਕਰ ਬਹੂ ਤੇ ਮੁੰਡੇ ਦੇ ਕੰਮਾਂ-ਕਾਰਾਂ 'ਚ। ਮਾੜਾ ਵੀ ਤਾਂਹੀਂ ਕਹਾਉਨੈਂ। ਚੁੱਪ ਕਰ ਕੇ ਰਾਮ ਨਾਲ ਰਹੀ ਚੱਲ। ਪਿੰਡ ਤੇਰੇ ਅਰਗਿਆਂ ਨੂੰ ਕਛਹਿਰੀ ਨ੍ਹੀਂ ਸੀ ਜੁੜਦੀ। ਏਥੇ ਸੂਟ-ਬੂਟ ਪਾ ਕੇ ਵੀ ਕੈਨੇਡਾ ਨੂੰ ਨਿੰਦੀ ਜਾਨੈਂ। ਤੇਰੇ ਅਰਗਿਆਂ ਨੂੰ ਓਥੇ ਕੋਈ ਸੈਂਕਲ 'ਤੇ ਨੀ ਸੀ ਚੜ੍ਹਾਉਂਦਾ, ਏਥੇ ਕਾਰਾਂ 'ਤੇ ਝੂਟੇ ਲੈਨੈਂ। ਕਨੇਡਾ ਦੀ ਰੀਸ ਓਥੋਂ ਆਲੇ ਕਿਥੋਂ ਕਰ ਲੈਣਗੇ? ਤੂੰ ਸ਼ੁਕਰ ਕਰ ਬਈ ਗੰਦੇ-ਮੰਦੇ ਮੁਲਕ 'ਚੋਂ ਨਿਕਲ ਆਇਐਂ। ਆਹ ਸੋਹਣਾ ਮੁਲਕ ਐ। ਸੋਹਣੇ ਕਾਰੋਬਾਰ ਨੇ, ਸੋਹਣਾ ਖਾਣੇ ਪੀਣੇਂ ਆਂ, ਸੋਹਣੇ ਦਿਨ ਨੰਘਦੇ ਐ। ਹੋਰ ਦੱਸ ਵੰਝ ਲੈਣਾ?"

ਇਹੋ ਜਿਹੀਆਂ ਗੱਲਾਂ ਸੁਣ ਕੇ, ਕੀ ਕਹੀਏ ਪਰਵਾਸੀ ਬਾਬਿਆਂ ਬਾਰੇ? ਅਸਲ ਗੱਲ ਹੈ ਕਿ ਕਿਸੇ ਨੂੰ ਮਾਂਹ ਮਾਫਕ, ਕਿਸੇ ਨੂੰ ਬਾਦੀ! ਇਸੇ ਕਰਕੇ ਪੱਛਮੀ ਮੁਲਕਾਂ 'ਚ ਆ ਕੇ ਕਈ ਬਾਬੇ ਪਛਤਾਈ ਜਾਂਦੇ ਨੇ ਤੇ ਕਈ ਢੋਲੇ ਦੀਆਂ ਲਾਈ ਜਾਂਦੇ ਨੇ।

'ਕੋਠੀ ਲੱਗੇ ਬਾਬੇ' ਕਾਂਡ ਪੜ੍ਹ ਕੇ ਮਨ 'ਚ ਖਿਆਲ ਆਇਆ, ਪਈ ਜੇ ਪਰਵਾਸੀ ਬਾਬੇ ਏਨੇ ਈ ਔਖੇ ਨੇ ਤਾਂ ਪਿੱਛੇ ਕਿਉਂ ਨਹੀਂ ਮੁੜ ਜਾਂਦੇ? ਕੌਣ ਰੋਕਦੈ ਉਨ੍ਹਾਂ ਨੂੰ? ਬਦੇਸ਼ ਆਉਣਾ ਈ ਔਖਾ, ਮੁੜਨਾ ਕੀ ਔਖਾ? ਪਰ ਅਸਲੀਅਤ ਇਹੋ ਹੈ ਕਿ ਬਹੁਤੇ ਬਾਬੇ ਨਾ ਪਿੱਛੇ ਮੁੜਨ ਜੋਗੇ ਨੇ ਤੇ ਨਾ ਪਰਦੇਸਾਂ ਵਿਚ ਨਿੱਠ ਕੇ ਰਹਿਣ ਜੋਗੇ ਨੇ। ਉਨ੍ਹਾਂ ਨੂੰ ਹੀ ਬਾਜਵੇ ਨੇ ਕੋਠੀ ਲੱਗੇ ਬਾਬੇ ਕਿਹਾ ਹੈ। 'ਕੋਠੀ' ਉਹਨੂੰ ਲਾਇਆ ਜਾਂਦੈ ਜੀਹਨੂੰ ਫਾਹੇ ਲਾਉਣਾ ਹੋਵੇ। ਇਹਦਾ ਮਤਲਬ ਹੈ, ਸਾਡੇ ਬਹੁਤ ਸਾਰੇ ਪਰਵਾਸੀ ਬਜ਼ੁਰਗ ਫਾਹੇ ਲੱਗਣ ਦੇ ਦਿਨ ਗਿਣ ਰਹੇ ਹਨ!

ਇਹ ਪੁਸਤਕ ਬਾਜਵੇ ਦੀਆਂ ਪਹਿਲੀਆਂ ਪੁਸਤਕਾਂ 'ਰੰਗ ਕੈਨੇਡਾ ਦੇ' ਤੇ 'ਮੇਰੇ ਹਮਸਫਰ' ਦਾ ਹੀ ਅਗਲਾ ਭਾਗ ਹੈ। ਇਸ ਵਿਚ ਕਿਤੇ ਬਜ਼ੁਰਗਾਂ ਦਾ ਮਲ੍ਹਿਆਂ-ਬੇਰੀਆਂ ਦੇ ਬੇਰਾਂ ਵਾਂਗ ਬੈਰੀਆਂ ਦੇ ਬੂਟਿਆਂ ਤੋਂ ਡਾਲਰ ਝਾੜਨ ਦਾ ਜ਼ਿਕਰ ਹੈ, ਕਿਤੇ ਗੋਰਿਆਂ ਦੇ ਮਾਂਗੀਏ ਬਾਬੇ ਬਣਨ ਦਾ, ਕਿਤੇ ਮੀਰੀ ਤੋਂ ਫਾਡੀ ਬਣਨ ਦਾ, ਕਿਤੇ ਕੈਨੇਡੀਅਨ




ਭਵਜਲਾਂ 'ਚ ਰੁੜ੍ਹਦੇ ਤੇ ਗੋਤੇ ਖਾਂਦੇ ਚਾਚੇ ਮਾਨੇ ਤੇ ਕਿਤੇ ਬਕਲਮ ਖੁਦ ਦਾ ਕੋਠੀ ਲੱਗਣ ਦਾ ਹਲਫੀਆ ਬਿਆਨ ਹੈ। ਇਸ ਪੁਸਤਕ ਵਿਚ ਵਧੇਰੇ ਕਰ ਕੇ ਕੈਨੇਡੀਅਨ ਬਾਬਿਆਂ ਦੀਆਂ ਹੀ ਬਾਤਾਂ ਪਾਈਆਂ ਹਨ ਜੋ ਹਸਾਉਣੀਆਂ ਵੀ ਹਨ ਤੇ ਰੁਆਉਣੀਆਂ ਵੀ। ਬਹੁਤੇ ਬਾਬੇ ਇਸ ਕਰਕੇ ਦੁਖੀ ਹਨ ਕਿ ਉਨ੍ਹਾਂ ਨੂੰ ਨਵੇਂ ਮਾਹੌਲ ਵਿਚ ਰਹਿਣਾ ਤੇ ਜਿਊਣਾ ਨਹੀਂ ਆਉਂਦਾ। ਉਹ ਪੰਜਾਬ ਵਿਚਲੇ ਟੌਅਰ-ਟੱਪੇ ਦੀ ਹੈਂਕੜ ਨਹੀਂ ਛੱਡਦੇ ਤੇ ਸਮਝਦੇ ਹਨ ਕਿ ਪਰਿਵਾਰ ਵਿਚ ਉਨ੍ਹਾਂ ਦੀ ਹੀ ਚੱਲਣੀ ਚਾਹੀਦੀ ਹੈ। ਉਹ ਧੀਆਂ ਪੁੱਤਾਂ ਦੇ ਨਿਜੀ ਮਾਮਲਿਆਂ ਵਿਚ ਵੀ ਬਿਨਾ ਪੁੱਛੇ ਦਖਲ ਦਿੰਦੇ ਰਹਿੰਦੇ ਹਨ। ਇੰਜ ਨੂੰਹਾਂ-ਪੁੱਤਾਂ ਤੇ ਅੰਗਰੇਜ਼ ਬਣੇ ਪੋਤੇ ਪੋਤੀਆਂ ਨੂੰ ਵੀ ਦੁਖੀ ਕਰਦੇ ਹਨ ਤੇ ਆਪ ਵੀ ਦੁਖੀ ਹੁੰਦੇ ਹਨ।

ਇਕ ਹੋਰ ਮਸਲਾ ਦੇਸ਼ ਵਿਚਲੀ ਜਮੀਨ ਜਾਇਦਾਦ ਦਾ ਹੈ। ਕਈ ਬਜ਼ੁਰਗਾਂ ਨੂੰ ਪਿਛਲੀ ਜਾਇਦਾਦ ਦਾ ਫਿਕਰ ਹੀ ਵੱਢ-ਵੱਢ ਖਾਈ ਜਾਂਦਾ ਹੈ, ਬਈ ਉਹਦਾ ਕੀ ਬਣੂੰ? ਕਈਆਂ ਦੇ ਮੁੰਡੇ ਹੀ ਤੰਗ ਕਰਨੋਂ ਨਹੀਂ ਹਟਦੇ ਕਿ ਬਾਪੂ ਜਿਊਂਦੇ ਜੀਅ ਆਪਣੀ ਦੇਸ਼ ਵਿਚਲੀ ਜਾਇਦਾਦ ਦਾ ਫਸਤਾ ਵੱਢ ਦੇਹ! ਜਿਸ ਜਮੀਨ ਨੂੰ ਬਾਬੇ ਪੀੜ੍ਹੀਆਂ ਤੋਂ ਆਪਣੀ ਮਾਂ ਸਮਝਦੇ ਆ ਰਹੇ ਹਨ, ਉਹਦਾ ਫਸਤਾ ਉਹ ਜਿਉਂਦੇ ਜੀਅ ਕਿਵੇਂ ਵੱਢ ਦੇਣ? ਇਸ ਮਸਲੇ ਦੀਆਂ ਅਨੇਕਾਂ ਤੈਹਾਂ ਹਨ। ਮੁਸ਼ਤਰਕੇ ਖਾਤੇ, ਸੇਂਜੂ ਤੇ ਬਰਾਨੀ ਜਮੀਨਾਂ, ਸਾਂਝੇ ਟਿਊਬਵੈਲ, ਕਬਜ਼ੇ, ਗਰਦੌਰੀਆਂ, ਤਕਸੀਮਾਂ, ਤਬਾਦਲੇ, ਰਜਿਸਟਰੀਆਂ, ਇੰਤਕਾਲ, ਪੈਸਿਆਂ ਦਾ ਲੈਣ-ਦੇਣ, ਧੀਆਂ ਪੁੱਤਾਂ ਵਿਚ ਵੰਡਣ, ਕੀਹਦੇ ਨਾਲ ਰਹਿਣ, ਕੀਹਦੇ ਨਾਲ ਨਾ ਰਹਿਣ? ਇਸ ਸਿਆਪੇ ਨੇ ਕਈ ਬਾਬਿਆਂ ਦਾ ਮਰਨ ਤੋਂ ਪਹਿਲਾਂ ਹੀ 'ਮਰਨ' ਕੀਤਾ ਪਿਐ। ਪੰਜਾਬ ਦੇ ਮਾਲ ਮਹਿਕਮੇ ਵਿਚ ਅਰਜ਼ੀ ਨਵੀਸਾਂ, ਨੰਬਰਦਾਰਾਂ, ਪਟਵਾਰੀਆਂ, ਕਾਨੂੰਗੋਆਂ ਤੇ ਤਸੀਲਦਾਰਾਂ ਨਾਲ ਨਿਬੜਨਾ ਜਣੇ-ਖਣੇ ਦੇ ਵੱਸ ਦਾ ਰੋਗ ਨਹੀਂ। ਮੁੰਡੇ ਕਹਿੰਦੇ ਹਨ, ਛੇਤੀ ਨਿਬੜੋ। ਨਿਬੜਨ ਦਾ ਮਤਲਬ ਹੈ ਜਾਂ ਆਪ 'ਨਿਬੜ' ਜਾਣ ਜਾਂ ਜਾਇਦਾਦ ਦੀ ਇਹ ਬਲਾਅ ਅਗਲੀ ਪੀੜ੍ਹੀ ਦੇ ਗਲ ਪਾ ਜਾਣ!

ਗੁਰਭਜਨ ਗਿੱਲ ਨੇ ਪੁਸਤਕ ਦੇ ਮੁੱਖ ਬੰਦ ਵਿਚ ਠੀਕ ਹੀ ਲਿਖਿਆ ਹੈ, "ਪੀੜ ਪਰਵਾਸੀਆਂ ਦੀ ਕਿਤਾਬ 'ਚ ਕਿਤੇ ਦਰਦ ਵਹਿ ਤੁਰਦੇ ਨੇ ਤੇ ਕਿਤੇ ਹਾਸਿਆਂ ਦੀਆਂ ਫੁੱਲਝੜੀਆਂ ਨੇ। ਪੱਕੇ ਰਸੇ ਫਲ ਵਰਗੀ ਉਮਰੇ ਪਰਦੇਸ ਗਏ ਪੰਜਾਬੀਆਂ ਦੀ ਬੇਪਰਦ ਅੰਤਰ ਵੇਦਨਾ। ਵੱਡੀਆਂ ਵੱਡੀਆਂ ਕਲਗੀਆਂ, ਕੁਰਸੀਆਂ, ਰੁਤਬੇ-ਮਰਾਤਵੇ ਤੇ ਅਧਿਕਾਰ ਮਾਣਦੇ ਅਧਿਕਾਰੀ ਜਦੋਂ ਕੈਨੇਡਾ 'ਚ ਪਹੁੰਚਣ ਸਾਰ ਕੰਮਾਂ-ਕਾਰਾਂ ਦੀ ਕਤਾਰ 'ਚ ਲੱਗਦੇ ਹਨ ਤਾਂ ਬੜਾ ਕੁਝ ਅੰਦਰੋਂ ਟੁੱਟਦਾ ਹੈ।"

ਉਂਜ ਹੈਰਾਨੀ ਦੀ ਗੱਲ ਹੈ ਪਈ ਪਰਵਾਸੀਆਂ ਦੇ ਕਈ 'ਚੰਗੇ ਭਲੇ' ਤੇ 'ਖਾਂਦੇ ਪੀਂਦੇ' ਪਰਿਵਾਰਾਂ ਨੂੰ ਪਿੱਛੇ ਵਾਧੂ ਪਈ ਜਮੀਨ ਜਾਇਦਾਦ ਨੇ ਹੀ 'ਨਰਕ ਦੇ ਘਰ' ਬਣਾ ਛੱਡਿਆ ਹੈ। ਸੋਚਣ ਵਾਲੀ ਗੱਲ ਹੈ ਕਿ ਪਰਵਾਸੀਆਂ ਨੂੰ ਅਸਲੀ 'ਪੀੜ' ਕਾਹਦੀ ਹੈ? ਇਹ ਕਿਤਾਬ ਪੜ੍ਹਨ ਵਾਲੀ ਵੀ ਹੈ ਤੇ ਅੱਖਾਂ ਖੋਲ੍ਹਣ ਵਾਲੀ ਵੀ। ਹੋਰ ਕੋਈ ਪੜ੍ਹੇ, ਨਾ ਪੜ੍ਹੇ, ਪਰ ਪਰਵਾਸੀ ਬਣੇ ਜਾਂ ਪਰਵਾਸ ਕਰਨ ਵਾਲੇ ਜ਼ਰੂਰ ਪੜ੍ਹ ਲੈਣ ਤੇ ਜਾਣ ਲੈਣ ਪਈ ਪਰਵਾਸ ਵਿਚ ਇਹ ਕੁਝ ਵੀ ਹੁੰਦੈ! ਫਿਰ ਉਹ ਆਪੇ ਸੋਚਣਗੇ ਕਿ ਕੈਨੇਡਾ ਜਾ ਕੇ ਕੀ ਕਰਨੈਂ?

# ਧਰਮ ਕੀ ਹੈ?

*(ਪਿਛਲੇ ਸਫੇ ਦੀ ਬਾਕੀ)*

ਜਾਵੇ। ਖੁੱਲ੍ਹੀ ਹਵਾ ਵਿਚ ਦੁੱਧ ਤੇ ਹੋਰ ਖੁਰਾਕ ਦਿੱਤੀ ਜਾਵੇ। ਅਸੀਂ ਕੈਨੇਡਾ ਵਿਚ ਰਹਿਣਾ ਹੈ। ਅਸੀਂ ਮੁਲਕ ਖੁਲਵਾਉਣਾ ਹੈ। ਹਿੰਦੁਸਤਾਨੀਆਂ ਦੇ ਹੱਕਾਂ ਨੂੰ ਬਚਾਉਣਾ ਹੈ। ਇਸ ਲਈ ਜ਼ਰੂਰੀ ਹੈ ਕਿ ਇਕ-ਇਕ ਜਾਨ ਨੂੰ ਕੁਰਬਾਨੀ ਤੇ ਸੇਵਾ ਕਰਕੇ ਬਚਾਇਆ ਜਾਵੇ। ਇਹ ਸੇਵਾ ਸਿਰਜਣਹਾਰ ਦੀ ਸੇਵਾ ਹੈ।

ਇਨ੍ਹਾਂ ਕੰਮਾਂ ਲਈ ਧਰਮੀ ਜਾਨਾਂ ਨੂੰ ਲੋੜ ਹੈ। ਪੈਸੇ ਦੀ ਲੋੜ ਦੂਜੇ ਦਰਜੇ ਪੁਰ ਹੈ। ਪਹਿਲਾਂ ਦਰਦ ਤੇ ਸੇਵਾ ਦੀ ਅੱਗ ਰੱਖਣ ਵਾਲੇ ਵੀਰ ਚਾਹੀਦੇ ਹਨ। ਇਹ ਕੰਮ ਕਦੀ ਰੁਕ ਵੀ ਨਹੀਂ ਸਕਦੇ ਤੇ ਇਨ੍ਹਾਂ ਕੰਮਾਂ ਲਈ ਜ਼ਰੂਰ ਹੀ ਪਵਿੱਤਰ ਆਤਮਾ ਭਰਾ ਸੱਚਾਈ ਦਾ ਝਲਕਾ ਖਾ ਕੇ ਨਿਕਲਣਗੇ। ਆਪ ਕਿਤਨੀਆਂ ਹੀ ਟਕਰਾਂ ਮਾਰ ਲਵੋ, ਕੌਮ ਦੀ ਤਰੱਕੀ ਨਿਰੋਲ ਸੱਚੀ ਸੇਵਾ ਨਾਲ ਹੀ ਹੋ ਸਕੇਗੀ। ਬਾਕੀ ਉਹੜ ਪੋਹੜ ਕਿਤਨੇ ਮਰਜ਼ੀ ਹੈ ਕਰ ਲਵੋ। ਅੰਤ ਥੱਕ ਜਾਵੋਗੇ ਤੇ ਨਿਤਾਰਾ, ਕੁਰਬਾਨੀ ਤੇ ਸੇਵਾ ਪੁਰ ਹੀ ਹੋਵੇਗਾ।

ਸੋ ਪਿਆਰੇ ਭਰਾਵੋ! ਜਿਸ ਤਰ੍ਹਾਂ ਅਖਬਾਰ ਦੀ ਸੇਵਾ ਪੂਰੀ ਹੋਈ ਹੈ, ਇਸੇ ਤਰ੍ਹਾਂ ਇਹ ਵੀ ਪੂਰੀ ਹੋ ਕੇ ਰਹੇਗੀ। ਆਪ ਵੀ ਸੋਚ ਵਿਚਾਰ ਕੇ ਲਿਖੋ ਕਿ ਆਪ ਕਿਥੋਂ ਤਕ ਇਸ ਆਪਣੇ ਬਚਾਓ ਦੇ ਮੋਰਚੇ ਲਈ ਕੁਰਬਾਨੀ ਕਰਨ ਨੂੰ ਤਿਆਰ ਹੋ। ਆਪ ਖਿਆਲ ਕਰੋ, ਜਿਨ੍ਹਾਂ ਸਰੀਰਾਂ ਦੀ ਬੀਮਾਰੀ ਦੀ ਹਾਲਤ ਵਿਚ ਸੇਵਾ ਕੀਤੀ ਜਾਵੇਗੀ ਕਿ ਉਹ ਕੈਨੇਡਾ ਦੇ ਮੋਰਚਿਆਂ ਨੂੰ ਛੱਡ ਜਾਣਗੇ। ਕਦਾਚਿਤ ਨਹੀਂ, ਉਹ ਉਸ ਤੋਂ ਦਸ ਗੁਣਾ ਸੇਵਾ ਕਰਨਗੇ। ਇਸ ਸੇਵਾ ਲਈ ਨਿਤਰੋ ਤੇ ਆਪਣੀ-ਆਪਣੀ ਰਾਏ ਲਿਖ ਘਲੋ।

### ਏਸ਼ੀਐਟਿਕ ਐਕਸਕਲੀਊਯਨ ਲੀਗ

ਦੋ ਹਫਤੇ ਤੋਂ ਵਿਕਟੋਰੀਏ ਵਿਚ ਏਸ਼ੀਆ ਦੇ ਲੋਕਾਂ ਨੂੰ ਇਸ ਦੇਸ਼ ਵਿਚੋਂ ਕੱਢ ਦੇਣ ਲਈ ਤੂਫਾਨ ਮਚ ਰਿਹਾ ਹੈ। ਗੋਰਿਆਂ ਨੇ ਬੜੇ-ਬੜੇ ਇਕੱਠ ਕਰਕੇ ਇਕ ਕਮੇਟੀ ਏਸ਼ੀਐਟਿਕ ਐਕਸਕਲੀਊਯਨ ਲੀਗ ਬਣਾਈ ਹੈ ਜਿਸ ਦਾ ਮਤਲਬ ਏਸ਼ੀਆ ਦੇ ਲੋਕਾਂ ਨੂੰ ਕੈਨੇਡਾ ਵਿਚੋਂ ਕੱਢਣਾ ਹੈ। ਦਬਾ ਦਬ ਇਕੱਠ ਹੋ ਰਹੇ ਹਨ। ਗੋਰਿਆਂ ਦੇ ਆਗੂ ਉਨ੍ਹਾਂ ਨੂੰ ਸਾਡੇ ਬਰਖਿਲਾਫ ਨਾਲੋ ਨਾਲ ਕਰ ਰਹੇ ਹਨ। ਇਹੋ ਜਿਹੀ ਗੋਰਿਆਂ ਦੀ ਜਥੇਬੰਦੀ ਦੱਸ ਰਹੀ ਹੈ ਕਿ ਸਾਨੂੰ ਕਿਤਨੇ ਕੁ ਪੱਕੇ ਪੈਰਾਂ ਤੇ ਹਿੰਮਤ ਨਾਲ ਜੁੜਨ ਦੀ ਲੋੜ ਹੈ। ਗੱਲ ਤਾਂ ਇਹ ਹੈ ਕਿ ਇਹ ਗੋਰਿਆਂ ਦੀ ਦੁਹਾਈ ਕਿਸ ਦੇ ਸਿਰ ਪੁਰ ਕੜਕ ਰਹੀ ਹੈ। ਇਹ ਕੋਈ ਲੁਕੀ ਛੁਪੀ ਗੱਲ ਨਹੀਂ। ਇਹ ਆਵਾਜ਼ ਸਾਡੇ ਸਿਰ ਪੁਰ ਹੀ ਨਹੀਂ ਕਿਉਂਕਿ ਜਾਪਾਨੀਆਂ ਦੀ 'ਵਾ ਵਲ ਵੀ ਕੋਈ ਨਹੀਂ ਤਕ ਸਕਦਾ, ਚੀਨਿਆਂ ਦਾ ਤਾਂ ਕਰਨਾ ਹੀ ਕੀ ਹੈ ਜਿਨ੍ਹਾਂ ਦੇ ਪਿਛਲੇ ਇਕ ਸਾਲ ਵਿਚ ਹੀ ਸਤ ਹਜ਼ਾਰ ਨਵੇਂ ਆਦਮੀ ਆਏ ਹਨ। ਬਾਕੀ ਰਹਿ ਗਏ ਅਸੀਂ ਢਾਈ ਟੋਟਰੂ ਡੇਰਾ ਫਤਿਆਬਾਦ, ਜਿਨ੍ਹਾਂ ਦੀਆਂ ਤੀਵੀਆਂ, ਬੱਚੇ, ਭਰਾ ਭਾਈ ਕੋਈ ਅੱਗੇ ਹੀ ਨੇੜੇ ਨਹੀਂ ਢੁੱਕਣ ਦਿੱਤਾ ਜਾਂਦਾ। ਕੋਈ ਤੂਫਾਨ ਉਠਿਆ ਤਾਂ ਸਾਡੇ ਉਪਰ ਹੀ ਜੋ ਅੱਗੇ ਹੀ ਪੀਹੇ ਜਾ ਰਹੇ ਹਾਂ, ਪੈਂਦਾ ਹੈ।

ਸਾਡੇ ਭਰਾਵਾਂ ਦਾ ਰੱਜ ਕੇ ਇਥੇ ਟੁਕ ਖਾਣਾ ਗੋਰਿਆਂ ਨੂੰ ਦੇਖ ਨਹੀਂ ਸਖਾਉਂਦਾ। ਵਿਚਾਰੇ ਇੰਡੀਆ ਦੇ ਲੋਕਾਂ ਨੂੰ ਨਾ ਘਰ ਢੋਈ ਹੈ, ਨਾ ਬਾਹਰ ਚੈਨ। ਦਸੋ ਸਾਨੂੰ ਮਰਦ ਬਣਨ ਦੀ ਲੋੜ ਨਹੀਂ ਤਾਂ ਕੀ ਹੈ? ਕਮੇਟੀ ਬਣਦੀ ਹੈ ਕਿ ਇਨ੍ਹਾਂ ਨੂੰ ਕੈਨੇਡਾ ਵਿਚੋਂ ਕੱਢ ਦਿੱਤਾ ਜਾਵੇ। ਇਨ੍ਹਾਂ ਕਮੇਟੀਆਂ ਵਾਲਿਆਂ ਦੇ ਹੀ ਚਾਚੇ ਤਾਏ ਭਰਾ ਭਾਈ ਇੰਡੀਆ ਵਿਚ ਸਾਡੇ ਪੁਰ ਰੱਬ ਬਣੀ ਬੈਠੇ ਹੋਣਗੇ, ਪਰ ਹਿੰਦੁਸਤਾਨੀਆਂ ਨੂੰ ਕੌਣ ਪੁੱਛਦਾ ਹੈ। ਨਾ ਇਨ੍ਹਾਂ ਨੂੰ ਰਾਜ ਦੇ ਹੱਕ ਹਨ, ਨਾ ਆਦਮੀਆਂ ਦੇ ਹੱਕ, ਨਾ ਇਨ੍ਹਾਂ ਲਈ ਇੱਜ਼ਤ ਨਾ ਆਬਰੂ।

ਇਸ ਨਾਲੋਂ ਸਾਡੀ ਬਦਕਿਸਮਤੀ ਕੁਝ ਹੋਰ ਕੀ ਹੋ ਸਕਦੀ ਹੈ ਕਿ ਬਾਹਰੋਂ ਤਾਂ ਸਾਡੇ ਪੁਰ ਇਹ ਹੱਲੇ ਹੋ ਰਹੇ ਹਨ ਤੇ ਸਾਨੂੰ ਟਾਹਰਾਂ ਦੇ ਕੇ ਸਮਝੌਤੀਆਂ ਦੇਣ ਵਾਲੇ ਜਿਉਂ ਕੁੱਤਾ ਹੱਡੀ ਮਗਰ ਦੌੜਦਾ ਹੈ, ਡਾਲਰਾਂ ਨੂੰ ਹੀ ਮਾਈ ਬਾਪ ਸਮਝ ਰਹੇ ਹਨ। ਇਸ ਵਕਤ ਬੇਗਰਜ਼ ਸੇਵਕਾਂ ਦੀ ਸੇਵਾ ਦੀ ਲੋੜ ਹੈ। ਸੋ ਜੇ ਦਰਦ ਹੈ ਤਾਂ ਨਿਤਰੋ, ਨਹੀਂ ਤਾਂ ਦੁਨੀਆਂ ਵਿਚ ਨਿਰੇ ਬਕਵਾਸ ਨਾਲ ਕੁਝ ਨਹੀਂ ਬਣਿਆ, ਆਪਣਾ ਆਪ ਵਾਰੋ ਤਾਂ ਬਾਹਰ ਦੇ ਹੱਲਿਆਂ ਤੇ ਆਪਣੇ ਰੋਗਾਂ ਤੇ ਕੌਮ ਬਚ ਸਕੇਗੀ, ਪਰ ਇਥੇ ਆਨੰਦ ਲੈਣ ਤੇ ਆਪਣੀ ਆਪਣੀ ਗਰਜ਼ ਪੂਰੀ ਕਰਨ ਦੇ ਨਸ਼ੇ ਚੜ੍ਹੇ ਹੋਏ ਹਨ। ਨਗਾਰਖਾਨੇ ਮੇਂ ਤੂਤੀ ਕੀ ਆਵਾਜ਼ ਕੌਣ ਸੁਣਤਾ ਹੈ।

**ਕਾਵਿ ਜਗਤ**

## ਤੇਰੇ ਬਗੈਰ ਦੋਸਤਾ

ਸੁੰਞੀ ਪਈ ਹੈ ਮਹਿਫਿਲ, ਤੇਰੇ ਬਗੈਰ ਦੋਸਤਾ।
ਉਦਾਸ ਗਲੀਆਂ ਨੇ, ਉਦਾਸ ਸ਼ਹਿਰ ਦੋਸਤਾ।

ਬੜੀ ਕਾਹਲੀ ਕੀਤੀ ਏ, ਬੇਵਕਤਾ ਜਾਣ ਦੀ
ਕਿੰਨਾ ਚੰਗਾ ਹੁੰਦਾ ਹੋਰ ਜਾਂਦੋ ਠਹਿਰ ਦੋਸਤਾ।

ਜਾਣ ਲੱਗੇ ਪਿਛੇ ਮੁੜ ਕੇ ਵੇਖਿਆ ਈ ਨਹੀਂ
ਕੀ ਬੀਤੇਗੀ ਮਹਿਫਿਲ 'ਤੇ ਤੇਰੇ ਬਗੈਰ ਦੋਸਤਾ।

ਛੋਹਿਆ ਸੀ ਜਿਹੜਾ ਗੀਤ ਅਜੇ ਅਧੂਰਾ ਹੈ
ਕਿੰਵ ਕਰਾਂਗੇ ਪੂਰੀ ਉਹਦੀ ਬਹਿਰ ਦੋਸਤਾ।

ਅਧਵਾਟੇ ਖਾਬ ਟੁੱਟ ਗਿਆ ਜੋ ਵੇਖਿਆ ਸੀ
ਹਨੇਰਾ ਛਾ ਗਿਆ ਅੱਜ ਤੇਰੇ ਬਗੈਰ ਦੋਸਤਾ।

ਤੂੰ, ਔਝੜੇ ਰਾਹਵਾਂ ਦਾ ਅਣਥੱਕ ਪਾਂਧੀ ਸੈਂ
ਤੁਫਾਨੀ ਸਮੁੰਦਰਾਂ 'ਚ ਉਠਦੀ ਲਹਿਰ ਦੋਸਤਾ।

ਤੂੰ ਵਕਤ ਦੀ ਦੀਵਾਰ ਤੇ ਉਕਰਿਆ ਸੱਚ ਸੈਂ
ਸਮੇਂ ਦਾ ਸ਼ਾਹਸਵਾਰ ਆਗੂ, ਮਹਿਰ ਦੋਸਤਾ।

ਤੂੰ ਜ਼ਬਰ ਦੇ ਮਾਰੂਥਲ 'ਚ ਉਗਿਆ ਫੁੱਲ ਸੈਂ
ਲੂਅ, ਨ੍ਹੇਰੀ ਪੋਹ ਸਕੀ ਨਾ ਦੁਪਹਿਰ ਦੋਸਤਾ।

ਹੱਕ-ਸੱਚ ਦੇ ਰਾਹ 'ਚ ਮੁਸੀਬਤਾਂ ਦੇ ਰੂਬਰੂ
ਹਮੇਸ਼ਾ, ਮੰਗਦਾ ਰਿਹੋਂ ਸਭ ਦੀ ਖੈਰ ਦੋਸਤਾ।

ਜ਼ਬਰ ਦੀ ਕੁਠਾਲੀ 'ਚੋਂ ਢਲਿਆ ਕੁੰਦਨ ਹੋ ਕੇ
ਖਿੜ੍ਹੇ ਮੱਥੇ ਝੱਲ ਮੁਸ਼ਕਿਲਾਂ ਪੈਰ-ਪੈਰ ਦੋਸਤਾ।

ਤੂੰ ਗਿਲੇ, ਰੋਸਿਆਂ ਤੋਂ ਉਚਾ ਸਰਬਸਾਂਝਾ ਸੈਂ
ਦੁਸ਼ਮਣਾਂ ਨਾਲ ਵੀ ਨਾ ਰਖਿਆ ਵੈਰ ਦੋਸਤਾ।

ਤੂੰ ਨਿਰਭੈ ਯੋਧਾ, ਜੁਝਾਰੂ, ਜਿੰਦਾ ਸ਼ਹੀਦ ਸੈਂ
ਜਾਨ 'ਤੇ ਖੇਡ ਕੇ ਜਿੰਦਾ ਰੱਖੀ ਲਹਿਰ ਦੋਸਤਾ।

ਉਹ ਰਾਹ ਅੱਜ ਵੀ ਤੇਰਾ ਰਾਹ ਤੱਕ ਰਹੇ ਨੇ
ਜਿਨ੍ਹਾਂ ਰਾਹਵਾਂ 'ਤੇ ਤੂੰ ਧਰੇ ਸਨ ਪੈਰ ਦੋਸਤਾ।

ਸਭ ਤੇਰੇ ਆਪਣੇ ਸਨ, ਕੋਈ ਦੂਜਾ ਨਹੀਂ ਸੀ
ਮੰਨਦੇ ਨੇ ਸਭ ਆਪਣੇ, ਬੇਗਾਨੇ, ਗੈਰ ਦੋਸਤਾ।

ਤੇਰੀ ਦ੍ਰਿੜ੍ਹਤਾ, ਹਲੀਮੀ-ਸਾਦਗੀ ਦੀ ਖੁਸ਼ਬੋ
ਮਹਿਕਾਏ ਸੀ ਰਾਤ, ਦਿਨ, ਦੁਪਹਿਰ ਦੋਸਤਾ।

ਤੇਰੇ, ਵਿਛੋੜੇ ਨੇ ਜ਼ਮੀਰਾਂ, ਰੂਹਾਂ ਨੂੰ ਹਲੂਣ ਕੇ
ਲਾਹਿਆ ਏ ਨਿਪੁੰਸਕਤਾ ਦਾ ਜ਼ਹਿਰ ਦੋਸਤਾ।

ਟੁੱਟਦਾ ਤਾਰਾ ਜਿਵੇਂ ਚਾਨਣ ਦੀ ਲੀਕ ਛੱਡਦੈ
ਰੁਸ਼ਨਾਅ ਦਿੰਦਾ ਏ ਹਨੇਰੇ ਦੀ ਗਹਿਰ ਦੋਸਤਾ।

ਤੇਰੀ ਕੁਰਬਾਨੀ ਰਾਹਾਂ ਰੁਸ਼ਨਾਉਂਦੀ ਰਹੇਗੀ
ਹਰ ਪਲ, ਹਰੇਕ ਛਿੰਨ, ਅੱਠੇ ਪਹਿਰ ਦੋਸਤਾ।

*-ਚੰਨ, ਫੋਨ:908-788-8427*

# ਮੋਤੀ: ਗਦਰੀ ਬਾਬਿਆਂ ਦਾ ਹਰਕਾਰਾ

***ਡਾ. ਗੁਰੂਮੇਲ ਸਿੱਧੂ ਦੀ ਇਹ ਦਿਲਚਸਪ ਲਿਖਤ ਜੇਲ੍ਹ ਅੰਦਰਲੇ ਜੀਵਨ ਦੇ ਨਾਲ-ਨਾਲ ਮਨੁੱਖੀ ਮਨ ਦੀ ਬੁਲੰਦੀ ਦੀ ਬਾਤ ਵੀ ਪਾਉਂਦੀ ਹੈ। ਲੇਖਕ ਨੇ ਆਪਣੀ ਲਿਖਤ ਦਾ ਆਧਾਰ ਆਜ਼ਾਦੀ ਘੁਲਾਟੀਆਂ ਨਾਲ ਜੁੜੀਆਂ ਘਟਨਾਵਾਂ ਨੂੰ ਬਣਾਇਆ ਹੈ। ਜੇਲ੍ਹ ਦੌਰਾਨ ਕਿਵੇਂ ਇਕ ਕੁੱਤਾ ਇਨਸਾਨੀ ਜ਼ਿੰਦਗੀ ਦਾ ਹੀ ਹਿੱਸਾ ਬਣ ਜਾਂਦਾ ਹੈ ਅਤੇ ਕਿਵੇਂ ਇਹ ਜਾਪਣ ਲੱਗਦਾ ਹੈ ਕਿ ਆਜ਼ਾਦੀ ਘੁਲਾਟੀਏ ਕਾਮਰੇਡ ਵਾਸਦੇਵ ਸਿੰਘ ਦਾ ਇਹ ਕੁੱਤਾ 'ਮੋਤੀ' ਵੀ ਇਕ ਆਜ਼ਾਦੀ ਘੁਲਾਟੀਆ ਹੀ ਹੈ, ਇਸੇ ਵਾਰਤਾ ਨੂੰ ਆਪਣੇ ਇਸ ਲੇਖ ਵਿਚ ਡਾ. ਸਿੱਧੂ ਨੇ ਚਿਤਰਿਆ ਹੈ। -ਸੰਪਾਦਕ***

ਮੋਤੀ, ਗਦਰੀ ਬਾਬਿਆਂ ਦਾ ਪਾਲਤੂ ਕੁੱਤਾ ਸੀ। ਉਸ ਦੇ ਨਾਂ ਦੀ ਕਹਾਣੀ ਬਾਬਾ ਸੋਹਣ ਸਿੰਘ ਭਕਨਾ ਦੇ ਘਰੋਂ ਸ਼ੁਰੂ ਹੁੰਦੀ ਹੈ। ਬਾਬਾ ਭਕਨਾ ਬਾਰੇ ਕੁਝ ਕਹਿਣਾ, ਸੂਰਜ ਨੂੰ ਦੀਵਾ ਦਿਖਾਉਣਾ ਹੈ। ਤਾਂ ਵੀ ਏਨਾ ਕੁ ਦੱਸਣਾ ਕੁਥਾਵਾਂ ਨਹੀਂ ਕਿ ਬਾਬਾ ਜੀ ਨੇ 1912 ਵਿਚ ਅਮਰੀਕਾ ਵਿਖੇ ਗਦਰ ਪਾਰਟੀ ਦਾ ਮੁੱਢ ਬੰਨ੍ਹ ਕੇ ਹਿੰਦੋਸਤਾਨ ਦੇ ਗਲੋਂ ਗੁਲਾਮੀ ਦਾ ਜੂਲਾ ਲਾਹੁਣ ਲਈ ਮੈਦਾਨ ਸਾਫ ਕੀਤਾ। ਮੋਤੀ ਬਾਬਾ ਜੀ ਦੇ ਬਾੜੇ ਵਿਚ ਰਹਿੰਦਾ ਸੀ। ਦੇਖਣ ਨੂੰ ਉਹ ਕੁੱਤਾ ਸੀ, ਪਰ ਵਿਹਾਰ ਕਰੀਬ ਬੰਦਿਆਂ ਵਾਲੇ ਸਨ। ਕਈ ਬੰਦੇ ਸ਼ਕਲ-ਸੂਰਤ ਤੋਂ ਇਨਸਾਨ ਲਗਦੇ ਹਨ, ਹਰਕਤਾਂ ਕੁੱਤਿਆਂ

**ਡਾ. ਗੁਰੂਮੇਲ ਸਿੱਧੂ**

ਵਾਲੀਆਂ ਕਰਦੇ ਹਨ। ਮੋਤੀ ਇਸ ਦੇ ਉਲਟ ਸੀ।

ਜੰਗੇ ਆਜ਼ਾਦੀ ਦੇ ਦਿਨੀਂ ਕਾਮਰੇਡ ਵਾਸਦੇਵ ਸਿੰਘ ਕੈਦ 'ਚੋਂ ਰਿਹਾ ਹੋ ਕੇ ਕੁਝ ਦਿਨ ਬਾਬਾ ਭਕਨਾ ਦੇ ਵਾੜੇ 'ਚ ਰਿਹਾ। ਓਥੇ ਉਹ ਚਿੱਟੇ ਰੰਗ ਦੇ ਪਾਲਤੂ ਕੁੱਤੇ ਮੋਤੀ ਨੂੰ ਮਿਲਿਆ। ਬੰਦਿਆਂ ਵਾਂਗ ਮੋਤੀ ਦਾ ਅੰਨ ਪਾਣੀ ਵੀ ਬਾਬਾ ਜੀ ਦੇ ਲੰਗਰੋਂ ਆਉਂਦਾ ਸੀ। ਬਾਬਾ ਜੀ ਜਦ ਰਾਜਨੀਤੀ ਦੀਆਂ ਉਲਝੀਆਂ ਪਿੜੀਆਂ ਖੋਲ੍ਹਣ ਬੈਠਦੇ ਤਾਂ ਮੋਤੀ ਕੋਲ ਆ ਬਹਿੰਦਾ। ਉਹ ਸੁਤੇ ਸਿਧੇ ਮੋਤੀ ਦੇ ਸਿਰ 'ਤੇ ਹੱਥ ਫੇਰੀ ਜਾਂਦੇ। ਕੁਝ ਦਿਨਾਂ ਵਿਚ ਹੀ ਵਾਸਦੇਵ ਸਿੰਘ ਦਾ ਮੋਤੀ ਨਾਲ ਨਿਹੁੰ ਪੈ ਗਿਆ। ਬਾਬਾ ਜੀ ਆਏ-ਗਏ ਨਾਲ ਰੁੱਝੇ ਰਹਿੰਦੇ, ਮੋਤੀ ਕਾਮਰੇਡ ਕੋਲ ਆ ਬਹਿੰਦਾ। ਜੇ ਉਹ ਝਕਾਨੀ ਦੇ ਕੇ ਕਿਤੇ ਲੁਕ ਕੇ ਪੁਸਤਕ ਪੜ੍ਹਨ ਬੈਠਦੇ ਤਾਂ ਮੋਤੀ ਸੁੰਘ-ਸੁੰਘਾ ਕੇ ਉਨ੍ਹਾਂ ਨੂੰ ਲੱਭ ਲੈਂਦਾ। ਵਾੜੇ 'ਚੋਂ ਰੁਖਸਤ ਹੋਣ ਵੇਲੇ ਵਾਸਦੇਵ ਸਿੰਘ ਨੇ ਬਾਬਾ ਜੀ ਨੂੰ ਗਲਵੱਕੜੀ ਪਾਈ ਤੇ ਮੋਤੀ ਨੂੰ ਪਿਆਰ ਦਿੱਤਾ। ਜਦ ਉਹ ਥੋੜ੍ਹੀ ਦੂਰ ਚਲੇ ਗਏ ਤਾਂ ਮੋਤੀ ਪਿੱਛੇ ਭੱਜਿਆ। ਬਾਬਾ ਜੀ ਨੇ ਮਸਾਂ ਪੁਚਕਾਰ ਕੇ ਵਾਪਸ ਬੁਲਾਇਆ ਤੇ ਕਾਮਰੇਡ ਮੋਤੀ ਬਾਰੇ ਸੋਚਦਾ ਪੈਰ ਘਸੇਂਦਾ ਤੁਰਿਆ ਆਇਆ।

ਵਾਸਦੇਵ ਸਿੰਘ ਨੂੰ ਕ੍ਰਾਂਤੀਕਾਰੀ ਗਤੀਵਿਧੀਆਂ ਕਰਕੇ ਸਰਕਾਰ ਨੇ ਲਾਹੌਰ ਦੀ ਸੈਂਟਰਲ ਜੇਲ੍ਹ ਵਿਚ ਬੰਦ ਕੀਤਾ ਹੋਇਆ ਸੀ। ਕਾਮਰੇਡ ਚੰਨਣ ਸਿੰਘ ਪਹਿਲਾਂ ਹੀ ਜੇਲ੍ਹ ਵਿਚ ਸਨ। ਇਕ ਵਾਰ ਟਰੱਕ ਡਰਾਈਵਰ ਜੇਲ੍ਹ ਦੇ ਸਟੋਰ ਨੂੰ ਸਮਾਨ ਦੇਣ ਆਇਆ। ਉਸ ਪਾਸ ਇਕ ਕਤੂਰਾ ਸੀ ਜੋ ਜੇਲ੍ਹ ਦੇ ਡੀ. ਆਈ. ਜੀ. ਦੀ ਕੋਠੀ ਤੋਂ ਮਿਲਿਆ ਸੀ। ਕਤੂਰੇ ਨੇ ਅਜੇ ਅੱਖਾਂ ਪੂਰੀਆਂ ਨਹੀਂ ਸਨ ਖੋਲ੍ਹੀਆਂ। ਸਟੋਰ ਦੇ ਨੰਬਰਦਾਰ (ਕੈਦੀਆਂ ਦੀ ਦੇਖ ਭਾਲ ਕਰਨ ਵਾਲਾ) ਨੂੰ ਇਹ ਪਸੰਦ ਆ ਗਿਆ ਤੇ ਡਰਾਈਵਰ ਨੂੰ ਕਿਹਾ, ਕੈਦੀਆਂ ਨੇ ਜੇਲ੍ਹ ਵਿਚ ਕਦੇ ਕੁੱਤਾ ਨਹੀਂ ਦੇਖਿਆ, ਜੇ ਦੇਵੇਂ ਤਾਂ ਉਨ੍ਹਾਂ ਨੂੰ ਦਿਖਾ ਲਿਆਵਾਂ! ਹਾਂ ਕਰਨ 'ਤੇ ਕਤੂਰੇ ਨੂੰ 'ਸ਼ਾਹੀ ਕੈਦੀਆਂ ਦੇ ਵਾਰਡ' ਵਿਚ ਲੈ ਆਇਆ। ਲਾਹੌਰ ਦੀ ਜੇਲ੍ਹ ਦੇ ਕੁਝ ਕਮਰਿਆਂ ਨੂੰ 'ਸ਼ਾਹੀ ਕੈਦੀਆਂ ਦਾ ਵਾਰਡ' ਕਿਹਾ ਜਾਂਦਾ ਸੀ ਕਿਉਂਕਿ, ਇਹ ਵਾਰ-ਵਾਰ ਜੇਲ੍ਹ ਆਉਣ ਵਾਲੇ ਗਦਰੀ ਬਾਬਿਆਂ ਲਈ ਰਾਖਵੇਂ ਸਨ।

ਵਾਸਦੇਵ ਸਿੰਘ ਨੇ ਕਤੂਰੇ ਨੂੰ ਗੋਦੀ ਚੁੱਕ ਕੇ ਕਿਹਾ, 'ਬੜਾ ਸੋਹਣਾ ਏ।' ਨਾਲ ਦੇ ਕੈਦੀ ਖੋਹ ਕੇ ਅਹਾਤੇ ਵਿਚ ਲੈ ਗਏ। ਉਥੇ ਕੇਵਲ ਦਰੋਗਾ ਜਾ ਸਕਦਾ ਸੀ, ਹੋਰ ਕਿਸੇ ਦੀ ਕੀ ਮਜਾਲ ਕਿ ਅੰਦਰ ਵੜ ਸਕੇ। ਵਾਸਦੇਵ ਸਿੰਘ ਪੁਰਾਣਾ ਸ਼ਾਹੀ ਕੈਦੀ ਸੀ। ਉਸ ਨੇ ਕਿਹਾ, 'ਜਾ ਡਰਾਈਵਰ ਨੂੰ ਕਹਿ ਦੇਹ, ਮੈਂ ਰੱਖ ਲਿਆ।' ਡਰਾਈਵਰ ਕਤੂਰਾ ਮੰਗੇ ਤੇ ਕੈਦੀ ਹੱਥਾਂ ਨਾਲ ਚਲੇ ਜਾਣ ਦਾ ਇਸ਼ਾਰਾ ਕਰਨ। ਡਰਾਈਵਰ ਨੇ ਸਟੋਰ ਕੀਪਰ ਨੂੰ ਕਤੂਰਾ ਵਾਪਸ ਦੁਆਉਣ ਲਈ ਬੇਨਤੀ ਕੀਤੀ। ਉਸ ਨੇ ਅੱਗੋਂ ਦਬਕਾ ਮਾਰਿਆ, 'ਬੇਵਕੂਫਾ ਤੂੰ ਕਤੂਰਾ ਭਾਲਦੈਂ, ਤੈਨੂੰ ਪਤਾ ਸੀ ਜੇਲ੍ਹ ਅੰਦਰ ਕਤੂਰਾ ਲਿਆਉਣਾ ਮਨ੍ਹਾ ਹੈ, ਤੂੰ ਕਿਉਂ ਲਿਆਇਆ, ਚੁੱਪ ਕਰਕੇ ਪਾਸਾ ਵੱਟ, ਉਲਟਾ ਫਸ ਜਾਏਂਗਾ।'

ਹਾਰ ਕੇ ਉਹ ਤੁਰ ਪਿਆ ਤੇ ਕਤੂਰਾ ਜੇਲ੍ਹੀਆਂ ਪਾਸ ਰਹਿ ਗਿਆ। ਬੁਲਟੇਰੀਅਨ ਨਸਲ ਦੇ, ਚਿੱਟੇ ਰੰਗ ਦੇ ਇਕ ਕੰਨੋ ਲਾਲ ਇਸ ਕਤੂਰੇ ਨੇ, ਵਾਸਦੇਵ ਨੂੰ ਬਾਬਾ ਭਕਨਾ ਦੇ ਮੋਤੀ ਦੀ ਯਾਦ ਤਾਜਾ ਕਰਾ ਦਿੱਤੀ। ਉਸ ਨੇ ਕਤੂਰੇ ਦਾ ਨਾਂ 'ਮੋਤੀ' ਰੱਖ ਦਿੱਤਾ। ਜੇਲ੍ਹ ਦੇ ਨੰਬਰਦਾਰ ਨੂੰ ਕਿਹਾ ਕਿ ਕਤੂਰੇ ਨੂੰ ਸਿਖਾਉਣਾ ਸ਼ੁਰੂ ਕਰੇ। ਨੰਬਰਦਾਰ ਕਤੂਰੇ ਨੂੰ ਨਾਲ ਸੁਆ ਲੈਂਦਾ। ਸਿਆਣੀ ਨਸਲ ਦਾ ਹੋਣ ਕਰਕੇ ਉਹ ਬਿਸਤਰੇ 'ਤੇ ਟੱਟੀ ਪਿਸ਼ਾਬ ਨਾ ਕਰਦਾ। ਹਾਜਤ ਵੇਲੇ ਚੂੰ-ਚੂੰ ਕਰਦਾ ਤਾਂ ਉਸ ਨੂੰ ਬਾਹਰ ਕੱਢ ਦਿੱਤਾ ਜਾਂਦਾ। ਹਾਜਤ ਕਰ ਕੇ ਬਿਸਤਰੇ ਵਿਚ ਆ ਵੜਦਾ। ਨੰਬਰਦਾਰ ਰੋਟੀ ਵਗੈਰਾ ਦਾ ਖਿਆਲ ਰਖਦਾ, ਕਦੇ ਕਦੇ ਕੈਦੀ ਵੀ ਰੋਟੀ ਪਾ ਦਿੰਦੇ। ਸੇਵਾ ਚੰਗੀ ਸੀ, ਦੋ ਕੁ ਮਹੀਨਿਆਂ ਵਿਚ ਮੋਤੀ ਨੇ ਕੱਦਕਾਠ ਕੱਢ ਲਿਆ। ਨੰਬਰਦਾਰ ਨੇ ਮੋਤੀ ਨੂੰ ਅਗਲੀਆਂ ਲੱਤਾਂ ਚੁੱਕ ਸਲੂਟ ਮਾਰਨਾ, ਹੱਥ ਮਿਲਾਉਣਾ ਤੇ ਮੂੰਹ ਨਾਲ ਚੀਜ਼ ਫੜ੍ਹਨਾ ਸਿਖਾ ਲਿਆ। ਝੱਟ ਹੀ ਮੋਤੀ ਨੰਬਰਦਾਰ ਦਾ ਫਰਮਾਬਰਦਾਰ ਸਾਥੀ ਬਣ ਗਿਆ। ਜੋ ਚੀਜ਼ ਕਾਗਜ਼ 'ਚ ਲਪੇਟ ਕੇ ਦਿੰਦਾ, ਸਿੱਧਾ ਕਾਮਰੇਡ ਵਾਸਦੇਵ ਕੋਲ ਲੈ ਆਉਂਦਾ। ਦਰਬਾਨ ਡਾਕ ਦਾ ਬੰਡਲ ਬਣਾ ਕੇ ਦਿੰਦਾ ਤਾਂ ਉਹ ਪੋਲੇ ਜਿਹੇ ਮੂੰਹ ਨਾਲ ਫੜ੍ਹ ਕੇ ਟਿਕਾਣੇ 'ਤੇ ਪੁਚਾ ਦਿੰਦਾ। ਕਿਸੇ ਦੀ ਕੀ ਮਜਾਲ, ਰਾਹ 'ਚੋਂ ਖੋ ਲਵੇ। ਮੋਤੀ ਐਨਾ ਸਿਆਣਾ ਹੋ ਗਿਆ ਕਿ ਇਸ਼ਾਰਿਆਂ 'ਤੇ ਹੁਕਮ ਵਜਾਉਣਾ ਅਤੇ ਡਿਊਟੀ ਨਿਭਾਉਣਾ ਸਿੱਖ ਗਿਆ। ਇਸ ਦੀ ਇਕ ਮਿਸਾਲ ਹਾਜ਼ਰ ਹੈ।

ਵਾਸਦੇਵ ਨੇ ਸਟੋਰ 'ਚੋਂ ਦੋ ਲੀਟਰ ਘਿਉ ਉਧਾਰ ਲਿਆ ਹੋਇਆ ਸੀ। ਉਸ ਨੇ ਸਟੋਰ ਕੀਪਰ ਨਾਲ ਸ਼ਰਤ ਲਾ ਲਈ ਕਿ ਦੋ ਲੀਟਰ ਘਿਉ ਦਾ ਡੱਬਾ ਮੋਤੀ ਨੂੰ ਫੜ੍ਹਾ ਦੇਵੇ ਤੇ ਉਸ ਤੋਂ ਖੋਹਣ ਲਈ ਕਾਮਿਆਂ ਨੂੰ ਕਹਿ ਦੇਵੇ। ਜਿਹੜਾ ਖੋਹ ਲਵੇ, ਘਿਉ ਉਸ ਦਾ। ਜੇ ਮੋਤੀ ਅਹਾਤੇ ਵਿਚ ਲੈ ਆਵੇ ਤਾਂ ਸਾਡਾ। ਬਥੇਰਾ ਜ਼ੋਰ ਲਾਇਆ, ਡੱਬਾ ਕਿਸੇ ਤੋਂ ਵੀ ਨਾ ਖੋਹ ਹੋਇਆ। ਮੋਤੀ ਘਿਉ ਲੈ ਕੇ ਸਿੱਧਾ ਕਾਮਰੇਡ ਪਾਸ ਪਹੁੰਚ ਗਿਆ।

19 ਜਨਵਰੀ 1939 ਨੂੰ ਪੰਜ ਕੁ ਵਜੇ, ਲਾਹੌਰ ਦੀ ਕਚਹਿਰੀ 'ਚੋਂ ਜੇਲ੍ਹ ਦੀ ਦਫਤਰੀ ਕਾਰਵਾਈ ਪੂਰੀ ਕਰ ਕੇ ਕਾਮਰੇਡ ਅਰਜਨ ਸਿੰਘ ਗੜਗੱਜ ਨੇ ਦੁਬਾਰਾ ਲਾਹੌਰ ਜੇਲ੍ਹ ਅੰਦਰ ਪੈਰ ਧਰਿਆ। ਗੜਗੱਜ ਹੋਰਾਂ ਗੁਰਦੁਆਰਾ ਸੁਧਾਰ ਲਹਿਰ ਅਤੇ ਬੱਬਰ ਅਕਾਲੀ ਅੰਦੋਲਨ ਵਿਚ ਵਧ ਚੜ੍ਹ ਕੇ ਭਾਗ ਲਿਆ ਸੀ। ਜੇਲ੍ਹ ਦੇ ਮਾਹੌਲ ਤੋਂ ਉਹ ਪਹਿਲਾਂ ਹੀ ਜਾਣੂ ਸੀ ਕਿਉਂਕਿ ਪਿਛਲੇ 17 ਸਾਲਾਂ ਵਿਚ ਕੋਈ ਵਰ੍ਹਾ ਹੀ ਬੀਤਿਆ ਹੋਵੇਗਾ ਜਦੋਂ ਉਸ ਨੂੰ ਕਿਸੇ ਨਾ ਕਿਸੇ ਸਿਆਸੀ ਸਰਗਰਮੀ ਤਹਿਤ ਜੇਲ੍ਹ ਨਾ ਹੋਈ ਹੋਵੇ। ਜੇਲ੍ਹ ਵਿਚ ਉਨ੍ਹਾਂ ਦੀ ਇਹ ਚੌਥੀ ਫੇਰੀ ਸੀ। ਜੇਲ੍ਹ ਦੇ ਦਰਵਾਜੇ ਅੱਗੇ ਖੜ੍ਹਿਆਂ ਦੇਖ ਨੰਬਰਦਾਰ ਨੇ ਸਲੂਟ ਮਾਰਿਆ, "ਸਰਦਾਰ ਜੀ, ਮੋਤੀ ਤੁਹਾਨੂੰ ਲੈਣ ਆਇਆ ਹੈ।" ਨੰਬਰਦਾਰ ਨੇ ਮੋਤੀ ਨੂੰ ਕਿਹਾ, "ਸਰਦਾਰ ਜੀ ਨਾਲ ਹੱਥ ਮਿਲਾ।" ਮੋਤੀ ਝੱਟ ਖੜ੍ਹਾ ਹੋ ਗਿਆ ਅਤੇ ਪਿਛਲੇ ਪੈਰਾਂ 'ਤੇ ਬਹਿ ਕੇ ਸੱਜਾ ਪੈਰ ਚੁੱਕ ਕੇ ਅੱਗੇ ਵਧਾਇਆ।

ਗੜਗੱਜ ਹੋਰੀਂ ਲਿਖਦੇ ਹਨ, "ਮੈਨੂੰ ਮੋਤੀ (ਕੁੱਤਾ) ਲੈਣ ਆਇਆ ਸੀ, ਜਿਸ ਨੂੰ ਮੈਂ ਕੁਝ ਅਪਮਾਨ ਵੀ ਜਾਤਾ। ਮੋਤੀ ਨੇ ਪਿਛਲੇ ਪੈਰਾਂ 'ਤੇ ਬਹਿ ਕੇ ਅਗਲੇ ਦੋਵੇਂ ਪੈਰ ਚੁੱਕ ਕੇ ਮੈਨੂੰ ਸਲਾਮ ਕੀਤਾ ਤੇ ਮੇਰੇ ਵੱਲ ਬੜੀ ਲਾਡ ਭਰੀ ਨਜ਼ਰ ਨਾਲ ਵੇਖਣ ਲੱਗਾ। ਓਨਾ ਚਿਰ ਓਸੇ ਤਰ੍ਹਾਂ ਦੋਹ ਲੱਤਾਂ 'ਤੇ ਬੈਠਾ ਰਿਹਾ ਜਿੰਨਾ ਚਿਰ ਮੈਂ ਪੁਚਕਾਰ ਕੇ ਪਿਆਰ ਨਾ ਦਿੱਤਾ। ਇਸ ਗੱਲ ਨੇ ਮੇਰੇ ਅਪਮਾਨ ਵਾਲਾ ਭਰਮ ਦੂਰ ਕਰ ਦਿੱਤਾ।"

ਇਹ ਕੌਤਕ ਦੇਖ ਕੇ ਗੜਗੱਜ ਹੋਰਾਂ ਥੋੜ੍ਹਾ ਨਿਵ ਕੇ ਮਲਕੜੇ ਜਿਹੇ ਆਪਣਾ ਸੱਜਾ ਹੱਥ ਮੋਤੀ ਦੇ ਪੰਜੇ 'ਤੇ ਧਰ ਦਿੱਤਾ। ਪੰਜੇ ਨੂੰ ਪੋਲਾ ਜਿਹਾ ਘੁੱਟਿਆ ਤਾਂ ਮੋਤੀ ਦੀਆਂ ਅੱਖਾਂ 'ਚੋਂ ਹੰਝੂ ਡਲ੍ਹਕਣ ਲੱਗ ਪਏ। ਡਰ ਜਾਂ ਤੇਹ ਵੇਲੇ ਕੁੱਤੇ ਦੀਆਂ ਅੱਖਾਂ 'ਚੋਂ ਪਰਲ ਪਰਲ ਹੰਝੂ ਨਹੀਂ ਡਿਗਦੇ, ਅੱਖਾਂ ਸਿੱਲੀਆਂ ਹੋ ਜਾਂਦੀਆਂ ਹਨ। ਮੋਤੀ ਦੀਆਂ ਸਿਲ੍ਹੀਆਂ ਅੱਖਾਂ ਦੇਖ ਕੇ ਗੜਗੱਜ ਨੂੰ ਲੱਗਾ ਜਿਵੇਂ ਕੋਈ ਚਿਰ-ਵਿਛੁੰਨਾ ਮਿੱਤਰ ਮਿਲ ਗਿਆ ਹੋਵੇ। ਨੰਬਰਦਾਰ ਗੜਗੱਜ ਨੂੰ ਜੇਲ੍ਹ ਦਾ ਸ਼ਾਹੀ ਕਮਰਾ ਦਿਖਾਉਣ ਤੁਰ ਪਿਆ। ਗੜਗੱਜ ਹੋਰੀਂ ਜੇਲ੍ਹ ਅੰਦਰਲੇ ਇਸ ਸਫਰ ਬਾਰੇ ਲਿਖਦੇ ਹਨ:

"ਨੰਬਰਦਾਰ ਮੇਰਾ ਸਾਮਾਨ ਲੈ ਕੇ ਮੇਰੇ ਨਾਲ ਸੀ। ਅਸੀਂ ਦੋਵੇਂ ਮੋਤੀ ਦੇ ਪਿੱਛੇ-ਪਿਛੇ ਜਾ ਰਹੇ ਸਾਂ। ਕੋਈ ਅੱਧੀ ਫਰਲਾਂਗ ਜਾ ਕੇ ਮੋਤੀ ਸੱਜੇ ਬੰਨੇ ਮੁੜ ਪਿਆ। ਸਾਡਾ ਇਹ ਸੰਖੇਪ ਕਾਫਲਾ ਚੌਦਾਂ ਨੰਬਰ ਬਾਰਕ ਅੱਗੇ ਪੁੱਜਾ। ਇਸ ਬਾਰਕ ਵਿਚ ਉਹ ਫਾਂਸੀ-ਕੋਠੀਆਂ ਸਨ ਜਿਨ੍ਹਾਂ ਵਿਚ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀ, ਬੱਬਰ ਅਕਾਲੀ ਤੇ ਗਦਰ ਪਾਰਟੀ ਦੇ ਕਈ ਸ਼ਹੀਦ ਰਹਿ ਚੁਕੇ ਸਨ। ਗੱਲਾ-ਗੁਦਾਮ ਅੱਗੋਂ ਦੀ ਜਾਂਦਾ ਮੋਤੀ ਫਾਂਸੀ ਦਾ ਥੜ੍ਹਾ ਵੀ ਲੰਘ ਚੁਕਾ ਸੀ। ਅਸੀਂ ਉਸ ਦੇ ਪਿੱਛੇ-ਪਿਛੇ ਇਉਂ ਤੁਰੇ ਜਾ ਰਹੇ ਸਾਂ, ਜਿਵੇਂ ਪੁਲਿਸ ਵਾਲੇ ਖੋਜੀ ਕੁੱਤੇ ਦੇ ਪਿੱਛੇ-ਪਿੱਛੇ ਜਾ ਰਹੇ ਹੋਣ। ਜਿਸ ਸੜਕੇ ਮੋਤੀ ਸਾਨੂੰ ਲਿਜਾ ਰਿਹਾ ਸੀ, ਉਸ ਦੇ ਲਾਗੇ ਚਾਗੇ ਕੰਮ ਕਰਨ ਵਾਲੇ, ਨਾਲ ਦੀਆਂ ਬਾਰਕਾਂ ਤੇ ਫਾਂਸੀ-ਕੋਠੀਆਂ ਵਾਲੇ ਜਾਂ ਗੁਦਾਮ ਵਿਚ ਕੰਮ ਕਰਨ ਵਾਲੇ ਤੇ ਕੈਦੀ ਪਹਿਰੇਦਾਰ, 'ਸ਼ਾਹੀ ਕੈਦੀਆਂ ਦਾ ਕੁੱਤਾ ਜਾ ਰਿਹਾ ਹੈ' ਆਖ-ਆਖ ਚਾਈਂ ਚਾਈਂ ਸਾਨੂੰ ਵੇਖ ਰਹੇ ਸਨ ਜਿਵੇਂ, ਕਿਸੇ ਵਜ਼ੀਰ, ਲੀਡਰ ਜਾਂ ਹੋਰ ਕਿਸੇ ਵੱਡੇ ਪੁਰਸ਼ ਦਾ ਜਲੂਸ ਲੰਘਣ ਵੇਲੇ ਘਰਾਂ ਤੇ ਬਾਜ਼ਾਰਾਂ ਦੇ ਲੋਕ ਸੜਕਾਂ ਦੇ ਕੰਢਿਆਂ 'ਤੇ ਆਣ ਕੇ ਵੇਖਦੇ ਹਨ।"



***ਆਜ਼ਾਦੀ ਘੁਲਾਟੀਆਂ ਦੇ ਹਰਕਾਰੇ 'ਮੋਤੀ' ਨਾਲ ਕਾਮਰੇਡ ਵਾਸਦੇਵ ਸਿੰਘ***

ਮੋਤੀ 'ਸ਼ਾਹੀ-ਵਾਰਡ' ਦੇ ਦਰਵਾਜੇ ਅੱਗੇ ਬਹਿ ਗਿਆ ਤੇ ਪੂਛ ਹਿਲਾਉਣ ਲੱਗਾ। ਨੰਬਰਦਾਰ ਨੇ ਦੱਸਿਆ ਕਿ ਹੁਣ ਇਹ ਅੰਦਰ ਜਾ ਕੇ ਸ਼ਾਹੀ ਕੈਦੀਆਂ ਨੂੰ ਤੁਹਾਡੇ ਆਉਣ ਬਾਰੇ ਦੱਸੇਗਾ। ਸ਼ਾਹੀ ਕੈਦੀਆਂ 'ਚੋਂ ਇਕ ਵਾਸਦੇਵ ਸਿੰਘ ਸੀ ਜੋ 11 ਸਾਲਾਂ ਤੋਂ ਜੇਲ੍ਹ ਵਿਚ ਬੰਦ ਸੀ ਅਤੇ ਦੂਜਾ ਚੰਨਣ ਸਿੰਘ ਸੱਤਾਂ ਸਾਲਾਂ ਤੋਂ ਨਜ਼ਰਬੰਦ ਸੀ। ਵਾਸਦੇਵ ਸਿੰਘ ਬੀਮਾਰ ਸੀ ਤੇ ਚੰਨਣ ਸਿੰਘ ਸਰ੍ਹਾਣੇ ਬੈਠਾ ਉਨ੍ਹਾਂ ਦੀ ਸੇਵਾ ਕਰ ਰਿਹਾ ਸੀ। ਦੋਹਾਂ ਨੇ ਮੋਤੀ ਨੂੰ ਪਾਲਿਆ ਸੀ ਤੇ ਗੜਗੱਜ ਨੂੰ ਲਿਆਉਣ ਲਈ ਭੇਜਿਆ ਸੀ। ਗੜਗੱਜ ਹੋਰੀ ਲਿਖਦੇ ਹਨ, "ਮੋਤੀ ਨੇ ਉਵੇਂ ਕੀਤਾ ਜਿਵੇਂ ਕਿਸੇ ਵੱਡੇ ਘਰ ਬਾਹਰੋਂ ਆਏ ਮਹਿਮਾਨ ਨੂੰ ਦੇਖ ਕੇ ਨੌਕਰ ਮਾਲਕ ਮਕਾਨ ਨੂੰ ਖਬਰ ਕਰਨ ਅੰਦਰ ਜਾਂਦਾ ਹੈ।" ਮੋਤੀ ਅੰਦਰ ਗਿਆ ਤੇ ਚੰਨਣ ਸਿੰਘ ਨੂੰ ਲੈ ਆਇਆ। ਬਗਲਗੀਰ ਹੋ ਕੇ ਦੋਵੇਂ ਵਾਸਦੇਵ ਸਿੰਘ ਵਲ ਤੁਰ ਪਏ। ਗੜਗੱਜ ਅਤੇ ਚੰਨਣ ਸਿੰਘ ਅੱਗੇ ਤੇ ਮੋਤੀ ਪਿੱਛੇ ਤੁਰ ਪਿਆ। ਮੋਤੀ ਨੇ ਮੰਜੇ ਦੀ ਬਾਹੀ ਲਾਗੇ ਬਹਿ ਕੇ ਵਾਸਦੇਵ ਸਿੰਘ ਨੂੰ ਸਲਾਮ ਕੀਤਾ। ਮੋਤੀ ਦੇ ਸਿਰ 'ਤੇ ਹੱਥ ਫੇਰਦਾ ਉਹ, ਗੜਗੱਜ ਨੂੰ ਦੇਖਦਿਆਂ ਸਾਰ ਉਠ ਕੇ ਬਹਿ ਗਿਆ। ਉਹ ਇਉਂ ਮਿਲੇ ਜਿਵੇਂ ਚਿਰਾਂ ਪਿੱਛੋਂ ਵਿਛੜੇ ਯਾਰ ਮਿਲਦੇ ਹਨ। ਨੰਬਰਦਾਰ ਨੇ ਦਰਵਾਜੇ 'ਤੇ ਲਟਕੀ ਤਖਤੀ 'ਤੇ 2 ਕੱਟ ਕੇ 3 ਲਿਖ ਦਿੱਤਾ, ਭਾਵ ਹੁਣ ਸ਼ਾਹੀ ਵਾਰਡ ਵਿਚ ਤਿੰਨ ਸ਼ਾਹੀ ਕੈਦੀ ਹੋ ਗਏ ਹਨ।

ਇਹ ਤਿੰਨੇ ਯਾਰ ਅਕਸਰ ਕੈਦ ਵਿਚ ਹੀ ਮਿਲਦੇ ਸਨ, ਬਾਹਰ ਤਾਂ ਕਦੇ ਕਦਾਈਂ ਲੁਕ-ਛਿਪ ਮੇਲ ਮਿਲਾਪ ਹੁੰਦਾ ਸੀ, ਸਰਕਾਰ ਜੋ ਪਿੱਛੇ ਪਈ ਰਹਿੰਦੀ ਸੀ! ਪੁਰਾਣੀਆਂ ਅਤੇ ਨਵੀਆਂ ਯਾਦਾਂ ਤਾਜਾ ਕੀਤੀਆਂ ਅਤੇ ਕ੍ਰਾਂਤੀ ਬਾਰੇ ਗੱਲਾਂ-ਬਾਤਾਂ ਹੋਈਆਂ। ਮੋਤੀ ਦੁਆਲੇ ਇਉਂ ਫਿਰਨ ਲੱਗਾ ਜਿਵੇਂ ਸੱਸ ਘਰ ਆਏ ਜੁਆਈ ਦੇ ਅੱਗੇ ਪਿਛੇ ਫਿਰਦੀ ਹੈ। ਉਹ ਕਦੇ ਕਿਚਨ ਵਲ ਜਾਵੇ ਤੇ ਕਦੇ ਪੂਛ ਹਿਲਾਉਂਦਾ ਸ਼ਾਹੀ ਕੈਦੀਆਂ ਕੋਲ ਬਹਿ ਕੇ ਤੇਹ ਜਤਾਵੇ। ਮੋਤੀ ਦੇ ਸਿਰ 'ਤੇ ਹੱਥ ਫੇਰਦੇ ਤਾਂ ਬਾਂਹਾਂ ਨਾਲ ਮੂੰਹ ਘਸਾਉਂਦਾ ਹਸਰਤ ਭਰੀਆਂ ਨਜ਼ਰਾਂ ਨਾਲ ਦੇਖਦਾ। ਰਾਤ ਨੂੰ ਸੌਣ ਵੇਲੇ ਮੰਜਿਆਂ ਦੇ ਵਿਚਕਾਰ ਪੈ ਜਾਂਦਾ। ਸਵੇਰੇ ਉਠਦੇ ਤਾਂ ਅਖਬਾਰ ਲਿਆ ਕੇ ਸਰਾਹਣੇ ਰੱਖ ਦਿੰਦਾ। ਅਖਬਾਰ ਪੜ੍ਹ ਕੇ ਮੋਤੀ ਦੇ ਮੂੰਹ ਵਿਚ ਦੇ ਦਿੰਦੇ ਤਾਂ ਉਹ ਪ੍ਰੈਸ ਦੇ ਹਾਤੇ, ਬੀ. ਕਲਾਸ ਵਾਰਡ, ਕੌਕੇਸ਼ੀਅਨ ਵਾਰਡ, ਹਸਪਤਾਲ, ਵਰਦੀ-ਗੁਦਾਮ ਅਤੇ ਸਿਆਸਤ ਖਾਨਾ ਲੰਘ ਕੇ ਬੰਬ-ਕੇਸ ਵਾਰਡ ਦੇ ਸਿਆਸੀ ਕੈਦੀਆਂ ਨੂੰ ਦੇ ਦਿੰਦਾ। ਸਿਆਸੀ ਕੈਦੀਆਂ ਨਾਲ ਸ਼ਾਹੀ ਕੈਦੀਆਂ ਦੀ ਸੁਰ ਰਲਦੀ ਸੀ ਕਿਉਂਕਿ ਸਾਰੇ ਇਕੋ ਮਕਸਦ ਨਾਲ ਪ੍ਰਨਾਏ ਹੋਏ ਸਨ, ਉਹ ਸੀ ਹਿੰਦੋਸਤਾਨ ਨੂੰ ਆਜ਼ਾਦ ਕਰਾਉਣਾ। ਬੰਬ ਵਾਰਡ ਦੇ ਕੈਦੀ ਜੋ ਵੀ ਮੋਤੀ ਨੂੰ ਫੜ੍ਹਾਉਂਦੇ, ਉਹ ਲੈ ਕੇ ਉਨ੍ਹਾਂ ਪਾਸ ਪਹੁੰਚ ਜਾਂਦਾ। ਜੇਲ੍ਹ ਦੇ ਚੱਪੇ ਚੱਪੇ 'ਤੇ ਜਾਸੂਸ ਤੇ ਚੁਗਲ ਸਨ, ਉਨ੍ਹਾਂ ਤੋਂ ਅੱਖ ਬਚਾ ਕੇ ਮੋਤੀ ਆਪਣਾ ਫਰਜ਼ ਉਸੇ ਤਰ੍ਹਾ ਨਿਭਾਉਂਦਾ ਜਿਵੇਂ ਕੋਈ ਹਰਕਾਰਾ ਚਿੱਠੀਆਂ ਵੰਡਦਾ ਹੈ ਜਾਂ ਕੋਈ ਨਿੱਤਨੇਮੀ ਪਾਠ ਕਰਦਾ ਹੈ।

ਦਿਨ ਵੇਲੇ ਮੋਤੀ ਜੇਲ੍ਹ ਅੰਦਰ ਘੁੰਮ-ਫਿਰ ਆਉਂਦਾ ਤੇ ਰਾਤ ਨੂੰ ਸ਼ਾਹੀ ਕੈਦੀਆਂ ਪਾਸ ਸੌਂ ਜਾਂਦਾ। ਕੈਦ ਵਿਚ ਵਕਤ ਕੱਟਣ ਲਈ ਗੜਗੱਜ ਹੋਰਾਂ ਇਕ ਤੋਤਾ ਪਾਲਿਆ ਹੋਇਆ ਸੀ। ਉਸ ਨੂੰ ਸਲਾਮ ਕਰਨਾ ਸਿਖਾ ਲਿਆ। ਜਦ ਕੋਈ ਮਿਲਣ ਆਉਂਦਾ ਤਾਂ ਤੋਤਾ ਇਕ ਪੈਰ ਚੁਕ ਕੇ ਸਲਾਮ ਕਰਦਾ। ਇਹ ਕਸਬ ਉਹ ਹਰ ਆਏ ਗਏ ਨੂੰ ਦਿਖਾਉਂਦਾ ਸੀ। ਗੜਗੱਜ ਨੇ ਮੋਤੀ ਅਤੇ ਤੋਤੇ ਨੂੰ ਆਪਸ ਵਿਚੀ ਸਾਹਬ ਸਲਾਮ ਕਰਨਾ ਸਿਖਾ ਲਿਆ। ਜਦ ਮਿਲਦੇ ਤਾਂ ਮੋਤੀ ਅਗਲੇ ਪੈਰ ਚੁੱਕ ਕੇ ਅਤੇ ਤੋਤਾ ਇਕ ਪੈਰ ਉਠਾ ਕੇ ਇਕ ਦੂਜੇ ਦਾ ਸਵਾਗਤ ਕਰਦੇ। ਜੇਲ੍ਹ ਵਿਚ ਕਦੇ ਕਦਾਈਂ ਬਿੱਲੀ ਆ ਜਾਂਦੀ। ਗੜਗੱਜ ਨੇ ਮੋਤੀ ਨੂੰ ਤੋਤੇ ਦੀ ਰਾਖੀ ਕਰਨ ਦੀ ਡਿਊਟੀ ਦੇ ਦਿੱਤੀ। ਇਕ ਰਾਤ ਬਿੱਲੀ ਤੋਤੇ ਨੂੰ ਆ ਪਈ। ਉਸ ਨੇ ਟ੍ਰਾਂ ਟ੍ਰਾਂ ਦੀਆਂ ਆਵਾਜ਼ਾਂ ਕੱਢੀਆਂ, ਮੋਤੀ ਜਾਗ ਪਿਆ ਤੇ ਬਿੱਲੀ ਨੂੰ ਪੈ ਗਿਆ। ਬਿੱਲੀ ਨੂੰ ਤੋਤੇ ਦੇ ਸਾਹਮਣੇ ਮਾਰ ਦਿੱਤਾ। ਸ਼ਾਹੀ ਕੈਦੀ ਜਾਗ ਪਏ ਤੇ ਦੇਖਿਆ, ਤੋਤੇ ਦੇ ਪਿੰਜਰੇ ਲਾਗੇ ਬਿੱਲੀ ਮਰੀ ਪਈ ਸੀ, ਮੋਤੀ ਅਗਲੇ ਪੈਰ ਬਿੱਲੀ 'ਤੇ ਧਰ ਕੇ ਇਉਂ ਦੇਖ ਰਿਹਾ ਸੀ ਜਿਵੇਂ ਕੋਈ ਸ਼ਿਕਾਰੀ ਸ਼ੇਰ ਮਾਰ ਕੇ, ਧੜ 'ਤੇ ਬੰਦੂਕ ਧਰੀ ਫੋਟੋ ਖਿਚਾ ਰਿਹਾ ਹੋਵੇ।

ਇਕ ਦਿਨ ਤਿੰਨੇ ਸ਼ਾਹੀ ਕੈਦੀ ਤਾਸ਼ ਦੀ ਬਾਜੀ ਲਾ ਰਹੇ ਸਨ। ਐਨੇ ਨੂੰ ਨੰਬਰਦਾਰ ਆਇਆ ਤੇ ਕਿਹਾ, "ਬਾਹਰ ਸਟੋਰ ਕਲਰਕ ਤੁਹਾਨੂੰ ਬੁਲਾ ਰਿਹਾ ਹੈ।" ਉਨ੍ਹਾਂ ਕਿਹਾ, ਅੰਦਰ ਸੱਦ ਲਿਆ ਤਾਂ ਜਵਾਬ ਆਇਆ, ਉਹ ਬਾਹਰ ਹੀ ਮਿਲਣਾ ਚਾਹੁੰਦਾ ਹੈ। ਜਦ ਬਾਹਰ ਗਏ ਤਾਂ ਕਲਰਕ ਨੇ ਮੁਸਕਣੀ ਹਸਦਿਆਂ ਕਿਹਾ, 'ਤੁਹਾਡਾ ਮੋਤੀ ਚੋਰੀ ਕਰਨਾ ਸਿੱਖ ਗਿਆ ਹੈ।' ਸਟੋਰ 'ਚੋਂ ਇਕ ਵੱਡੀ ਸਾਰੀ ਲੱਕੜ ਦੰਦਾਂ ਵਿਚ ਫੜ੍ਹ ਕੇ ਧੂਹ ਲਿਆਇਆ ਹੈ। ਕਿਚਨ ਵਿਚ ਜਾ ਕੇ ਦੇਖਿਆ ਤਾਂ ਮੋਤੀ ਲੱਕੜ ਨੂੰ ਪੈਰਾਂ ਹੇਠ ਦਬਾਈ ਬੈਠਾ ਸੀ। ਲਾਂਗਰੀ ਆਇਆ ਤਾਂ ਲੱਕੜ ਛੱਡ ਕੇ ਪੂਛ ਹਿਲਾਉਂਦਾ ਬਾਹਰ ਆ ਗਿਆ। ਸਟੋਰ ਕਲਰਕ ਨੂੰ ਦੇਖ ਕੇ ਅਗਲੇ ਪੈਰ ਚੁੱਕ ਕੇ ਸਲਾਮ ਕੀਤਾ ਤੇ ਵਿਚਾਰੀਆਂ ਜਿਹੀਆਂ ਅੱਖਾਂ ਬਣਾ ਕੇ ਉਸ ਵਲ ਤੱਕਿਆ। ਲਗਦਾ ਸੀ, ਮੋਤੀ ਆਪਣੇ ਕੀਤੇ ਕੰਮ 'ਤੇ ਖੁਸ਼ ਵੀ ਸੀ ਤੇ ਸ਼ਰਮਿੰਦਾ ਵੀ। ਖੁਸ਼ ਇਸ ਲਈ ਕਿ ਕਿਚਨ ਵਿਚ ਰੋਟੀ ਪਕਾਉਣ ਦਾ ਵਸੀਲਾ ਬਣਾਇਆ ਸੀ, ਸ਼ਰਮਿੰਦਾ ਇਸ ਲਈ ਕਿ ਚੋਰੀ ਕੀਤੀ ਸੀ।

ਚੰਨਣ ਸਿੰਘ ਮੋਤੀ ਨਾਲ ਲੋਹੜੇ ਦਾ ਤੇਹ ਕਰਦਾ ਸੀ। ਉਸ ਨਾਲ ਕਈ ਤਰ੍ਹਾਂ ਦੀਆਂ ਖੇਡਾਂ ਖੇਡਦਾ ਤੇ ਸ਼ਰਾਰਤਾਂ ਕਰਦਾ। ਕਦੇ ਕੰਨ ਪੱਟਦਾ, ਕਦੇ ਲੱਤੋਂ ਫੜ੍ਹ ਕੇ ਘਾਹ 'ਤੇ ਘੜੀਸਦਾ ਅਤੇ ਕਦੇ ਪੂਛ ਖਿੱਚਦਾ। ਜੇ ਚੰਨਣ ਸਿੰਘ ਸ਼ਰਾਰਤਾਂ ਕਰਨੋ ਹਟ ਜਾਂਦਾ ਤਾਂ ਮੋਤੀ ਅੱਗੇ ਬੈਠ ਕੇ ਲੱਤਾਂ 'ਚ ਮੂੰਹ ਦੇ ਕੇ ਟੇਡੀ ਨਜ਼ਰੇ ਦੇਖਦਾ ਤੇ ਕਘਾਨੀਆਂ ਦੇਣ ਵਾਲੇ ਪੋਜ਼ ਬਣਾਉਂਦਾ। ਇਕ ਦਿਨ ਚੰਨਣ ਸਿੰਘ ਨੇ ਮੋਤੀ ਨੂੰ ਅਗਲੀਆਂ ਲੱਤਾਂ ਤੋਂ ਫੜ੍ਹ ਕੇ ਘਮੇਟੀ ਦਿੱਤੀ। ਸ਼ਾਇਦ ਉਸ ਨੂੰ ਦੁੱਖ ਲਗਿਆ ਹੋਵੇ; ਜਦ ਛੱਡਿਆ ਤਾਂ ਮੋਤੀ ਨੇ ਭੌਂਕਦਿਆਂ ਚੰਨਣ ਸਿੰਘ ਦੀ ਲੱਤ ਨੂੰ ਦੰਦ ਮਾਰਿਆ। ਸਾਰੇ ਹੈਰਾਨ ਕਿ ਇਸ ਨੂੰ ਕੀ ਹੋ ਗਿਆ? ਚੰਨਣ ਸਿੰਘ ਅਤੇ ਵਾਸਦੇਵ ਨੂੰ ਗੁੱਸਾ ਆ ਗਿਆ, ਉਨ੍ਹਾਂ ਹਾਤੇ ਦਾ ਦਰਵਾਜਾ ਬੰਦ ਕਰਕੇ ਮੱਛਰਦਾਨੀ ਦੀਆਂ ਸੋਟੀਆਂ ਨਾਲ ਕੁੱਟਿਆ। ਕੁਟਦਿਆਂ ਕਹਿਣ, 'ਅਸੀਂ ਬੜੇ ਲਾਡ ਪਿਆਰ ਨਾਲ ਪਾਲਿਆ, ਸਾਨੂੰ ਹੀ ਵੱਢਣ ਪੈ ਗਿਆ।' ਮੋਤੀ ਬਾਹਰ ਨੂੰ ਦੌੜੇ, ਪਰ ਦਰਵਾਜਾ ਬੰਦ ਸੀ। ਇਕ ਪਾਸੇ ਤੋਤਾ ਕੁਰਲਾਵੇ ਤੇ ਦੂਜੇ ਪਾਸੇ ਨੰਬਰਦਾਰ ਤਰਲੇ ਪਾਵੇ ਕਿ ਮੋਤੀ ਨੂੰ ਜਾਣ ਦਿਉ, ਮਰ ਜਾਏਗਾ। ਨੰਬਰਦਾਰ ਨੇ ਦਰਵਾਜਾ ਖੋਲ੍ਹ ਦਿੱਤਾ ਤੇ ਮੋਤੀ ਬੇਤਹਾਸ਼ਾ ਬਾਹਰ ਨੂੰ ਭੱਜਾ।

ਮੋਤੀ ਤਰਕਾਲਾਂ ਤਕ ਨਾ ਮੁੜਿਆ। ਸਾਰੇ ਸੋਚਣ ਲੱਗੇ, ਕਿੱਥੇ ਚਲਿਆ ਗਿਆ ਹੋਵੇਗਾ? ਭਾਲਣ ਲਈ ਗੜਗੱਜ ਨੂੰ ਕਿਹਾ ਕਿਉਂਕਿ ਉਸ ਨੇ ਨਹੀਂ ਸੀ ਮਾਰਿਆ। ਗੜਗੱਜ ਬਾਹਰ ਨਿਕਲਿਆ ਤਾਂ ਮੋਤੀ ਕਿਤੇ ਨਾ ਦਿਸਿਆ। ਲੱਭਦਾ ਲਭਾਉਂਦਾ ਤੁਰਿਆ ਗਿਆ ਤਾਂ ਦੇਖਿਆ, ਮੋਤੀ ਹਸਪਤਾਲ ਦੇ ਜੰਗਲੇ ਕੋਲ ਲੱਤਾਂ ਵਿਚ ਮੂੰਹ ਦਈ ਨਿਢਾਲ ਪਿਆ ਸੀ। ਗੜਗੱਜ ਨੂੰ ਦੇਖ ਕੇ ਪਰੇ ਨੂੰ ਤੁਰ ਪਿਆ ਤੇ ਥੋੜ੍ਹੀ ਦੂਰ ਜਾ ਕੇ ਫੇਰ ਲੱਤਾਂ 'ਚ ਮੂੰਹ ਦੇ ਕੇ ਬਹਿ ਗਿਆ। ਗੜਗਜ ਜਿੰਨਾ ਕੁ ਉਸ ਵਲ ਤੁਰੇ, ਮੋਤੀ ਓਨਾ ਕੁ ਹੋਰ ਪਰ੍ਹਾਂ ਜਾ ਬੈਠੇ। ਹੌਲੀ ਹੌਲੀ ਗੜਗੱਜ ਨੇੜੇ ਪਹੁੰਚ ਗਿਆ ਤੇ ਪਿਆਰ ਨਾਲ ਮੋਤੀ-ਮੋਤੀ ਆਖ ਕੇ ਪੁਚਕਾਰਿਆ। ਸਹਿਜੇ ਸਹਿਜੇ ਮੋਤੀ ਦੇ ਨੇੜੇ ਜਾ ਬੈਠਾ। ਡਰਦਿਆਂ ਹੱਥ ਮੋਤੀ ਵਲ ਵਧਾਇਆ, ਉਹ ਰਤਾ ਵੀ ਨਾ ਹਿੱਲਿਆ। ਪੁਚਕਾਰਦਿਆਂ ਉਸ ਦੇ ਸਿਰ 'ਤੇ ਹੱਥ ਰੱਖ ਦਿਤਾ। ਮੋਤੀ ਦੀਆਂ ਅੱਖਾਂ 'ਚ ਹੰਝੂ ਭਰ ਆਏ ਤੇ ਪਿਆ-ਪਿਆ ਰੋਣ ਲੱਗਾ। ਗੜਗੱਜ ਨੇ ਸਿਰ, ਗਰਦਨ ਅਤੇ ਪਿੱਠ 'ਤੇ ਪੋਲਾ-ਪੋਲਾ ਹੱਥ ਫੇਰਿਆ ਤੇ ਕਿਹਾ, "ਉਠ ਮੋਤੀ! ਉਠ!! ਘਰ ਚੱਲੀਏ।" ਜਦ ਨਾ ਉਠਿਆ ਤਾਂ, "ਚੰਗਾ, ਨਾ ਉਠ, ਪਿਆ ਰਹੁ, ਭੁੱਖਾ ਮਰੇਂਗਾ", ਕਹਿ ਕੇ ਗੜਗੱਜ ਤੁਰ ਪਿਆ। ਚਾਰ ਕੁ ਕਦਮ ਚੱਲ ਕੇ ਦੇਖਿਆ ਤਾਂ ਮੋਤੀ ਸਿਰ ਸੁੱਟੀ, ਪਿਛੇ-ਪਿਛੇ ਬਧੋਰੁੱਧਾ ਤੁਰਿਆ ਆ ਰਿਹਾ ਸੀ। ਮੋਤੀ ਦਾ ਵਤੀਰਾ ਉਸ ਬੱਚੇ ਵਰਗਾ ਸੀ ਜੋ ਮਾਪਿਆ ਤੋਂ ਮਾਰ-ਕੁਟ ਖਾ ਕੇ ਮਨਾਉਣ 'ਤੇ ਵੀ ਨਾ ਮੰਨੇ ਪਰ ਪੈਰ ਘਸੇਂਦਾ ਹੌਲੀ ਹੌਲੀ ਘਰ ਵਲ ਤੁਰਿਆ ਆਵੇ।

ਸ਼ਾਹੀ ਵਾਰਡ ਦੇ ਲਾਗੇ ਜਾ ਕੇ ਮੋਤੀ ਅੰਦਰ ਵੜਨੋਂ ਅੜ ਗਿਆ ਤੇ ਬਹਿ ਕੇ ਰੋਣ ਲੱਗ ਪਿਆ, ਉਸੇ ਤਰ੍ਹਾ ਜਿਵੇਂ ਕੋਈ ਬੱਚੇ ਘਰ ਦੀ ਸਰਦਲ ਟੱਪਣ ਤੋਂ ਪਹਿਲਾਂ ਅੜੀਆਂ ਕਰਦਾ ਡੁਸਕਦਾ ਹੈ। ਵਾਰਡ ਵਿਚ ਪਤਾ ਲੱਗਾ ਤਾਂ ਵਾਸਦੇਵ ਸਿੰਘ ਸੰਗਲ ਲਈ ਮੋਤੀ ਵਲ ਤੁਰ ਪਿਆ। ਦੇਖ ਕੇ ਮੋਤੀ ਫੇਰ ਪਿਛਾਂਹ ਮੁੜਨ ਲੱਗਾ। ਵਾਸਦੇਵ ਨੇ ਸੰਗਲ ਸੁੱਟ ਕੇ ਪਿਆਰ ਨਾਲ ਪੁਚਕਾਰਿਆ, 'ਆ ਜਾ ਮੋਤੀ, ਮੁੜ ਪੈ ਪੁੱਤਰ, ਜ਼ਿਦ ਨਹੀਂ ਕਰੀਦੀ।' ਮੋਤੀ ਨੇ ਹਲਕੀ ਹਲਕੀ ਪੂਛ ਹਿਲਾਈ ਤੇ ਸਹਿਜੇ ਸਹਿਜੇ ਪੈਰ ਪੁੱਟਦਾ ਸ਼ਾਹੀ ਵਾਰਡ ਵਿਚ ਦਾਖਲ ਹੋ ਗਿਆ। ਇਉਂ ਲੱਗਾ ਜਿਵੇਂ ਤੋਤੇ ਨੇ ਇਕ ਲੱਤ ਚੁੱਕ ਕੇ 'ਇਸਲਾਮਾ ਲੈਕਮ' ਕਿਹਾ ਹੋਵੇ ਤੇ ਮੋਤੀ ਨੇ ਦੋਵੇਂ ਲੱਤਾਂ ਚੁਕ ਕੇ 'ਬਾਲੈਕਮ ਇਸਲਾਮ' 'ਚ ਉਤਰ ਦਿਤਾ ਹੋਵੇ। ਹਾਲੇ ਵੀ ਮੋਤੀ ਦੀਆਂ ਅੱਖਾਂ ਸਿੱਲ੍ਹੀਆਂ ਸਨ, ਜਿਨ੍ਹਾਂ 'ਚੋਂ ਗੁੱਸਾ ਅਤੇ ਹੇਜ-ਦੋਵੇਂ ਢਲ੍ਹਕ ਰਹੇ ਸਨ।

ਤਿੰਨਾਂ ਸ਼ਾਹੀ ਕੈਦੀਆਂ ਦੀ ਰਿਹਾਈ ਦੇ ਨਾਲ ਮੋਤੀ ਵੀ ਜੇਲ੍ਹ 'ਚੋਂ ਬਾਹਰ ਆਇਆ। ਉਸ ਨੇ ਜੇਲ੍ਹ ਵਿਚ ਅੱਖਾਂ ਖੋਲ੍ਹੀਆਂ ਸਨ, ਕੋਈ ਆਪਣੇ ਵਰਗਾ ਨਹੀਂ ਸੀ ਦੇਖਿਆ। ਬਾਹਰ ਆ ਕੇ ਜਦ ਆਪਣੇ ਵਰਗੇ ਦੇਖੇ ਤਾਂ ਸ਼ਾਇਦ ਉਸ ਨੂੰ ਲੱਗਾ ਕਿ ਉਹ ਕੁੱਤਿਆਂ ਵਿਚ ਆ ਗਿਆ ਹੈ। ਮੋਤੀ ਦੀ ਹਾਲਤ ਉਸ ਪਾਦਰੀ ਵਰਗੀ ਸੀ ਜੋ ਅਚਾਨਕ ਨਾਸਤਕਾਂ ਦੇ ਪਿੰਡ ਆ ਵੜਿਆ ਹੋਵੇ।

ਜੇਲ੍ਹਾਂ ਦੇ ਮਾਹੌਲ ਦਾ ਸਖਤ, ਤੁਰਸ਼ ਤੇ ਕਰੂਰ ਹੋਣਾ ਸੁਭਾਵਕ ਹੈ। ਬ੍ਰਿਟਿਸ਼ ਰਾਜ ਵੇਲੇ ਸਿਆਸੀ ਕੈਦੀਆਂ ਲਈ ਜੇਲ੍ਹਾਂ ਦਾ ਮਾਹੌਲ ਖੁਸ਼ਕ, ਬੇਕਿਰਕ ਅਤੇ ਤਣਾਅ ਭਰਿਆ ਸੀ। ਫੇਰ ਵੀ

***(ਬਾਕੀ ਅਗਲੇ ਸਫੇ 'ਤੇ)***

# ਗੱਲ ਦਾ ਮੁੱਲ

***ਪੰਜਾਬੀ ਸਾਹਿਤ ਸੰਸਾਰ ਅੰਦਰ ਕਹਾਣੀਕਾਰ ਸੁਖਜੀਤ ਦਾ ਆਪਣਾ, ਵੱਖਰਾ, ਨਿਵੇਕਲਾ ਸਥਾਨ ਹੈ। ਲੰਮਾ ਸਮਾਂ ਉਹ ਡੇਰਾ ਭੈਣੀ ਸਾਹਿਬ ਨਾਲ ਜੁੜਿਆ ਰਿਹਾ ਹੈ। ਹੁਣ ਉਸ ਦੇ ਸਵੈ-ਬਿਰਤਾਂਤ ਨਾਲ ਸ਼ਿੰਗਾਰੀ ਕਿਤਾਬ 'ਮੈਂ ਜੈਸਾ ਹੂੰ...ਮੈਂ ਵੈਸਾ ਕਿਉਂ ਹੂੰ...' ਪ੍ਰਕਾਸ਼ਿਤ ਹੋਈ ਹੈ। ਇਸ ਕਿਤਾਬ ਅੰਦਰ ਉਸ ਨੇ ਬੜੇ ਦਿਲ-ਗੁਰਦੇ ਨਾਲ ਆਪਣੀਆਂ ਗੱਲਾਂ ਰੱਖੀਆਂ ਹਨ, ਐਨ ਉਸੇ ਤਰ੍ਹਾਂ ਜਿਸ ਤਰ੍ਹਾਂ ਉਹ ਭੈਣੀ ਸਾਹਿਬ ਵਿਖੇ ਵਿਚਰਦਾ ਰਿਹਾ ਹੈ। ਨਾਲ ਲਿਖਿਆ ਹੈ ਕਿ ਇਹ ਗੱਲਾਂ ਉਸ ਨੇ ਕਿਸੇ ਨੂੰ ਠੇਸ ਪਹੁੰਚਾਉਣ ਲਈ ਨਹੀਂ ਲਿਖੀਆਂ। ਅਸੀਂ ਆਪਣੇ ਪਾਠਕਾਂ ਲਈ ਇਸ ਕਿਤਾਬ ਦਾ ਇਕ ਹਿੱਸਾ ਛਾਪ ਰਹੇ ਹਾਂ। -ਸੰਪਾਦਕ***

ਕਿਸੇ ਜੱਟ ਦੀ ਗਿਆਰਾਂ ਕਿੱਲੇ ਜਮੀਨ ਲੱਗਦੀ ਸੀ ਡੇਰੇ ਦੇ ਨਾਲ। ਪਿਛਲੇ ਕਈ ਸਾਲਾਂ ਤੋਂ ਮਾਤਾ ਜੀ (ਗੁਰੂ ਜੀ ਦੇ ਮਹਿਲ) ਪਹਿਲਾਂ ਵਾਲਾ ਸਰਪੰਚ ਤੇ ਹੋਰ ਮੁਖਤਿਆਰ ਜ਼ੋਰ ਲਾ ਚੁਕੇ ਸਨ। ਇਕ ਦਿਨ ਉਧਰ ਘੁੰਮਦਿਆਂ ਗੁਰੂ ਜੀ ਨੇ ਸਾਂਝਾ ਜਿਹਾ ਹੁਕਮ ਕੀਤਾ ਕਿ ਇਸ ਜਮੀਨ ਤੋਂ ਬਿਨਾ ਆਪਣਾ ਸਰਨਾ ਨਹੀਂ। ਮੈਨੂੰ ਲੱਗਿਆ, ਜਿਵੇਂ ਇਹ ਚੈਲੰਜ ਹੋਵੇ ਮੇਰੇ ਲਈ। ਮੈਂ ਸੁਭਾਵਿਕ ਇਕ ਦੋ ਚੱਕਰ ਜਮੀਨ ਵਾਲਿਆਂ ਦੇ ਘਰ ਮਾਰੇ ਤੇ ਡੇਰੇ ਲਈ ਜਮੀਨ ਮੰਗਣ ਦੀ ਥਾਂ ਇਹ ਪੱਕੀ ਕਰ ਆਇਆ ਕਿ ਡੇਰੇ ਵਾਲਿਆਂ ਨੂੰ ਜਮੀਨ ਨਹੀਂ ਦੇਣੀ ਆਪਾਂ। ਇਹ ਮਾਣੇਵਾਲੀਆ ਦਾਅ (ਸੁਖਜੀਤ ਦਾ ਪਿੰਡ ਮਾਣੇਵਾਲ ਹੈ) ਹੈ, ਗੱਲ ਨੂੰ ਪੁੱਠੇ ਪਾਸਿਓਂ

**ਸੁਖਜੀਤ**

ਸ਼ੁਰੂ ਕਰਨਾ। ਉਹ ਮੈਨੂੰ ਆਪਣਾ ਹਮਦਰਦ ਸਮਝਣ ਲੱਗੇ। ਗੁਰੂ ਜੀ ਨੂੰ ਪਤਾ ਲਗ ਗਿਆ ਸੀ ਕਿ ਮੈਂ ਜਮੀਨ ਵਾਲਿਆਂ ਵੱਲ ਹੋ ਆਇਆਂ।

ਕਈ ਦਿਨ ਪਿੱਛੋਂ ਗੁਰੂ ਜੀ ਦੇ ਨਿਜੀ ਸਕੱਤਰ ਸੰਤ ਤਰਸੇਮ ਸਿੰਘ, ਗੁਰੂ ਜੀ ਕੋਲ ਮੇਰੀ ਪ੍ਰਸ਼ੰਸਾ ਕਰਦੇ ਕਹਿ ਰਹੇ ਸਨ, ਇਹ ਬੜਾ ਸ਼ੈਤਾਨ ਹੈ। ਗੁਰੂ ਜੀ ਨੇ ਉਹਨੂੰ ਟੋਕਿਆ, ਸ਼ੈਤਾਨ ਨਹੀਂ ਚਲਾਕ ਕਹਿ ਜਾਂ ਸਿਆਣਾ। ਨਾਲ ਹੀ ਮੈਨੂੰ ਕਹਿਣ ਲੱਗੇ, "ਤੂੰ ਉਹ ਜਮੀਨ ਆਲਾ ਕੰਮ ਕਿੰਨੇ ਚਿਰ 'ਚ ਕਰੇਂਗਾ?" ਦੋ ਮਹੀਨੇ 'ਚ ਕਰ ਦੇਂਗਾ?" ਮੇਰੇ ਮੂੰਹੋਂ ਨਿਕਲ ਗਿਆ, "ਆਪ ਜੀ ਦੀ ਕ੍ਰਿਪਾ ਚਾਹੀਦੀ ਐ, ਕੰਮ ਤਾਂ ਦੋ ਦਿਨ 'ਚ ਹੋ ਜੂ।" ਸਾਰੇ ਹੱਸ ਪਏ। ਮੈਨੂੰ ਲੱਗਿਆ ਗੱਲ ਆਈ ਗਈ ਹੋ ਗਈ ਪਰ ਦੋ ਦਿਨ ਬਾਅਦ ਮੈਂ ਪਹਿਰੇ ਵਾਲਿਆਂ ਕੋਲ ਖੜ੍ਹਾ ਸਾਂ ਕਿ ਬੈਡਮਿੰਟਨ ਖੇਡਣ ਜਾਂਦਿਆਂ ਗੁਰੂ ਜੀ ਨੇ ਗੱਡੀ 'ਚੋਂ ਹੀ ਇਸ਼ਾਰਾ ਕਰ ਕੇ ਕਿਹਾ ਕਿ ਦੋ ਦਿਨ ਲੰਘ ਚੱਲੇ ਨੇ। ਮੈਂ ਕਿਹਾ, 'ਚਲ ਮਨਾ ਇਹ ਤਾਂ ਅੱਜ ਈ ਕਰਨਾ ਪਊ' ਸੋਚਦਾ, ਮੈਂ ਸਾਹਨੇਵਾਲ ਥਾਣੇ ਪਹੁੰਚ ਗਿਆ। ਮੈਂ ਪਿੰਡ ਵਿਚੋਂ ਪਤਾ ਕਰ ਲਿਆ ਸੀ ਕਿ ਪਿੰਡ ਦਾ ਭਗੌੜਾ ਹੋਇਆ ਖਾੜਕੂ ਮੁੰਡਾ ਜਮੀਨ ਵਾਲਿਆਂ ਦੇ ਘਰ ਆਉਂਦਾ ਜਾਂਦਾ ਹੈ, ਰਾਤ-ਬਰਾਤੇ। ਮੈਂ ਐਸ. ਐਚ. ਓ. ਨੂੰ ਗੱਲ ਸਮਝਾਈ। ਉਹਨੂੰ ਡੇਰੇ ਦੀ ਸੇਵਾ ਕਰਨ ਲਈ ਮਨਾਇਆ, ਉਹਦਾ ਸੇਵਾ ਫਲ ਮੁਕਾਇਆ ਤੇ ਭੈਣੀ ਸਾਹਿਬ ਆ ਗਿਆ।

ਜਦੋਂ ਗੁਰੂ ਜੀ ਬੈਡਮਿੰਟਨ ਖੇਡ ਕੇ ਕੋਠੀ ਪਹੁੰਚੇ ਤਾਂ ਜਮੀਨ ਵਾਲੇ ਦੀ ਘਰਵਾਲੀ ਤੇ ਛੋਟਾ ਭਰਾ ਗੁਰੂ ਜੀ ਅੱਗੇ ਰੋ-ਰੋ ਕੇ ਅਰਜ਼ ਕਰ ਰਹੇ ਸਨ, "ਜੀ ਸਾਡੇ ਉਨ੍ਹਾਂ ਨੂੰ ਪੁਲਿਸ ਚੁੱਕ ਕੇ ਲੈ ਗਈ। ਕਹਿੰਦੇ ਸੀ, ਥੋਡੇ ਘਰੇ ਅਤਿਵਾਦੀ ਆਉਂਦੇ ਨੇ। ਅੱਜ ਰਾਤ ਨੂੰ ਮੁਕਾਬਲਾ ਨਾ ਬਣਾ ਦੇਣ।"

ਗੁਰੂ ਜੀ ਨੇ ਉਨ੍ਹਾਂ ਨੂੰ ਤੋਰ ਕੇ ਦੂਜੇ ਮੁਖਤਿਆਰ ਨੂੰ ਹੁਕਮ ਜਾਰੀ ਕੀਤਾ ਕਿ ਸੁਖਜੀਤ ਤੋਂ ਬਿਨਾ ਕੋਈ ਛੁਡਾਉਣ ਨਹੀਂ ਜਾਵੇਗਾ।

ਮੈਂ ਦੁਬਾਰਾ ਥਾਣੇ ਜਾ ਪਹੁੰਚਿਆ। ਉਦੋਂ ਤਕ ਪੁਲਿਸ ਨੇ ਉਹਨੂੰ ਚੰਗੀ ਤਰ੍ਹਾਂ ਡਰਾ ਦਿੱਤਾ ਸੀ। ਮੈਨੂੰ ਵੇਖ ਉਹ ਸੀਖਾਂ ਫੜ੍ਹ ਰੋਣ ਲੱਗਾ। ਮੈਂ ਪੈਂਦਿਆਂ ਹੀ ਬੋਲਿਆ, "ਤੈਨੂੰ ਕਿਹਾ ਸੀ ਨਾ ਬਈ ਤੇਰੀ ਜਮੀਨ 'ਤੇ ਅੱਖ ਹੈ ਇਨ੍ਹਾਂ ਦੀ। ਏਹ ਡੇਰੇ ਵਾਲੇ ਚੰਗੇ ਬੰਦੇ ਨਹੀਂ, ਤੈਨੂੰ ਮਰਵਾ ਦੇਣਗੇ। ਭਰਾ ਤੇਰਾ ਊਂ ਨਿਆਣੈਂ, ਜਮੀਨ ਵੀ ਸਾਂਭਣਗੇ, ਤੀਵੀਆਂ ਵੀ। ਇਹਦੇ ਨਾਲੋਂ ਇਹ ਨਹੀਂ ਚੰਗਾ, ਮੇਰੇ ਆਖੇ ਲਗ, ਵੱਟੇ 'ਚ ਜਮੀਨ ਲੈ ਕੇ ਪਾਸੇ ਹੋ ਜਾ।"

ਉਹਨੂੰ ਉਦੋਂ ਮੇਰਾ ਹੀ ਆਸਰਾ ਸੀ। ਕਹਿਣ ਲੱਗਾ, "ਤੂੰ ਜਿਵੇਂ ਕਹੇਂਗਾ, ਉਵੇਂ ਹੀ ਕਰੂੰ ਬਾਈ, ਬੱਸ ਐਥੋਂ ਕੱਢ।" ਐਸ. ਐਚ. ਓ. ਨੂੰ ਕਹਿ ਕੇ ਉਹਦੇ ਖਾਲੀ ਕਾਗਜ਼ਾਂ 'ਤੇ ਸਾਈਨ ਕਰਵਾਏ ਤੇ ਉਹਨੂੰ ਲੈ ਕੇ ਸਿੱਧਾ ਭੈਣੀ ਸਾਹਿਬ ਪਹੁੰਚਿਆ ਗੁਰੂ ਜੀ ਦੀ ਕੋਠੀ। ਉਹਨੂੰ ਗੁਰੂ ਜੀ ਦੇ ਸਾਹਮਣੇ ਖਲ੍ਹਾਰ ਅਰਜ ਕੀਤੀ, "ਪਾਤਸ਼ਾਹ, ਇਹਦੀਆਂ ਪਿਛਲੀਆਂ ਭੁੱਲਾਂ ਬਖ਼ਸ਼ ਦਿਓ। ਇਹ ਵੀ ਆਪ ਜੀ ਦਾ, ਇਹਦੀ ਜਮੀਨ ਵੀ ਆਪ ਦੀ। ਬੱਸ ਬਾਲ ਬੱਚੇਦਾਰ ਹੈ, ਗਰੀਬ, ਆਪ ਗਰੀਬ ਨਵਾਜ਼ ਓ।"

ਗੁਰੂ ਜੀ ਨੇ ਮੈਨੂੰ ਕਿਹਾ ਕਿ ਇਹਦੇ ਨਾਲ ਮੁਕਾ ਲੈ। ਉਨ੍ਹਾਂ ਵੱਡੇ ਦਿਲ ਨਾਲ ਕਿਹਾ, ਇਹਨੂੰ ਘਾਟਾ ਨਾ ਰਹੇ। ਉਂਜ ਗੁਰੂ ਜਗਜੀਤ ਸਿੰਘ ਜੀ ਦਾ ਦਿਲ ਸੱਚਮੁਚ ਹੀ ਬਹੁਤ ਵੱਡਾ ਸੀ। ਮੈਂ ਵੀ ਚੰਗਾ ਕੰਮ ਇਹ ਕੀਤਾ ਕਿ ਉਹਨੂੰ ਉਸ ਦੀ ਜਮੀਨ ਦੇ ਬਦਲੇ ਢਾਈ ਗੁਣਾ ਜਮੀਨ ਬੇਟ ਵਿਚ ਤੇ ਉਸ ਦੀ ਘਰਵਾਲੀ ਦੇ ਕਹਿਣ 'ਤੇ ਕੋਠੀ ਬਣਾਉਣ ਦੀ



ਥਾਂ ਅਤੇ ਪੈਸੇ ਗੁਰੂ ਜੀ ਕੋਲੋਂ ਲੈ ਦਿੱਤੇ; ਕਿਉਂਕਿ ਉਹਦੀ ਘਰਵਾਲੀ ਨੇ ਕਿਹਾ ਸੀ, "ਅਸੀਂ ਰਹਿਣਾ ਤਾਂ ਏਥੇ ਹੀ ਹੈ ਜੀ, ਥੋਡੇ ਚਰਨਾਂ ਦੇ ਕੋਲ, ਅੱਜ ਸਾਡੇ 'ਤੇ ਭੀੜ ਬਣੀ ਤਾਂ ਡੇਰਾ ਝੱਟ ਬਹੁੜ ਪਿਆ। ਉਥੇ ਸਾਨੂੰ ਕੀਹਨੇ ਪੁੱਛਣਾ ਜੀ।"

ਅਜਿਹੀਆਂ ਬਹੁਤ ਘਟਨਾਵਾਂ ਨੇ ਡੇਰੇ ਨਾਲ ਲੱਗਦੇ ਕਈ ਜਮੀਨ ਵਾਲਿਆਂ ਨੂੰ ਇਉਂ ਹੀ ਵਸਾਹ ਕੇ ਮਾਰਿਆ। 'ਕੱਲਾ ਬਹਿ ਕੇ ਸੋਚਦਾ ਹਾਂ ਤਾਂ ਆਤਮ ਗਿਲਾਨੀ ਹੁੰਦੀ ਹੈ ਪਰ ਅਗਲੇ ਪਲ ਕਿ ਉਹ ਲੋਕ ਪੀੜ੍ਹੀਆਂ ਤੋਂ ਜ਼ਿੱਦ ਫੜ੍ਹੀ ਓਨੀ ਕੁ ਜਮੀਨ 'ਤੇ ਬੈਠੇ ਸੀ, ਤੇ ਨਿੱਤ ਡੇਰੇ ਨਾਲ ਲੜਾਈ। ਹੁਣ ਮੈਂ ਉਨ੍ਹਾਂ ਦੀਆਂ ਦੁੱਗਣੀਆਂ ਤਿੱਗਣੀਆਂ ਜਮੀਨਾਂ ਬਣਾ ਦਿੱਤੀਆਂ, ਕੋਠੀਆਂ ਪਵਾ ਦਿੱਤੀਆਂ। ਅੱਜ ਫਸਲ ਦੀ ਚੰਗੀ ਆਮਦਨ ਹੈ, ਕਾਰਾਂ ਨੇ ਉਨ੍ਹਾਂ ਕੋਲ, ਬੱਚੇ ਪੜ੍ਹ ਰਹੇ ਨੇ। ਖ਼ੁਦ ਨੂੰ ਧਰਵਾਸ ਦਿੰਦਾ ਕਿ ਉਨ੍ਹਾਂ ਦਾ ਭਲਾ ਹੀ ਕੀਤਾ ਹੈ, ਧੱਕੇ ਤੇ ਧੋਖੇ ਨਾਲ ਹੀ ਸਹੀ। ਫੇਰ ਵੀ ਅੱਜ ਜਦੋਂ ਪੁਰਾਣੇ ਕਿੱਸੇ ਯਾਦ ਆਉਂਦੇ ਨੇ, ਚਿੱਤ ਦੁਖੀ ਜ਼ਰੂਰ ਹੁੰਦਾ ਹੈ।

ਇਹ ਮਨੁੱਖ ਦਾ ਸੁਭਾਅ ਹੈ ਕਿ ਆਪਣੇ ਕੀਤੇ ਗਲਤ ਕੰਮਾਂ ਨੂੰ ਵੀ 'ਜਸਟੀਫਾਈ' ਕਰਦਾ ਰਹਿੰਦਾ ਹੈ। ਹੁਣ ਫੇਰ ਮੇਰੇ ਅੰਦਰੋਂ ਇਕ ਦਲੀਲ ਉਠੀ ਕਿ ਗਲਤ-ਠੀਕ ਕੁਝ ਨਹੀਂ ਹੁੰਦਾ। ਇਕੋ ਹੀ ਗੱਲ, ਇਕ ਲਈ ਗਲਤ ਤੇ ਦੂਜੇ ਲਈ ਠੀਕ ਹੋ ਸਕਦੀ ਹੈ। ਮੈਨੂੰ ਇਹ ਦੰਭ, ਵਸਾਹ ਕੇ ਮਾਰਨ ਵਰਗੇ ਇਹ ਪਾਪ ਉਦੋਂ ਕਰਨੇ ਹੀ ਪੈਣੇ ਸਨ, ਜਦੋਂ ਮੇਰੇ ਕੋਲ ਪੂਰੀ ਪਾਵਰ ਨਹੀਂ ਸੀ। ਪੂਰਾ ਸ਼ਕਤੀਵਰ ਨਹੀਂ ਸਾਂ ਹੋਇਆ ਮੈਂ। ਸ਼ਕਤੀਵਰ ਹੋਣ ਪਿੱਛੋਂ ਅਜਿਹਾ ਫਿਰ ਕੁਝ ਨਹੀਂ ਸਾਂ ਕਰਦਾ। ਫੇਰ ਤਾਂ ਹਿੱਕ ਦੇ ਜ਼ੋਰ ਨਾਲ ਕੰਮ ਕਰਦਾ। ਲਿੱਚ-ਗੜਿੱਚੀਆਂ ਦੀ ਲੋੜ ਨਈਂ ਰਹਿੰਦੀ। ਫੇਰ ਤਾਂ ਜਿਵੇਂ ਕਹਿੰਦੇ ਨੇ ਸਿੱਕਾ ਚਲਦੈ ਤੁਹਾਡਾ। ਬੜੀਆਂ ਉਦਾਹਰਨਾਂ ਨੇ ਮੇਰੇ ਕੋਲ।

ਇਕ ਵਾਰੀ ਗੁਰੂ ਜੀ ਦੇ ਖਜਾਨਚੀ ਪੂਰਬਾ ਜੀ ਨੇ ਤੀਹ ਕਿੱਲੇ ਜਮੀਨ ਖਰੀਦ ਲਈ ਕੁਹਾੜਾ ਰੋਡ 'ਤੇ, ਪਰ ਏਸ ਜਮੀਨ ਦੇ ਫਰੰਟ 'ਤੇ ਲਗਦੇ ਪੰਜ ਕਿੱਲੇ ਵਾਲੇ, ਜਿਨ੍ਹਾਂ ਪਹਿਲਾਂ ਹਾਮੀ ਭਰੀ ਸੀ ਜਮੀਨ ਵੇਚ ਦੇਣ ਦੀ, ਬਾਅਦ 'ਚ ਮੁੱਕਰ ਗਏ। ਏਹਨਾਂ ਪੰਜ ਕਿੱਲਿਆਂ ਕਰ ਕੇ ਈ ਤੀਹ ਕਿੱਲਿਆਂ 'ਤੇ ਪੈਸੇ ਲਾਏ ਸਨ। ਏਹ ਪੰਜ ਕਿੱਲੇ ਲੈ ਕੇ ਹੀ ਉਨ੍ਹਾਂ ਸੜਕ ਨਾਲ ਲੱਗਣਾ ਸੀ, ਨਹੀਂ ਤਾਂ ਤੀਹ ਕਿੱਲਿਆਂ ਨੂੰ ਰਾਹ ਵੀ ਪਿੰਡ ਦੇ ਉਤੋਂ ਵਲ ਕੇ ਆਉਂਦਾ ਸੀ, ਬਹੁਤ ਦੂਰੋਂ। ਪੂਰਬਾ ਜੀ ਨੇ ਉਨ੍ਹਾਂ ਨੂੰ ਵੱਧ ਪੈਸੇ ਵੀ ਕਹਿ ਲਏ ਪਰ ਉਹ ਮੰਨਣ ਨਾ।

ਦੁਖੀ ਹੋ ਕੇ ਪੂਰਬਾ ਜੀ ਨੇ ਮੈਨੂੰ ਕਿਹਾ। ਮੈਂ ਦੋ ਗੱਡੀਆਂ ਭਰ ਕੇ ਬੰਦੂਕਾਂ ਵਾਲੇ ਮੁੰਡਿਆਂ ਦੀਆਂ ਉਨ੍ਹਾਂ ਦੇ ਘਰ ਜਾ ਪੁੱਜਾ ਤੇ ਸਿੱਧੀ ਗੱਲ ਕੀਤੀ, "ਬਈ ਸਾਡਾ ਏਸ ਜਮੀਨ ਬਿਨਾ ਸਰਦਾ ਨ੍ਹੀਂ। ਤੁਸੀਂ ਪੈਸੇ ਲਓ, ਰਜਿਸਟਰੀ ਕਰਵਾ ਦਿਓ, ਨਹੀਂ ਜਮੀਨ ਅਸੀਂ ਵਾਹ ਲੈਣੀ ਐ। ਲੜਾਈ ਹੋਊ, ਕੇਸ ਚੱਲੂ, ਮਹੀਨੇ 'ਚ ਛੱਬੀ ਤਰੀਕਾਂ ਸਾਡੀਆਂ ਪਹਿਲਾਂ ਪੈਂਦੀਆਂ, ਸਤਾਈਵੀਂ ਹੋਰ ਪੈ ਜੂ। ਸਾਨੂੰ ਫਰਕ ਨਹੀਂ ਪੈਣਾ। ਤੁਸੀਂ ਉਲਝੋਗੇ, ਦੁਖੀ ਹੋਵੋਗੇ।"

ਉਹ ਡਰ ਗਏ। ਕਹਿੰਦੇ, ਦੋ ਦਿਨ ਦੇ ਦਿਓ ਸਲਾਹ ਕਰਨ ਲਈ। ਅਸੀਂ ਦੋ ਦਿਨ ਬਾਅਦ ਗਏ ਤਾਂ ਉਨ੍ਹਾਂ ਬੰਦੇ 'ਕੱਠੇ ਕੀਤੇ ਹੋਏ। ਮੈਨੂੰ ਥੋੜ੍ਹਾ ਵੱਟ ਚੜ੍ਹਿਆ ਪਰ ਮੈਂ ਠਰ੍ਹੰਮੇ ਨਾਲ ਕਿਹਾ, "ਆਹ ਤੁਸੀਂ ਚੰਗਾ ਕੀਤਾ ਜਿਹੜਾ ਬੰਦੇ ਬੁਲਾ ਲਏ, ਨਹੀਂ ਸਾਡੇ ਮਨ 'ਚ ਰਹਿਣਾ ਸੀ ਕਿ ਗਰੀਬ ਮਾਰ ਹੋ ਗਈ।"

"ਤੁਸੀਂ ਥਰੈਟ ਕਰਦੇ ਓ?" ਇਹ ਕੋਈ ਲੰਮਾ ਚੌੜਾ ਬੰਦਾ ਸੀ। ਮੈਂ ਪੁੱਛਿਆ, "ਤੁਸੀਂ ਕੌਣ?" ਤਾਂ ਜਮੀਨ ਵਾਲਾ ਬੋਲਿਆ, "ਇਹ ਸਾਡੇ ਫੁੱਫੜ ਜੀ ਨੇ। ਮਿਲਟਰੀ 'ਚ ਕਰਨਲ ਨੇ।" ਮੈਂ ਹੋਰ ਵੀ ਧੀਰਜ ਨਾਲ ਬੋਲਿਆ, "ਕਰਨਲ ਸਾਹਿਬ, ਤੁਸੀਂ ਤਾਂ ਸਿਆਣੇ ਹੋ, ਥਰੈਟ ਉਹ ਕਰਦਾ ਹੁੰਦਾ, ਜਿਹੜਾ ਕੁਛ ਕਰ ਨਾ ਸਕਦਾ ਹੋਵੇ। ਮੈਂ ਥਰੈਟ ਕਿਉਂ ਕਰਾਂ?" ਮੈਂ ਸਿੱਧਾ ਉਹਦੀਆਂ ਅੱਖਾਂ ਵਿਚ ਦੇਖ ਰਿਹਾ ਸੀ। ਉਹ ਇਕਦਮ ਬੋਲਿਆ, "ਮੈਂ ਦੋ ਮਿੰਟ ਤੁਹਾਡੇ ਨਾਲ ਗੱਲ ਕਰਨੀ ਐ।"

"ਆਓ।" ਮੈਂ ਸਿੱਧਾ ਇਕ ਕਮਰੇ ਵੱਲ ਹੋ ਤੁਰਿਆ। ਮੁੰਡੇ ਨਾਲ ਆਉਣ ਲੱਗੇ, ਮੈਂ ਡੱਕ ਦਿੱਤੇ।

"ਤੁਸੀਂ ਏਹਨਾਂ ਨੂੰ ਏਕੜ ਦਾ ਦੋ ਲੱਖ ਦੇ ਸਕਦੇ ਓ?" ਉਹਨੇ ਫੌਜੀਆਂ ਵਾਂਗੂੰ ਮੈਨੂੰ ਸਿੱਧਾ ਪੁੱਛਿਆ, ਬਿਨਾਂ ਵਿੰਗ ਵਲ ਤੋਂ। ਉਦੋਂ ਉਥੇ ਸਵਾ ਲੱਖ ਦਾ ਰੇਟ ਸੀ। ਉਹ ਇਕ ਸੱਠ-ਸੱਤਰ 'ਤੇ ਨਬੇੜਨੀ ਚਾਹੁੰਦਾ ਸੀ ਪਰ ਮੈਂ ਕਿਹਾ, "ਦਿੱਤਾ ਦੋ ਲੱਖ ਈ।"

ਉਹਨੇ ਹੈਰਾਨੀ ਜਿਹੀ ਨਾਲ ਮੇਰੇ ਵੱਲ ਹੱਥ ਵਧਾਇਆ ਤੇ ਕਿਹਾ, "ਡਨ?" ਤੇ ਮੈਂ ਉਹਦਾ ਹੱਥ ਘੁੱਟਦਿਆਂ ਕਿਹਾ, "ਡਨ।"

ਮੈਂ ਜਾਣਦਾ ਸਾਂ ਕਿ ਕਚਹਿਰੀ ਵਿਚ ਕੇਸ ਗਿਆਂ, ਹਾਰਨ ਵਾਲੇ ਦੀ ਸੁਆਹ ਹੁੰਦੀ ਹੈ ਤੇ ਜਿੱਤਣ ਵਾਲੇ ਦੇ ਕੋਇਲੇ, ਪੱਲੇ ਕਿਸੇ ਦੇ ਕੁਛ ਨਹੀਂ ਪੈਂਦਾ।

ਮੈਂ ਗੱਲ ਦੀ ਕਦਰ ਕਰਦਾਂ। ਚੰਗੀ, ਢੁਕਵੀਂ ਤੇ ਠੋਸ ਗੱਲ ਦੀ ਦਾਦ ਤਾਂ ਮੈਂ ਪਹਿਲਾਂ ਤੋਂ ਈ ਦਿੰਦਾ ਸਾਂ ਪਰ ਬਾਅਦ ਵਿਚ ਪੰਚਾਇਤ 'ਚ ਬੈਠਣ ਕਰ ਕੇ ਤੇ ਕਈ ਫੈਸਲਿਆਂ 'ਚ ਪੰਚਾਇਤੀ ਬਣਨ ਕਰ ਕੇ ਦੋਹਾਂ ਧਿਰਾਂ ਦੀ ਸੁਣ ਕੇ ਪੰਚਾਇਤੀ ਫੈਸਲਾ ਦੇਣ ਵੇਲੇ ਦੇਖਿਆ ਕਿ ਗੱਲ ਕਰ ਕੇ ਪੰਚਾਇਤ ਨੂੰ ਕੀਲ ਲੈਣ ਵਾਲੇ ਥੋੜ੍ਹੇ ਹੁੰਦੇ ਨੇ। ਉਹੀ ਬੰਦੇ ਮੋਹਤਬਰ ਤੇ ਪੰਚਾਇਤੀ ਅਖਵਾਉਂਦੇ ਨੇ।

ਇਕ ਵਾਰੀ ਸਾਹਨੇਵਾਲ ਤੋਂ ਵਜ਼ੀਰ ਰਹੇ ਵੀਰਪਾਲ ਸਿੰਘ ਦੇ ਪਰਿਵਾਰ ਤੇ ਸਰਪੰਚ ਸ਼ਮਸ਼ੇਰ ਸਿੰਘ ਹੀਰਾਂ ਦਾ ਝਗੜਾ ਮੇਰੇ ਕੋਲ ਆਇਆ। ਇਨ੍ਹਾਂ ਦਾ ਕਦੇ ਕਾਰੋਬਾਰ ਸਾਂਝਾ ਸੀ। ਵੱਡਾ ਕਾਰੋਬਾਰ ਸੀ, ਰੌਲਾ ਵੀ ਵੱਡਾ। ਸ਼ੈਲਰਾਂ ਤੇ ਜਮੀਨ ਦੀ ਵੰਡ-ਵੰਡਾਈ ਦਾ। ਕੇਸ ਵੀ ਚੱਲਦੇ ਸਨ। ਵਜ਼ੀਰ ਦੇ ਭਰਾ ਮੀਤਪਾਲ ਸਿੰਘ ਨੇ ਅਰਜ਼ ਕੀਤੀ ਸੀ ਗੁਰੂ ਜੀ ਨੂੰ, ਸਾਡਾ ਨਬੇੜਾ ਕਰਾ ਦਿਓ। ਉਨ੍ਹਾਂ ਮੈਨੂੰ ਹੁਕਮ ਕੀਤਾ। ਇਹ ਵੀ ਮੇਰੇ ਹਿੱਸੇ ਆਇਆ ਕਿ ਭੈਣੀ ਸਾਹਿਬ ਦਾ ਸਰਪੰਚ ਬਣਨ ਪਿੱਛੋਂ ਆਲੇ ਦੁਆਲੇ ਦੇ 60-70 ਪਿੰਡ ਹੀ ਨਹੀਂ, ਸਗੋਂ ਪੰਜਾਬ 'ਚੋਂ ਵੀ ਕਈ ਥਾਂਵਾਂ ਤੋਂ ਫੈਸਲੇ ਭੈਣੀ ਸਾਹਿਬ ਆਉਣ ਲੱਗੇ। ਮੈਥੋਂ ਪਹਿਲਾਂ ਭੈਣੀ ਸਾਹਿਬ ਦੀ ਸਰਪੰਚੀ ਦੀ ਕੋਈ ਵੁੱਕਤ ਨਹੀਂ ਸੀ। ਪਹਿਲਾਂ ਮੁਖਤਿਆਰ ਹੀ ਸਭ ਕੁਝ ਹੁੰਦਾ ਸੀ। ਮੈਨੂੰ ਮਾਣ ਐ ਕਿ ਇਥੋਂ ਦੀ ਸਰਪੰਚੀ ਦੀ ਟੌਹਰ ਮੈਂ ਬਣਾਈ।

ਮੈਂ ਦੋਹਾਂ ਧਿਰਾਂ ਨੂੰ ਬੁਲਾ ਲਿਆ। ਮੀਤਪਾਲ ਸਿੰਘ ਤੇ ਸ਼ਮਸ਼ੇਰ ਸਿੰਘ ਦੋਵੇਂ ਮੈਥੋਂ ਉਮਰ 'ਚ ਵੀ ਵੱਡੇ, ਤਜਰਬੇ 'ਚ ਵੀ ਤੇ ਸਿਆਸੀ ਕੱਦ-ਕਾਠ 'ਚ ਵੀ। ਅਜਿਹੇ ਵੇਲੇ ਮੇਰਾ ਸਾਹਿਤ ਪੜ੍ਹਿਆ ਤੇ ਬਜ਼ੁਰਗਾਂ ਕੋਲ ਬੈਠਿਆ ਕੰਮ ਆਉਂਦਾ। ਖੁਰਸ਼ੀਦੀ ਜੀ ਤੇ ਸੁਖਚੈਨ ਭਾ ਜੀ ਨੂੰ ਨਾਲ ਬਿਠਾ ਲੈਂਦਾ, ਜਿਹੜੇ ਬਹੁਤੀਆਂ ਗੱਲਾਂ 'ਚ ਮੈਥੋਂ ਸਿਆਣੇ ਹੋਣ 'ਤੇ ਵੀ ਮੇਰੀ ਇੱਜਤ ਤੇ ਮਾਣ ਬਣਾਈ ਰੱਖਦੇ। ਉਸ ਦਿਨ ਸ਼ਮਸ਼ੇਰ ਸਿੰਘ ਨੇ ਇਕੋ ਗੱਲ ਨਾਲ

**ਮੈਂ ਵੈਸਾ ਕਿਉਂ ਹੂੰ**

ਸਾਨੂੰ ਮੁੱਲ ਲੈ ਲਿਆ। ਉਸ ਨੇ ਬੋਲਣ ਦੀ ਆਗਿਆ ਮੰਗੀ ਤੇ ਕਿਹਾ, "ਇਹ ਪੰਚਾਇਤ ਹੈ, ਉਹ ਵੀ ਸਤ ਪੁਰਖਾਂ ਦੀ। ਏਥੇ ਸਾਨੂੰ ਸੱਚ ਬੋਲਣਾ ਚਾਹੀਦੈ। ਮੈਂ ਦੱਸਦਾਂ ਕਿ ਆਹ-ਆਹ ਕੇਸ ਇਨ੍ਹਾਂ 'ਤੇ ਮੈਂ ਝੂਠੇ ਪਾਏ ਨੇ, ਫਲਾਣੀਆਂ ਐਂਟਰੀਆਂ ਮੇਰੀਆਂ ਬੋਗਸ ਨੇ। ਏਨਾ ਕੁਛ ਮੇਰਾ ਅਸਲੀ ਹੈ। ਫੇਰ ਵੀ ਤੁਸੀਂ ਜੋ ਫੈਸਲਾ ਕਰੋਗੇ, ਮੈਨੂੰ ਮਨਜ਼ੂਰ ਹੋਵੇਗਾ, ਮੈਂ ਲਿਖ ਕੇ ਦਿੰਦਾ ਹਾਂ।"

ਪਰ ਵਜ਼ੀਰ ਦੇ ਭਰਾ ਨੇ ਇਕ ਵੀ ਗੱਲ ਸੁਆਦ ਵਾਲੀ ਨਾ ਕੀਤੀ। ਮੈਂ ਸਾਰੀ ਗੱਲ ਦੱਸ ਕੇ ਗੁਰੂ ਜੀ ਨੂੰ ਅਰਜ਼ ਕੀਤੀ ਕਿ ਸ਼ਮਸ਼ੇਰ ਸਿੰਘ ਸਹੀ ਐ। ਓਸ ਦਿਨ ਤੋਂ ਸ਼ਮਸ਼ੇਰ ਸਿੰਘ ਪੱਕੇ ਸਾਡੇ ਨਾਲ ਜੁੜ ਗਏ। ਇਹ ਓਹੀ ਸ਼ਮਸ਼ੇਰ ਸਿੰਘ ਸੀ ਜਿਸ ਨੇ ਲੁਧਿਆਣੇ ਰੈਲੀ 'ਚ ਜਾ ਰਹੀ ਉਦੋਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਬਿਨਾ ਪ੍ਰੋਗਰਾਮ ਤੋਂ ਆਪਣੇ ਪਿੰਡ ਹੀਰਾਂ ਵਿਚ ਰੋਕ ਕੇ ਜਲ-ਪਾਣੀ ਛਕਾਇਆ ਸੀ। ਪਿੱਛੋਂ ਇਨ੍ਹਾਂ ਬੜੇ ਫੈਸਲਿਆਂ ਵਿਚ ਮੇਰੀ ਮਦਦ ਕੀਤੀ।

ਏਵੇਂ ਕਿਸੇ ਬਜ਼ੁਰਗ ਨੇ ਕੰਮ ਕਰਵਾਉਣ ਲਈ ਕਥਾ-ਕਹਾਣੀ ਸੁਣਾ ਕੇ ਮੈਨੂੰ ਖ਼ੁਸ਼ ਕਰ ਦੇਣਾ। ਇਕ ਵਾਰੀ ਜੱਟ ਹਲਟ ਹੱਕ ਰਿਹਾ ਸੀ, ਬਲਦ ਤਕੜੇ ਸੀ। ਗਾਧੀ ਉਤੇ ਬੈਠੇ ਦੀ ਅੱਖ ਲੱਗ ਗਈ। ਚੋਰ ਉਹਦੇ ਬਲਦਾਂ ਪਿੱਛੇ ਲੱਗੇ ਹੋਏ ਸਨ। ਮੌਕਾ ਬਣਿਆ ਦੇਖ ਚੋਰਾਂ ਨੇ ਉਤਲਾ ਬਲਦ ਪੰਜਾਲੀ ਥੱਲਿਓਂ ਕੱਢ ਆਪਣੇ ਇਕ ਤਕੜੇ ਸਾਥੀ ਨੂੰ ਉਥੇ ਜੋਅ ਦਿੱਤਾ ਤੇ ਕਿਹਾ ਕਿ ਜਦੋਂ ਅਸੀਂ ਬਲਦ ਨੂੰ ਲੈ ਕੇ ਦੂਰ ਨਿਕਲ ਗਏ ਤਾਂ ਜੂਲਾ ਸਿੱਟ ਕੇ ਭੱਜ ਆਈਂ। ਜੱਟ ਦੀ ਅੱਖ ਛੇਤੀ ਖੁੱਲ੍ਹ ਗਈ। ਉਹਨੇ ਦੇਖਿਆ ਕਿ ਬਲਦ ਤਾਂ ਲੈਗੇ ਪਰ ਉਹਦੀ ਜਗ੍ਹਾ ਜੁੜਿਆ ਬੰਦਾ ਉਹਦੇ ਨਾਲੋਂ ਤਕੜੈ, ਜੇ ਰੌਲਾ ਪਾਇਆ ਤਾਂ ਕੁੱਟੂ। ਫੇਰ ਜੱਟ-ਵਿਦਿਆ ਉਹਦੇ ਕੰਮ ਆਈ। ਉਹ ਹੇਠਲੇ ਬਲਦ ਨੂੰ ਛੇੜ ਕੇ ਕਹਿੰਦਾ, ਓ ਚੱਲ ਸਾਵਿਆ, ਉਧਰ ਵੀ ਮਰਦ ਦੇ ਕੰਨ੍ਹੇ ਉਤੇ ਆਈ ਐ, ਕਿਸੇ ਕੰਧੇ ਲਾ ਕੇ ਛੱਡੂ। ਪੰਜਾਲੀ ਥੱਲੇ ਆਇਆ ਚੋਰ ਰੁਕਿਆ ਤੇ ਸਾਥੀਆਂ ਨੂੰ ਹਾਕ ਮਾਰ ਕੇ ਬੋਲਿਆ, "ਏਹਦਾ ਬਲਦ ਮੋੜ ਦੋ ਯਾਰੋ।"

ਕੋਈ ਬਜ਼ੁਰਗ ਮੈਨੂੰ ਇਹ ਕਥਾ ਸੁਣਾ ਕੇ ਕਹਿੰਦਾ, "ਹੁਣ ਸਾਡੇ ਕੰਮ ਦੀ ਪੰਜਾਲੀ ਵੀ ਤੇਰੇ ਵਰਗੇ ਮਰਦ ਦੇ ਕੰਨ੍ਹੇ ਉਤੇ ਆ। ਸਾਨੂੰ ਪਤਾ ਤੂੰ ਵਿਚਾਲੇ ਡੋਬਾ ਨਈਂ ਦੇਂਦਾ।"

ਮੈਂ ਖ਼ੁਸ਼ ਹੋ ਜਾਣਾ। ਕਈ ਵਾਰੀ ਗਲਤ-ਠੀਕ ਵੀ ਨਾ ਦੇਖਣਾ। ਇਹ ਸੋਚਣਾ ਈ ਨਾ ਕਿ ਪਹਿਲਾਂ ਓਹਨੇ ਮਰਦ ਨੂੰ ਪਰਿਭਾਸ਼ਿਤ ਕੀਤਾ ਆਪਣੇ ਮੁਤਾਬਕ, ਫੇਰ ਮੈਨੂੰ ਉਹ ਮਰਦ ਬਣਨ ਲਈ ਕਿਹਾ ਤੇ ਮੈਂ ਬਣ ਵੀ ਗਿਆ। 'ਉਨ੍ਹਾਂ ਨੂੰ ਕੰਢੇ ਲਾਵਾਂ' ਸੋਚ ਕੇ ਗਲਤ ਜ਼ੋਰ ਲਾਉਣਾ ਵਿੱਤੋਂ ਬਾਹਰਾ ਪਰ ਮੈਂ ਦੱਸਿਆ ਨਾ ਕਿ ਗੱਲ ਦੀ ਕੀਮਤ ਹੁੰਦੀ ਐ। ਇਕ ਵਾਰੀ ਮੈਂ ਤੇ ਸਵੀ ਉਹਦੀ ਕਾਰ ਨੂੰ ਨਵੇਂ ਟਾਇਰ ਪੁਆਉਣ ਗਏ। ਟਾਇਰਾਂ ਵਾਲਾ ਕਹਿੰਦਾ, ਸਾਢੇ ਤਿੰਨ ਹਜ਼ਾਰ ਦੇ, ਰੇਡੀਅਲ ਪਚਵੰਜਾ ਸੌ ਦੇ। ਅਸੀਂ ਪੁੱਛਿਆ, "ਇਨ੍ਹਾਂ 'ਚ ਫਰਕ ਕੀ ਐ?"

ਉਹ ਕਹਿੰਦਾ, "ਜੀ ਫਰਕ ਦਾ ਤਾਂ ਪਤਾ ਨੀ, ਪਰ ਬਰੇਕ ਮਾਰਿਆਂ ਗੱਡੀ ਬੱਤਖ ਵਾਂਗੂ ਬਹਿੰਦੀ ਐ।"

ਅਸੀਂ ਨਿਹਾਲ ਹੋ ਗਏ। ਕੁਝ ਛੱਡ-ਛੁਡਾ ਕਰਨ ਦੀ ਥਾਂ ਸੌ ਰੁਪਿਆ ਹੋਰ ਦਿਤਾ ਸਵੀ ਹੋਰਾਂ, ਉਹਦੀ ਗੱਲ ਦੀ ਦਾਦ ਵਾਧੂ ਦੀ।

---

# ਮੋਤੀ: ਗਦਰੀ ਬਾਬਿਆਂ ਦਾ ਹਰਕਾਰਾ

*(ਪਿਛਲੇ ਸਫੇ ਦੀ ਬਾਕੀ)*

ਆਜ਼ਾਦੀ ਘੁਲਾਟੀਏ ਕੋਈ ਪ੍ਰਵਾਹ ਨਹੀਂ ਸਨ ਕਰਦੇ। ਜੇਲ੍ਹਾਂ ਅੰਦਰ ਦਿਨ-ਕਟੀ ਕਰਨ ਲਈ ਬਹੁਤੇ ਕੈਦੀ ਜੰਗੇ ਆਜ਼ਾਦੀ ਦੀਆਂ ਤਜਵੀਜ਼ਾਂ ਬਣਾਉਂਦੇ, ਕੁਝ ਕਿਤਾਬਾਂ ਪੜ੍ਹਨ ਲੱਗ ਜਾਂਦੇ ਅਤੇ ਕਈ ਜਾਨਵਰਾਂ ਨਾਲ ਮੋਹ ਪਾਲ ਲੈਂਦੇ, ਜਿਵੇਂ ਮੋਤੀ। ਇਸੇ ਤਰ੍ਹਾਂ ਦੀਆਂ ਕੁਝ ਹੋਰ ਕਹਾਣੀਆਂ ਹਨ, ਜਿਨ੍ਹਾਂ ਵਿਚ ਕੈਦੀਆਂ ਦੇ ਜਾਨਵਰਾਂ ਨਾਲ ਤੇਹ ਦਾ ਇਜ਼ਹਾਰ ਮਿਲਦਾ ਹੈ।

ਸ਼ਿਵ ਕੁਮਾਰ ਵਰਮਾ ਦੀ ਪੁਸਤਕ 'ਮੌਤ ਦੀ ਉਡੀਕ' ਵਿਚ ਇਕ ਚਮਗਾਦੜ ਬਾਰੇ ਬੜੀ ਦਿਲਚਸਪ ਕਹਾਣੀ ਹੈ। ਆਂਧਰਾ ਪ੍ਰਦੇਸ਼ ਦੀ ਰਾਜ ਮੁੰਦਿਰੀ ਜੇਲ੍ਹ ਵਿਚ ਨਰ ਸਿੰਘ ਸਾਹੂ ਨਾਂ ਦਾ ਕੈਦੀ ਸੀ। ਉਸ ਦੇ ਜੇਲ੍ਹ-ਕਮਰੇ ਦੀ ਛੱਤ ਵਿਚ ਚਮਗਾਦੜਾਂ ਦੇ ਘੁਰਨੇ ਸਨ। ਉਹ ਜੇਲ੍ਹ ਦੇ ਖਾਣੇ 'ਚੋਂ ਕੁਝ ਭੋਰਾ-ਚੂਰਾ ਚਮਗਾਦੜਾਂ ਦੇ ਘੁਰਨਿਆਂ ਵਿਚ ਰੱਖ ਦਿੰਦਾ। ਉਨ੍ਹਾਂ 'ਚੋਂ ਇਕ ਚਮਗਾਦੜ ਰਾਤ ਨੂੰ ਉਸ ਦੇ ਮੰਜੇ 'ਤੇ ਆ ਬਹਿੰਦਾ ਤੇ ਸੌਣ ਵੇਲੇ ਚਾਦਰ ਵਿਚ ਘੁੱਸ ਜਾਂਦਾ। ਨਰ ਸਿੰਘ ਸਾਹੂ ਨੇ ਉਸ ਦਾ ਨਾਂ 'ਬਯਾ' ਰੱਖ ਲਿਆ। ਇਕ ਦਿਨ ਬਾਹਰ ਉੜਦੇ ਬਯਾ ਨੂੰ ਇਲ ਨੇ ਦਬੋਚ ਲਿਆ। ਇਲ ਭੌਂ ਕੇ ਹੇਠਾਂ ਆ ਪਈ। ਸਾਹੂ ਨੇ ਦੋਹਾਂ ਨੂੰ ਉਠਾ ਕੇ ਦੇਖਿਆ, ਇੱਲ ਦੇ ਢਿੱਡ ਵਿਚ ਬਯਾ ਦੀਆਂ ਨਹੁੰਦਰਾਂ ਖੁੱਬੀਆਂ ਹੋਈਆਂ ਸਨ। ਉਸ ਨੇ ਨਹੁੰਦਰਾਂ ਕੱਢ ਕੇ ਬਯਾ ਨੂੰ ਅੰਦਰ ਲੈ ਆਂਦਾ, ਪਾਣੀ ਪਿਆਇਆ ਤੇ ਰੋਟੀ ਦੇ ਭੋਰੇ ਅੱਗੇ ਰੱਖੇ। ਜ਼ਖਮਾਂ ਨੂੰ ਸਾਫ ਕਰਕੇ ਕੱਪੜੇ 'ਚ ਲਪੇਟ ਕੇ ਨਾਲ ਪਾ ਲਿਆ।

ਮੁਲਤਾਨ ਜੇਲ੍ਹ ਦੇ ਹਾਤੇ ਵਿਚ ਕਈ ਮਸ਼ਹੂਰ ਕ੍ਰਾਂਤੀਕਾਰੀ ਬੰਦ ਸਨ ਜਿਨ੍ਹਾਂ ਵਿਚ ਡਾ. ਗਯਾ ਪ੍ਰਸਾਦ, ਵਿਜੇ ਕੁਮਾਰ ਸਿਨਹਾ ਅਤੇ ਪੰਡਿਤ ਕਿਸ਼ੋਰੀ ਲਾਲ ਸ਼ਾਮਿਲ ਸਨ। ਉਨ੍ਹਾਂ ਵਿਚ ਇਕ ਡਾਕੂ ਫ਼ੱਜਾ ਵੀ ਸੀ ਜਿਸ ਨੇ ਕਬੂਤਰ ਪਾਲੇ ਹੋਏ ਸਨ। ਫੱਜਾ ਜੇਲ੍ਹ-ਗੁਦਾਮ 'ਚੋਂ ਛੋਲੇ ਲਿਆ ਕੇ ਭਿਓਂਦਾ ਤੇ ਕਬੂਤਰਾਂ ਨੂੰ ਆਓ! ਆਓ! ਕਹਿੰਦਾ ਕੁਝ ਭੁੰਜੇ ਤੇ ਕੁਝ ਛੱਤ 'ਤੇ ਛੱਟਾ ਮਾਰ ਦਿੰਦਾ। ਇਕ ਦਿਨ ਉਸ ਦੇ ਗੁਆਂਢੀ ਕੈਦੀ ਨੇ ਇਕ ਕਬੂਤਰ ਮਾਰ ਕੇ ਰਿੰਨਿਆ ਤੇ ਖਾ ਲਿਆ। ਫੱਜੇ ਨੂੰ ਪਤਾ ਲੱਗ ਗਿਆ ਤਾਂ ਉਹ ਅੱਗ ਬਗੋਲਾ ਹੋ ਗਿਆ ਤੇ ਉਸ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ। ਗੁਆਂਢੀ ਕੈਦੀ ਐਨਾ ਡਰਿਆ ਕਿ ਟੋਪੀ ਲਾਹ ਕੇ ਫੱਜੇ ਦੇ ਪੈਰਾਂ 'ਤੇ ਧਰ ਕੇ ਗਿੜਗੜਾਉਣ ਲੱਗਾ। ਦੋਵੇਂ ਹੱਥ ਜੋੜ ਕੇ ਮਾਫੀ ਮੰਗੀ ਤਾਂ ਫੱਜੇ ਨੇ ਲਾਹਨਤ ਪਾਈ ਤੇ ਤਨਜ਼ ਨਾਲ ਕਿਹਾ, 'ਤੂੰ ਬੇਜ਼ੁਬਾਨ ਨੂੰ ਮਾਰਿਆ, ਉਨ੍ਹਾਂ ਨੂੰ ਮਾਰ ਜੋ ਤੇਰੇ 'ਤੇ ਜ਼ੁਬਾਨਾਂ ਚਲਾਉਂਦੇ ਹਨ।'

ਇਕ ਜੇਲ੍ਹ ਵਿਚ ਸ਼ਿਵ ਕੁਮਾਰ ਵਰਮਾ ਕੈਦ ਸੀ। ਜੇਲ੍ਹ ਦੇ ਕਮਰਿਆਂ ਦੀਆਂ ਛੱਤਾਂ ਵਿਚ ਚਿੜੀਆਂ ਦੇ ਆਲ੍ਹਣਿਆਂ ਵਿਚ ਆਂਡੇ ਤੇ ਬੱਚੇ ਸਨ। ਆਲ੍ਹਣਿਆਂ 'ਚੋਂ ਰੋਜ਼ ਆਂਡਿਆਂ ਦੇ ਖੋਲ ਤੇ ਬੋਟ ਹੇਠਾਂ ਡਿਗ ਪੈਂਦੇ। ਇਨ੍ਹਾਂ ਨੂੰ ਹੂੰਝ ਕੇ ਬਾਹਰ ਸੁੱਟਣ ਦੀ ਡਿਊਟੀ ਇਕ ਕੈਦੀ ਦੀ ਸੀ। ਬਾਹਰ ਸੁੱਟਣ ਸਮੇਂ, ਬਿਨਾ ਨਾਂ ਲਿਆਂ, ਉਹ ਜੇਲ੍ਹ ਦੇ ਸਰਕਾਰੀ ਕਾਰਿੰਦਿਆਂ ਨੂੰ ਬੁਰਾ ਭਲਾ ਕਹਿੰਦਾ ਤੇ ਗੰਦੀਆਂ ਗਾਲ੍ਹਾਂ ਕੱਢਦਾ। ਇਕ ਦਿਨ ਇਕ ਬੋਟ ਨੂੰ, ਜਿਸ ਦੀਆਂ ਅੱਖਾਂ ਅਜੇ ਖੁੱਲ੍ਹੀਆਂ ਨਹੀਂ ਸਨ, ਸੁਟਣ ਜਾਂਦੇ ਨੂੰ ਸ਼ਿਵ ਕੁਮਾਰ ਵਰਮਾ ਨੇ ਦੇਖ ਲਿਆ ਤੇ ਕਿਹਾ, 'ਇਹ ਬੋਟ ਮੈਨੂੰ ਦੇ ਦੇਹ।' ਬੋਟ ਨੂੰ ਅੰਦਰ ਲਜਾ ਕੇ ਪਾਣੀ ਪਿਲਾਇਆ ਤੇ ਕੱਪੜੇ ਵਿਚ ਲਪੇਟ ਕੇ ਨਿੱਘਾ ਕੀਤਾ। ਕੁਝ ਦਿਨਾਂ ਵਿਚ ਬੋਟ ਵੱਡਾ ਹੋ ਗਿਆ ਤੇ ਪਰ ਕੱਢ ਲਏ। ਕਮਰੇ ਵਿਚ ਉਹ ਏਧਰ ਓਧਰ ਘੁੰਮਦਾ ਪਰਾਂ ਅਤੇ ਪੈਰਾਂ ਦੇ ਸਹਾਰੇ ਬਿਸਤਰੇ 'ਤੇ ਚੜ੍ਹ ਕੇ ਬਹਿ ਜਾਂਦਾ। ਰਾਤ ਪਈ 'ਤੇ ਸਿਰਹਾਣੇ ਨਾਲ ਲੱਗ ਕੇ ਸੌਂ ਜਾਂਦਾ। ਇਹ ਬੋਟ ਸ਼ਿਵ ਕੁਮਾਰ ਵਰਮਾ ਲਈ ਜੇਲ੍ਹ ਦੀ ਅਲਕਾਣ ਨੂੰ ਘਟਾਉਣ ਦਾ ਦਿਲਕਸ਼ ਨੁਮਣਾ ਬਣ ਗਿਆ।

ਇਕ ਦਿਨ ਵਰਮਾ ਜੀ ਨੇ ਉਸ ਨੂੰ ਬਾਹਰ ਕੱਢ ਕੇ ਉਡਣ ਲਈ ਉਤਾਂਹ ਨੂੰ ਉਲਾਰਿਆ, ਪਰ ਉਹ ਉਡਣ ਦੀ ਥਾਂ ਭੋਏਂ 'ਤੇ ਆ ਡਿੱਗਾ। ਚਿੜੀ ਦੇ ਬੱਚੇ ਦਾ ਹਾਲ ਵੀ ਮੋਤੀ ਜਿਹਾ ਸੀ, ਉਸ ਨੇ ਵੀ ਕਦੇ ਪਰਿੰਦੇ ਨਹੀਂ ਦੇਖੇ ਸਨ। ਵਰਮਾ ਜੀ ਉਸ ਨੂੰ ਰੋਜ਼ ਉਡਣ ਦਾ ਅਭਿਆਸ ਕਰਾਉਂਦੇ। ਉਹ ਨਹੀਂ ਸਨ ਚਾਹੁੰਦੇ ਕਿ ਉਹ ਕੈਦੀ ਬਣ ਕੇ ਰਹੇ। ਉਸ ਪਾਸ ਪਰ ਸਨ ਜਿਨ੍ਹਾਂ ਦੇ ਸਹਾਰੇ ਖੁੱਲ੍ਹੇ ਅੰਬਰ ਵਿਚ ਉਡ ਸਕਦਾ ਸੀ। ਇਕ ਦਿਨ ਉਸ ਨੇ ਉਡਾਣ ਭਰੀ ਤੇ ਰੁੱਖ ਦੀ ਟਾਹਣੀ 'ਤੇ ਜਾ ਬੈਠਾ। ਸ਼ਿਵ ਕੁਮਾਰ ਵਰਮਾ ਸੋਚਣ ਲੱਗੇ, ਕਾਸ਼ ਉਸ ਪਾਸ ਵੀ ਪਰ ਹੁੰਦੇ।

(ਇਸ ਲੇਖ ਦੀਆਂ ਕਹਾਣੀਆਂ ਮੂਲ ਰੂਪ ਵਿਚ ਸੱਚੀਆਂ ਹਨ। ਇਨ੍ਹਾਂ ਨੂੰ ਮੇਰੇ ਧਿਆਨ ਗੋਚਰੇ ਲਿਆਉਣ ਲਈ ਬੇਕਰਜ਼ਫੀਲਡ ਦੇ ਕਸ਼ਮੀਰ ਸਿੰਘ ਕਾਂਗਣਾ ਦਾ ਧੰਨਵਾਦ ਕਰਨਾ ਜ਼ਰੂਰੀ ਹੈ।)

---

*ਧੰਨਵਾਦ ਸਹਿਤ, ਸਾਹਿਤਕ ਮੈਗਜ਼ੀਨ, 'ਸੰਖ' ਵਿਚੋਂ (ਸੰਪਾਦਕ ਸਿੱਧੂ ਦਮਦਮੀ)*

# ਦਰਖਤ ਦੀਆਂ ਜੜ੍ਹਾਂ




ਸ਼ਬਦ ਝਰੋਖਾ

ਬਲਜੀਤ ਬਾਸੀ

ਫੋਨ: 734-259-9353


ਮੁਢ ਕਦੀਮ ਤੋਂ ਹੀ ਦਰਖਤ ਮਨੁੱਖ ਦੇ ਅੰਗ-ਸੰਗ ਰਿਹਾ ਹੈ। ਸੱਚੀ ਗੱਲ ਤਾਂ ਇਹ ਹੈ ਕਿ ਕਪੀ (ਏਪ) ਜਿਹੇ ਪੂਰਵਜਾਂ ਤੋਂ ਮਨੁੱਖ ਜਾਤੀ ਦਾ ਵਿਕਾਸ ਹੀ ਦਰਖਤਾਂ ਦੀ ਗੋਦ ਵਿਚ ਹੋਇਆ। ਦਰਖਤ ਜਾਂ ਜੰਗਲ ਕਹਾਉਂਦਾ ਦਰਖਤਾਂ ਦਾ ਸਮੂਹ ਮਨੁੱਖ ਦੀ ਹਰ ਲੋੜ ਪੂਰੀ ਕਰਦਾ ਰਿਹਾ ਹੈ: ਰਹਿਣ ਲਈ ਬਸੇਰਾ; ਖਾਣ ਲਈ ਫਲ ਫਰੂਟ, ਜੜੀ-ਬੂਟੀਆਂ, ਪੱਤੇ; ਪਹਿਨਣ ਲਈ ਸੱਕ ਅਤੇ ਪੱਤੇ; ਖਾਣਾ ਪਕਾਉਣ ਅਤੇ ਫਰਨੀਚਰ ਲਈ ਲੱਕੜੀ; ਲਿਖਣ ਲਈ ਸੱਕ ਤੇ ਪੱਤੇ; ਧੁੱਪ ਤੋਂ ਬਚਣ ਲਈ ਛਾਂ। ਹਮਾਤੜ-ਤੁਮਾਤੜ ਦਰਖਤਾਂ ਦੇ ਉਪਰ ਹੇਠਾਂ ਹੀ ਜੰਗ ਪਲੰਗਾ ਜਿਹੀਆਂ ਖੇਡਾਂ ਖੇਡਦੇ ਵੱਡੇ ਹੋਏ ਹਨ। ਪੰਛੀਆਂ ਤੇ ਕਈ ਜਾਨਵਰਾਂ ਦਾ ਤਾਂ ਰੈਣ ਬਸੇਰਾ ਅਤੇ ਖਾਧ ਖੁਰਾਕ ਹੀ ਦਰਖਤ ਹਨ।


ਏਨੀ ਉਪਯੋਗੀ ਸ਼ੈਅ ਹੋਣ ਕਾਰਨ ਪੂਜਾ-ਉਨਮੁਖ ਭਾਰਤ ਵਿਚ ਦਰਖਤਾਂ ਦੀ ਪੂਜਾ-ਅਰਚਨਾ ਵੀ ਕੀਤੀ ਜਾਂਦੀ ਹੈ। ਪਤੀ ਦੀ ਖੈਰ ਲਈ ਕਈ ਮੰਦਭਾਗੀ ਲੜਕੀਆਂ ਦਰਖਤ ਨਾਲ ਹੀ ਵਿਆਹ ਰਚਾ ਲੈਂਦੀਆਂ ਹਨ। ਉਂਜ ਕਈ ਪਤੀ ਕਹਾਉਂਦੇ ਮਰਦ ਤਾਂ ਉਨ੍ਹਾਂ ਲਈ ਦਰਖਤ ਜਿਹੇ ਜੜ੍ਹ ਹੀ ਸਾਬਤ ਹੁੰਦੇ ਹਨ। ਕਹਿੰਦੇ ਹਨ, ਮੰਗਲੀਕ ਐਸ਼ਵਰਿਆ ਰਾਏ ਦਾ ਪਹਿਲਾਂ ਵਿਆਹ ਹੀ ਦਰਖਤ ਨਾਲ ਹੋਇਆ ਸੀ। ਵਿਚਾਰੇ ਦਰਖਤ ਮਨੁੱਖ ਦੀਆਂ ਬਦਸ਼ਗਨੀਆਂ ਵੀ ਆਪਣੇ ਸਿਰ ਲੈ ਲੈਂਦੇ ਹਨ!

ਦਰਖਤ ਦੀ ਭਰਪੂਰ ਮਹਿਮਾ ਤਾਂ ਡਾ. ਗੁਰਬਖਸ਼ ਸਿੰਘ ਭੰਡਾਲ ਜਿਹਾ ਕੋਈ ਸਮਰੱਥ ਕਵੀ ਹੀ ਕਰ ਸਕਦਾ ਹੈ। ਦਰਖਤ ਪਿੰਡਾਂ ਥਾਂਵਾਂ ਦੇ ਧਰਤ-ਚਿੰਨ੍ਹ ਅਰਥਾਤ ਉਨ੍ਹਾਂ ਦੀ ਪਛਾਣ ਬਣੇ ਹੁੰਦੇ ਹਨ। ਬੇਸ਼ੁਮਾਰ ਸਥਾਨ ਨਾਂਵਾਂ ਵਿਚ ਦਰਖਤਾਂ ਦੇ ਨਾਂ ਆਉਂਦੇ ਹਨ। ਅਜਿਹੇ ਨਾਂਵਾਂ ਵਿਚ ਸਭ ਤੋਂ ਵਧ ਸ਼ਬਦ ਪਿੱਪਲ ਜਾਂ ਪਿੱਪਲੀ ਦਰਖਤ ਦਾ ਵਰਤਿਆ ਗਿਆ ਹੈ। ਬੋਹੜ, ਨਿੰਮ, ਟਾਹਲੀ ਤੂਤ, ਜੰਡ, ਅੰਬ ਆਦਿ ਦਰਖਤਾਂ ਦੇ ਪਿਛੇ ਵੀ ਕਈ ਪਿੰਡਾਂ ਦੇ ਨਾਂ ਹਨ। ਭਾਰਤ ਦੇ ਕਈ ਰਾਜਾਂ ਨੇ ਆਪਣੇ ਆਪਣੇ ਰਾਜ ਦਰਖਤ ਅਪਨਾਏ ਹੋਏ ਹਨ ਜਿਵੇਂ ਪੰਜਾਬ ਦਾ ਰਾਜਕੀ ਦਰਖਤ ਟਾਹਲੀ ਹੈ।

ਪੰਜਾਬੀ ਵਿਚ ਦਰਖਤ ਲਈ ਹੋਰ ਸ਼ਬਦ ਹਨ: ਪੇੜ, ਬ੍ਰਿਛ/ਬਿਰਖ, ਰੁੱਖ ਆਦਿ। ਬਹੁਤ ਸਾਰੇ ਪੰਜਾਬੀ ਸਾਹਿਤ ਖਾਸ ਤੌਰ 'ਤੇ ਕਵਿਤਾ, ਲੋਕ ਗੀਤਾਂ ਅਤੇ ਮੁਹਾਵਰਿਆਂ ਵਿਚ ਏਹੀ ਸ਼ਬਦ ਆਉਂਦੇ ਹਨ। ਸੁਰਜੀਤ ਪਾਤਰ ਅੱਗੇ ਤਾਂ ਬਿਰਖ ਨੇ ਅਰਜ਼ ਕੀਤੀ ਲਗਦੀ ਹੈ ਕਿ ਆਪਣੀ ਕਵਿਤਾ ਵਿਚ ਦਰਖਤ ਦੀ ਤੱਤੀ ਵਾ ਨਹੀਂ ਲੱਗਣੀ ਚਾਹੀਦੀ। ਸ਼ਾਇਦ ਦਰਖਤ ਕਵਿਤਾ ਦੀ ਲੈਅ ਜਾਂ ਵਜ਼ਨ ਵਿਗਾੜ ਦਿੰਦਾ ਹੈ। ਪਰ ਹਾਸ਼ਮ ਸ਼ਾਹ ਨੇ ਇਸ ਸ਼ਬਦ ਨੂੰ ਆਪਣੇ ਦੋਹੜੇ ਵਿਚ ਵਰਤ ਕੇ ਇਸ ਦੀ ਕਾਵਿਕਤਾ ਸਿੱਧ ਕਰ ਦਿੱਤੀ ਹੈ,

ਮੇਵੇਦਾਰ ਦਰਖਤ ਮੇਵੇ ਦੇ
ਜਿਸ ਦਿਲ ਨੂੰ ਹਿਰਸ ਨ ਕਾਈ।
ਖਾਤਰ ਓਸ ਪਿਆ ਉਸ ਝੁਕਣਾ
ਸਿਰ ਭਾਰੀ ਪੋਤ ਉਠਾਈ।
ਸਰੂ ਕਬੂਲ ਨ ਕੀਤਾ ਮੇਵਾ
ਉਨੂੰ ਹਰਜ ਮਰਜ਼ ਨਹੀਂ ਕਾਈ।
ਹਾਸ਼ਮ ਹਿਰਸ ਲਗਾ ਨ ਕਾਈ
ਅਤੇ ਸਰੂ ਹੋਇਆ ਉਹ ਭਾਈ।

ਮੇਰੇ ਖਿਆਲ ਵਿਚ ਧਰਤੀ ਵਿਚ ਇਕੋ ਜਗ੍ਹਾ 'ਤੇ ਸਦੀਆਂ ਤੱਕ ਡਟੇ ਰਹਿਣ ਵਾਲੀ ਸੱਕ ਲਪੇਟੀ ਇਸ ਸ਼ੈਅ ਲਈ ਅੱਜ ਕਲ੍ਹ ਬਹੁਪ੍ਰਚਲਿਤ ਸ਼ਬਦ ਦਰਖਤ ਹੀ ਹੈ। ਇਸ ਗੱਲ ਦਾ ਝਗੜਾ ਹੋ ਸਕਦਾ ਹੈ ਕਿ ਇਸ ਦੀ ਸ਼ਾਨ ਇਸ ਦੇ 'ਖ' ਦੇ ਪੈਰਾਂ ਹੇਠਾਂ ਬਿੰਦੀ ਲਾ ਕੇ ਵਧਦੀ ਹੈ ਜਾਂ ਇਸ ਤੋਂ ਬਿਨਾ।



ਉਪਰ ਸੰਕੇਤ ਕੀਤਾ ਗਿਆ ਹੈ ਕਿ ਪੰਜਾਬੀ ਦੇ ਮੁਢਲੇ ਸ਼ਬਦ ਬ੍ਰਿਛ/ਬਿਰਖ, ਰੁੱਖ, ਪੇੜ ਹੀ ਹਨ। ਭਾਰਤ ਵਿਚ ਇਸਲਾਮੀ ਹਕੂਮਤ ਦੌਰਾਨ ਫਾਰਸੀ ਅਰਬੀ ਦੇ ਹੱਲੇ ਕਾਰਨ ਹੋਰ ਸ਼ਬਦਾਂ ਵਾਂਗ ਦਰਖਤ ਨੇ ਵੀ ਭਾਰਤ ਦੀਆਂ ਕਈ ਭਾਸ਼ਾਵਾਂ ਵਿਚੋਂ ਮੁਢਲੇ ਸ਼ਬਦ ਜਾਂ ਤਾਂ ਉਖਾੜ ਦਿੱਤੇ ਜਾਂ ਆਪਣੀ ਖਾਸ ਥਾਂ ਬਣਾ ਲਈ। ਦਰਖਤ ਫਾਰਸੀ ਦਾ ਸ਼ਬਦ ਹੈ, ਜਿਸ ਨੇ ਘੱਟੋ ਘੱਟ ਬੋਲਚਾਲ ਦੀ ਪੰਜਾਬੀ ਵਿਚ ਆਪਣੀਆਂ ਜੜ੍ਹਾਂ ਪੱਕੀਆਂ ਕਰ ਲਈਆਂ ਹਨ। ਇਸ ਦਾ ਫਾਰਸੀ ਪਿਛੋਕੜ ਹੋਣ ਕਾਰਨ ਕਈ ਲੋਕ 'ਖ' ਪੈਰੀਂ ਬਿੰਦੀ ਨੂੰ ਤਰਜੀਹ ਦਿੰਦੇ ਹਨ।

ਫਾਰਸੀ ਵਿਚ ਇਹ ਸ਼ਬਦ ਦਰ+ਖ਼ਤ ਤੋਂ ਬਣਿਆ ਹੈ। ਫਾਰਸੀ ਵਿਚ ਦਰ ਦਾ ਅਰਥ ਲੱਕੜੀ ਹੈ ਜੋ ਇੱਕ ਤਰ੍ਹਾਂ ਬ੍ਰਿਛ ਦੇ ਅਰਥਾਂ ਵਿਚ ਹੀ ਸਮਝੀ ਜਾਂਦੀ ਹੈ। ਦਰਖਤ ਅਤੇ ਲੱਕੜੀ ਦੇ ਸੰਕਲਪ ਜੁੜਵੇਂ ਹੀ ਹਨ, ਲੱਕੜੀ ਦਰਖਤ ਤੋਂ ਬਿਨਾ ਹੋਰ ਕਿਸੇ ਪੌਦੇ ਤੋਂ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਮੈਂ 'ਖ਼ਤ' ਸ਼ਬਦ ਦਾ ਪਿਛੋਕੜ ਅਜੇ ਤੱਕ ਲੱਭ ਨਹੀਂ ਸਕਿਆ।

ਫੈਲਨ ਦੇ ਅੰਗਰੇਜ਼ੀ-ਹਿੰਦੁਸਤਾਨੀ ਕੋਸ਼ ਅਨੁਸਾਰ ਖ਼ਤ ਸ਼ਬਦ ਸੰਸਕ੍ਰਿਤ ਦੇ ਗਾਛ ਦਾ ਸਜਾਤੀ ਹੋ ਸਕਦਾ ਹੈ, ਜਿਸ ਦਾ ਅਰਥ ਵੀ ਬ੍ਰਿਛ, ਪੇੜ ਹੀ ਹੈ। ਗਾਛ ਸ਼ਬਦ ਦੇ ਹੋਰ ਭੇਦ ਹਨ-ਗੱਛ, ਗਛਿਆ। ਗਾਛ ਦਾ ਅਰਥ ਬਗੀਚਾ ਵੀ ਹੈ। ਗੱਛ ਦੇ ਅਰਥ ਪੇੜ ਤੋਂ ਇਲਾਵਾ ਪਰਿਵਾਰ, ਨਸਲ ਵੀ ਹਨ। ਪਰ ਅਜੇ ਅਸੀਂ ਗੱਛ ਦਾ ਖਹਿੜਾ ਛੱਡਦੇ ਹਾਂ। ਫਾਰਸੀ ਵਿਚ 'ਦਰ' ਦਾ ਹੋਰ ਰੂਪ 'ਦਾਰ' ਹੈ ਜੋ ਉਰਦੂ, ਪੰਜਾਬੀ ਤੇ ਹੋਰ ਭਾਸ਼ਾਵਾਂ ਵਿਚ ਵੀ ਵਰਤਿਆ ਜਾਂਦਾ ਹੈ। ਇਸ ਦਾ ਮੁੱਖ ਅਰਥ ਲੱਕੜੀ ਹੈ ਤੇ ਹੋਰ ਅਰਥ ਹਨ: ਸਲੀਬ, ਸੂਲੀ, ਸ਼ਤੀਰ, ਛੱਤ, ਦਰਖਤ। ਸਪੱਸ਼ਟ ਹੈ, ਇਹ ਸਾਰੀਆਂ ਚੀਜ਼ਾਂ ਲੱਕੜੀ ਦੀਆਂ ਹੀ ਬਣੀਆਂ ਹੁੰਦੀਆਂ ਹਨ। ਫਾਰਸੀ ਵਿਚ ਕਾਟੋ ਲਈ ਦਾਰਮੂਸ਼ (ਮੂਸ਼=ਚੂਹਾ) ਸ਼ਬਦ ਹੈ। ਸੂਲੀ ਦੇ ਅਰਥਾਂ ਵਿਚ ਅਹਿਮਦ ਫਰਾਜ਼ ਦਾ ਇਕ ਮਿਸਰਾ ਦੇਖੋ,

ਆਜ ਹਮ ਦਾਰ ਪੇ ਖੀਂਚੇ ਗਏ ਜਿਨ ਬਾਤੋਂ ਪਰ
ਕਯਾ ਅਜਬ ਕਲ ਵੋ ਜ਼ਮਾਨੇ ਕੋ ਨਿਸਾਬੋਂ ਮੇਂ ਮਿਲੇਂ।
(ਨਿਸਾਬ=ਪੜ੍ਹਾਈ ਦਾ ਕੋਰਸ)

ਦਾਰ ਸ਼ਬਦ ਦਾ ਜ਼ੈਂਦ ਰੂਪ ਦੌਰੂ ਜਿਹਾ ਸੀ। ਇਹ ਸ਼ਬਦ ਸੰਸਕ੍ਰਿਤ ਦਾਰੁ ਦਾ ਭਾਈਬੰਦ ਹੈ, ਜਿਸ ਦਾ ਅਰਥ ਵੀ ਲੱਕੜੀ ਜਾਂ ਦਰਖਤ ਹੀ ਹੈ। ਸੰਸਕ੍ਰਿਤ ਵਿਚ ਇਸ ਦੇ ਹੋਰ ਅਰਥ ਹਨ: ਸ਼ਤੀਰ, ਗੁਟਕਾ, ਅਰਲ ਜਿਹਾ ਕੁੰਡਾ (ਜੋ ਲੱਕੜੀ ਦਾ ਹੁੰਦਾ ਸੀ)। ਦਾਰ ਦੇ ਅੱਗੇ ਦੇਵ ਲੱਗ ਕੇ ਦੇਵਦਾਰ ਬਣਦਾ ਹੈ, ਜੋ ਚੀਲ੍ਹ ਵਰਗੇ ਰੁੱਖਾਂ ਦੀ ਇੱਕ ਕਿਸਮ ਹੈ। ਦੇਵਦਾਰ ਦਾ ਅੱਖਰੀ ਅਰਥ ਹੋਇਆ, ਦਿਉ ਕੱਦ ਦਰਖਤ। ਇਸ ਨੂੰ ਪੰਜਾਬੀ ਵਿਚ ਦਿਆਰ, ਦਾਰ ਜਾਂ ਬਿਆਰ ਵੀ ਆਖਿਆ ਜਾਂਦਾ ਹੈ।

ਦਾਲਚੀਨੀ ਫਾਰਸੀ ਸ਼ਬਦ ਦਾਰਚੀਨੀ ਦਾ ਦੇਸੀ ਰੂਪ ਹੈ ਜਿਸ ਦਾ ਅੱਖਰੀ ਅਰਥ ਹੈ, ਚੀਨ ਦੀ ਲੱਕੜ। ਨਿਰੁਕਤ ਸ਼ਾਸਤਰੀ ਗ. ਸ. ਰਿਆਲ ਅਨੁਸਾਰ ਇਥੇ ਚੀਨ ਤੋਂ ਮੁਰਾਦ ਜਾਵਾ, ਸੁਮਾਟਰਾ ਹੈ। ਕਿਸੇ ਸਮੇਂ ਇਥੋਂ ਦੇ ਮਸਾਲਿਆਂ ਦੀ ਯੂਰਪੀ ਦੇਸ਼ਾਂ ਵਿਚ ਬੜੀ ਮੰਗ ਸੀ। ਉਕਤ ਟਾਪੂਆਂ ਨੂੰ ਇਤਿਹਾਸਕ ਤੌਰ 'ਤੇ Spice Islands (ਮਸਾਲਾ ਦੀਪ) ਕਿਹਾ ਜਾਂਦਾ ਹੈ। ਇਥੇ ਕੁਝ ਭੁਲੇਖਾ ਲੱਗਾ ਲਗਦਾ ਹੈ। ਅਸਲ ਵਿਚ ਚੀਨ ਅਤੇ ਹਿੰਦਚੀਨੀ ਦੇ ਹੋਰ ਦੇਸ਼ਾਂ ਵਿਚ ਕੈਸੀਆ ਨਾਂ ਦਾ ਦਰਖਤ ਪਾਇਆ ਜਾਂਦਾ ਹੈ ਜਿਸ ਦਾ ਸੱਕ ਵੀ ਦਾਲਚੀਨੀ ਵਰਗਾ ਹੀ ਹੁੰਦਾ ਹੈ। ਇਸ ਨੂੰ ਨਕਲੀ ਦਾਲਚੀਨੀ ਵੀ ਕਿਹਾ ਜਾਂਦਾ ਹੈ। ਅਸਲੀ ਦਾਲਚੀਨੀ ਭਾਰਤ, ਸ੍ਰੀ ਲੰਕਾ, ਬੰਗਲਾ ਦੇਸ਼ ਆਦਿ ਵਿਚ ਪਾਈ ਜਾਂਦੀ ਹੈ।

ਸੰਸਕ੍ਰਿਤ ਦਾਰ ਦਾ ਇਕ ਵਿਗੜਿਆ ਰੂਪ 'ਤਰੁ' ਵੀ ਹੈ, ਜਿਸ ਦਾ ਅਰਥ ਵੀ ਦਰਖਤ ਹੀ ਹੈ। ਚੌਥੇ ਮਹਲੇ ਗੁਰੂ ਰਾਮ ਦਾਸ ਦੇ ਸਵੱਈਆਂ ਵਿਚ ਇਹ ਸ਼ਬਦ 'ਤਰੂਆ' ਦੇ ਰੂਪ ਵਿਚ ਦਰਜ ਹੈ, "ਸਸਿ ਰਿਖਿ ਨਿਸਿ ਸੂਰ ਦਿਨਿ ਸੈਲ ਤਰੂਅ ਫਲ ਫਲ ਦੀਅਉ॥" ਅਰਥਾਤ ਜਿਸ ਨੇ ਰਾਤ ਲਈ ਚੰਦ ਤੇ ਤਾਰੇ ਅਤੇ ਦਿਨ ਲਈ ਸੂਰਜ ਰਚੇ ਹਨ; ਜਿਸ ਨੇ ਪਹਾੜ ਅਤੇ ਫਲਾਂ ਫੁੱਲਾਂ ਵਾਲੇ ਦਰਖਤ ਰਚੇ ਹਨ।

ਦਾਰ ਸ਼ਬਦ ਭਾਰੋਪੀ ਹੈ ਅਰਥਾਤ ਇਸ ਦੇ ਸਜਾਤੀ ਸ਼ਬਦ ਅਨੇਕਾਂ ਹਿੰਦ-ਯੂਰਪੀ ਪਰਿਵਾਰ ਦੀਆਂ ਭਾਸ਼ਾਵਾਂ ਵਿਚ ਮਿਲ ਜਾਂਦੇ ਹਨ। ਇਸ ਦਾ ਭਾਰੋਪੀ ਮੂਲ ਹੈ 'Deru' ਜਿਸ ਵਿਚ ਪਕਿਆਈ, ਸਥੂਲਤਾ, ਮਜ਼ਬੂਤੀ ਆਦਿ ਦੇ ਭਾਵ ਹਨ। ਅਜਿਹੇ ਅਰਥ ਤੋਂ ਲੱਕੜੀ ਜਾਂ ਦਰਖਤ ਜਿਹਾ ਭਾਵ ਵਿਕਸਿਤ ਹੋਵੇ। ਦਰਖਤ ਦੀ ਖਾਸੀਅਤ ਹੈ ਕਿ ਇਹ ਧਰਤੀ ਵਿਚ ਮਜ਼ਬੂਤੀ ਨਾਲ ਇੱਕੋ ਥਾਂ 'ਤੇ ਡਟਿਆ ਰਹਿੰਦਾ ਹੈ। ਲੱਕੜੀ ਵਿਚ ਵੀ ਪੱਕੇ ਜਾਂ ਮਜ਼ਬੂਤ ਹੋਣ ਦੇ ਗੁਣ ਹਨ। ਦਰਅਸਲ ਅੰਗਰੇਜ਼ੀ ਸ਼ਬਦ Tree ਵੀ ਇਸੇ ਮੂਲ ਨਾਲ ਜਾ ਜੁੜਦਾ ਹੈ।

ਗਰੀਕ ਵਿਚ Drys ਬਲੂਤ ਹੈ; Doru ਸ਼ਤੀਰ ਜਾਂ ਭਾਲੇ ਦਾ ਡੰਡਾ ਹੈ; ਓਲਡ ਚਰਚ ਸਲੈਵਾਨਿਕ ਵਿਚ Drievo ਲੱਕੜੀ ਜਾਂ ਦਰਖਤ ਹੈ; ਸਰਬੀਅਨ ਵਿਚ Drvo ਦਰਖਤ ਅਤੇ Drva ਲੱਕੜੀ ਹੈ। ਇਸੇ ਤਰ੍ਹਾਂ ਦੇ ਸ਼ਬਦ ਰੂਸੀ, ਚੈਕ, ਪੋਲਿਸ਼ ਭਾਸ਼ਾਵਾਂ ਵਿਚ ਮੌਜੂਦ ਹਨ, ਜਿਨ੍ਹਾਂ ਦੇ ਅਰਥ ਲੱਕੜੀ ਜਾਂ ਦਰਖਤ ਜਾਂ ਦੋਵੇਂ ਹਨ। ਲਿਥੂਏਨੀਅਨ Drutas ਦਾ ਅਰਥ ਪੱਕਾ, ਮਜ਼ਬੂਤ ਅਤੇ Derva ਦਾ ਅਰਥ ਚੀਲ ਤੇ ਲੱਕੜ ਹੈ। ਵੈਲਸ਼, ਪੁਰਾਣੀ ਆਇਰਿਸ਼ ਵਿਚ ਮਿਲਦੇ-ਜੁਲਦੇ ਸ਼ਬਦਾਂ ਦੇ ਅਰਥ ਪੱਕਾ, ਤਕੜਾ, ਸੱਚਾ ਆਦਿ ਹਨ। ਪੁਰਾਣੀ ਅੰਗਰੇਜ਼ੀ ਦੇ Treo ਦਾ ਅਰਥ ਦਰਖਤ ਤੋਂ ਇਲਾਵਾ ਸ਼ਤੀਰ, ਗੇਲੀ, ਕਾਠ, ਕੀਲਾ ਆਦਿ ਹਨ। ਕਈ ਪੁਰਾਤਨ ਜਰਮੈਨਿਕ ਭਾਸ਼ਾਵਾਂ ਦੇ ਅੰਗਰੇਜ਼ੀ Tree ਨਾਲ ਮਿਲਦੇ-ਜੁਲਦੇ ਸ਼ਬਦਾਂ ਦੇ ਅਰਥ ਦਰਖਤ ਜਾਂ ਲੱਕੜ ਹਨ।

Deru ਮੂਲ ਦੇ ਪਕਿਆਈ, ਮਜ਼ਬੂਤੀ ਵਾਲੇ ਅਰਥਾਂ ਤੋਂ ਹੋਰ ਖਾਸ ਤੌਰ 'ਤੇ ਭਾਵਵਾਚਕ ਸ਼ਬਦ ਵੀ ਬਣੇ ਹਨ ਜਿਵੇਂ Dendrite (ਬ੍ਰਿਛ ਰੂਪੀ), Dryad (ਬ੍ਰਿਛ ਤੇ ਰਹਿਣ ਵਾਲੀ ਪਰੀ), Durable (ਹੰਢਣਸਾਰ), Duration (ਵਕਫਾ), During (ਤਗਣਾ, ਪੁੱਗਣਾ ਦਾ ਭਾਵ), Durum (ਪੱਕੀ, ਸਖਤ ਕਣਕ ਦੀ ਕਿਸਮ), Endure (ਸਖਤ ਦਿਲ ਹੋਣ ਦਾ ਭਾਵ), Obdurate (ਸਖਤ ਹੋਇਆ, ਕਠੋਰ), Rhododendron (ਅੱਖਰੀ ਅਰਥ: ਲੱਕੜ ਦਾ ਗੁਲਾਬ), Tar (ਮੁਢਲੇ ਤੌਰ 'ਤੇ ਗਾੜ੍ਹੀ ਗੂੰਦ, ਜੋ ਦਰਖਤ ਤੋਂ ਮਿਲਦੀ ਹੈ), Tray (ਲੱਕੜੀ ਦਾ ਪਾਤਰ), Trig, Trim (ਮੁਢਲੇ ਤੌਰ 'ਤੇ ਮਜ਼ਬੂਤੀ ਦਾ ਭਾਵ), Trough (ਕਾਠ ਦਾ ਭਾਂਡਾ, ਕਠਾਰਾ), Truce, True (ਜੋ ਪੱਕਾ ਰਹਿੰਦਾ ਹੈ), Trust (ਵਿਸ਼ਵਾਸ ਦੀ ਪਕਿਆਈ), Tryst (ਮਿਲਣ ਸਥਾਨ ਅਰਥਾਤ ਪੱਕੀ ਠੱਕੀ) ਆਦਿ।

ਦੇਖਿਆ ਜਾ ਸਕਦਾ ਹੈ ਕਿ ਅੰਗਰੇਜ਼ੀ ਅਤੇ ਹੋਰ ਯੂਰਪੀ ਭਾਸ਼ਾਵਾਂ ਵਿਚ Deru ਮੂਲ ਤੋਂ ਦਰਖਤ ਤੋਂ ਇਲਾਵਾ ਹੋਰ ਪਾਸੇ ਦੇ ਵੀ ਕਈ ਸ਼ਬਦ ਬਣੇ ਹਨ ਜਦ ਕਿ ਸਾਡੀਆਂ ਭਾਸ਼ਾਵਾਂ ਵਿਚ ਅਜਿਹਾ ਨਹੀਂ ਹੋਇਆ।

# ਆਓ ਬੁਢਾਪੇ ਨੂੰ ਜਿਉਣਾ ਸਿੱਖੀਏ

ਵਧਦੀ ਉਮਰ ਨਾਲ ਅਸੀਂ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨ ਲੱਗਦੇ ਹਾਂ। ਇਨ੍ਹਾਂ ਸੀਮਾਵਾਂ ਨੂੰ ਪਛਾਨਣਾ ਜ਼ਰੂਰੀ ਹੈ ਪਰ ਇਨ੍ਹਾਂ ਤੋਂ ਘਬਰਾਉਣ ਦੀ ਲੋੜ ਨਹੀਂ ਹੁੰਦੀ, ਬੱਸ ਲੋੜ ਹੁੰਦੀ ਹੈ, ਇਕ ਨਿੱਕੀ ਜਿਹੀ ਸ਼ਿਫਟ ਦੀ। ਹੁਣ ਸਾਨੂੰ ਆਪਣੀ ਸੀਮਤ ਸਰੀਰਕ ਸ਼ਕਤੀ ਅਨੁਸਾਰ ਕੰਮ ਕਰਨਾ ਚਾਹੀਦਾ ਹੈ ਪਰ ਹੌਸਲਾ ਹਮੇਸ਼ਾ ਬੁਲੰਦ ਰੱਖਣਾ ਚਾਹੀਦਾ ਹੈ। 'ਹਾਂਪੱਖੀ ਸੋਚ' ਨਾਲ ਇਹ ਉਮਰ ਹੁਸੀਨ ਬਣਾਈ ਜਾ ਸਕਦੀ ਹੈ।




ਸੁਰਜੀਤ ਕੌਰ ਕੈਨੇਡਾ

ਫੋਨ: 416-605-3784


ਸਾਰੀ ਜ਼ਿੰਦਗੀ ਅਸੀਂ ਬਹੁਤ ਰੁੱਝੇ ਰਹਿੰਦੇ ਹਾਂ। ਕਈ ਕੰਮ ਕਰਨੇ ਚਾਹੁੰਦੇ ਹਾਂ ਪਰ ਸਾਡੇ ਕੋਲ ਸਮਾਂ ਨਹੀਂ ਹੁੰਦਾ। ਅਕਸਰ ਸ਼ਿਕਾਇਤ ਵੀ ਕਰਦੇ ਹਾਂ ਕਿ ਜੇ ਸਮਾਂ ਹੁੰਦਾ ਤਾਂ 'ਮੈਂ ਆਹ ਕਰਨਾ ਸੀ, ਉਹ ਕਰਨਾ ਸੀ।' ਹੁਣ ਅਸੀਂ ਰਿਟਾਇਰ ਹੋ ਚੁਕੇ ਹੁੰਦੇ ਹਾਂ। ਬਹੁਤ ਸਾਰੀਆਂ ਜ਼ਿੰਮੇਵਾਰੀਆਂ ਤੋਂ ਵੀ ਮੁਕਤ ਹੁੰਦੇ ਹਾਂ। ਹੁਣ ਸਾਡੇ ਕੋਲ ਵਿਹਲ ਹੀ ਵਿਹਲ ਹੈ। ਵੇਖਣਾ ਇਹ ਹੈ ਕਿ ਇਹ ਵਿਹਲ ਸਾਨੂੰ ਡਿਪਰੈਸ਼ਨ (ਨਿਰਾਸ਼ਾ, ਦਹਿਦੀ ਕਲਾ) ਵੱਲ ਨਾ ਲੈ ਜਾਵੇ, ਅਤੇ ਅਸੀਂ ਇਹ ਨਾ ਸੋਚਣ ਲੱਗ ਜਾਈਏ ਕਿ 'ਹੁਣ ਵਿਹਲੇ ਅਤੇ ਬੇਕਾਰ ਹੋ ਗਏ ਹਾਂ' ਜਾਂ 'ਮੇਰੀ ਤਾਂ ਕਿਸੇ ਨੂੰ ਲੋੜ ਹੀ ਨਹੀਂ।'

ਸਵਾਲ ਹੈ, ਅਸੀਂ ਇਸ ਉਮਰ ਨੂੰ ਸਾਰਥਕ ਕਿਵੇਂ ਬਣਾਈਏ? ਇਸ ਵਿਹਲ ਵਿਚ ਅਸੀਂ ਉਹ ਸਾਰੇ ਕੰਮ ਕਰ ਸਕਦੇ ਹਾਂ ਜੋ ਅਸੀਂ ਸਾਰੀ ਜ਼ਿੰਦਗੀ ਸਮੇਂ ਦੀ ਘਾਟ ਕਰਕੇ ਕਰਨੇ ਲੋਚਦੇ ਰਹੇ; ਜਿਵੇਂ ਕਿਸੇ 'ਹੋਬੀ' ਦੀ ਪੂਰਤੀ ਜਾਂ ਸੈਰ-ਸਪਾਟਾ ਕਰਨਾ ਆਦਿ।

ਉਂਜ ਤਾਂ ਹਰ ਇਨਸਾਨ ਨੂੰ ਆਪਣੇ ਬੁਢਾਪੇ ਲਈ ਬਹੁਤ ਪਹਿਲਾਂ ਹੀ ਯੋਜਨਾ ਤਿਆਰ ਕਰਨੀ ਚਾਹੀਦੀ ਹੈ ਪਰ ਜੇ ਨਹੀਂ ਵੀ ਕੀਤੀ ਤਾਂ ਹੁਣ ਵੀ ਕਰ ਸਕਦੇ ਹਾਂ। ਅਸੀਂ ਆਪਣੇ ਵਿਹਲੇ ਸਮੇਂ ਨੂੰ ਕਿਵੇਂ ਬਤੀਤ ਕਰਨਾ ਹੈ, ਸਭ ਤੋਂ ਪਹਿਲਾਂ ਇਹ ਪਲੈਨ ਕਰਨਾ ਹੈ। ਬਹੁਤ ਸਾਰੀਆਂ ਗਤੀਵਿਧੀਆਂ ਹਨ, ਇਸ ਉਮਰ ਵਿਚ ਕਰਨ ਲਈ। ਜੇ ਕੋਮਲ ਕਲਾਵਾਂ ਦਾ ਸ਼ੌਕ ਹੈ ਤਾਂ ਪੇਂਟਿੰਗ ਕਰੋ, ਮਨ ਨੂੰ ਬਹੁਤ ਸਕੂਨ ਮਿਲਦਾ ਹੈ। ਆਪਣੇ ਖਿਆਲਾਂ ਨੂੰ ਲਿਖਤੀ ਰੂਪ ਦੇਣ ਨਾਲ ਮਨ ਤੋਂ ਬੋਝ ਹਟਦਾ ਹੈ। ਇਸ ਉਮਰੇ ਬਾਗਬਾਨੀ ਬਹੁਤ ਹੀ ਵਧੀਆ ਸ਼ੌਕ ਹੈ, ਜੋ ਤਨ ਤੇ ਮਨ-ਦੋਹਾਂ ਨੂੰ ਤੰਦਰੁਸਤ ਰੱਖਦਾ ਹੈ। ਮਹੀਨੇ ਵਿਚ ਇਕ ਦੋ ਵਾਰ ਆਪਣੇ ਦੋਸਤਾਂ ਨਾਲ ਮਿਲ ਕੇ ਕਿਸੇ ਚੰਗੇ ਜਿਹੇ ਰੈਸਟੋਰੈਂਟ ਵਿਚ ਲੰਚ ਕਰਨ ਜਾਂ ਪਿਕਨਿਕ 'ਤੇ ਜਾ ਸਕਦੇ ਹਾਂ। ਉਥੇ ਕਿਸੇ ਵੀ ਵਿਸ਼ੇ 'ਤੇ ਸਾਕਾਰਾਤਮਕ ਚਰਚਾ ਕਰ ਸਕਦੇ ਹਾਂ। ਇਸ ਨਾਲ ਬੁੱਧੀ ਤੇਜ਼ ਹੋਣ ਦੇ ਨਾਲ ਨਾਲ ਯਾਦਸ਼ਕਤੀ ਬਣੀ ਰਹਿੰਦੀ ਹੈ ਅਤੇ ਜ਼ਿੰਦਗੀ ਵਿਚ ਨਵਾਂਪਣ ਵੀ ਆਉਂਦਾ ਹੈ।



ਕਈ ਲੋਕ ਆਪਣੇ ਜੀਵਨ ਦੇ ਵਧੀਆ ਤਜ਼ਰਬੇ ਲਿਖਣੇ ਸ਼ੁਰੂ ਕਰ ਦਿੰਦੇ ਹਨ ਜਿਨ੍ਹਾਂ ਨੂੰ ਪੜ੍ਹ ਕੇ ਕਿਸੇ ਨੂੰ ਕੋਈ ਸੇਧ ਮਿਲ ਸਕਦੀ ਹੈ। ਕੁਝ ਕੁ ਕਵਿਤਾ ਲਿਖਣ ਲੱਗਦੇ ਹਨ ਅਤੇ ਸਾਹਿਤਕ ਸੰਮੇਲਨਾਂ ਵਿਚ ਜਾ ਕੇ ਸੁਣਾਉਂਦੇ ਹਨ। ਇਸ ਨਾਲ ਮਨੋਬਲ ਕਾਇਮ ਰਹਿੰਦਾ ਹੈ ਅਤੇ ਹੋਰ ਲਿਖਣ ਜਾਂ ਮਹਿਫਿਲ ਵਿਚ ਜੁੜ ਬੈਠਣ ਦਾ ਉਤਸ਼ਾਹ ਬਣਿਆ ਰਹਿੰਦਾ ਹੈ। ਇਨ੍ਹਾਂ ਦੇਸ਼ਾਂ ਵਿਚ ਬਹੁਤ ਸਾਰੇ ਬਜ਼ੁਰਗ ਵੱਖ ਵੱਖ ਸੰਸਥਾਵਾਂ ਨਾਲ ਜੁੜ ਕੇ ਵਾਲੰਟੀਅਰ ਦਾ ਕੰਮ ਕਰਨ ਲੱਗਦੇ ਹਨ। ਅਸੀਂ ਬਹੁਤ ਸਾਰੇ ਬਜ਼ੁਰਗਾਂ ਨੂੰ ਹਸਪਤਾਲਾਂ ਵਿਚ ਗਾਈਡ ਦਾ ਕੰਮ ਕਰਦਿਆਂ ਵੇਖਿਆ ਹੋਵੇਗਾ; ਬਿਮਾਰ ਤੇ ਬਜ਼ੁਰਗ ਲੋਕਾਂ ਨਾਲ ਬੈਠ ਕੇ ਗੱਲਬਾਤ ਕਰਦਿਆਂ ਵੀ। ਹੋਰ ਵੀ ਕਈ ਭਲਾਈ ਦੇ ਕੰਮ ਹਨ ਜੋ ਸਮਰੱਥਾ ਅਨੁਸਾਰ ਕੀਤੇ ਜਾ ਸਕਦੇ ਹਨ। ਦੂਜਿਆਂ ਦੇ ਕੰਮ ਆਉਣ ਨਾਲ ਆਪਣਾ ਆਪ ਅਹਿਮ ਲੱਗਣ ਲਗਦਾ ਹੈ।

ਕਈ ਲੋਕ ਦੁਬਾਰਾ ਪੜ੍ਹਾਈ ਸ਼ੁਰੂ ਕਰ ਦਿੰਦੇ ਹਨ ਭਾਵੇਂ ਇਸ ਨਾਲ ਉਨ੍ਹਾਂ ਨੇ ਕੋਈ ਨੌਕਰੀ ਨਹੀਂ ਕਰਨੀ ਹੁੰਦੀ ਪਰ ਨੌਜਵਾਨਾਂ ਦਾ ਸੰਗ-ਸਾਥ ਉਨ੍ਹਾਂ ਨੂੰ ਚੜ੍ਹਦੀ ਕਲਾ ਵਿਚ ਰੱਖਦਾ ਹੈ। ਲਾਇਬਰੇਰੀ ਜਾ ਕੇ ਚੰਗੀਆਂ ਕਿਤਾਬਾਂ ਪੜ੍ਹੀਆਂ ਜਾ ਸਕਦੀਆਂ ਹਨ। ਪਾਰਕ ਵਿਚ ਸੈਰ ਕਰਨ ਦਾ ਨੇਮ ਬਣਾਇਆ ਜਾ ਸਕਦਾ ਹੈ। ਬਹੁਤ ਸਾਰੇ ਬਜ਼ੁਰਗ ਲਗਾਤਾਰ ਜਿੰਮ ਜਾਂਦੇ ਹਨ ਤਾਂ ਕਿ ਉਨ੍ਹਾਂ ਦੀ ਸਿਹਤ ਠੀਕ ਰਹੇ। ਜੇ ਤੁਸੀਂ ਪੜ੍ਹੇ-ਲਿਖੇ ਹੋ ਤਾਂ ਬੈਠ ਕੇ ਆਪਣੇ ਪੋਤਰੇ-ਪੋਤਰੀਆਂ ਨੂੰ ਪੜ੍ਹਾਓ। ਉਨ੍ਹਾਂ ਨੂੰ ਸਕੂਲ ਛੱਡਣ/ਲੈਣ ਜਾਣ ਦੀ ਜ਼ਿੰਮੇਵਾਰੀ ਲਈ ਜਾ ਸਕਦੀ ਹੈ। ਉਨ੍ਹਾਂ ਨਾਲ ਖੇਡਣ ਨਾਲ ਜ਼ਿੰਦਗੀ ਵਿਚ ਤਾਜ਼ਗੀ ਆਉਂਦੀ ਹੈ। ਆਪਣੀ ਸਮਰੱਥਾ ਤੇ ਸਥਿਤੀ ਅਨੁਸਾਰ ਅਸੀਂ ਆਪਣੇ ਲਈ ਕੋਈ ਵੀ ਰੁਝੇਵਾਂ ਚੁਣ ਸਕਦੇ ਹਾਂ।

ਜ਼ਿੰਦਗੀ ਦੇ ਇਸ ਪੜਾਅ ਨੂੰ ਖੂਬਸੂਰਤੀ ਨਾਲ ਜਿਉਣ ਲਈ ਆਪਣੀ ਸੋਚ ਨੂੰ ਸਾਕਾਰਾਤਮਕ ਰੱਖਣਾ ਬਹੁਤ ਜ਼ਰੂਰੀ ਹੈ। ਚੰਗਾ ਸੋਚਣ ਨਾਲ ਤੁਸੀਂ ਆਪ ਤਾਂ ਖੁਸ਼ ਰਹਿੰਦੇ ਹੀ ਹੋ, ਆਪਣੇ ਆਲੇ-ਦੁਆਲੇ ਅਤੇ ਪਰਿਵਾਰ ਨੂੰ ਵੀ ਖੁਸ਼ ਰੱਖਦੇ ਹੋ। ਜੇ ਕਦੇ ਸੌੜੀ ਸੋਚ ਆਵੇ ਤਾਂ ਕਾਗਜ਼ ਕਲਮ ਲੈ ਕੇ ਲਿਖ ਲੈਣਾ ਕਿ ਤੁਹਾਡੇ ਕੋਲ ਕੁਦਰਤ ਵਲੋਂ ਮਿਲੀਆਂ ਕੀ ਕੀ ਨਿਆਮਤਾਂ ਹਨ, ਜੋ ਬਹੁਤਿਆਂ ਕੋਲ ਨਹੀਂ ਹਨ। ਨਵੀਂ ਪੀੜ੍ਹੀ ਦੀ ਸੋਚ ਨੂੰ ਸਮਝੋ। ਉਨ੍ਹਾਂ ਦੀਆਂ ਸਮੱਸਿਆਵਾਂ ਦਾ ਮੁਲੰਕਣ ਕਰੋ। ਉਨ੍ਹਾਂ ਲਈ ਕੋਈ ਸਮੱਸਿਆ ਖੜ੍ਹੀ ਕਰਨ ਦੀ ਥਾਂ ਉਨ੍ਹਾਂ ਦਾ ਸਾਥ ਦਿਉ। ਤੁਹਾਡੇ ਚੰਗੇ ਵਰਤਾਉ ਨਾਲ ਬੱਚੇ ਵੀ ਤੁਹਾਨੂੰ ਪਿਆਰ ਕਰਨਗੇ। ਜੇ ਲੜਦੇ-ਝਗੜਦੇ ਰਹੇ, ਸ਼ਿਕਾਇਤਾਂ ਕਰਦੇ ਰਹੇ ਤਾਂ ਲੋਕ ਤੁਹਾਥੋਂ ਦੂਰ ਭੱਜਣਗੇ।

ਜ਼ਿੰਦਗੀ ਹਮੇਸ਼ਾ ਹੁਸੀਨ ਹੈ, ਇਸ ਲਈ ਆਉਣ ਵਾਲੇ ਹਰ ਸਾਹ ਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ। ਚੰਗੀ ਸੋਚ ਹੀ ਜੀਵਨ ਦੀ ਸਾਰਥਕਤਾ ਦੀ ਕੁੰਜੀ ਹੈ ਜਿਸ ਨਾਲ ਅਸੀਂ ਹਰ ਵਰੇਸ ਨੂੰ ਮਾਣ ਸਕਦੇ ਹਾਂ।

# ਕੈਂਸਰ ਅਤੇ ਫੁੱਲ

## ਕਹਾਣੀ

ਬਾਥਰੂਮ ਠੰਡਾ ਹੈ, ਹੁਣੇ ਗਰਮ ਹੋ ਜਾਵੇਗਾ, ਗਰਮ ਪਾਣੀ ਚਲਦਿਆਂ ਹੀ। ਗੈਸ ਕਈ ਕੰਮ ਕਰ ਦਿੰਦੀ ਹੈ। ਗੈਸ ਦੇ ਮੀਟਰ ਵਿਚ ਸਿੱਕਾ ਪਾ ਕੇ ਮੈਂ ਪਾਣੀ ਛੱਡਦਾ ਹਾਂ। ਗਰਮ ਪਾਣੀ ਚਰਲ ਚਰਲ ਬਾਥਰੂਮ ਵਿਚ ਡਿੱਗ ਰਿਹਾ ਹੈ। ਹਵਾ ਵਿਚ ਉਡਦੇ ਬਰਫ ਦੇ ਫੰਬੇ ਖਿੜਕੀ ਦੇ ਘਸਮੈਲੇ ਸ਼ੀਸ਼ੇ ਨੂੰ ਥਪਕੀਆਂ ਦੇ ਰਹੇ ਹਨ। ਹਵਾ ਅੰਦਰ ਨਹੀਂ ਆ ਸਕੇਗੀ, ਖਿੜਕੀ ਚੰਗੀ ਤਰ੍ਹਾਂ ਬੰਦ ਹੈਦਰਵਾਜਾ ਵੀ। ਪਾਣੀ ਵਿਚੋਂ ਨਿਕਲਦੀ ਭਾਫ ਨਾਲ ਮੇਰਾ ਦੁਆਲਾ ਧੂੰਆਂ ਧਾਰ ਹੈ। ਦਰਵਾਜਾ ਖੜਕਦਾ ਹੈ। ਔਰਤ ਦੀ ਘਰੇਲੂ ਆਵਾਜ਼, ਜਿਵੇਂ ਕਿਸੇ ਇਲਤੀ ਨਿਆਣੇ ਨੂੰ ਕਹਿੰਦੀ ਹੈ:

ਸਾਬਣ ਲੈ ਲਿਆ ਜੀ?

ਹਾਂ

ਤੌਲੀਆ, ਸ਼ੈਂਪੂ, ਬੁਰਸ਼...

ਹਾਂ, ਹਾਂ, ਸਭ ਕੁਝ ਹੈ

**ਸੁਰਜੀਤ ਵਿਰਦੀ**

ਮੈਂ ਕਿਹਾ, ਪੀਂਦੇ ਤਾਂ ਨਹੀਂ?

ਨਹੀਂ ਛੋਟੀ ਬੋਤਲ ਵਿਚੋਂ ਭਰੇ ਘੁੱਟ ਨੂੰ ਅੰਦਰ ਲੰਘਾਉਂਦਿਆਂ ਮੈਂ ਕਹਿੰਦਾ ਹਾਂ।

ਛੇਤੀ ਬਾਹਰ ਨਿਕਲਿਓ, ਏਨਾ ਚਿਰ ਪਤਾ ਨਹੀਂ ਕੀ ਕਰਦੇ ਨੇ ਬਾਥਰੂਮ ਵਿਚ, ਮੈਨੂੰ ਤਾਂ ਡਰ ਈ ਲੱਗਦਾ ਤੁਹਾਥੋਂ, ਉਸ ਦੇ ਅੰਤਮ ਬੋਲ ਮੱਧਮ ਹਨ। ਆਪਣੇ ਦਿਲ ਦੀ ਕਹਿ ਕੇ ਬੱਚਿਆਂ ਵੱਲ ਚਲੀ ਗਈ ਹੈ।

ਨਹਾਉਣ ਲੱਗਿਆਂ ਮੈਨੂੰ ਪੀਣ ਦੀ ਆਦਤ ਹੈ, ਸਿਗਰਟ ਪੀਣ ਦੀ ਵੀ। ਕਈ ਕੁਝ ਯਾਦ ਆ ਜਾਂਦਾ ਹੈ, ਕਈ ਕੁਝ ਭੁੱਲ ਜਾਂਦਾ ਹੈ। ਇਹ ਔਰਤ ਹਰ ਰਾਤ ਮੇਰੇ ਨਾਲ ਸੌਂਦੀ ਹੈ। ਲਹਿਰਾਂ ਤਾਂ ਰੋਜ਼ ਹੀ ਉਠਦੀਆਂ ਹਨ ਪਰ ਤੂਫਾਨ ਆ ਜਾਂਦਾ ਹੈ ਅਤੇ ਤੂਫਾਨ ਤੋਂ ਪਿਛੋਂ ਸੁੱਤੇ ਕਿਨਾਰਿਆਂ ਉਪਰ, ਫਾਇਰਪਲੇਸ ਵਿਚੋਂ ਨਿਕਲਦੇ ਸ਼ੋਅਲਿਆਂ ਵਿਚ ਨਿਗਾਹ ਟਿਕਾਈ ਮੈਂ ਸੋਚਦਾ ਹਾਂ। ਖੌਰੇ ਇਹ ਸੁੱਤੀ ਹੋਈ ਹੈ ਜਾਂ ਉਂਜ ਹੀ ਅੱਖਾਂ ਬੰਦ ਕਰੀ ਕੁਝ ਸੋਚਦੀ ਹੈ, ਮੇਰੇ ਨਾਲ ਪਈ ਔਰਤ ਕੀ ਸੋਚਦੀ ਹੈ? ਕਾਸ਼ ਮੈਂ ਉਨ੍ਹਾਂ ਚੋਰਾਂ ਨੂੰ ਫੜ ਸਕਦਾ ਜੋ ਉਹਦੇ ਅੰਦਰ ਕਿਧਰੇ ਲੁਕੇ ਬੈਠੇ ਹੋਣਗੇ।

ਫਾਇਰ ਵਿਚ ਦੇਖਦਿਆਂ ਮੈਨੂੰ ਪਿੰਡ ਦੇ ਘਰ ਦੀ ਛੱਤ ਯਾਦ ਆ ਜਾਂਦੀ ਹੈ। ਗਰਮੀਆਂ ਦੀਆਂ ਕੱਚ ਵਰਗੀਆਂ ਚੁਭਦੀਆਂ ਰਾਤਾਂ, ਛੱਤ ਉਪਰ ਸੌਣਾ। ਜਦੋਂ ਕੋਈ ਪਿੰਡ ਵਿਚ ਮਰ ਜਾਂਦਾ ਕਿੰਨੀ ਕਿੰਨੀ ਰਾਤ ਤੱਕ ਸਾਡੇ ਕੋਠੇ ਉਪਰੋਂ ਦਿਸਦੇ ਸਿਵਿਆਂ ਵੱਲ ਮੈਂ ਦੇਖਦਾ ਰਹਿੰਦਾ। ਮੇਰੇ ਲਾਗਲੇ ਮੰਜਿਆਂ ਉਪਰ ਸੁੱਤੇ ਹੋਇਆਂ ਦੇ ਤਰਤੀਬਵਾਰ ਸਾਹ ਜਿਵੇਂ ਮੈਨੂੰ ਆਪਣੀ ਦੁਨੀਆਂ ਵਿਚੋਂ ਕੱਢ ਦਿੰਦੇ। ਮੈਂ ਆਪਣਾ ਜੱਗ ਵਸਾ ਲੈਂਦਾ, ਬਲਦੇ ਸਿਵੇ ਦਾ ਨਿੱਘ, ਠੰਡੇ ਤਾਰਿਆਂ ਦੀ ਲੋਅ, ਬੱਦਲਾਂ ਦੇ ਵੱਖ ਵੱਖ ਰੂਪ ਜੋ ਮੇਰੀ ਸੋਚ ਵਿਚ ਬਣਦੇ। ਬਚਪਨ ਦੇ ਦਿਨਾਂ ਦੀ ਯਾਦ, ਬਚਪਨ ਜੋ ਸਿੱਧ ਵਿਚ ਗੁਜ਼ਰਿਆ।

ਉਦੋਂ ਮੈਂ ਚੌਥੀ 'ਚ ਪੜ੍ਹਦਾ ਸਾਂ, ਸਕੂਲ ਵਲੋਂ ਅਸੀਂ ਬਸ ਵਿਚ ਬੈਠ ਕੇ ਕੋਈ ਪੁਰਾਣਾ ਕਿਲ੍ਹਾ ਦੇਖਣ ਜਾ ਰਹੇ ਸਾਂ। ਰਸਤੇ ਵਿਚ ਪੀਲੇ ਰੰਗ ਦੀ ਹਨੇਰੀ ਝੁੱਲ ਪਈ ਜੋ ਲਾਲ ਹੋ ਕੇ ਵਗ ਪਈ। ਬਸ ਉਲਟ ਗਈ। ਮੈਂ ਖੱਡ ਵਿਚ ਪਿਆ ਰੜਕਦੀਆਂ ਅੱਖਾਂ ਨੂੰ ਮਲੀ ਜਾਂਦਾ, ਡਰੀ ਜਾਂਦਾ ਰਿਹਾ। ਮਰੀ ਹੋਈ ਮੱਝ ਵਾਂਗ ਪਈ ਬੱਸ ਦੁਆਲੇ ਕਈ ਪਰਛਾਵੇਂ ਭੂਤਾਂ ਵਰਗੇ ਚੱਕਰ ਕੱਢੀ ਜਾ ਰਹੇ ਸਨ, ਕਈ ਆਵਾਜ਼ਾਂ। ਮੈਂ ਡਰ ਕੇ ਚੀਖ ਮਾਰੀ, ਕਿਸੇ ਨੇ ਮੈਨੂੰ ਚੁੱਕ ਲਿਆ। ਘਰ ਆਉਂਦਿਆਂ ਮੈਂ ਮਾਂ ਨਾਲ ਲਿਪਟ ਗਿਆ, ਇਕੋ ਸਾਹ ਉਸ ਨੂੰ ਸਭ ਕੁਝ ਦੱਸੀ ਗਿਆ। ਮਾਂ ਨੇ ਮੈਨੂੰ ਗੋਦ ਵਿਚ ਲੈ ਕੇ ਆਪਣੇ ਉਪਰ ਲਈ ਸ਼ਾਲ ਮੇਰੇ ਦੁਆਲੇ ਵਲਾ ਦਿੱਤੀ। ਸਾਹਮਣੇ ਪਈ ਅੰਗੀਠੀ ਉਪਰ ਮੈਂ ਨਿੱਕੇ ਨਿੱਕੇ ਠੁਰ ਠੁਰ ਕਰਦੇ ਹੱਥ ਸੇਕੇ। ਮਾਂ ਦੇ ਢਿੱਡ ਦਾ ਨਿੱਘ ਮੇਰੇ ਪਿੱਠ ਰਾਹੀਂ ਸਰਕਦਾ ਸਾਰੇ ਜਿਸਮ ਵਿਚ ਰਚਣ ਲੱਗਾ। ਮਾਂ ਕਿੰਨੀ ਵੱਡੀ ਹੈ, ਮੈਂ ਕਿੰਨਾ ਨਿੱਕਾ ਹਾਂ ਸੋਚਦਿਆਂ ਮੇਰੀਆਂ ਅੱਖਾਂ ਵਿਚ ਨੀਂਦ ਭਰ ਗਈ... ਪਰ ਨਹੀਂ ਮੈਨੂੰ ਸੌਣਾ ਨਹੀਂ ਚਾਹੀਦਾ, ਜਾਗਣਾ ਚਾਹੀਦਾ ਹੈ, ਸ਼ਾਇਦ ਜ਼ਿਆਦਾ ਪੀ ਗਿਆ ਹਾਂ, ਬਾਥ ਅਜੇ ਭਰਿਆ ਨਹੀਂ, ਭਰਨ ਵਾਲਾ ਹੈ।

ਹੁਣ ਮੈਂ ਮਾਂ ਨਾਲੋਂ ਕਿੰਨਾ ਵੱਡਾ ਹੋ ਗਿਆ ਹਾਂ, ਮਾਂ ਨੂੰ ਉਮਰ ਨੇ ਸੁਕੇੜ ਦਿੱਤਾ ਹੈ। ਹਸਪਤਾਲ ਦੇ ਬੈਡ ਉਤੇ ਬੈਠੀ ਉਹ ਕਿੰਨੀ ਛੋਟੀ ਲੱਗਦੀ ਸੀ, ਕਿਸੇ ਬੱਚੀ ਦੀ ਪੁਰਾਣੀ ਗੁੱਡੀ ਵਾਂਗ ਜਿਸ ਦੇ ਮੂੰਹ ਤੋਂ ਧਾਗੇ ਉਧੜਨੇ ਸ਼ੁਰੂ ਹੋ ਗਏ ਹੋਣ। ਡਾਕਟਰ ਨੇ ਮੈਨੂੰ ਇਕੱਲਿਆਂ ਕਰਕੇ ਕਿਹਾ ਸੀ, ਇਨ੍ਹਾਂ ਨੂੰ ਕੈਂਸਰ ਹੈ ਜੋ ਜਿਸਮ ਦੇ ਹਰ ਹਿੱਸੇ ਵਿਚ ਫੈਲ ਚੁੱਕਾ ਹੈ ਪਰ ਮਰੀਜ਼ ਨੂੰ ਪਤਾ ਨਹੀਂ ਲੱਗਣਾ ਚਾਹੀਦਾ। ਅਤੇ ਮਾਂ ਨੇ ਕਿਹਾ ਸੀ, ਕਾਕਾ ਆਪਣੇ ਬਾਪ ਨੂੰ ਨਾ ਦੱਸੀਂ ਉਸ ਨੂੰ ਕੀ ਬਿਮਾਰੀ ਹੈ, ਡਾਕਟਰ ਕਹਿੰਦਾ ਸੀ। ਤੁਸੀਂ ਮੇਰਾ ਫਿਕਰ ਨਾ ਕਰਿਓ, ਮੈਂ ਛੇਤੀ ਤਕੜੀ ਹੋ ਜਾਣੈ, ਤੂੰ ਬੱਚਿਆਂ ਕੋਲ ਜਾਹ ਪਰਦੇਸ ਵਿਚ ਕੱਲੇ ਆ। ਇਕ ਦੋ ਸਾਲ ਹੋਰ ਲਾ ਕੇ ਸਾਰੇ ਮੁੜ ਆਇਓ, ਚਿੱਠੀ ਪਾਉਂਦੇ ਰਿਹੋ, ਮੈਨੂੰ ਨਿਆਣਿਆਂ ਦਾ ਫਿਕਰ ਐ ਮੈਂ ਤਕੜੀ ਹੋ ਜਾਣੈ।

ਮੈਂ ਸੋਚਿਆ ਜੇ ਮੌਤ ਸਭ ਤੋਂ ਵੱਡੀ ਸੱਚਾਈ ਹੈ ਤਾਂ ਸਭ ਤੋਂ ਵੱਡਾ ਝੂਠ ਵੀ ਹੈਝੂਠ ਜੋ ਮਾਂ ਨੇ ਅਤੇ ਮੈਂ ਬਾਪੂ ਨੂੰ ਦੱਸਿਆ, ਝੂਠ ਜੋ ਬਾਪੂ ਨੇ ਮਾਂ ਨੂੰ ਦੱਸਿਆ। ਤੂੰ ਛੇਤੀ ਤਕੜੀ ਹੋ ਜਾਣੈਂ ਬੀਬੀ, ਉਸ ਦੇ ਕਮਜ਼ੋਰ ਮੋਢੇ ਉਪਰ ਰੱਖਿਆ ਮੇਰਾ ਹੱਥ ਕੰਬ ਗਿਆ ਸੀ... ਨਹੀਂ! ਨਹੀਂ ਮੈਨੂੰ ਅੱਖਾਂ ਨਹੀਂ ਭਰਨੀਆਂ ਚਾਹੀਦੀਆਂ, ਨਹੀਂ ਤਾਂ ਪਤਾ ਲੱਗ ਜਾਵੇਗਾ ਮਾਂ ਨੂੰ ਉਸ ਦੀ ਮੌਤ ਦਾ ਜੋ ਦੱਬੇ ਪੈਰੀਂ ਆ ਰਹੀ ਹੈ, ਸਭ ਦਰ ਬੰਦ ਦੇਖ, ਸੰਨ੍ਹ ਲਾ ਰਹੀ ਹੈ। ਤਿੰਨ ਮਹੀਨੇ ਵੱਡਾ ਕੈਂਸਰ ਆਪਣੇ ਅੰਦਰ ਲਈ ਮੈਂ ਔਰਤ ਤੇ ਬੱਚਿਆਂ ਕੋਲ ਵਾਪਸ ਇੰਗਲੈਂਡ ਆ ਗਿਆ ਹਾਂ।

ਦਰਵਾਜਾ ਖੜਕਦਾ ਹੈ। ਔਰਤ ਦੀ ਆਵਾਜ਼ ਖਿੱਝੀ ਹੋਈ ਮਾਂ ਵਾਂਗ ਤਲਖ ਹੈ।

ਨ੍ਹਾ ਲਿਆ ਜੀ?

ਨਹੀਂ, ਅਜੇ ਤਾਂ ਬਾਥ ਟੱਬ ਵੀ ਨਹੀਂ ਭਰਿਆ।

ਭਰਿਆ ਨਹੀਂ ਕਿ ਭਰ ਕੇ ਉਛਲਦਾ?

ਪਾਣੀ ਥੋੜ੍ਹਾ ਆਉਂਦੈ, ਉਹ ਸਾਲਾ ਚੰਗੀ ਤਰ੍ਹਾਂ ਠੀਕ ਨਹੀਂ ਕਰਕੇ ਗਿਆ। ਤੂੰ ਫਾਇਰ ਵਿਚ ਕੋਲੇ ਪਾ, ਮੈਂ ਹੁਣੇ ਆਇਆ ਨ੍ਹਾ ਕੇ। ਮੈਂ ਕਿਹਾ ਤੂੰ ਪੌੜੀਆਂ ਉਤਰੀ ਸੀ, ਕੋਈ ਆਇਆ ਸੀ?

ਨਹੀਂ, ਚਿੱਠੀ ਆਈ ਸੀ।

ਕਿੱਥੋਂ?

ਇੰਡੀਆ ਤੋਂ।

ਕਿਸ ਦੀ?

ਪਤਾ ਨਹੀਂ, ਪਿਛੇ ਕੁਝ ਨਹੀਂ ਲਿਖਿਆ, ਮੈਂ ਤੁਹਾਥੋਂ ਡਰਦੀ ਨੇ ਖੋਲ੍ਹੀ ਨਹੀਂ, ਅੱਛਾ ਛੇਤੀ ਨ੍ਹਾ ਲਓ।

ਬਾਥ ਦਾ ਪਾਣੀ ਬੰਦ ਕਰਕੇ ਮੈਂ ਹੋਰ ਵੀ ਪੀ ਲੈਂਦਾ ਹਾਂ ਅਤੇ ਨਵੀਂ ਸਿਗਰਟ ਸੁਲਗਾਂਦਾ ਹਾਂ। ਮੈਨੂੰ ਕਾਂਬਾ ਛਿੜ ਪਿਆ ਹੈ ਪਾਲੇ ਨਾਲ, ਘਬਰਾਹਟ ਨਾਲ, ਜਾਂ ਸੁਆਦ ਨਾਲ, ਜਾਂ ਉਂਜ ਹੀ, ਚਿੱਠੀ ਕਿਸ ਦੀ ਹੋ ਸਕਦੀ ਹੈ? ਉਸ ਦੀ ਤਾਂ ਨਹੀਂ? ਜੇਬ੍ਹ ਵਿਚੋਂ ਇਕ ਹੋਰ ਸਿੱਕਾ ਕੱਢ ਕੇ ਮੈਂ ਮੀਟਰ ਵਿਚ ਪਾ ਦਿੱਤਾ ਹੈ, ਪਾਣੀ ਤਾਂ ਅਜੇ ਠੰਡਾ ਹੈ। ਬਾਥ ਦੇ ਕੋਨੇ ਉਪਰ ਬੈਠਦਿਆਂ ਮੈਂ ਪਾਣੀ ਘੱਟ ਖੋਲ੍ਹ ਦਿੱਤਾ ਹੈ। ਖੜਾਕ ਹੁੰਦਾ ਹੈ। ਸ਼ਾਇਦ ਔਰਤ ਬੰਕਰ ਵਿਚੋਂ ਕੋਲੇ ਕੱਢ ਰਹੀ ਹੈ। ਭਾਫ ਨਾਲ ਭਰੇ ਸ਼ੀਸ਼ੇ ਵਿਚ ਮੇਰਾ ਅਕਸ ਕਿੰਨਾ ਅਜੀਬ ਲੱਗਦਾ ਹੈ। ਮੈਂ ਛੋਟੀ ਬੋਤਲ ਵਿਚੋਂ ਇਕ ਘੁੱਟ ਹੋਰ ਭਰਦਾ ਹਾਂ।

ਅਸੀਂ ਦੋਵੇਂ ਪਹਾੜੀ ਉਪਰ ਚੜ੍ਹ ਰਹੇ ਹਾਂ, ਇਕ ਦੂਸਰੇ ਦਾ ਹੱਥ ਫੜੀ। ਉਸ ਨੂੰ ਪਹਾੜੀ ਉਪਰ ਚੜ੍ਹਨ ਦਾ ਬਹੁਤ ਸ਼ੌਕ ਹੈ। ਉਹ ਹਰ ਰੋਜ਼ ਸ਼ਾਮ ਨੂੰ ਚੜ੍ਹਦੀ ਹੈ, ਚੋਟੀ ਉਪਰ ਬਣੇ ਮਕਬਰੇ ਦੀ ਥੜ੍ਹੀ ਉਪਰ ਬੈਠ ਕੇ ਨਿਵਾਣ ਵੱਲ ਵੇਖਦੀ ਹੈ, ਕਦੇ ਉਪਰ ਪੁਲਾੜ ਵਿਚੋਂ ਕੁਝ ਲੱਭਦੀ ਹੈ, ਫੇਰ ਗੋਡਿਆਂ ਵਿਚ ਸਿਰ ਸੁੱਟੀ ਕਈ ਕਈ ਚਿਰ ਕੁਝ ਸੋਚਦੀ ਰਹਿੰਦੀ ਹੈ, ਸੂਰਜ ਡੁਬਦਿਆਂ ਘਰ ਆ ਜਾਂਦੀ ਹੈ। ਗਈ ਰਾਤ ਤੱਕ ਮੋਟੀਆਂ ਮੋਟੀਆਂ ਕਿਤਾਬਾਂ ਪੜ੍ਹਦੀ ਰਹਿੰਦੀ ਹੈ। ਘਰਦਿਆਂ ਦੀ ਲਾਡਲੀ ਹੈ, ਉਹ ਕੁਝ ਨਹੀਂ ਕਹਿੰਦੇ।

ਹਵਾ ਠੰਡੀ ਅਤੇ ਨਸ਼ੀਲੀ ਹੈ। ਮੇਰਾ ਹੱਥ ਫੜੀ, ਜਾਣੇ ਰਾਹਾਂ ਉਪਰ ਤੁਰੀ ਜਾਂਦੀ ਹੈ, ਡੁੱਲ੍ਹ ਡੁੱਲ੍ਹ ਪੈਂਦੀ ਹੈ। ਨਿਵਾਣ ਦੇਖਦੀ ਹੈ ਨਾ, ਉਪਰਲਾ ਖਿਲਾਅ ਮੇਰੀਆਂ ਅੱਖਾਂ ਵਿਚ ਅੱਖਾਂ ਪਾਈ ਤਰੇਲ ਭਿੱਜੀ ਪੱਤੀ ਵਾਂਗ ਮੇਰੇ ਵੱਲ ਝੁੱਕ ਝੁੱਕ ਜਾਂਦੀ ਹੈ ਸ਼ਹਿਜ਼ਾਦੀ ਜੋ ਕਿਸੇ ਰਾਜ ਕੁਮਾਰ ਨੂੰ ਆਪਣੀ ਰਾਜਧਾਨੀ ਦਿਖਾ ਰਹੀ ਹੈ।

ਇਸ ਪਹਾੜੀ ਤੋਂ ਪਰ੍ਹਾਂ ਵੱਡੇ ਵੱਡੇ ਪਹਾੜ ਹਨ ਜੋ ਪੱਛਮ ਵੱਲ ਸਰਕਦੇ ਸੂਰਜ ਦੀ ਰੋਸ਼ਨੀ ਵਿਚ ਪੋਸਟਲ ਕਲਰ ਦੇ ਲੈਂਡ ਸਕੇਪ ਲਗਦੇ ਹਨ। ਸ਼ਾਮ ਖੂਬਸੂਰਤ ਹੈ, ਖੂਬਸੂਰਤੀ ਮੇਰੇ ਨਾਲ ਹੈ। ਮੇਰੇ ਹਵਾ ਵਾਂਗ ਉਠਦੇ ਪੈਰਾਂ ਵਿਚ ਹੁਣ ਥਕਾਵਟ ਦਾ ਸਿੱਕਾ ਭਰਦਾ ਜਾਂਦਾ ਹੈ, ਮੈਂ ਚੜ੍ਹਾਈਆਂ ਦਾ ਆਦੀ ਨਹੀਂ। ਉਹ ਰੁਕ ਜਾਂਦੀ ਹੈ, ਮੇਰਾ ਦੂਸਰਾ ਹੱਥ ਵੀ ਫੜ ਕੇ ਮੇਰੀਆਂ ਅੱਖਾਂ ਵਿਚ ਦੇਖਦੀ, ਪੁੱਛਦੀ ਹੈਰਾਨ ਹੈ।





ਕੀ ਗੱਲ ਐ? ਏਨਾ ਉਦਾਸ ਕਿਉਂ ਹੋ ਗਿਆ ਏਂ? ਮੈਂ ਤਾਂ ਬਹੁਤ ਖੁਸ਼ ਆਂ। ਦੱਸ ਨਾ, ਆਪਣੀ ਸੀਮਾ ਨੂੰ ਦੱਸ, ਉਹ ਇਸ ਪਹਾੜੀ ਵਾਂਗ ਨਿੱਗਰ, ਭਰੀ ਭਰੀ, ਸੁਪਨ ਦੇਸ਼ ਦੀ ਪਰੀ ਹੈ। ਮੈਂ ਹੱਸ ਪੈਂਦਾ ਹਾਂ, ਮੇਰੀ ਥਕਾਵਟ ਨੂੰ ਜੋ ਮੇਰੇ ਚਿਹਰੇ ਉਪਰ ਜੰਮ ਗਈ ਹੈ, ਉਹ ਉਦਾਸੀ ਸਮਝ ਰਹੀ ਹੈ। ਕਮਲੀ ਕਿਸੇ ਥਾਂ ਦੀ।

ਤੇਰਾ ਮਹਿਲ ਅਜੇ ਕਿੰਨੀ ਦੂਰ ਐ ਰਾਜ ਕੁਮਾਰੀ? ਹੱਥ ਘੁੱਟਣੀ ਦਾ ਸ਼ਹਿਦ ਮੇਰੀ ਜ਼ੁਬਾਨ ਤੋਂ ਟਪਕਦਾ ਹੈ।

ਬੱਸ ਹੁਣ ਥੋੜ੍ਹੀ ਦੂਰ ਹੀ ਐ ਰਾਜ ਕੁਮਾਰ।

ਮੈਂ ਬਾਕੀ ਰਹਿੰਦੀ ਉਚਾਈ ਵੱਲ ਥੱਕੀਆਂ ਨਜ਼ਰਾਂ ਨਾਲ ਦੇਖਦਾ ਹਾਂ।

ਅੱਛਾ ਰਾਜੇ ਤੂੰ ਮੈਨੂੰ ਛੂਹ, ਅਚਾਨਕ ਮੇਰਾ ਹੱਥ ਛੱਡ ਕੇ ਉਹ ਚੁੰਘੀਆਂ ਭਰਦੀ ਤੇਜ਼ ਤੇਜ਼ ਚੜ੍ਹਾਈ ਚੜ੍ਹ ਰਹੀ ਹੈਹਿਰਨੀ, ਮ੍ਰਿਗ ਨੈਣੀ!

ਮੇਰੀਆਂ ਲੱਤਾਂ ਦੀ ਬੱਸ ਹੈ ਪਰ ਮਰਦ ਹਾਂ ਆਖਰ ਉਸ ਨੂੰ ਛੂਹਣ ਲਈ ਤੇਜ਼ ਤੇਜ਼ ਕਦਮ ਪੁੱਟਦਾ ਹਾਂ, ਪੈਰ ਟਿਕਦੇ ਨਹੀਂ। ਤਿਲ੍ਹਕ ਜਾਂਦਾ ਹਾਂ, ਦੂਰ ਤੱਕ ਨਿਵਾਣ ਵੱਲ ਰਿੜ੍ਹ ਜਾਂਦਾ ਹਾਂ। ਲੰਮੀਆਂ ਪੁਲਾਂਘਾਂ ਭਰਦੀ ਉਹ ਉਤਰ ਆਈ ਹੈ, ਮੈਨੂੰ ਉਠਣ ਨਹੀਂ ਦਿੰਦੀ, ਆਪਣੀ ਦੁੱਧ ਚਿੱਟੀ ਪੁਸ਼ਾਕ ਦੀ ਪ੍ਰਵਾਹ ਕੀਤੇ ਬਿਨਾ ਮੇਰੇ ਨਾਲ ਲੇਟ ਗਈ ਹੈ।

ਤੂੰ ਥੱਕ ਗਿਆ।

ਨਹੀਂ ਨਹੀਂ, ਥੱਕਿਆ ਨਹੀਂ, ਐਵੇਂ ਤਬੀਅਤ ਠੀਕ ਨਹੀਂ ਸੀ, ਉਂਜ ਤਾਂ ਮੈਂ ਏਦੂੰ ਵੀ ਵੱਡੇ ਵੱਡੇ ਪਹਾੜ ਚੜ੍ਹੇ ਆ।

ਬੜੀ ਨਿੱਘੀ ਮੁਸਕਰਾਹਟ ਵਿਚ ਮੈਨੂੰ ਲਪੇਟਦਿਆਂ ਕਹਿੰਦੀ ਹੈ: ਰਾਜੇ ਮੈਨੂੰ ਪਤੈ ਤੂੰ ਥੱਕ ਗਿਆ ਏਂ, ਸੱਚ ਹੀ ਕਿਉਂ ਨਹੀਂ ਕਹਿ ਦਿੰਦਾ। ਖੈਰ ਕੋਈ ਗੱਲ ਨਹੀਂ, ਸੁੱਤਾ ਰਹੁ, ਮੇਰੇ ਨਾਲ ਲੱਗ ਕੇ। ਘਬਰਾ ਨਾ, ਸਾਡੇ ਦੋਹਾਂ ਤੋਂ ਬਿਨਾ ਸਾਨੂੰ ਕੋਈ ਨਹੀਂ ਦੇਖਦਾ, ਇੰਜ ਚੁੱਪ ਪਿਆ ਰਹੁ, ਇੰਜ ਪਏ ਮਰ ਹੀ ਤਾਂ ਜਾਵਾਂਗੇ। ਮੈਨੂੰ ਸੁਪਨੇ ਦੇਖ ਲੈਣ ਦੇ ਮੇਰੇ ਰਾਜ।

ਸੀਮਾ! ਮੈਂ ਆਪਣੇ ਖਾਬ ਵਿਚੋਂ ਉਸ ਨੂੰ ਆਵਾਜ਼ ਦਿੰਦਾ ਹਾਂ।

ਹਾਂ ਰਾਜ!

ਤੂੰ ਮੇਰੀ ਏਂ।

ਜਨਮ ਜਨਮ ਲਈ।

ਅਚਾਨਕ ਅੱਖਾਂ ਖੋਲ੍ਹ ਕੇ ਉਹ ਮੇਰੇ ਉਪਰ ਝੁੱਕ ਗਈ ਹੈ। ਅੱਭੜਵਾਹੀ ਆਵਾਜ਼ ਵਿਚ ਪੁੱਛਦੀ ਹੈ:

ਰਾਜ ਤੈਨੂੰ ਕਿਹੜਾ ਰੰਗ ਪਸੰਦ ਹੈ?

ਲਾਲ ਅਤੇ ਕਾਲਾ।

ਕਿਉਂ?

ਲਾਲ ਰੰਗ ਕੈਂਸਰ ਦਾ, ਕਾਲਾ ਮੌਤ ਦਾ।

ਲਾਲ ਰੰਗ ਗੁਲਾਬ ਦਾ, ਕਾਲਾ ਲੈਲਾ ਦਾ।

ਤੈਨੂੰ ਕਿਹੜਾ ਰੰਗ ਪਸੰਦ ਹੈ ਸੀਮਾ?

ਹੁਣ ਤਾਈਂ ਚਿੱਟਾ ਅਤੇ ਹਲਕਾ ਗੁਲਾਬੀ।

ਹੁਣ ਤੋਂ ਬਾਅਦ?

ਲਾਲ ਅਤੇ ਕਾਲਾ।

ਇਸ ਤੋਂ ਪਿਛੋਂ?

ਅਗਲੇ ਜਨਮ ਦਾ ਰੰਗ ਚਿੱਟਾ ਅਤੇ ਹਲਕਾ ਗੁਲਾਬੀ, ਹੁਣ ਮੈਂ ਤੇਰੇ ਰੰਗ ਅਪਨਾ ਲਏ, ਅਗਲੇ ਜਨਮ ਵਿਚ ਤੂੰ ਮੇਰੇ ਰੰਗ ਅਪਨਾਏਂਗਾ?

ਹਾਂ ਸੀਮਾ।

ਰਾਜ, ਤੂੰ ਉਦਾਸ ਕਿਉਂ ਹੋ ਗਿਐਂ? ਤੇਰੇ ਅੰਦਰ ਕੀ ਦੁਖਦਾ?

ਕੈਂਸਰ ਮਾਂ ਦਾ, ਬਾਪੂ ਦਾ, ਮੇਰੇ ਆਪਣਾ।

ਫੁੱਲਾਂ ਦੀ ਗੱਲ ਕਰ ਰਾਜ।

ਮੈਂ ਅਗਲੇ ਐਤਵਾਰ ਵਾਪਸ ਇੰਗਲੈਂਡ ਚਲੇ ਜਾਣੈਂ।

ਰੰਗਾਂ ਦੀ ਗੱਲ ਕਰ ਰਾਜ।

ਸੂਰਜ ਡੁੱਬ ਗਿਐ, ਹਨੇਰਾ ਹੋ ਗਿਐ ਤਾਂ ਘਰ ਦੇ ਕੀ ਕਹਿਣਗੇ ਸੀਮਾ?

ਜੋ ਕਹਿਣਗੇ, ਕਹਿ ਲੈਣ।

ਫੇਰ ਕੀ ਹੋਊ।

ਜੋ ਹੋਊ, ਹੋ ਲੈਣ ਦੇ।

ਤੈਨੂੰ ਪਤੈ ਸੀਮਾ? ਜਦੋਂ ਮੈਂ ਤੇਰੇ ਕੋਲੋਂ ਜਾਂਦਾ ਹਾਂ, ਤਾਂ ਆਪਣਾ ਸ਼ਹਿਰ ਮੈਨੂੰ ਮੁਰਦਿਆਂ ਦਾ ਸ਼ਹਿਰ ਲਗਦੈ, ਕਿੰਨੀ ਕਿੰਨੀ ਰਾਤ ਤੱਕ ਮੈਂ ਦੋਸਤਾਂ ਨਾਲ ਪੀਂਦਾ ਰਹਿੰਨਾਂ, ਸੜਕਾਂ 'ਤੇ ਘੁੰਮਦਾ ਰਹਿੰਨਾਂ, ਦੋਸਤ ਨਾ ਮਿਲਣ ਤਾਂ ਕੱਲਾ ਹੀ।

ਸੜਕਾਂ ਉਪਰ ਰਾਤਾਂ ਨੂੰ ਕੀ ਦੇਖਦਾ ਏਂ ਰਾਜੇ, ਕੀ ਲੱਭਦਾ ਏਂ?

ਸੜਕਾਂ ਉਪਰ ਦੇਖਦਾ ਹਾਂ, ਉਂਘਲਾਂਦੀਆਂ ਰੋਸ਼ਨੀਆਂ, ਚੁੱਪ ਇਮਾਰਤਾਂ, ਉਦਾਸ ਜਿਹੀ ਧੁੰਦ, ਟਰੱਕਾਂ ਹੇਠ ਆ ਕੇ ਮਰੇ ਕੁੱਤੇ, ਜਿਨ੍ਹਾਂ ਦੀ ਮਿੱਧੀ ਹੋਈ ਮਿੱਝ ਅਤੇ ਪਿਸੇ ਹੋਏ ਜਬ੍ਹਾੜੇ ਸੜਕ ਦੀ ਸਤਹ ਨਾਲ ਗੂੰਦ ਵਾਂਗੂੰ ਚੰਬੜੇ ਹੁੰਦੇ ਆ, ਇੰਗਲੈਂਡ ਵਿਚ ਕੋਈ ਕੁੱਤਾ ਇੰਜ ਨਹੀਂ ਮਰਦਾ।

ਰਾਜੇ!

ਹਾਂ ਸੀਮਾ।

ਤੂੰ ਬਿਮਾਰ ਏਂ, ਮੇਰੇ ਹੋਰ ਨੇੜੇ ਆ ਜਾ।

ਮੈਂ ਸਾਰੇ ਜ਼ੋਰ ਨਾਲ ਉਸ ਨੂੰ ਘੁੱਟਦਾ ਹਾਂ, ਮੇਰੀਆਂ ਬਾਹਵਾਂ ਵਿਚ ਉਸ ਦਾ ਜਿਸਮ ਖੁੱਲ੍ਹਦਾ ਤੇ ਬੰਦ ਹੁੰਦਾ ਹੈ। ਉਹ ਕਈ ਕੁਝ ਦੱਬੀ ਆਵਾਜ਼ ਵਿਚ ਕਹਿ ਰਹੀ ਹੈ, ਮੈਨੂੰ ਕੁਝ ਨਹੀਂ ਸੁਣਦਾ, ਚਾਂਦੀ ਦੀਆਂ ਸੈਂਕੜੇ ਘੰਟੀਆਂ ਮੇਰੇ ਜ਼ਿਹਨ ਵਿਚ ਲਗਾਤਾਰ ਵੱਜ ਰਹੀਆਂ ਹਨ।

ਰਾਜੇ ਤੂੰ ਨਾ ਜਾ।

ਮੈਨੂੰ ਜਾਣਾ ਪੈਣਾ।

ਹਾਂ, ਤੈਨੂੰ ਜਾਣਾ ਪੈਣਾ, ਮੈਂ ਤੈਨੂੰ ਖਤ ਲਿਖਾਂਗੀ।

ਮੈਂ ਉਸ ਦੇ ਹਰ ਅੰਗ ਨੂੰ ਪਿਆਰ ਨਾਲ ਘੁੱਟਦਾ ਹਾਂ।

ਸੀਮਾ, ਤੂੰ ਮਾਂ ਏਂ।

ਮੇਰਾ ਨਿੱਕਾ ਕਰਾਈਸਟ! ਕਹਿੰਦਿਆਂ ਉਸ ਨੇ ਮੇਰਾ ਬੀਮਾਰ ਸਿਰ ਆਪਣੀਆਂ ਕੰਵਾਰੀਆਂ ਛਾਤੀਆਂ ਵਿਚ ਘੁੱਟ ਲਿਆ ਹੈ। ਕਿੰਨੀ ਸ਼ਾਂਤੀ ਹੈ, ਕਿੰਨਾ ਆਰਾਮ!...ਖਤਮ ਹੁੰਦੀ ਸਿਗਰਟ ਨੇ ਮੇਰੀਆਂ ਉਂਗਲਾਂ ਲੂਹ ਦਿੱਤੀਆਂ ਹਨ, ਦਰਵਾਜਾ ਖੜਕਦਾ ਹੈ, ਔਰਤ ਦੀ ਆਵਾਜ਼ ਹੁਣ ਬਹੁਤ ਤਲਖ ਹੈ।

ਮੈਂ ਕਿਹਾ, ਨ੍ਹਾ ਲਿਆ ਜੀ? ਮੈਂ ਤਾਂ ਫਾਇਰ ਵੀ ਪਾ ਦਿੱਤੀ।

ਮੈਂ ਤੈਨੂੰ ਕਿਹਾ ਮੈਂ ਕੁਝ ਸੋਚਦਾ ਸੀ, ਨਾਵਲ ਦਾ ਅਗਲਾ ਚੈਪਟਰ, ਮੈਨੂੰ ਨਾ ਬੁਲਾਈਂ ਹੁਣ, ਤੂੰ ਰੋਟੀ ਪਕਾ, ਮੈਂ ਹੁਣੇ ਨ੍ਹਾ ਕੇ ਆਉਨਾਂ, ਹੁਣ ਨਾ ਬੁਲਾਈਂ, ਅੱਛਾ?

ਨਿਆਣੇ ਉਡੀਕ ਉਡੀਕ ਬਾਹਰ ਖੇਡਣ ਚਲੇ ਗਏ, ਅੱਛਾ ਤੁਸੀਂ ਜਦੋਂ ਮਰਜ਼ੀ ਆਇਓ, ਮੈਂ ਖਾਣਾ ਬਣਾ ਕੇ ਸੌਣ ਲੱਗੀ ਆਂ, ਰਾਤੀਂ ਵੀ ਤੁਸੀਂ ਸੌਣ ਨਹੀਂ ਦਿੱਤਾ। ਔਰਤ ਚਲੀ ਗਈ ਹੈ।

ਮੈਂ ਉਠ ਕੇ ਛੋਟੀ ਬੋਤਲ ਵਿਚੋਂ ਬਚਦੀ ਸ਼ਰਾਬ ਪੀ ਲੈਂਦਾ ਹਾਂ ਅਤੇ ਬਾਥ ਦੇ ਕੰਢੇ ਉਪਰ ਬੈਠਾ ਨਵੀਂ ਸਿਗਰਟ ਲਾਉਂਦਾ ਹਾਂ। ਮੇਰਾ ਸਿਰ ਘੁੰਮ ਰਿਹਾ ਹੈ, ਜਿਸਮ ਬੇਜਾਨ ਜਿਹਾ ਹੋ ਗਿਆ ਹੈ, ਪਤਾ ਨਹੀਂ ਮੈਨੂੰ ਕੀ ਹੋ ਰਿਹਾ ਹੈ? ਬਾਥਰੂਮ ਵਿਚ ਭਾਫ ਘੱਟ ਹੈ, ਮੇਰੀਆਂ ਸਿਗਰਟਾਂ ਦਾ ਧੂੰਆਂ ਜ਼ਿਆਦਾ ਹੈ। ਸ਼ੀਸ਼ੇ ਉਪਰ ਪਾਣੀ ਦੇ ਕਤਰੇ ਕੰਬ ਰਹੇ ਹਨ। ਔਰਤ ਕਿੰਨੀ ਚੰਗੀ ਹੈ। ਉਸ ਦੀ ਚੰਗਿਆਈ ਦਾ, ਮੈਂ ਉਸ ਨੂੰ ਕੀ ਦਿਆਂ? ਮੈਂ ਕਿਸੇ ਨੂੰ ਵੀ ਕੀ ਦਿਆਂ? ਮੈਂ ਤਾਂ ਸ਼ੀਸ਼ਾ ਹਾਂ, ਹਰ ਇਕ ਨੂੰ ਉਸ ਦਾ ਅਕਸ ਹੀ ਦੇ ਸਕਦਾ ਹਾਂ, ਅਕਸ ਦੇਖ ਕੇ ਜਦੋਂ ਕੋਈ ਚਲਾ ਜਾਂਦਾ ਹੈ ਤਾਂ ਮੈਂ ਫੇਰ ਖਾਲੀ ਦਾ ਖਾਲੀ ਰਹਿ ਜਾਂਦਾ ਹਾਂ, ਪਾਣੀ ਦਾ ਪਾਣੀ, ਸ਼ੀਸ਼ੇ ਦਾ ਪਾਣੀ।

ਹੁਣ ਮੈਂ ਨ੍ਹਾ ਲਵਾਂ ਤਾਂ ਚੰਗਾ ਹੈ, ਸੋਚਾਂ ਤਾਂ ਮੈਨੂੰ ਭੂਤਾਂ ਵਾਂਗੂੰ ਚੰਬੜ ਗਈਆਂ ਹਨ। ਆਖਰ ਕਾਹਲੀ ਵੀ ਕੀ ਏ? ਬਾਕੀ ਘਰ ਦੇ ਬਾਹਰ ਗਏ ਹੋਏ ਹਨ। ਅੱਜ ਐਤਵਾਰ ਹੈ, ਕੱਲ੍ਹ ਕੰਮ 'ਤੇ ਜਾਣਾ ਹੈ, ਫੇਰ ਸੋਚਣ ਦਾ ਮੌਕਾ ਕਿੱਥੇ? ਬਾਥ ਦਾ ਪਾਣੀ ਅਜੇ ਵੀ ਠੰਡਾ ਹੈ। ਕੰਧ 'ਤੇ ਉਭਰਿਆ ਸਲ੍ਹਾਬਾ ਮੇਰੀ ਕਮੀਜ਼ ਰਾਹੀਂ ਮੇਰੇ ਜਿਸਮ ਵਿਚ ਸਰਕ ਰਿਹਾ ਹੈ। ਮੈਨੂੰ ਨੀਂਦ ਕਿਉਂ ਆ ਰਹੀ ਹੈ? ਮੈਨੂੰ ਜਾਗਣਾ ਚਾਹੀਦਾ ਹੈ। ਰਸੋਈ 'ਚ ਭਾਂਡੇ ਖੜਕਦੇ ਹਨ, ਔਰਤ ਸ਼ਾਇਦ ਖਾਣਾ ਬਣਾ ਰਹੀ ਹੈ, ਸ਼ਾਇਦ ਕੁਝ ਸੋਚ ਰਹੀ ਹੈ। ਮੈਨੂੰ ਰੋਜ਼ ਪੁੱਛਦੀ ਹੈ।

ਮੁੜ ਕੇ ਕਦੋਂ ਜਾਵਾਂਗੇ? ਉਨ੍ਹਾਂ ਦਾ ਪਿਛੇ ਕੀ ਬਣੂੰ? ਉਨ੍ਹਾਂ ਦਾ ਪਿਛੇ ਕੌਣ ਹੈ? ਜੇ ਤੁਹਾਡੇ ਇਹੋ ਕੰਮ ਰਹੇ ਤਾਂ ਸਾਡਾ ਕੀ ਬਣੂੰ?

ਮੇਰੇ ਅੰਦਰ ਕੈਂਸਰ ਦੀਆਂ ਲੱਤਾਂ ਹਿੱਲਣ ਲੱਗ ਪੈਂਦੀਆਂ ਹਨ। ਮੈਂ ਚੁੱਪ ਹੋ ਜਾਂਦਾ ਹਾਂ, ਔਰਤ ਰੋਣ ਲੱਗਦੀ ਹੈ, ਉਸ ਦੇ ਕੈਂਸਰ ਨੂੰ ਰੋਣ ਦੀ ਆਦਤ ਹੈ। ਮੇਰਾ ਕੈਂਸਰ ਵੀ ਤਾਂ ਪੱਥਰ ਦਾ ਨਹੀਂ, ਲਹੂ ਮਾਸ ਦਾ ਹੈ, ਉਸ ਦੇ ਰੋਂਦੇ ਕੈਂਸਰ ਨੂੰ ਪਲੋਸਦਾ ਹਾਂ।

ਬਰਫ ਜ਼ਿਆਦਾ ਪੈਣ ਲੱਗ ਪਈ ਹੋਵੇਗੀ, ਖਿੜਕੀ ਦਾ ਸ਼ੀਸ਼ਾ ਦੁੱਧ ਚਿੱਟਾ ਹੈ, ਬਰਫ ਹੈ, ਧੁੰਦ ਹੈ, ਜਾਂ ਬਰਸਾਤ, ਕੁਝ ਪਤਾ ਨਹੀਂ ਲੱਗਦਾ। ਕੁਝ ਨਹੀਂ ਸੁਣਦਾ, ਏਨੀ ਚੁੱਪ, ਏਨੀ ਸ਼ਾਂਤੀ, ਕਿਉਂ? ਸ਼ਾਂਤੀ ਨਹੀਂ, ਚੁੱਪ ਹੈ, ਚੁੱਪ, ਜਿਸ ਦੇ ਅੰਦਰ ਕਈ ਆਵਾਜ਼ਾਂ-ਆਵਾਜ਼ਾਂ ਚਲਦੇ ਟਰੱਕਾਂ ਦੀਆਂ, ਫਿਸਦੇ ਲਹੂ ਮਾਸ ਦੀਆਂ, ਪਿਸਦੇ ਜਬ੍ਹਾੜਿਆਂ ਦੀਆਂ, ਆਵਾਜ਼ਾਂ ਹੀ ਆਵਾਜ਼ਾਂ ਸ਼ਕਲਾਂ ਕਿੱਧਰ ਗਈਆਂ? ਸੜਕ ਦੇ ਕੰਢੇ ਮੈਂ ਅਤੇ ਮੇਰਾ ਦੋਸਤ ਮਰੇ ਹੋਏ ਕੁੱਤੇ ਨੂੰ ਦੇਖ ਰਹੇ ਹਾਂ। ਦੋਸਤ ਚਲਾ ਗਿਆ ਹੈ, ਹੁਣ ਮੈਂ 'ਕੱਲਾ ਹਾਂ ਮਰੇ ਕੁੱਤੇ ਦੀ ਪਿਸੀ ਹੋਈ ਮਿੱਝ ਵਿਚ ਉਸ ਦੇ ਪਿਸੇ ਹੋਏ ਜਬ੍ਹਾੜੇ ਦਾ ਰੰਗ, ਅੱਧੀ ਰਾਤ ਦੀਆਂ ਰੋਸ਼ਨੀਆਂ ਵਿਚ ਸੜਕ ਦਾ ਮੁਰਦਾ ਸਲੇਟੀ ਰੰਗ, ਰੰਗਾਂ ਦੀ ਅਜੀਬ ਮਿਲਾਵਟਭਾਰਤੀ ਮਾਡਰਨ ਪੇਂਟਿੰਗ ਦਾ ਸ਼ਾਹਕਾਰ! ਮਰੇ ਕੁੱਤੇ ਦਾ ਢਿੱਡ ਚੀਰ ਕੈਂਸਰ ਬਾਹਰ ਨਿਕਲ ਆਇਆ ਹੈ ਅਤੇ ਵੱਡੀਆਂ ਵੱਡੀਆਂ ਲੱਤਾਂ ਨਾਲ ਕਾਲੀ ਪੀਲੀ ਘਸਮੈਲੀ ਸੜਕ ਦੀ ਸਤਹ ਨੂੰ ਖੁਰਚਦਾ ਮੇਰੇ ਵੱਲ ਵੱਧ ਰਿਹਾ ਹੈ, ਮੇਰੇ ਹਰ ਪਾਸੇ ਦੀਵਾਰਾਂ ਹਨ। ਕੈਂਸਰ ਦਾ ਇਕ ਪੈਰ ਮੇਰੇ ਪੈਰ ਉਪਰ ਹੈ, ਡਰ ਨਾਲ ਮੇਰਾ ਸਾਹ ਰੁਕਿਆ ਹੈ। ਸੀਮਾ ਝੁਕ ਕੇ ਕੈਂਸਰ ਨੂੰ ਚੁੱਕ ਲੈਂਦੀ ਹੈ ਅਤੇ ਮੇਰੇ ਕੋਟ ਨਾਲ ਟੰਗਦਿਆਂ ਕਹਿੰਦੀ ਹੈ, ਫੁੱਲਾਂ ਤੋਂ ਨਹੀਂ ਡਰੀਦਾ ਰਾਜੇ!

ਮੈਂ ਆਪਣੇ ਕੋਟ ਨਾਲ ਟੰਗੇ ਗੁਲਾਬ ਵੱਲ ਅਤੇ ਸੀਮਾ ਵੱਲ ਦੇਖਦਾ ਹਾਂ, ਉਸ ਦੀਆਂ ਉਂਗਲਾਂ ਵਿਚੋਂ ਖੂਨ ਚੋ ਰਿਹਾ ਹੈ। ਔਰਤ ਕਿੱਥੇ ਚਲੀ ਗਈ? ਮੈਂ ਔਰਤ ਨੂੰ ਢੂੰਡਦਾ ਹਾਂ। ਮਾਂ ਦਾ ਢਿੱਡ ਕਿੰਨਾ ਨਿੱਘਾ ਹੈ। ਸਾਡੇ ਦੋਹਾਂ ਦੁਆਲੇ ਵਲੀ ਸ਼ਾਲ ਦਾ ਸਿਰਾ ਅੰਗੀਠੀ ਵਿਚ ਪਿਆ ਸੁਲਘਦਾ ਹੈ। ਨਿੱਕੇ ਨਿੱਕੇ ਠੁਰ ਠੁਰ ਕਰਦੇ ਹੱਥਾਂ ਨੂੰ ਅੰਗੀਠੀ ਉਪਰ ਸੇਕਦਿਆਂ ਮੈਨੂੰ ਨੀਂਦ ਆ ਰਹੀ ਹੈ...!

# ਪੰਜਾਬੀ ਲੋਕ-ਕਾਵਿ ਵਿਚ ਪ੍ਰੀਤ ਕਹਾਣੀਆਂ

**ਲੋਕ ਸਾਹਿਤ**



**ਪਰਮਜੀਤ ਕੌਰ ਸਰਹਿੰਦ**
ਫੋਨ: 91-98728-98599

ਕੋਈ ਵੀ ਭਾਸ਼ਾ ਆਪਣੇ ਮਨੋਭਾਵਾਂ ਨੂੰ ਪ੍ਰਗਟ ਕਰਨ ਦਾ ਜ਼ਰੀਆ ਮੰਨੀ ਜਾਂਦੀ ਹੈ ਅਤੇ ਲਿਪੀ ਉਨ੍ਹਾਂ ਭਾਵਨਾਵਾਂ ਜਾਂ ਵਿਚਾਰਾਂ ਨੂੰ ਸ਼ਬਦਾਂ ਵਿਚ ਸਾਂਭਣ ਦੇ ਕੰਮ ਆਉਂਦੀ ਹੈ। ਲਿਪੀ ਵਿਚ ਸ਼ਬਦਾਂ ਦੀ ਜੜਤ-ਘੜਤ ਨਾਲ ਸਾਂਭੇ ਵਿਚਾਰ ਹੀ ਸਾਹਿਤ ਜਾਂ ਇਤਿਹਾਸ ਦਾ ਰੂਪ ਧਾਰਨ ਕਰ ਜਾਂਦੇ ਹਨ। ਇਹ ਕੀਮਤੀ ਦਸਤਾਵੇਜ਼ ਸਦੀਆਂ ਤਕ ਦੂਜਿਆਂ ਦੇ ਗਿਆਨ ਭੰਡਾਰ ਵਿਚ ਵਾਧਾ ਕਰਦੇ ਹਨ ਤੇ ਉਨ੍ਹਾਂ ਦਾ ਮਾਰਗ ਦਰਸ਼ਨ ਵੀ ਕਰਦੇ ਹਨ, ਪਰ ਲੋਕ-ਕਾਵਿ ਸਿਰਜਣ ਵਾਲੀਆਂ ਗੁੰਮਨਾਮ ਕਵਿਤਰੀਆਂ ਨੇ ਬਿਨਾ ਕਿਸੇ ਲਿਪੀ, ਬਿਨਾ ਅੱਖਰਾਂ ਦੀ ਪਛਾਣ ਤੋਂ ਸ਼ਾਹਕਾਰ ਰਚਨਾਵਾਂ ਪੰਜਾਬੀ ਭਾਸ਼ਾ ਦੀ ਝੋਲੀ ਪਾਈਆਂ।

ਕੁਝ ਵਿਦਵਾਨਾਂ ਅਨੁਸਾਰ ਆਧੁਨਿਕ ਕਵਿਤਾ ਦੀ ਪਹਿਲੀ ਕਵਿਤਰੀ ਬੀਬੀ ਹਰਨਾਮ ਕੌਰ ਨਾਭਾ (ਸੰਨ 1914-1915) ਨੂੰ ਮੰਨਿਆ ਜਾਂਦਾ ਹੈ ਜੋ ਭਾਈ ਕਾਹਨ ਸਿੰਘ ਨਾਭਾ ਦੀ ਨੂੰਹ ਸੀ। ਡਾ. ਦੇਵਿੰਦਰ ਸਿੰਘ ਸਤਿਆਰਥੀ ਅਨੁਸਾਰ ਪੀਰੋ ਪੰਜਾਬੀ ਦੀ ਪਹਿਲੀ ਸ਼ਾਇਰਾ ਸੀ, ਜਿਸ ਨੂੰ ਬਾਅਦ ਵਿਚ ਪੀਰੋ ਪ੍ਰੇਮਣ ਵੀ ਕਿਹਾ ਜਾਣ ਲੱਗਾ। ਆਮ ਤੌਰ 'ਤੇ ਆਧੁਨਿਕ ਯੁੱਗ ਦੀ ਪਹਿਲੀ ਸ਼ਾਇਰਾ ਅੰਮ੍ਰਿਤਾ ਪ੍ਰੀਤਮ ਨੂੰ ਹੀ ਮੰਨਿਆ ਜਾਂਦਾ ਹੈ, ਉਸ ਦੀਆਂ ਪੰਜਾਬੀ ਲਿਖਤਾਂ ਨੇ ਉਸ ਨੂੰ ਦੇਸ਼-ਵਿਦੇਸ਼ ਵਿਚ ਪ੍ਰਸਿੱਧੀ ਵੀ ਦਿਵਾਈ। ਪੰਜਾਬੀ ਦੀਆਂ ਗੁੰਮਨਾਮ ਕਵਿਤਰੀਆਂ ਤਾਂ ਸਦੀਆਂ ਤੋਂ ਕਾਵਿ ਸਿਰਜਦੀਆਂ ਰਹੀਆਂ ਹਨ, ਜਿਨ੍ਹਾਂ ਦਾ ਸਿਰਜਿਆ ਲੋਕ-ਕਾਵਿ ਜਾਂ ਉਨ੍ਹਾਂ ਦੇ ਨਾਂ ਕਿਸੇ ਕਾਗਜ਼ ਉਤੇ ਤਾਂ ਨਹੀਂ, ਲੋਕ ਮਨਾਂ ਉਤੇ ਬੜੇ ਗੂੜ੍ਹੇ ਉਕਰੇ ਹੋਏ ਹਨ।

ਪੁਰਾਣਾ ਪੰਜਾਬੀ ਲੋਕ-ਕਾਵਿ ਸਾਡੇ ਸਮਾਜਿਕ-ਸੱਭਿਆਚਾਰਕ ਵਰਤਾਰੇ ਦਾ ਇਤਿਹਾਸ ਹੈ। ਇਨ੍ਹਾਂ ਲੋਕ ਗੀਤਾਂ ਦੀ ਵਿਲੱਖਣਤਾ ਇਹ ਵੀ ਹੈ ਕਿ ਇਹ ਸਰਲ ਤੇ ਸਪਸ਼ਟ ਬੋਲਾਂ ਵਿਚ ਸਿਰਜੇ ਗਏ ਹਨ। ਇਹ ਭਾਵਪੂਰਤ ਸ਼ਬਦਾਵਲੀ ਸਾਧਾਰਨ, ਜਨ ਸਮੂਹ ਦੀ ਨਬਜ਼ 'ਤੇ ਹੱਥ ਰੱਖ ਕੇ ਉਸ ਦੇ ਦਰਦ ਦੀ ਥਾਹ ਪਾਉਂਦੀ ਉਹਦੇ ਧੁਰ ਅੰਦਰ ਉਤਰ ਜਾਂਦੀ ਹੈ। ਸ਼ਾਇਦ ਇਹੋ ਕਾਰਨ ਹੈ ਕਿ ਇਹ ਲੋਕ ਗੀਤ ਲੋਕਾਂ ਦੀ ਜ਼ੁਬਾਨ 'ਤੇ ਵੀ ਆਸਾਨੀ ਨਾਲ ਚੜ੍ਹ ਜਾਂਦੇ ਹਨ। ਇਉਂ ਇਹ ਪੀੜ੍ਹੀ-ਦਰ-ਪੀੜ੍ਹੀ ਤੁਰੇ ਆਉਂਦੇ ਸਮੇਂ ਦੀ ਹਿੱਕ 'ਤੇ ਆਪਣੀਆਂ ਅਮਿੱਟ ਪੈੜਾਂ ਛੱਡਦੇ ਜਾਂਦੇ ਹਨ। ਜਿਵੇਂ ਕਿਸੇ ਖਿੱਤੇ, ਸੂਬੇ ਜਾਂ ਦੇਸ਼ ਦੀ ਸੱਭਿਅਤਾ ਨੂੰ ਜਾਣਨ ਲਈ ਖੰਡਰਾਂ ਦੀ ਖੁਦਾਈ ਕਰਕੇ ਪੁਰਾਤਨ ਵਸਤਾਂ, ਸਿੱਕੇ, ਬਰਤਨ ਜਾਂ ਕੋਈ ਮੂਰਤੀ ਮਿਲ ਜਾਂਦੀ ਹੈ ਤਾਂ ਉਨ੍ਹਾਂ ਵਸਤੂਆਂ ਤੋਂ ਸਾਨੂੰ ਉਥੋਂ ਦੇ ਬੀਤੇ ਸਮੇਂ ਦੀ ਜੀਵਨ ਜਾਚ ਦਾ ਅਨੁਮਾਨ ਹੋ ਜਾਂਦਾ ਹੈ। ਇਸੇ ਤਰ੍ਹਾਂ ਕਿਸੇ ਖਿੱਤੇ, ਸੂਬੇ ਜਾਂ ਦੇਸ਼ ਦੇ ਲੋਕ-ਕਾਵਿ ਜਾਂ ਲੋਕਯਾਨ ਨੂੰ ਵਾਚਦਿਆਂ ਸਾਨੂੰ ਉਸ ਦੇ ਅਤੀਤ ਵਿਚਲੇ ਸੰਸਕਾਰਾਂ ਜਾਂ ਸਮੁੱਚੀ ਸੰਸਕ੍ਰਿਤੀ ਦੀ ਜਾਣਕਾਰੀ ਮਿਲਦੀ ਹੈ। ਲੋਕ-ਕਾਵਿ ਇੱਕ ਅਜਿਹਾ ਸਮੁੰਦਰ ਹੈ ਜਿਸ ਦਾ ਮੰਥਨ ਕਰਦਿਆਂ ਇਸ ਵਿਚੋਂ ਬੇਸ਼ਕੀਮਤੀ ਹੀਰੇ-ਮੋਤੀਆਂ ਵਰਗੇ ਕਾਵਿ ਟੋਟਕਿਆਂ ਦੀਆਂ ਅਨੇਕਾਂ ਵੰਨਗੀਆਂ ਲੱਭਦੀਆਂ ਹਨ, ਜਿਨ੍ਹਾਂ ਵਿਚ ਉਸ ਸਮੇਂ ਦੇ ਜੀਵਨ ਬਾਰੇ ਬਹੁ-ਪੱਖੀ ਪਸਾਰਾਂ ਦਾ ਵਰਣਨ ਮਿਲਦਾ ਹੈ।

ਬਹੁਤਾ ਲੋਕ-ਕਾਵਿ ਔਰਤ ਵੱਲੋਂ ਹੀ ਸਿਰਜਿਆ ਗਿਆ ਹੈ ਕਿਉਂਕਿ ਮਰਦ ਦੀ ਨਿਸਬਤ ਔਰਤ ਦੇ ਹਿੱਸੇ ਦੁੱਖ-ਦਰਦ ਵੀ ਬਹੁਤਾ ਆਇਆ ਹੈ। ਆਮ ਤੌਰ 'ਤੇ ਇਸਤਰੀ ਜਾਤੀ ਸਮਾਜ ਵਿਚ ਦਬੇਲ ਧਿਰ ਬਣ ਕੇ ਹੀ ਵਿਚਰਦੀ ਰਹੀ ਹੈ ਜਿਸ ਕਾਰਨ ਉਹ ਆਪਣੇ ਮਨ ਦੀ ਗੱਲ ਸਿੱਧੀ ਤੇ ਸਪਸ਼ਟ ਨਹੀਂ ਕਹਿ ਸਕੀ। ਉਸ ਦੇ ਜਜ਼ਬਾਤ ਦੇ ਪ੍ਰਗਟਾਵੇ ਲਈ ਲੋਕ-ਕਾਵਿ ਇੱਕ ਵਧੀਆ ਮਾਧਿਅਮ ਬਣਿਆ। ਇਸ ਦੇ ਉਲਟ ਮਰਦ ਮੁੱਢ-ਕਦੀਮ ਤੋਂ ਹੀ ਆਪਣੀ ਗੱਲ ਕਹਿਣ ਅਤੇ ਮੰਨਵਾਉਂਦਾ ਰਿਹਾ। ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਤਕੜੀ ਧਿਰ ਦੀ ਧੱਕੇਸ਼ਾਹੀ ਸਦਾ ਤੋਂ ਹੀ ਚਲਦੀ ਆਈ ਹੈ। ਅੱਜ ਔਰਤ ਦੀ ਦਸ਼ਾ ਵਿਚ ਵੀ ਪਰਿਵਰਤਨ ਆਇਆ ਹੈ, ਅੱਜ ਉਸ ਕੋਲ ਕਲਮ ਹੈ ਤੇ ਉਹ ਲਿਖ ਜਾਂ ਬੋਲ ਕੇ ਆਪਣੇ ਮਨੋਭਾਵ ਪ੍ਰਗਟ ਕਰਨ ਦੇ ਸਮਰੱਥ ਹੈ ਜਦੋਂਕਿ ਪਿਛਲੇ ਸਮੇਂ ਵਿਚ ਔਰਤ ਲੋਕ-ਕਾਵਿ ਦੇ ਜ਼ਰੀਏ ਹੀ ਆਪਣੇ ਦਿਲ 'ਚ ਦਬੇ ਤੇ ਡੁੱਲ੍ਹ-ਡੁੱਲ੍ਹ ਪੈਂਦੇ ਅਰਮਾਨਾਂ ਨੂੰ ਬਿਆਨ ਕਰ ਸਕਦੀ ਸੀ। ਲੋਕ ਗੀਤਾਂ ਨੂੰ ਪੜ੍ਹਦਿਆਂ-ਸੁਣਦਿਆਂ ਪਤਾ ਲਗਦਾ ਹੈ ਕਿ ਉਸ ਸਮੇਂ ਦੀ ਅਨਪੜ੍ਹ ਜਾਂ ਘੱਟ ਪੜ੍ਹੀ-ਲਿਖੀ ਔਰਤ ਤੀਖਣ ਬੁੱਧੀ ਦੀ ਮਾਲਕ ਤੇ ਬਹੁਤ ਸੂਝਵਾਨ ਸੀ।



ਲੋਕ-ਕਾਵਿ ਦੀ ਇੱਕ ਹੋਰ ਵਿਲੱਖਣਤਾ ਇਹ ਹੈ ਕਿ ਉਸ ਸਮੇਂ ਦੀ ਚਾਰਦੀਵਾਰੀ ਵਿਚ ਰਹਿਣ ਵਾਲੀ ਅਨਪੜ੍ਹ ਨਾਰੀ ਦੀ ਕਮਾਲ ਦੀ ਕਿਰਤ ਦੀ ਗਵਾਹ ਹੈ। ਕਿਸੇ ਵੀ ਕਾਲ, ਦੇਸ਼ ਜਾਂ ਕੌਮ ਵਿਚ ਪ੍ਰੀਤ ਕਹਾਣੀਆਂ ਦਾ ਬਹੁਤ ਪ੍ਰਭਾਵ ਰਿਹਾ ਹੈ। ਹਰ ਮੁਲਕ ਅਤੇ ਹਰ ਭਾਸ਼ਾ ਵਿਚ ਪ੍ਰੀਤ ਕਹਾਣੀਆਂ ਲਿਖੀਆਂ ਗਈਆਂ ਪਰ ਲੋਕ-ਕਾਵਿ ਵਿਚ ਇਹ ਜ਼ੁਬਾਨੀ-ਕਲਾਮੀ ਸ਼ਾਮਲ ਰਹੀਆਂ। ਨਾਰੀ ਮਨ ਨੇ ਕਦੇ ਲੰਮੇ ਗੌਣਾਂ ਵਿਚ, ਕਦੇ ਬੋਲੀਆਂ ਜਾਂ ਟੱਪਿਆਂ ਵਿਚ ਇਨ੍ਹਾਂ ਨੂੰ ਪੇਸ਼ ਕੀਤਾ। ਲੋਕ-ਕਾਵਿ ਦੀ ਵਿਧਾ 'ਹੇਅਰਾ' ਵਿਚ ਹੀਰ ਦਾ ਜ਼ਿਕਰ ਹੈ। ਹੇਅਰੇ ਮੁੰਡੇ ਦੀ ਬਰਾਤ ਚੜ੍ਹਨ ਸਮੇਂ ਅਤੇ ਲਾੜੀ ਨੂੰ ਡੋਲੀਓਂ ਉਤਾਰਨ ਸਮੇਂ ਲਾਏ ਜਾਂਦੇ ਹਨ। ਸਿੱਠਣੀਆਂ ਦੇਣ ਲਈ ਵੀ ਇਹ ਵਿਧਾ ਵਰਤ ਲਈ ਜਾਂਦੀ ਹੈ। ਬਰਾਤ ਚੜ੍ਹਨ ਸਮੇਂ ਦਾ ਹੇਅਰਾ ਹੈ:

ਜਦ ਵੀਰਾ ਤੂੰ ਜੰਮਿਆ
ਤੇਰੀ ਮਾਂ ਨੇ ਖਾਧੀ ਖੀਰ।
ਝੁਕ-ਝੁਕ ਦੇਖਣ ਸਾਲੀਆਂ
ਕੋਈ ਲੁਕ-ਲੁਕ ਦੇਖੇ ਵੇ ਹੀਰ।

ਇੱਕ ਹੋਰ ਹੇਅਰਾ ਹੈ:

ਘੋੜੀ ਤਾਂ ਚੜ੍ਹ ਜਾ ਵੀਰ ਹੱਸ ਕੇ
ਕਿਉਂ ਹੋਇਆ ਦਿਲਗੀਰ।
ਗੱਡਾ ਦੇਣਗੇ ਦਾਜ ਦਾ
ਤੇਰੇ ਮਗਰ ਲਾਉਣਗੇ ਵੇ ਹੀਰ।

ਗਿੱਧੇ ਦੇ ਗੀਤਾਂ ਵਿਚ ਰਾਂਝੇ ਨੂੰ ਸੰਬੋਧਨ ਕਰਕੇ ਗਾਏ ਜਾਣ ਵਾਲੇ ਗੀਤ ਦੇ ਕੁਝ ਬੋਲ ਹਨ:

ਦੋ ਤਾਰਾ ਵੱਜਦਾ ਵੇ
ਰਾਂਝਣਾ ਨੂਰ ਮਹਿਲ ਦੀ ਮੋਰੀ।
ਫੁੱਲ ਵਿਕਣੇ ਆਏ ਵੇ
ਰਾਂਝਣਾ ਟਕੇ-ਟਕੇ ਦੀ ਜੋੜੀ।
ਸਾਨੂੰ ਲੈ ਦੇ ਵੇ ਰਾਂਝਣਾ
ਮਾਂ ਆਪਣੀ ਤੋਂ ਚੋਰੀ।

ਸੋਹਣੀ-ਮਹੀਂਵਾਲ ਦੀ ਪ੍ਰੀਤ ਕਹਾਣੀ ਦਾ ਜ਼ਿਕਰ ਵੀ ਬੋਲੀਆਂ ਵਿਚ ਮਿਲਦਾ ਹੈ:

ਨਣਦ ਮੇਰੀ ਨੇ ਧੋਖਾ ਕਰਿਆ
ਪੱਕਾ ਚੁੱਕ ਕੇ ਕੱਚਾ ਧਰਿਆ।
ਵਖਤੋਂ ਮੈਂ ਖੁੰਝ ਗਈ
ਘੜਾ ਦੇਖ ਨਾ ਲਿਆ ਟਣਕਾ ਕੇ।
ਜਦ ਸੋਹਣੀ ਡੁੱਬਣ ਲੱਗੀ
'ਵਾਜ਼ਾਂ ਮਹੀਂਵਾਲ ਨੂੰ ਮਾਰੇ।
ਵੇ ਮੈਂ ਡੁੱਬ ਚੱਲੀ,
ਕੱਢ ਲੈ ਨਦੀਂ 'ਚੋਂ ਆ ਕੇ।

ਲੋਕ-ਕਾਵਿ ਰਚਣ ਵਾਲੀਆਂ ਉਨ੍ਹਾਂ ਮਹਾਨ ਬੇਨਾਮ ਔਰਤ 'ਕਿੱਸਾਕਾਰਾਂ' ਨੇ ਆਪਣੇ ਮਨੋਭਾਵ ਅਜੀਬ ਪਰ ਸੁੰਦਰ ਢੰਗ ਨਾਲ ਵਿਅਕਤ ਕੀਤੇ ਹਨ। ਕੁਝ, ਇੱਕ ਤੁਕੀਆਂ ਬੋਲੀਆਂ ਵਿਚ ਉਨ੍ਹਾਂ ਮਹੀਂਵਾਲ ਨਾਲ ਗਿਲਾ ਵੀ ਕੀਤਾ ਹੈ। ਉਹ ਪੜ੍ਹੀਆਂ-ਲਿਖੀਆਂ ਨਹੀਂ ਸਨ, ਇਸ ਲਈ ਸੁਣੀਆਂ-ਸੁਣਾਈਆਂ ਕਹਾਣੀਆਂ ਦੇ ਆਧਾਰ 'ਤੇ ਰਚੇ ਗਏ ਇਹ ਲੋਕ-ਗੀਤ ਜਾਂ ਬੋਲੀਆਂ ਕਾਬਿਲੇ ਗੌਰ ਹਨ:

ਕੰਢੇ-ਕੰਢੇ ਟੋਲਦਾ ਫਿਰੇ
ਸੋਹਣੀ ਡੁੱਬਦੀ ਨਜ਼ਰ ਨਾ ਆਵੇ।
ਅਤੇ
ਤੇਰੇ ਪਿੱਛੇ ਸੋਹਣੀ ਡੁੱਬ ਗਈ
ਤੂੰ ਵੀ ਡੁੱਬ ਜਾ ਬੇਸ਼ਰਮਾ ਯਾਰਾ।

ਸੱਸੀ-ਪੁੰਨੂੰ ਬਾਰੇ ਵੀ ਬੋਲੀਆਂ ਤੇ ਗੀਤ ਮਿਲਦੇ ਹਨ। ਇਹ ਦਰਦ ਭਰਿਆ ਲੰਮਾ ਗੌਣ, ਵਿਆਹ ਸਮੇਂ ਬਿਠਾਏ ਗੌਣਾਂ ਵਿਚ ਜ਼ਰੂਰ ਗਾਇਆ ਜਾਂਦਾ ਸੀ:

ਸੱਸੀ ਪੁੰਨੂੰ ਸੌਂ ਗਏ
ਕੋਈ ਮੁੱਖ 'ਤੇ ਜ਼ਰਦ ਰੁਮਾਲ ਵੇ।
ਸੱਸੀ ਨੇ ਪਾਸਾ ਪਰਤਿਆ
ਪੁੰਨੂੰ ਹੈ ਨੀ ਨਾਲ ਵੇ।
ਹਾਏ ਵੇ ਪੁੰਨੂੰ ਜ਼ਾਲਮਾ
ਦਿਲਾਂ ਦਿਆ ਮਹਿਰਮਾ,
ਸੁੱਤੀ ਨੂੰ ਛੋੜ ਕੇ
ਨਾ ਜਾਣਾ ਈ ਓਏ।

ਉਨ੍ਹਾਂ ਅਨਪੜ੍ਹ ਪਰ ਸੂਝਵਾਨ ਕਵਿਤਰੀਆਂ ਦੀ ਤੀਖਣ ਬੁੱਧੀ ਅੱਜ ਦੀ ਪੜ੍ਹੀ-ਲਿਖੀ ਸ਼ਾਇਰਾ ਨਾਲੋਂ ਘੱਟ ਨਹੀਂ ਸੀ, ਇਹ ਗੱਲ ਵੀ ਲੋਕ-ਕਾਵਿ ਸਪਸ਼ਟ ਕਰਦਾ ਹੈ। ਉਨ੍ਹਾਂ ਦੀਆਂ ਮਹਾਨ ਕਿਰਤਾਂ ਨੂੰ ਸਲਾਮ!

## ਕੁਝ ਲੋਕ ਗੀਤ

### ਚੜ੍ਹ ਚੁਬਾਰੇ ਸੁੱਤਿਆ ਬਾਬਲ

ਚੜ੍ਹ ਚੁਬਾਰੇ ਸੁੱਤਿਆ ਬਾਬਲ,
ਆਈ ਬਨੇਰੇ ਦੀ ਛਾਂ।
ਤੂੰ ਸੁੱਤਾ ਲੋਕੀਂ ਜਾਗਦੇ,
ਘਰ ਬੇਟੜੀ ਹੋਈ ਮੁਟਿਆਰ।

ਛੰਨਾ ਤਾਂ ਭਰਿਆ ਦੁੱਧ ਦਾ ਵਾਰੀ,
ਨ੍ਹਾਵਣ ਚੱਲੀ ਆਂ ਤਲਾ।
ਮੈਲ ਹੋਵੇ ਝੱਟ ਝੜ ਜਾਵੇ ਵਾਰੀ,
ਰੂਪ ਨਾ ਝੜਿਆ ਜਾ।
ਮਾਏ ਨੀ ਸੁਣ ਮੇਰੀਏ ਵਾਰੀ,
ਬਾਬਲ ਮੇਰੇ ਨੂੰ ਸਮਝਾ।
ਸਾਡੇ ਤਾਂ ਹਾਣ ਦੀਆਂ ਸਾਹੁਰੇ ਵਾਰੀ,
ਸਾਡੜੇ ਮਨ ਵਿਚ ਚਾ।

ਬਾਬਲ ਰੋਂਦੇ ਦੀ ਦਾੜ੍ਹੀ ਭਿੱਜੀ ਵਾਰੀ,
ਮਾਈ ਨੇ ਦਿੱਤਾ ਦਰਿਆ ਚਲਾ।
ਵੀਰੇ ਰੋਂਦੇ ਦਾ ਰੁਮਾਲ ਭਿੱਜਾ ਵਾਰੀ,
ਭਾਬੋ ਦੇ ਮਨ ਚਾ।

ਚੜ੍ਹ ਚੁਬਾਰੇ ਸੁੱਤਿਆ ਚਾਚਾ,
ਆਈ ਬਨੇਰੇ ਦੀ ਛਾਂ।
ਤੂੰ ਸੁੱਤਾ ਲੋਕੀਂ ਜਾਗਦੇ,
ਘਰ ਭਤੀਜੀ ਹੋਈ ਮੁਟਿਆਰ।

ਛੰਨਾ ਤਾਂ ਭਰਿਆ ਦੁੱਧ ਦਾ ਵਾਰੀ,
ਨ੍ਹਾਵਣ ਚੱਲੀ ਆਂ ਤਲਾ।
ਮੈਲ ਹੋਵੇ ਝੱਟ ਝੜ ਜਾਵੇ ਵਾਰੀ,
ਰੂਪ ਨਾ ਝੜਿਆ ਜਾ।

ਚਾਚੀ ਨੀ ਸੁਣ ਮੇਰੀਏ ਵਾਰੀ,
ਚਾਚੇ ਮੇਰੇ ਨੂੰ ਸਮਝਾ।
ਸਾਡੇ ਤਾਂ ਹਾਣ ਦੀਆਂ ਸਾਹੁਰੇ ਵਾਰੀ,
ਸਾਡੜੇ ਮਨ ਵਿਚ ਚਾ।
ਚਾਚੇ ਰੋਂਦੇ ਦੀ ਦਾੜ੍ਹੀ ਭਿੱਜੀ ਵਾਰੀ,
ਚਾਚੀ ਨੇ ਦਿੱਤਾ ਦਰਿਆ ਚਲਾ।
ਵੀਰੇ ਰੋਂਦੇ ਦਾ ਰੁਮਾਲ ਭਿੱਜਾ ਵਾਰੀ,
ਭਾਬੋ ਦੇ ਮਨ ਚਾ।

### ਬੇਟੀ ਚੰਦਨ ਦੇ ਓਹਲੇ ਕਿਉਂ ਖੜ੍ਹੀ

ਬੇਟੀ ਚੰਦਨ ਦੇ ਓਹਲੇ ਕਿਉਂ ਖੜ੍ਹੀ?
ਮੈਂ ਤਾਂ ਖੜ੍ਹੀ ਸਾਂ ਬਾਬਲ ਜੀ ਦੇ ਪਾਸ,
ਕਰਾਂ ਅਰਦਾਸ, ਬਾਬਲ ਵਰ ਲੋੜੀਏ।

ਜਾਈਏ ਕਿਹੋ ਜਿਹਾ ਵਰ ਲੋੜੀਏ?
ਬਾਬੁਲ ਜਿਉਂ ਤਾਰਿਆਂ ਵਿਚੋਂ ਚੰਨ,
ਚੰਨਾਂ ਵਿਚੋਂ ਕਾਹਨ, ਘਨੱਈਆ ਵਰ ਲੋੜੀਏ।

ਭੈਣੇਂ ਚੰਦਨ ਦੇ ਓਹਲੇ ਕਿਉਂ ਖੜ੍ਹੀ?
ਮੈਂ ਤਾਂ ਖੜ੍ਹੀ ਸਾਂ ਵੀਰ ਜੀ ਦੇ ਪਾਸ,
ਕਰਾਂ ਅਰਦਾਸ, ਵੀਰੇ ਵਰ ਲੋੜੀਏ।

ਨੀ ਭੈਣੇਂ ਕਿਹੋ ਜਿਹਾ ਵਰ ਲੋੜੀਏ?
ਵੇ ਵੀਰਾ, ਜਿਉਂ ਬੀਰਾਂ ਵਿਚੋਂ ਬੀਰ,
ਰਾਮ ਚੰਦਰ ਵਰ ਲੋੜੀਏ।

ਧੀਏ ਚੰਦਨ ਦੇ ਓਹਲੇ ਕਿਉਂ ਖੜ੍ਹੀ?
ਮੈਂ ਤਾਂ ਖੜ੍ਹੀ ਸਾਂ ਮਾਮਾ ਜੀ ਦੇ ਪਾਸ,
ਕਰਾਂ ਅਰਦਾਸ, ਮਾਮਾ ਵਰ ਲੋੜੀਏ।

ਨੀ ਧੀਏ ਕਿਹੋ ਜਿਹਾ ਵਰ ਲੋੜੀਏ?
ਮਾਮਾ ਜੀ ਜਿਉਂ ਦੁਨੀਆਂ ਵਿਚ ਦਾਨੀ,
ਹਰੀਸ਼ ਚੰਦਰ ਵਰ ਲੋੜੀਏ।

### ਦੇਵੀਂ ਵੇ ਬਾਬਲਾ ਓਸ ਘਰੇ

ਦੇਵੀਂ ਵੇ ਬਾਬਲਾ ਓਸ ਘਰੇ,
ਜਿੱਥੇ ਸੱਸ ਭਲੀ ਪਰਧਾਨ,
ਸਹੁਰਾ ਸਰਦਾਰ ਹੋਵੇ।

ਡਾਹ ਪੀੜ੍ਹਾ ਬਹਿੰਦਾ ਸਾਹਮਣੇ ਵੇ,
ਮੱਥੇ ਕਦੇ ਨਾ ਪਾਂਦੀ ਵੱਟ,
ਬਾਬਲ ਤੇਰਾ ਪੁੰਨ ਹੋਵੇ।
ਤੇਰਾ ਹੋਵੇਗਾ ਵੱਡੜਾ ਜਸ,
ਬਾਬਲ, ਤੇਰਾ ਪੁੰਨ ਹੋਵੇ।

ਦੇਵੀਂ ਵੇ ਬਾਬਲਾ ਓਸ ਘਰੇ,
ਜਿੱਥੇ ਸੱਸ ਦੇ ਬਾਹਲੜੇ ਪੁੱਤ,
ਇੱਕ ਮੰਗੀਏ, ਇੱਕ ਵਿਆਹੀਏ,
ਵੇ ਮੈਂ ਸ਼ਾਦੀਆਂ ਵੇਖਾਂ ਨਿੱਤ,
ਬਾਬਲ ਤੇਰਾ ਪੁੰਨ ਹੋਵੇ।
ਤੇਰਾ ਹੋਵੇਗਾ ਵੱਡੜਾ ਜਸ,
ਬਾਬਲ ਤੇਰਾ ਪੁੰਨ ਹੋਵੇ।
ਦੇਵੀਂ ਵੇ ਬਾਬਲਾ ਓਸ ਘਰੇ,
ਜਿੱਥੇ ਮੱਝਾਂ ਬੂਰੀਆਂ ਸੱਠ,
ਇੱਕ ਰਿੜਕਾਂ ਇਕ ਜਮਾਵਾਂ
ਵੇ ਮੇਰਾ ਚਾਟੀਆਂ ਦੇ ਵਿਚ ਹੱਥ,
ਬਾਬਲ ਤੇਰਾ ਪੁੰਨ ਹੋਵੇ।
ਤੇਰਾ ਹੋਵੇਗਾ ਵੱਡੜਾ ਜਸ,
ਬਾਬਲ, ਤੇਰਾ ਪੁੰਨ ਹੋਵੇ।

ਦੇਵੀਂ ਦੇਵੀਂ ਵੇ ਬਾਬਲਾ ਓਸ ਘਰੇ,
ਜਿੱਥੇ ਦਰਜੀ ਸੀਵੇ ਪੱਟ,
ਇੱਕ ਪਾਵਾਂ ਇੱਕ ਟੰਗਣੇ,
ਮੇਰਾ ਵਿਚ ਸੰਦੂਕਾਂ ਦੇ ਹੱਥ,
ਬਾਬਲ ਤੇਰਾ ਪੁੰਨ ਹੋਵੇ।
ਤੇਰਾ ਹੋਵੇਗਾ ਵੱਡੜਾ ਜਸ,
ਬਾਬਲ ਤੇਰਾ ਪੁੰਨ ਹੋਵੇ।

ਦੇਵੀਂ ਵੇ ਬਾਬਲਾ ਓਸ ਘਰੇ,
ਜਿੱਥੇ ਘਾੜ ਘੜੇ ਸੁਨਿਆਰ,
ਇੱਕ ਪਾਵਾਂ ਦੂਜਾ ਡੱਬੜੇ,
ਵੇ ਮੇਰਾ ਵਿਚ ਡੱਬਿਆਂ ਦੇ ਹੱਥ,
ਬਾਬਲ ਤੇਰਾ ਪੁੰਨ ਹੋਵੇ।
ਤੇਰਾ ਹੋਵੇਗਾ ਵੱਡੜਾ ਜਸ,
ਬਾਬਲ ਤੇਰਾ ਪੁੰਨ ਹੋਵੇ।

### ਘੋੜੀ ਸੋਂਹਦੀ ਕਾਠੀਆਂ ਦੇ ਨਾਲ

ਘੋੜੀ ਸੋਂਹਦੀ ਕਾਠੀਆਂ ਦੇ ਨਾਲ,
ਕਾਠੀ ਡੇਢ ਤੇ ਹਜ਼ਾਰ।
ਉਮਰਾਵਾਂ ਦੀ ਤੇਰੀ ਚਾਲ,
ਮੈਂ ਬਲਿਹਾਰੀ, ਵੇ ਮਾਂ ਦਿਆਂ ਸੁਰਜਣਾ।
ਵਿਚ ਵਿਚ ਬਾਗਾਂ ਦੇ ਤੁਸੀਂ ਆਓ,
ਚੋਟ ਨਗਾਰਿਆਂ 'ਤੇ ਲਾਓ।
ਖਾਣਾ ਰਾਜਿਆਂ ਦਾ ਖਾਓ,
ਮੈਂ ਬਲਿਹਾਰੀ, ਵੇ ਮਾਂ ਦਿਆ ਸੁਰਜਣਾ।

ਛੈਲ ਨਵਾਬਾਂ ਦੇ ਘਰ ਢੁੱਕਣਾ,
ਸਰਦਾਰਾਂ ਦੇ ਘਰ ਢੁੱਕਣਾ।
ਉਮਰਾਵਾਂ ਦੀ ਤੇਰੀ ਚਾਲ,
ਵਿਚ ਸਰਦਾਰਾਂ ਦੇ ਤੇਰਾ ਬੈਠਣਾ।
ਚੀਰਾ ਤੇਰਾ ਵੇ ਮੱਲਾ ਸੋਹਣਾ,
ਬਣਦਾ ਕਲਗੀਆਂ ਦੇ ਨਾਲ।
ਕਲਗੀ ਡੇਢ ਤੇ ਹਜ਼ਾਰ,
ਮੈਂ ਬਲਿਹਾਰੀ, ਵੇ ਮਾਂ ਦਿਆ ਸੁਰਜਣਾ।

ਕੈਂਠਾ ਤੇਰਾ ਵੇ ਮੱਲਾ ਸੋਹਣਾ,
ਬਣਦਾ ਜੁਗਨੀਆਂ ਦੇ ਨਾਲ।
ਜੁਗਨੀ ਡੇਢ ਤੇ ਹਜ਼ਾਰ,
ਮੈਂ ਬਲਿਹਾਰੀ, ਵੇ ਮਾਂ ਦਿਆ ਸੁਰਜਣਾ।
ਜਾਮਾ ਤੇਰਾ ਵੇ ਮੱਲਾ ਸੋਹਣਾ,
ਬਣਦਾ ਤਣੀਆਂ ਦੇ ਨਾਲ।
ਤਣੀ ਡੇਢ ਤੇ ਹਜ਼ਾਰ,
ਮੈਂ ਬਲਿਹਾਰੀ, ਵੇ ਮਾਂ ਦਿਆ ਸੁਰਜਣਾ।

ਜੁੱਤੀ ਤੇਰੀ ਵੇ ਮੱਲਾ ਸੋਹਣੀ,
ਵਾਹਵਾ ਜੜੀ ਤਿੱਲੇ ਨਾਲ।
ਕੇਹੀ ਸੋਹਣੀ ਤੇਰੀ ਚਾਲ,
ਮੈਂ ਬਲਿਹਾਰੀ, ਵੇ ਮਾਂ ਦਿਆ ਸੁਰਜਣਾ।

ਸੁਰਜਣਾ ਵਿਚ ਬਾਗਾਂ ਦੇ ਤੁਸੀਂ ਆਓ,
ਚੋਟ ਨਗਾਰਿਆਂ 'ਤੇ ਲਾਓ।
ਪੁੱਤ ਸਰਦਾਰਾਂ ਦੇ ਅਖਵਾਓ,
ਮੈਂ ਬਲਿਹਾਰੀ, ਵੇ ਮਾਂ ਦਿਆ ਸੁਰਜਣਾ।

### ਮੈਂ ਤੈਨੂੰ ਆਖਦੀ ਬਾਬਲਾ

ਮੈਂ ਤੈਨੂੰ ਆਖਦੀ ਬਾਬਲਾ,
ਮੇਰਾ ਅੱਸੂ ਦਾ ਕਾਜ ਰਚਾ ਵੇ ਹਾਂ।
ਅੰਨ ਨਾ ਤਰੱਕੇ ਕੋਠੜੀ,
ਤੇਰਾ ਦਹੀਂ ਨਾ ਅਮਲਾ ਜਾਵੇ।
ਬਾਬਲ ਮੈਂ ਬੇਟੀ ਮੁਟਿਆਰ।
ਵੇ ਬਾਬਲ ਧਰਮੀ, ਮੈਂ ਬੇਟੀ ਮੁਟਿਆਰ।
ਅੰਦਰ ਛੜੀਏ, ਬਾਹਰ ਦਲੀਏ।
ਦਿੱਤਾ ਸੂ ਕਾਜ ਰਚਾ।
ਬਾਬਲ ਮੈਂ ਬੇਟੀ ਮੁਟਿਆਰ।
ਵੇ ਬਾਬਲ ਧਰਮੀ, ਮੈਂ ਬੇਟੀ ਮੁਟਿਆਰ।
ਬਾਬਲ ਮੇਰੇ ਦਾਜ ਬਹੁਤ ਦਿੱਤਾ।
ਮੋਤੀ ਦਿੱਤੇ ਅਨਤੋਲ।
ਬਾਬਲ ਮੈਂ ਬੇਟੀ ਮੁਟਿਆਰ।
ਵੇ ਬਾਬਲ ਧਰਮੀ, ਮੈਂ ਬੇਟੀ ਮੁਟਿਆਰ।

ਦਾਜ ਤੇ ਦਾਨ ਬਹੁਤ ਦਿੱਤਾ।
ਦਿੱਤੇ ਸੂ ਹਸਤ ਲਦਾ।
ਹਸਤਾਂ ਦੇ ਪੈਰੀਂ ਬਾਬਲ ਝਾਂਜਰਾਂ,
ਛਣਕਾਰ ਪੈਂਦਾ ਜਾ।
ਬਾਬਲ ਮੈਂ ਬੇਟੀ ਮੁਟਿਆਰ।
ਵੇ ਬਾਬਲ ਧਰਮੀ, ਮੈਂ ਬੇਟੀ ਪਰਨਾ।

### ਸਾਡਾ ਚਿੜੀਆਂ ਦਾ ਚੰਬਾ ਵੇ

ਸਾਡਾ ਚਿੜੀਆਂ ਦਾ ਚੰਬਾ ਵੇ,
ਬਾਬਲ ਅਸਾਂ ਉਡ ਵੇ ਜਾਣਾ।
ਸਾਡੀ ਲੰਮੀ ਉਡਾਰੀ ਵੇ,
ਬਾਬਲ ਕਿਹੜੇ ਦੇਸ ਵੇ ਜਾਣਾ।

ਤੇਰੇ ਮਹਿਲਾਂ ਦੇ ਵਿਚ ਵਿਚ ਵੇ,
ਬਾਬਲ ਡੋਲਾ ਨਹੀਂ ਲੰਘਦਾ।
ਇੱਕ ਇੱਟ ਪੁਟਾ ਦੇਵਾਂ,
ਧੀਏ ਘਰ ਜਾ ਆਪਣੇ।

ਤੇਰੇ ਬਾਗ਼ਾਂ ਦੇ ਵਿਚ ਵਿਚ ਵੇ,
ਬਾਬਲ ਗੁੱਡੀਆਂ ਕੌਣ ਖੇਡੇ?
ਮੇਰੀਆਂ ਖੇਡਣ ਪੋਤਰੀਆਂ,
ਧੀਏ ਘਰ ਜਾ ਆਪਣੇ।

ਤੇਰੇ ਮਹਿਲਾਂ ਦੇ ਵਿਚ ਵਿਚ ਵੇ,
ਬਾਬਲ ਚਰਖਾ ਕੌਣ ਕੱਤੇ?
ਮੇਰੀਆਂ ਕੱਤਣ ਪੋਤਰੀਆਂ,
ਧੀਏ ਘਰ ਜਾ ਆਪਣੇ।

ਮੇਰਾ ਛੁੱਟਾ ਕਸੀਦੜਾ ਵੇ,
ਬਾਬਲ ਦੱਸ ਕੌਣ ਕੱਢੂ?
ਮੇਰੀਆਂ ਕੱਢਣ ਪੋਤਰੀਆਂ,
ਧੀਏ ਘਰ ਜਾ ਆਪਣੇ।

# ਮੰਨਾ ਡੇ ਨੂੰ ਯਾਦ ਕਰਦਿਆਂ

ਮੰਨਾ ਡੇ ਹਿੰਦੀ ਫਿਲਮ ਸਨਅਤ ਦੇ ਅਜਿਹੇ ਸਿਰਮੌਰ ਗਾਇਕ ਸਨ ਜਿਨ੍ਹਾਂ ਨੂੰ ਹਰ ਸ਼ੈਲੀ ਤੇ ਅੰਦਾਜ਼ ਦੇ ਗੀਤ ਗਾਉਣ ਵਿਚ ਮੁਹਾਰਤ ਹਾਸਿਲ ਸੀ। ਮੁਹੰਮਦ ਰਫੀ ਅਤੇ ਤਲਤ ਮਹਿਮੂਦ ਆਦਿ ਗਾਇਕਾਂ ਨੇ ਵੀ ਭਾਵੇਂ ਅਰਧ-ਸ਼ਾਸਤਰੀ ਗੀਤ ਗਾਏ ਪਰ ਜਿਸ ਸ਼ਿੱਦਤ ਅਤੇ ਗਹਿਰਾਈ ਨਾਲ ਮੰਨਾ ਡੇ ਨੇ ਗਾਇਆ, ਉਸ ਦਾ ਹੁਣ ਤਕ ਕੋਈ ਸਾਨੀ ਨਹੀਂ। ਮੰਨਾ ਡੇ ਜਿਸ ਵੀ ਅਦਾਕਾਰ ਨੂੰ ਆਪਣੀ ਆਵਾਜ਼ ਦਿੱਤੀ, ਵਾਹ-ਵਾਹ ਖੱਟੀ। ਅਥਾਹ ਦੀ ਕਾਬਲੀਅਤ ਹੋਣ ਦੇ ਬਾਵਜੂਦ ਮੰਨਾ ਡੇ ਨੂੰ ਆਪਣੀ ਸੁਤੰਤਰ ਪਛਾਣ ਬਣਾਉਣ ਲਈ ਬੜੀ ਘਾਲਣਾ ਘਾਲਣੀ ਪਈ। ਉਨ੍ਹਾਂ ਨੂੰ ਸ਼ਾਸਤਰੀ ਸੰਗੀਤ ਵਿਚ ਮੁਹਾਰਤ ਹਾਸਿਲ ਸੀ ਜਿਸ ਕਾਰਨ ਉਨ੍ਹਾਂ ਨੂੰ ਸ਼ੁਰੂਆਤ ਵਿਚ ਧਾਰਮਿਕ ਅਤੇ ਪੌਰਾਣਿਕ ਫਿਲਮਾਂ ਵਿਚ ਗਾਉਣ ਦਾ ਮੌਕਾ ਜ਼ਿਆਦਾ ਮਿਲਿਆ।

ਮੰਨਾ ਡੇ ਦਾ ਜਨਮ ਕਲਕੱਤਾ ਦੇ ਬੰਗਾਲੀ ਪਰਿਵਾਰ ਵਿਚ ਪਹਿਲੀ ਮਈ 1919 ਨੂੰ ਹੋਇਆ। ਉਨ੍ਹਾਂ ਦਾ ਅਸਲ ਨਾਂ ਪ੍ਰਬੋਧ ਚੰਦਰ ਡੇ ਸੀ। ਪਿਤਾ ਪੂਰਨ ਚੰਦ ਡੇ ਅਤੇ ਮਾਤਾ ਮਹਾਂਮਾਇਆ ਡੇ



ਆਪਣੇ ਪੁੱਤ ਨੂੰ ਵਕੀਲ ਬਣਾਉਣਾ ਚਾਹੁੰਦੇ ਸਨ ਪਰ ਮੰਨਾ ਡੇ ਦਾ ਮੁਕੱਦਰ ਇਨ੍ਹਾਂ ਨੂੰ ਫਿਲਮ ਇੰਡਸਟਰੀ ਲੈ ਆਇਆ। ਉਹ ਹੋਸ਼ ਸੰਭਾਲਦਿਆਂ ਆਪਣੇ ਚਾਚਾ ਕੇ.ਸੀ. ਡੇ ਜੋ ਉਸ ਸਮੇਂ ਇੰਡਸਟਰੀ ਦੇ ਸਥਾਪਤ ਸੰਗੀਤਕਾਰ ਸਨ, ਦੇ ਸੰਗੀ ਹੋ ਗਏ। ਮੰਨਾ ਡੇ ਦੀ ਸੰਗੀਤ ਵਿਚ ਰੁਚੀ ਦੇਖਦੇ ਹੋਏ ਚਾਚਾ ਜੀ ਨੇ ਉਨ੍ਹਾਂ ਨੂੰ ਖ਼ੁਦ ਸੰਗੀਤ ਦੀ ਮੁਢਲੀ ਤਾਲੀਮ ਦੇਣੀ ਸ਼ੁਰੂ ਕੀਤੀ ਅਤੇ ਇਸ ਉਪਰੰਤ ਉਸਤਾਦ ਦਾਬਿਰ ਖ਼ਾਂ, ਪੰਡਿਤ ਤੁਲਸੀਦਾਸ, ਗੁਲਾਮ ਮੁਸਤਫਾ ਖ਼ਾਂ, ਅਬਦੁੱਲ ਰਹਿਮਾਨ ਖ਼ਾਂ ਅਤੇ ਉਸਤਾਦ ਅਮਾਨ ਅਲੀ ਖ਼ਾਂ ਦੀ ਸ਼ਾਗਿਰਦੀ ਵੀ ਕਰਵਾਈ।

ਮੰਨਾ ਡੇ ਨੇ ਸਭ ਤੋਂ ਪਹਿਲਾਂ ਹਿੰਦੀ ਫਿਲਮ 'ਤਮੰਨਾ' ਲਈ ਸੁਰੱਈਆ ਨਾਲ ਗੀਤ ਗਾਇਆ। ਇਸ ਤੋਂ ਬਾਅਦ ਉਨ੍ਹਾਂ ਫਿਲਮ 'ਰਾਮਰਾਜਿਆ' ਵਿਚ ਇਸ ਤਰ੍ਹਾਂ ਧਾਰਮਿਕ ਗੀਤ ਗਾਏ ਕਿ 1943 ਤੋਂ 1950 ਤਕ ਉਨ੍ਹਾਂ ਨੂੰ ਜ਼ਿਆਦਾਤਰ ਧਾਰਮਿਕ ਅਤੇ ਪੌਰਾਣਿਕ ਫਿਲਮਾਂ ਜਿਵੇਂ 'ਮਹਾਕਵੀ ਕਾਲੀਦਾਸ', 'ਪ੍ਰਭੂ ਕਾ ਘਰ', 'ਗੀਤ ਗੋਬਿੰਦ', 'ਜੈ ਹਨੂੰਮਾਨ', 'ਰਾਮ ਵਿਵਾਹ' ਅਤੇ 'ਭਗਵਾਨ ਕ੍ਰਿਸ਼ਨ' ਆਦਿ ਵਿਚ ਹੀ ਗਾਉਣ ਦਾ ਮੌਕਾ ਮਿਲਿਆ। ਦਰਅਸਲ ਮੰਨਾ ਡੇ ਨੂੰ ਅਜਿਹੇ ਗੀਤ ਮਿਲਦੇ ਰਹੇ ਜਿਨ੍ਹਾਂ ਨੂੰ ਉਸ ਸਮੇਂ ਦੇ ਗਾਇਕ ਜਾਂ ਤਾਂ ਗਾਉਣ ਲਈ ਤਿਆਰ ਨਹੀਂ ਹੁੰਦੇ ਸਨ ਅਤੇ ਜਾਂ ਫਿਰ ਇਨ੍ਹਾਂ ਗੀਤਾਂ ਦੀ ਸ਼ਬਦਾਵਲੀ ਬੇਹੱਦ ਮੁਸ਼ਕਿਲ ਹੁੰਦੀ ਸੀ ਪਰ ਮੰਨਾ ਡੇ ਇਹ ਗੀਤ ਵੀ ਬੇਹੱਦ ਸਰਲ ਤਰੀਕੇ ਨਾਲ ਨਿਭਾ ਜਾਂਦੇ ਸਨ।

ਮੰਨਾ ਡੇ ਦਾ ਸਿਤਾਰਾ ਫਿਲਮ 'ਮਸ਼ਾਲ' ਤੋਂ ਚਮਕਿਆ। ਇਸ ਫਿਲਮ ਦਾ ਸੰਗੀਤ ਸਚਿਨ ਦੇਵ ਬਰਮਨ ਨੇ ਤਿਆਰ ਕੀਤਾ ਅਤੇ ਮੰਨਾ ਡੇ ਨੇ ਇਸ ਵਿਚ 'ਉਪਰ ਗਗਨ ਵਿਸ਼ਾਲ, ਨੀਚੇ ਗਹਿਰਾ ਪਾਤਾਲ' ਗੀਤ ਗਾਇਆ। ਇਸ ਗੀਤ ਨੇ ਮੰਨਾ ਡੇ ਦੇ ਕਰੀਅਰ ਨੂੰ ਨਵੀਂ ਦਿਸ਼ਾ ਦਿੱਤੀ। ਜਦੋਂ ਮੰਨਾ ਡੇ ਹਿੰਦੀ ਫਿਲਮ ਇੰਡਸਟਰੀ ਵਿਚ ਸਰਗਰਮ ਹੋ ਗਏ ਤਾਂ ਉਨ੍ਹਾਂ ਦੇ ਚਾਚਾ ਕੇ.ਸੀ. ਡੇ ਨੇ ਉਨ੍ਹਾਂ ਦਾ ਨਾਂ ਪ੍ਰਬੋਧ ਚੰਦਰ ਡੇ ਤੋਂ ਬਦਲ ਕੇ ਮੰਨਾ ਡੇ ਰੱਖ ਦਿੱਤਾ।

ਸੰਗੀਤਕਾਰ ਸ਼ੰਕਰ-ਜੈਕਿਸ਼ਨ ਨੇ ਮੰਨਾ ਡੇ ਦੀ ਪ੍ਰਤਿਭਾ ਨੂੰ ਪਛਾਣਦਿਆਂ ਉਨ੍ਹਾਂ ਦੀ ਆਵਾਜ਼ ਨਾਲ ਕਈ ਪ੍ਰਯੋਗ ਕੀਤੇ। ਮੰਨਾ ਡੇ ਨੂੰ ਸੁਤੰਤਰ ਪਛਾਣ ਦਿਵਾਉਣ ਵਿਚ ਸ਼ੰਕਰ-ਜੈਕਿਸ਼ਨ ਦੀ ਅਹਿਮ ਭੂਮਿਕਾ ਰਹੀ ਹੈ। ਸ਼ੰਕਰ-ਜੈਕਿਸ਼ਨ ਅਦਾਕਾਰ ਰਾਜ ਕਪੂਰ ਲਈ ਮੰਨਾ ਡੇ ਦੀ ਆਵਾਜ਼ ਨੂੰ ਢੁਕਵਾਂ ਮੰਨਦੇ ਸਨ ਪਰ ਰਾਜ ਕਪੂਰ ਦਾ ਜ਼ਿਆਦਾ ਝੁਕਾਅ ਗਾਇਕ ਮੁਕੇਸ਼ ਕੁਮਾਰ ਵੱਲ ਸੀ। ਫਿਰ ਵੀ ਸ਼ੰਕਰ-ਜੈਕਿਸ਼ਨ ਨੇ ਰਾਜ ਕਪੂਰ ਦੇ 'ਪਿਆਰ ਹੂਆ ਇਕਰਾਰ ਹੂਆ', 'ਦਿਲ ਕਾ ਹਾਲ ਸੁਨੇ ਦਿਲਵਾਲਾ', 'ਯੇ ਰਾਤ ਭੀਗੀ ਭੀਗੀ', 'ਆਜਾ ਸਨਮ ਮਧੁਰ ਚਾਂਦਨੀ ਮੇਂ ਹਮ' ਅਤੇ 'ਏ ਭਾਈ ਜ਼ਰਾ ਦੇਖ ਕੇ ਚਲੋ' ਆਦਿ ਗੀਤਾਂ ਲਈ ਮੰਨਾ ਡੇ ਨੂੰ ਹੀ ਚੁਣਿਆ। 'ਕੌਨ ਆਇਆ ਮੇਰੇ ਮਨ ਕੇ ਦੁਆਰੇ', 'ਪ੍ਰੀਤਮ ਦਰਸ ਦਿਖਾਓ', 'ਪੂਛੋ ਨਾ ਕੈਸੇ ਮੈਨੇ ਰੈਨ ਬਿਤਾਈ', 'ਲਾਗਾ ਚੁਨਰੀ ਮੇਂ ਦਾਗ਼' ਅਤੇ 'ਝਨਕ ਝਨਕ ਤੋਰੀ ਬਾਜੇ ਪਾਇਲੀਆ' ਆਦਿ ਅਰਧ-ਸ਼ਾਸਤਰੀ ਸ਼ੈਲੀ ਵਾਲੇ ਗੀਤਾਂ ਨੂੰ ਸਿਰਫ ਮੰਨਾ ਡੇ ਹੀ ਹੱਥ ਪਾ ਸਕਦੇ ਸਨ।

ਮੰਨਾ ਡੇ ਨੂੰ ਤਕਰੀਬਨ ਹਰ ਸੰਗੀਤਕਾਰ ਨੇ ਗਵਾਇਆ ਹੈ। ਉਨ੍ਹਾਂ ਦੇ 'ਤੂ ਪਿਆਰ ਕਾ ਸਾਗਰ ਹੈ', 'ਐ ਮੇਰੇ ਪਿਆਰੇ ਵਤਨ', 'ਐ ਮੇਰੀ ਜ਼ੋਹਰਾਜਬੀਂ', 'ਕਸਮੇਂ ਵਾਅਦੇ ਪਿਆਰ ਵਫਾ ਸਭ', 'ਤੁਝੇ ਸੂਰਜ ਕਹੂੰ ਯਾ ਚੰਦਾ', 'ਜ਼ਿੰਦਗੀ ਕੈਸੀ ਹੈ ਪਹੇਲੀ ਹਾਏ' ਅਤੇ 'ਯਾਰੀ ਹੈ ਈਮਾਨ, ਮੇਰਾ ਯਾਰ ਮੇਰੀ ਜ਼ਿੰਦਗੀ' ਆਦਿ ਗੀਤ ਅੱਜ ਵੀ ਗਾਏ ਤੇ ਸੁਣੇ ਜਾਂਦੇ ਹਨ। ਅਰਧ-ਸ਼ਾਸਤਰੀ ਅਤੇ ਸੁਗਮ ਗੀਤਾਂ ਤੋਂ ਇਲਾਵਾ ਮੰਨਾ ਡੇ ਨੇ ਕਵਾਲੀ ਸ਼ੈਲੀ ਦੇ ਗੀਤਾਂ ਵਿਚ ਵੀ ਧਾਂਕ ਜਮਾਈ ਹੈ। ਉਨ੍ਹਾਂ ਦੇ ਕੱਵਾਲੀ ਸ਼ੈਲੀ ਦੇ 'ਯੇ ਇਸ਼ਕ ਇਸ਼ਕ ਹੈ ਇਸ਼ਕ ਇਸ਼ਕ', 'ਕਿਸ ਨੇ ਚਿਲਮਨ ਸੇ ਮਾਰਾ', 'ਫਿਰ ਤੁਮਾਰੀ ਯਾਦ ਆਈ ਰੇ ਸਨਮ' ਅਤੇ 'ਚਾਂਦੀ ਕਾ ਬਦਨ ਸੋਨੇ ਕੀ ਨਜ਼ਰ' ਆਦਿ ਗੀਤ ਬੇਹੱਦ ਮਕਬੂਲ ਹੋਏ ਹਨ। ਮੰਨਾ ਡੇ ਨੇ ਵੱਖ-ਵੱਖ ਭਾਸ਼ਾਵਾਂ ਵਿਚ 3500 ਤੋਂ ਵੱਧ ਗੀਤ ਗਾਏ। ਉਨ੍ਹਾਂ ਨੂੰ ਮਿਲੇ ਮਾਣ-ਸਨਮਾਨਾਂ ਦੀ ਸੂਚੀ ਬੇਹੱਦ ਲੰਮੀ ਹੈ। ਉਨ੍ਹਾਂ ਨੂੰ 1971 ਵਿਚ 'ਪਦਮਸ੍ਰੀ' ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ 'ਲਤਾ ਮੰਗੇਸ਼ਕਰ ਐਵਾਰਡ', 'ਪਦਮ ਭੂਸ਼ਣ' ਅਤੇ 'ਦਾਦਾ ਸਾਹਿਬ ਫਾਲਕੇ' ਐਵਾਰਡ ਵੀ ਉਨ੍ਹਾਂ ਦੀ ਝੋਲੀ ਪਏ। 94 ਸਾਲ ਦੀ ਉਮਰ ਭੋਗਦਿਆਂ ਮੰਨਾ ਡੇ 24 ਅਕਤੂਬਰ 2013 ਨੂੰ ਸਦਾ ਲਈ ਅਲਵਿਦਾ ਕਹਿ ਗਏ। ਉਨ੍ਹਾਂ ਵੱਲੋਂ ਗਾਏ ਸਦਾ ਬਹਾਰ ਨਗਮੇ ਹਿੰਦੀ ਫਿਲਮੀ ਸੰਗੀਤ ਦੀ ਬੇਸ਼ਕੀਮਤੀ ਵਿਰਾਸਤ ਹਨ।


**-ਡਾ. ਅਮਰਿੰਦਰ ਸਿੰਘ**

# ਆਮ ਆਦਮੀ ਅਤੇ ਸਮਾਨੰਤਰ ਸਿਨਮਾ

1970 ਅਤੇ 80ਵਿਆਂ ਦੌਰਾਨ ਸਮਾਨੰਤਰ ਸਿਨਮਾ ਬਨਾਮ ਆਰਟ ਫਿਲਮਾਂ ਦੀ ਪੂਰੀ ਚੜ੍ਹਤ ਸੀ। ਕਵੀਆਂ, ਲੇਖਕਾਂ , ਬੁੱਧੀਜੀਵੀਆਂ ਦੀ ਇਹ ਪਹਿਲੀ ਪਸੰਦ ਸਨ। ਦਰਅਸਲ, ਕਿਸੇ ਵੀ ਭਾਸ਼ਾ ਦੇ ਗੰਭੀਰ ਸੁਰ ਦੇ ਵਿਅਕਤੀ, ਮਸਲਨ ਕਵੀ, ਲੇਖਕ, ਕਲਾਕਾਰ ਤੇ ਬੁੱਧੀਜੀਵੀਆਂ ਨੂੰ ਵਪਾਰਕ ਸਿਨਮਾ ਨੇ ਕਦੀ ਵੀ ਆਪਣੇ ਵੱਲ ਆਕਰਸ਼ਿਤ ਨਹੀਂ ਕੀਤਾ, ਹਾਲਾਂਕਿ ਇਹ ਗੱਲ ਵੱਖਰੀ ਹੈ ਕਿ ਕਦੇ-ਕਦਾਈਂ ਕੋਈ ਕਮਰਸ਼ੀਅਲ ਫਿਲਮ ਵੀ ਸਾਰਥਿਕ ਮਨੋਰੰਜਨ ਦੇ ਨਾਲ ਠੀਕ ਸੰਦੇਸ਼ ਦੇਣ ਵਿਚ ਸਫਲ ਹੁੰਦੀ ਨਜ਼ਰ ਆਈ।

ਸਮਾਨੰਤਰ ਸਿਨਮਾ ਦਾ ਆਗਾਜ਼ ਤਾਂ ਬੇਸ਼ੱਕ 'ਜਾਗਤੇ ਰਹੋ', 'ਦੋ ਬੀਘਾ ਜ਼ਮੀਨ' ਤੇ 'ਮਦਰ ਇੰਡੀਆ' ਫਿਲਮਾਂ ਨਾਲ ਹੋ ਗਿਆ ਜਾਪਦਾ ਹੈ ਪਰ ਉਚੇਚ ਨਾਲ ਇਸ ਸਿਨਮਾ ਦੀ ਸ਼ੁਰੂਆਤ 1970 ਦੇ ਲਗਪਗ ਮੰਨੀ ਜਾਂਦੀ ਹੈ। ਫਿਲਮ 'ਭੁਵਨ ਸੋਮ', 'ਉਸ ਕੀ ਰੋਟੀ', 'ਮੁੱਠੀ ਭਰ ਚਾਵਲ', 'ਅਰਧ ਸੱਤਿਆ', 'ਅੰਕੁਰ', 'ਆਕ੍ਰੋਸ਼', 'ਮੰਥਨ', 'ਸ਼ਤਰੰਜ ਕੇ ਖਿਲਾੜੀ', 'ਮੋਹਨ ਜੋਸ਼ੀ ਹਾਜ਼ਰ ਹੋ', 'ਖੰਡਰ', 'ਮੰਥਨ', 'ਗਿੱਦ', 'ਵਾਟਰ', 'ਨਿਸ਼ਾਂਤ' ਆਦਿ ਫਿਲਮਾਂ ਨੂੰ ਇਸ ਸਿਨਮਾ ਦਾ ਆਧਾਰ ਮੰਨਿਆ ਜਾ ਸਕਦਾ ਹੈ ਪਰ ਹੌਲੀ-ਹੌਲੀ ਇਹ ਸਿਨਮਾ ਲਹਿਰ ਬਣ ਕੇ ਉਭਰਿਆ ਤੇ ਲਗਾਤਾਰ ਅਜਿਹੀਆਂ ਫਿਲਮਾਂ ਹੋਂਦ ਵਿਚ ਆਈਆਂ, ਜਿਵੇਂ 'ਬਾਜ਼ਾਰ', 'ਪਾਰ', 'ਮੰਡੀ' ਤੇ 'ਭੂਮਿਕਾ' ਆਦਿ।

ਫਿਲਮ 'ਅਰਧ ਸੱਤਿਆ' ਵਿਚ ਬਿਲਕੁਲ ਨਵੇਂ ਕਲਾਕਾਰ ਓਮ ਪੁਰੀ ਨੂੰ ਪੇਸ਼ ਕੀਤਾ ਗਿਆ ਜੋ ਸਿਹਤ ਪੱਖੋਂ ਦੁਬਲਾ-ਪਤਲਾ ਹੋਣ ਦੇ ਨਾਲ ਰੰਗ-ਰੂਪ ਵਜੋਂ ਵੀ ਕੋਈ ਖ਼ਾਸ ਨਹੀਂ ਸੀ ਪਰ ਨਿਰਦੇਸ਼ਕ ਨੇ ਉਸ ਦੀ ਕਲਾਕਾਰੀ ਦਾ ਪੂਰਾ-




ਫਿਲਮ 'ਮਦਰ ਇੰਡੀਆ' ਦਾ ਪੋਸਟਰ

ਪੂਰਾ ਲਾਭ ਉਠਾਇਆ ਤੇ ਉਸ ਨੇ ਵੀ ਪੁਲਿਸ ਇੰਸਪੈਕਟਰ ਦੇ ਕਿਰਦਾਰ ਵਿਚ ਜਾਨ ਪਾ ਦਿੱਤੀ। 'ਉਸ ਕੀ ਰੋਟੀ' ਵਿਚ ਸਰਦਾਰ ਡਰਾਈਵਰ ਦੇ ਕਿਰਦਾਰ ਅਤੇ 'ਆਕ੍ਰੋਸ਼' ਵਿਚ ਅੰਦਰੂਨੀ ਵਿਦਰੋਹ ਨੂੰ ਬਾਖ਼ੂਬੀ ਪੇਸ਼ ਕੀਤਾ ਗਿਆ। ਕੁਝ ਇਵੇਂ ਹੀ ਫਿਲਮਾਂ 'ਮੰਡੀ', 'ਭੂਮਿਕਾ', 'ਪਾਰ', 'ਤਮਸ' ਆਦਿ ਵਿਚ ਸਮਾਜਿਕ ਸਰੋਕਾਰਾਂ ਨੂੰ ਬਾਖ਼ੂਬੀ ਪੇਸ਼ ਕੀਤਾ ਗਿਆ। 'ਬਾਜ਼ਾਰ', 'ਸਾਰਾਂਸ਼', 'ਏਕ ਡਾਕਟਰ ਕੀ ਮੌਤ', 'ਏਕ ਰੁਕਾ ਹੂਆ ਫੇਸਲਾ', 'ਸਦਗਤੀ' ਵੀ ਇਸ ਕਦਰ ਕਲਾ ਦੀਆਂ ਉਚਾਈਆਂ ਨੂੰ ਛੂਹ ਗਈਆਂ ਕਿ ਸੰਜੀਦਾ ਰੁਖ਼ ਵਾਲੇ ਦਰਸ਼ਕਾਂ ਵੱਲੋਂ ਬਹੁਤ ਸਲਾਹੀਆਂ ਗਈਆਂ। 'ਬਾਜ਼ਾਰ' ਤੇ 'ਸਾਰਾਂਸ਼' ਨੇ ਤਾਂ ਚੰਗੀ ਕਮਾਈ ਵੀ ਕੀਤੀ।

ਸਾਗਰ ਸਰਹੱਦੀ ਦੀ 'ਬਾਜ਼ਾਰ' ਵਿਚ ਦਰਸਾਇਆ ਗਿਆ ਕਿ ਗ਼ਰੀਬੀ ਤੇ ਮਜਬੂਰੀ ਕਾਰਨ ਪ੍ਰੇਮੀ-ਪ੍ਰੇਮਿਕਾ ਦਾ ਪਿਆਰ ਕਿਵੇਂ ਬਾਜ਼ਾਰ ਦੀ ਭੇਟ ਚੜ੍ਹ ਜਾਂਦਾ ਹੈ। ਇਸ ਫਿਲਮ ਦੇ ਗੀਤ-ਸੰਗੀਤ ਦੇ ਨਾਲ ਸਮਿਤਾ ਪਾਟਿਲ, ਸੁਪ੍ਰੀਆ ਪਾਠਕ, ਫਾਰੂਕ ਸ਼ੇਖ ਤੇ ਨਸੀਰੂਦੀਨ ਸ਼ਾਹ ਦੀ ਅਦਾਕਾਰੀ ਵੀ ਲਾਜਵਾਬ ਸੀ। 'ਸਾਰਾਂਸ਼' ਬੇਵੱਸ ਤੇ ਲਾਚਾਰ ਮੱਧਵਰਗੀ ਪਰਿਵਾਰ ਦਾ ਕਥਾਨਕ ਸੀ ਜਿਸ ਵਿਚ ਪਿਤਾ ਆਪਣੇ ਮ੍ਰਿਤਕ ਬੇਟੇ ਦੀਆਂ ਅਸਥੀਆਂ ਹਾਸਲ ਕਰਨ ਲਈ ਸਰਕਾਰ ਦਾ ਮੁਹਤਾਜ ਬਣਦਾ ਹੈ। ਬਿਰਧ ਤੇ ਮਜਬੂਰ ਪਿਤਾ ਦੀ ਭੂਮਿਕਾ ਨੂੰ ਉਸ ਵੇਲੇ ਜਵਾਨ ਅਦਾਕਾਰ ਅਨੁਪਮ ਖੇਰ ਨੇ ਬਾਖ਼ੂਬੀ ਅੰਜਾਮ ਦਿੱਤਾ ਸੀ। 'ਏਕ ਡਾਕਟਰ ਕੀ ਮੌਤ' ਸ਼ਾਬਾਨਾ ਆਜ਼ਮੀ ਤੇ ਪੰਕਜ ਕਪੂਰ ਦੀ ਅਦਾਕਾਰੀ ਨਾਲ ਸ਼ਿੰਗਾਰੀ ਫਿਲਮ ਸੀ। ਪੰਕਜ ਕਪੂਰ ਨੇ ਡਾਕਟਰ ਦੇ




ਫਿਲਮ 'ਨਿਸ਼ਾਂਤ' ਦਾ ਪੋਸਟਰ

ਕਿਰਦਾਰ ਨੂੰ ਬਾਖ਼ੂਬੀ ਪਰਦੇ 'ਤੇ ਰੂਪਮਾਨ ਕੀਤਾ।

ਸਤਿਆਜੀਤ ਰੇਅ ਦੀ 'ਸਦਗਤੀ' ਬੇਸ਼ੱਕ ਲਘੂ ਫਿਲਮ ਸੀ ਪਰ ਇਸ ਫਿਲਮ ਵਿਚ ਗ਼ਰੀਬੀ ਤੇ ਛੂਤਛਾਤ ਦੇ ਵਿਸ਼ੇ ਨੂੰ ਇਸ ਢੰਗ ਨਾਲ ਉਭਾਰਿਆ ਗਿਆ ਕਿ ਦਰਸ਼ਕ ਨੂੰ ਅਖੌਤੀ ਉਚ ਵਰਗ ਨਾਲ ਨਫਰਤ ਹੋਣ ਲੱਗਦੀ ਹੈ। ਇਸ ਵਿਚ ਉਚ ਬ੍ਰਾਹਮਣ ਗ਼ਰੀਬ ਅਛੂਤ ਤੋਂ ਕੰਮ ਤਾਂ ਕਰਵਾਉਂਦਾ ਹੈ ਪਰ ਰੋਟੀ ਦੇਣ ਤੋਂ ਇਨਕਾਰੀ ਹੈ। ਜਦੋਂ ਜ਼ਿਆਦਾ ਕੰਮ ਕਰਨ ਕਰ ਕੇ ਗ਼ਰੀਬ ਦੀ ਮੌਤ ਹੋ ਜਾਂਦੀ ਹੈ ਤੇ ਬ੍ਰਾਹਮਣ ਉਸ ਦੀ ਲਾਸ਼ ਨੂੰ ਆਪਣੇ ਘਰ ਦੇ ਮੂਹਰਿਓਂ ਰਾਤ ਨੂੰ ਰੱਸੇ ਨਾਲ ਖਿੱਚ ਕੇ ਹੱਡਾ ਰੋੜੀ ਤਕ ਲੈ ਕੇ ਜਾਂਦਾ ਹੈ।


ਨਸੀਰ ਤੇ ਦੀਪਤੀ ਨਵਲ ਦੀ 'ਏਕ ਘਰ ਵੀ' ਵਿਚ ਵਿਆਹੁਤਾ ਜੋੜਾ, ਪਿੰਡ ਦੀ ਅਕਾਊ ਜ਼ਿੰਦਗੀ ਤੋਂ ਤੰਗ ਆ ਕੇ ਸ਼ਹਿਰ ਆਉਂਦਾ ਹੈ। ਪਤੀ ਬਹੁ-ਕੌਮੀ ਕੰਪਨੀ ਵਿਚ ਨੌਕਰੀ ਕਰਦਾ ਹੈ, ਪਰ ਜਿਸ ਜਗ੍ਹਾ ਉਨ੍ਹਾਂ ਦਾ ਘਰ ਹੈ, ਉਥੇ ਰਾਤ ਨੂੰ ਕਾਰਖਾਨੇ ਦੀ ਠਕ-ਠਕ ਤੇ ਸ਼ੋਰ ਕਾਰਨ ਉਨ੍ਹਾਂ ਦੀ ਰਾਤ ਦੀ ਨੀਂਦ ਹਰਾਮ ਹੋ ਜਾਂਦੀ ਹੈ। ਉਹ ਪੁਲਿਸ ਕੋਲ ਜਾਂਦੇ ਹਨ ਅਤੇ ਫਿਰ ਸਿਸਟਮ ਇਸ ਦੌਰਾਨ ਕੀ-ਕੀ ਕਰਵਟ ਲੈਂਦਾ ਹੈ, ਇਹ ਦੇਖਿਆਂ ਹੀ ਬਣਦਾ ਹੈ।

ਡਾ. ਸ੍ਰੀ ਰਾਮ ਲਾਗੂ, ਅਮੋਲ ਪਾਲੇਕਰ ਤੇ ਜ਼ਰੀਨਾ ਵਹਾਬ ਦੀ ਅਦਾਕਾਰੀ ਵਾਲੀ ਫਿਲਮ 'ਘਰੋਂਦਾ' ਘਰ ਦੀ ਤਲਾਸ਼ ਦੇ ਸੰਘਰਸ਼ ਦੀ ਗਾਥਾ ਹੈ। 'ਏਕ ਰੁਕਾ ਹੂਆ ਫੈਸਲਾ' ਬੇਸ਼ੱਕ ਅੰਗਰੇਜ਼ੀ ਫਿਲਮ 'ਟਵੈਲਵ ਐਂਗਰੀ ਮੈਨ' ਦਾ ਰੀਮੇਕ ਸੀ ਪਰ ਜਿਸ ਢੰਗ ਨਾਲ ਬਾਸੂ ਚੈਟਰਜੀ ਨੇ ਇਸ ਦੀ ਪੇਸ਼ਕਾਰੀ ਕੀਤੀ, ਉਸ ਦੀ ਸਮਾਨੰਤਰ ਸਿਨਮਾ ਦੇ ਦਰਸ਼ਕਾਂ ਵੱਲੋਂ ਭਰਪੂਰ ਸ਼ਲਾਘਾ ਹੋਈ। ਕਤਲ ਕੇਸ ਜਦੋਂ ਜਿਊਰੀ ਹਵਾਲੇ ਕੀਤਾ ਜਾਂਦਾ ਹੈ ਤੇ ਬੰਦ ਕਮਰਾ ਮੀਟਿੰਗ ਲੰਮਾ ਸਮਾਂ ਚੱਲਦੀ ਹੈ ਤਾਂ ਵੱਖ-ਵੱਖ ਖੇਤਰਾਂ ਦੇ ਉੱਦਮੀਆਂ ਦੀ ਵਕਾਲਤ ਸਮੂਹ ਦਰਸ਼ਕਾਂ ਨੂੰ ਬੰਨ੍ਹ ਕੇ ਰੱਖ ਦਿੰਦੀ ਹੈ। ਦੁੱਧ ਤੇ ਦੁੱਧ ਅਤੇ ਪਾਣੀ ਦਾ ਪਾਣੀ ਨਿੱਤਰ ਕੇ ਸਾਹਮਣੇ ਆ ਜਾਂਦਾ ਹੈ। ਇਸ ਫਿਲਮ ਵਿਚ ਬਾਕੀ ਦੇ ਕਲਾਕਾਰਾਂ ਤੋਂ ਇਲਾਵਾ ਪੰਕਜ, ਜ਼ਹੀਰ ਤੇ ਐਮ.ਕੇ. ਰੈਨਾ ਦੀ ਅਦਾਕਾਰੀ ਬਹੁਤ ਵਧੀਆ ਸੀ ਪਰ ਜਵਾਨ ਅਦਾਕਾਰ ਅਨੂ ਕਪੂਰ ਨੇ ਤਕਰੀਬਨ ਅੱਸੀ ਵਰ੍ਹਿਆਂ ਦੇ ਬੁੱਢੇ ਦੇ ਕਿਰਦਾਰ ਵਿਚ ਜਿਵੇਂ ਜਾਨ ਹੀ ਪਾ ਦਿੱਤੀ ਸੀ।

ਸੰਨ ਸੱਤਰ ਤੋਂ ਲੈ ਕੇ ਹੁਣ ਤਕ ਬਹੁਤ ਸਾਰੀਆਂ ਸਮਾਜਿਕ ਫਿਲਮਾਂ ਦਾ ਨਿਰਮਾਣ ਹੋਇਆ, ਕਈਆਂ ਨੂੰ ਦਰਸ਼ਕਾਂ ਵੱਲੋਂ ਚੰਗਾ ਹੁੰਗਾਰਾ ਤੇ ਹੁਲਾਰਾ ਮਿਲਿਆ ਪਰ ਕੁਝ ਬੇਰਸ ਕਥਾਨਕ ਜਾਂ ਸੁਸਤ ਚਾਲ ਕਾਰਨ ਦਰਸ਼ਕਾਂ ਵੱਲੋਂ ਨਕਾਰੀਆਂ ਵੀ ਗਈਆਂ। ਇਸ ਦੇ ਬਾਵਜੂਦ 'ਕਰੰਟ', 'ਅੰਕੁਰ', 'ਸੂਰਜ ਕਾ ਸਾਤਵਾਂ ਘੋੜਾ', 'ਏਕ ਦਿਨ ਅਚਾਨਕ' ਆਦਿ ਅਨੇਕਾਂ ਫਿਲਮਾਂ ਨੂੰ ਚੰਗਾ ਹੁੰਗਾਰਾ ਮਿਲਿਆ। ਇਨ੍ਹਾਂ ਫਿਲਮਾਂ ਦੇ ਪਾਤਰ ਬੇਸ਼ੱਕ ਅੰਦਰੋਂ ਟੁੱਟੇ-ਭੱਜੇ ਸਨ ਪਰ ਉਨ੍ਹਾਂ ਦੇ ਅੰਦਰ ਘੋਲ ਚੱਲ ਰਿਹਾ ਹੈ ਤੇ ਦੁਬਿਧਾ ਵੀ ਹੈ। ਉਨ੍ਹਾਂ ਦਾ ਗੁੱਸਾ ਆਪਣੇ ਘਰ ਆਪਣੀ ਬੀਵੀ ਜਾਂ ਬੱਚਿਆਂ 'ਤੇ ਨਿਕਲਦਾ ਹੈ ਜਾਂ ਮਾੜੀ-ਧੀੜੀ ਸ਼ਰਾਬ ਪੀ ਕੇ ਆਪਣੇ ਕਿਸੇ ਦੋਸਤ-ਮਿੱਤਰ ਨਾਲ ਜਾਂ ਇਕੱਲਿਆਂ ਹੀ ਆਪਣੇ-ਆਪ 'ਤੇ। ਇਨ੍ਹਾਂ ਫਿਲਮਾਂ ਵਿਚ ਗੀਤ ਲੋੜ ਮਹਿਸੂਸ ਹੋਣ 'ਤੇ ਹੀ ਸ਼ਾਮਿਲ ਕੀਤੇ ਗਏ, ਅੱਜ ਦੀਆਂ ਫਿਲਮਾਂ ਵਾਂਗ ਬੇਮਤਲਬ ਨਹੀਂ।

ਸਤਿਆਜੀਤ ਰੇਅ, ਮ੍ਰਿਣਾਲ ਸੇਨ ਵਰਗੇ ਡੂੰਘੀ ਸੂਝ-ਬੂਝ ਦੇ ਨਿਰਮਾਣਕਾਰਾਂ ਵੱਲੋਂ ਸਮਾਨੰਤਰ ਸਿਨਮਾ ਦੀ ਚਲਾਈ ਲਹਿਰ ਨੂੰ ਸ਼ਿਆਮ ਬੇਨੇਗਲ, ਬਿਮਲ ਰਾਏ, ਰਿਸ਼ੀਕੇਸ਼ ਮੁਖਰਜੀ, ਅਪਰਨਾ ਸੇਨ, ਦੀਪਾ ਮਹਿਤਾ, ਮੀਰਾ ਨਾਇਰ, ਬਾਸੂ ਚੈਟਰਜੀ, ਬਾਸੂ ਭੱਟਾਚਾਰੀਆ, ਗੋਵਿੰਦ ਨਿਹਲਾਨੀ ਵਰਗੇ ਫਿਲਮਕਾਰਾਂ ਨੇ ਅਗਾਂਹ ਤੋਰਿਆ।

ਇਨ੍ਹਾਂ ਫਿਲਮਾਂ ਵਿਚ ਆਪਣੀ ਵਿਲੱਖਣ ਤੇ ਪ੍ਰਤਿਭਾਸ਼ਾਲੀ ਅਦਾਕਾਰੀ ਲਈ ਨਸੀਰੂਦੀਨ ਸ਼ਾਹ, ਸਮਿਤਾ ਪਾਟਿਲ, ਸ਼ਬਾਨਾ ਆਜ਼ਮੀ, ਦੀਪਤੀ ਨਵਲ, ਸਾਧੂ ਮਿਹਰ, ਰੋਹਿਨੀ ਹਤੰਗੜੀ, ਅਮਰੀਸ਼ ਪੁਰੀ, ਓਮ ਪੁਰੀ, ਪੰਕਜ ਕਪੂਰ, ਸੀਮਾ ਬਿਸਵਾਸ ਆਦਿ ਨੂੰ ਹਮੇਸ਼ਾਂ ਚੇਤੇ ਰੱਖਿਆ ਜਾਵੇਗਾ। ਬੇਸ਼ੱਕ ਅੱਜ ਵੀ ਟਾਵੀਆਂ-ਟਾਵੀਆਂ ਕਲਾ ਫਿਲਮਾਂ ਬਣਦੀਆਂ ਹਨ ਪਰ ਇਨ੍ਹਾਂ ਦਾ ਸਮੇਂ ਨਾਲ ਸਰੂਪ ਥੋੜ੍ਹਾ ਬਦਲ ਗਿਆ ਹੈ।




ਫਿਲਮ 'ਅਰਧ ਸੱਤਿਆ' ਦਾ ਪੋਸਟਰ

# ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans Under One Roof

ਪਿਛਲੇ 31 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Selling Homes from Gilroy to Sacramento, CA**

**Call us before visiting new model homes to save big time.**

**Time to buy new home in Tracy, Manteca, Lothrop and Stockton**

## Purchase Loan and Refinance

15 & 30 Yr Fixed Rates Are Still Better!!!

5/1, 7/1 ARM are also attractive Refinance Now At Zero Cost

Call Sukhveer (Sukhi) Gill
DHMS, Loan Broker

Ph: 510-207-9067

CA BRE Lic.#01180969
NMLS# 352095

## Just Sold

1. 444 S Drone Ln. Tracy, CA 95376
2. 3242 Tristian Ave San Jose ca 95127
3. 3387 Rocky Mountain Dr San Jose ca 95127
4. 247 Dixon Rd Milpitas CA 95035
5. 37112 Aleppo Dr. Newark, CA 94560
6. 3437 Youngs Cir. San Jose, CA 95127
7. 5462 Spinnaker Ww #3 San Jose, CA 95123
8. 130973 Brae Burn Ave, Haywar, CA 94544
9. 210 Valmy St. Milpitas, CA 95035
10. 2131 Cabana Ln. Tracy CA 95377
11. 2810 Crow Canyon Rd. San Ramon, CA 94583

**Call for Listing Special 2018**

Fremont Office:
86 Pilgrim Loop
Fremont CA 94539
Tel:510-440-9292



Jaswinder (Jassi) Gill
M.Sc (PAU)
CA BRE# 00966763
Broker/Owner/Notary

Pinnacle Award Winner
2014, 2015, 2016 & 2017
Grand Master Award Winner
2012 & 2013

E-mail: jassi@jassigill.com
or
Visit us @ www.jassigill.com
for hot listings

Follow us on zillow.com and trulia.com

**Cell: 510-304-9292 & 408-666-8279**

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.